ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES
West/East Coast Edition | Volume 11 | Issue 18 | 07 May 2021 to 13 May 2021 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com

# ਪੱਛਮੀ ਬੰਗਾਲ, ਤਾਮਿਲਨਾਡੂ ਤੇ ਕੇਰਲ ਵਿਚ ਖੇਤਰੀ ਪਾਰਟੀਆਂ ਦਾ ਉਭਾਰ ਭਾਜਪਾ ਲਈ ਚੈਲਿੰਜ

## ✪ ਖੇਤਰੀ ਪਾਰਟੀਆਂ ਤਿਆਰ ਕਰ ਸਕਦੀਆਂ ਨੇ ਵੱਡਾ ਗੱਠਜੋੜ ✪ ਪੰਜਾਬ ਦੀ ਸਿਆਸਤ ਉਪਰ ਪਵੇਗਾ ਡੂੰਘਾ ਪ੍ਰਭਾਵ

**ਜਲੰਧਰ/ਏ.ਟੀ.ਨਿਊਜ਼ :** ਭਾਜਪਾ ਨੇ ਅਸਾਮ ਵਿਚ ਵਿਧਾਨ ਸਭਾ ਦੀਆਂ ਚੋਣਾਂ ਜਿੱਤ ਲਈਆਂ ਹਨ ਪਰ ਉਹ ਪੱਛਮੀ ਬੰਗਾਲ, ਤਾਮਿਲਨਾਡੂ ਅਤੇ ਕੇਰਲ ਵਿਚ ਖੇਤਰੀ ਪਾਰਟੀਆਂ ਦੇ ਉਭਾਰ ਨੂੰ ਨਹੀਂ ਰੋਕ ਸਕੀ ਹੈ। ਪੱਛਮੀ ਬੰਗਾਲ ਵਿਚ ਤ੍ਰਿਣਮੂਲ ਕਾਂਗਰਸ, ਤਾਮਿਲ ਨਾਡੂ ਵਿਚ ਡੀਐੱਮਕੇ ਅਤੇ ਕੇਰਲ ਵਿਚ ਕਮਿਊਨਿਸਟ ਪਾਰਟੀ ਮਾਰਕਸਵਾਦੀ ਵਾਲੇ ਗੱਠਜੋੜ ਦੀ ਜਿੱਤ ਇਹ ਸਾਬਤ ਕਰਦੀ ਹੈ ਕਿ ਭਾਰਤ ਵਿਚ ਖੇਤਰੀ ਪਾਰਟੀਆਂ ਦਾ ਪ੍ਰਭਾਵ ਘਟ ਨਹੀਂ ਰਿਹਾ। ਇਸ ਤੋਂ ਪਹਿਲਾਂ ਭਾਜਪਾ ਝਾਰਖੰਡ ਵਿਚ ਝਾਰਖੰਡ ਮੁਕਤੀ ਮੋਰਚੇ ਅਤੇ ਦਿੱਲੀ ਵਿਚ ਆਮ ਆਦਮੀ ਪਾਰਟੀ ਦੇ ਕੋਲੋਂ ਹਾਰੀ ਹੈ। ਇਹ ਚੋਣਾਂ ਇਹ ਵੀ ਸਾਬਤ ਕਰਦੀਆਂ ਹਨ ਕਿ ਭਾਵੇਂ ਅੱਜ ਦੀ ਸਿਆਸਤ ਵਿਚ ਭਾਜਪਾ ਦਾ ਇਕ ਪਾਰਟੀ, ਇਕ ਦੇਸ਼ ਤੇ ਇਕ ਵਿਚਾਰਧਾਰਾ ਵਾਲਾ ਏਜੰਡਾ ਭਾਰੂ ਹੈ ਪਰ ਦੇਸ਼ ਦਾ ਭਵਿੱਖ ਇਸ ਦੇ ਫ਼ੈਡਰਲ ਢਾਂਚੇ ਨੂੰ ਮਜ਼ਬੂਤ ਕਰਨ, ਵੱਖ ਵੱਖ ਪ੍ਰਾਂਤਾਂ ਵਿਚਲੇ ਵਖਰੇਵਿਆਂ ਨੂੰ ਸਵੀਕਾਰ ਕਰਨ ਅਤੇ ਉਨਾਂ ਦੇ ਸਭਿਆਚਾਰਾਂ ਅਤੇ ਭਾਸ਼ਾਵਾਂ ਨੂੰ ਮਾਨ-ਸਨਮਾਨ ਦੇਣ ਵਿਚ ਪਿਆ ਹੈ।

2 ਮਈ 2021 ਨੂੰ ਇਕ ਤਰਾਂ ਨਾਲ ਖੇਤਰੀ ਪਾਰਟੀਆਂ ਦਾ ਦਿਨ ਕਿਹਾ ਜਾ ਸਕਦਾ ਹੈ। ਇਸ ਦਿਨ ਚਾਰ ਸੂਬਿਆਂ ਦੀਆਂ ਵਿਧਾਨ ਸਭਾਵਾਂ ਦੀਆਂ ਚੋਣਾਂ ਵਿਚੋਂ ਨਾ ਸਿਰਫ ਤ੍ਰਿਣਮੂਲ ਕਾਂਗਰਸ ਨੇ ਭਾਜਪਾ ਨੂੰ ਹਰਾਇਆ ਸਗੋਂ ਆਪਣੇ ਆਪ ਨੂੰ ਸਾਰੇ ਦੇਸ਼ ਵਿਚ ਆਧਾਰ ਰੱਖਣ ਦਾ ਦਾਅਵਾ ਕਰਨ ਵਾਲੀ ਕਾਂਗਰਸ ਨੂੰ ਵੀ ਕੇਰਲ





ਅਤੇ ਪੱਛਮੀ ਬੰਗਾਲ ਵਿਚ ਹਾਰ ਦਾ ਸਾਹਮਣਾ ਕਰਨਾ ਪਿਆ। ਸਿਰਫ ਅਸਾਮ ਅਜਿਹਾ ਸੂਬਾ ਸੀ ਜਿੱਥੇ ਸਾਰੇ ਦੇਸ਼ ਵਿਚ ਆਧਾਰ ਰੱਖਣ ਵਾਲੀਆਂ ਇਨਾਂ ਦੋ ਪਾਰਟੀਆਂ (ਭਾਜਪਾ ਅਤੇ ਕਾਂਗਰਸ) ਵਿਚਕਾਰ ਸਿੱਧੀ ਟੱਕਰ ਹੋਈ। ਤਾਮਿਲ ਨਾਡੂ ਵਿਚ ਡੀਐੱਮਕੇ ਨੂੰ ਐੱਮਕੇ ਸਟਾਲਿਨ ਦੀ ਅਗਵਾਈ ਵਿਚ ਦਸ ਸਾਲ ਬਾਅਦ ਸਫਲਤਾ ਮਿਲੀ ਹੈ ਪਰ ਉਸ ਦਾ ਦੂਸਰੀ ਖੇਤਰੀ ਪਾਰਟੀ ਅੰਨਾਡੀਐੱਮਕੇ ਨਾਲ ਸਖਤ ਮੁਕਾਬਲਾ ਹੋਇਆ। ਕਾਂਗਰਸ ਨੇ ਡੀਐੱਮਕੇ ਅਤੇ ਭਾਜਪਾ ਨੇ ਅੰਨਾ ਡੀਐੱਮਕੇ ਦੇ ਗੱਠਜੋੜਾਂ ਵਿਚ ਵਿਚ ਦੂਜੇ ਦਰਜੇ ਵਾਲੀ ਭੂਮਿਕਾ ਨਿਭਾਈ। ਇਸ ਚੋਣ ਦ੍ਰਿਸ਼ ਨੇ ਸਿੱਧ ਕੀਤਾ ਹੈ ਕਿ ਸੂਬੇ ਦੀ ਸਿਆਸਤ ਵਿਚ ਦੋਵੇਂ ਕੌਮੀ ਪਾਰਟੀਆਂ ਭਾਜਪਾ ਅਤੇ ਕਾਂਗਰਸ ਲਈ ਕੋਈ ਜਗਾ ਨਹੀਂ ਹੈ।

ਜਿੱਥੇ ਡੀਐੱਮਕੇ, ਅੰਨਾ ਡੀਐੱਮਕੇ ਅਤੇ ਤ੍ਰਿਣਮੂਲ ਕਾਂਗਰਸ ਪ੍ਰਤੱਖ ਤੌਰ 'ਤੇ ਤਾਮਿਲਨਾਡੂ ਅਤੇ ਪੱਛਮੀ ਬੰਗਾਲ ਵਿਚ ਖੇਤਰੀ ਪਾਰਟੀਆਂ ਹਨ, ਉੱਥੇ ਅਸਾਮ ਅਤੇ ਕੇਰਲ ਵਿਚ ਵੀ ਖੇਤਰੀ ਪਾਰਟੀਆਂ ਦੀ ਹੋਂਦ ਨੂੰ ਅਣਗੌਲਿਆ ਨਹੀਂ ਕੀਤਾ ਜਾ ਸਕਦਾ। ਅਸਾਮ ਵਿਚ ਅਸਾਮ ਗਣ ਪਰਿਸ਼ਦ (ਏਜੀਪੀ) ਲੰਮਾ ਸਮਾਂ ਸੱਤਾ ਵਿਚ ਰਹੀ ਹੈ ਅਤੇ ਹੁਣ ਉਸ ਨੇ ਭਾਜਪਾ ਨਾਲ ਗੱਠਜੋੜ ਕੀਤਾ ਹੋਇਆ ਹੈ। ਇਸੇ ਤਰਾਂ ਕਾਂਗਰਸ ਨੇ ਵੀ ਖੇਤਰੀ ਪਾਰਟੀ ਨਾਲ ਗੱਠਜੋੜ ਕੀਤਾ ਹੋਇਆ ਹੈ। ਕੇਰਲ ਵਿਚ ਸੀਪੀਐੱਮ ਅਤੇ ਕਾਂਗਰਸ ਦੀ ਅਗਵਾਈ ਵਿਚ ਬਣੇ ਗੱਠਜੋੜਾਂ ਵਿਚ ਵੀ ਖੇਤਰੀ ਪਾਰਟੀਆਂ ਸ਼ਾਮਿਲ ਹਨ। ਵਿਰੋਧਾਭਾਸ ਇਹ ਹੈ ਕਿ ਬਹੁਤ ਸਾਰੀਆਂ ਖੇਤਰੀ ਪਾਰਟੀਆਂ ਕਈ ਵਰਿਆਂ ਤੋਂ ਆਪਣੇ ਫ਼ੈਡਰਲ ਏਜੰਡੇ ਤੋਂ ਪਿਛਾਂਹ ਹਟ ਰਹੀਆਂ ਹਨ। 2019 ਵਿਚ ਜਦ ਕੇਂਦਰ ਸਰਕਾਰ ਨੇ ਧਾਰਾ 370 ਨੂੰ ਮਨਸੂਖ਼ ਕਰਕੇ ਜੰਮੂ ਕਸ਼ਮੀਰ ਨੂੰ ਦੋ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿਚ ਵੰਡਿਆ ਤਾਂ ਬਹੁਤ ਸਾਰੀਆਂ ਖੇਤਰੀ ਪਾਰਟੀਆਂ ਜਿਨਾਂ ਵਿਚ ਸ਼੍ਰੋਮਣੀ ਅਕਾਲੀ ਦਲ ਅਤੇ ਆਮ ਆਦਮੀ ਪਾਰਟੀ ਵੀ ਸ਼ਾਮਿਲ ਸਨ, ਨੇ ਸਰਕਾਰ ਦੀ ਤਜਵੀਜ਼ ਦੀ ਹਮਾਇਤ ਕੀਤੀ। ਬਾਅਦ ਵਿਚ ਦੋਹਾਂ ਪਾਰਟੀਆਂ ਨੂੰ ਕੇਂਦਰ ਸਰਕਾਰ ਦੀਆਂ ਫੈਡਰਲਸ਼ਿਪ ਵਿਰੋਧੀ ਨੀਤੀਆਂ ਦੇ ਨਤੀਜੇ ਭੁਗਤਣੇ ਪਏ ਹਨ। ਕੇਂਦਰ ਸਰਕਾਰ ਨੇ ਸੂਬਿਆਂ ਦੇ ਅਧਿਕਾਰਾਂ 'ਤੇ ਛਾਪਾ ਮਾਰਦੇ ਹੋਏ ਕਿਸਾਨ ਵਿਰੋਧੀ ਕਾਨੂੰਨ ਬਣਾਏ ਅਤੇ ਅਕਾਲੀ ਦਲ ਨੂੰ ਸੱਤਾ ਵਿਚ ਭਾਈਵਾਲੀ ਛੱਡਣੀ ਪਈ। ਹੁਣ ਕੇਂਦਰ ਸਰਕਾਰ ਨੇ ਸੰਵਿਧਾਨ ਵਿਚ ਸੋਧ ਕਰ ਕੇ ਦਿੱਲੀ ਦੇ ਉਪ ਰਾਜਪਾਲ ਨੂੰ ਚੁਣੀ ਹੋਈ ਸਰਕਾਰ ਤੋਂ ਏਨੀਆਂ ਜ਼ਿਆਦਾ ਸ਼ਕਤੀਆਂ ਦੇ ਦਿੱਤੀਆਂ ਕਿ ਚੁਣੀ ਹੋਈ ਸਰਕਾਰ ਨੂੰ ਹਰ ਕੰਮ ਕਰਨ ਤੋਂ ਪਹਿਲਾਂ ਉਪ ਰਾਜਪਾਲ ਦੀ ਇਜਾਜ਼ਤ ਲੈਣੀ ਪਵੇਗੀ। ਜੇ ਖੇਤਰੀ ਪਾਰਟੀਆਂ ਇਨਾਂ ਚੋਣਾਂ ਦੇ ਨਤੀਜਿਆਂ ਤੋਂ ਸੇਧ ਲੈਣ ਤਾਂ ਉਹ ਖੇਤਰੀ ਪਾਰਟੀਆਂ ਦਾ ਵੱਡਾ ਗੱਠਜੋੜ ਤਿਆਰ ਕਰ ਸਕਦੀਆਂ ਹਨ ਜਿਹੜਾ ਭਾਜਪਾ ਦੀ ਵਧ ਰਹੀ ਇਕਪਾਸੜ ਤਾਕਤ ਦਾ ਮੁਕਾਬਲਾ ਕਰ ਸਕਦਾ ਹੈ।

**ਮਮਤਾ ਨੂੰ ਹਰ ਵਰਗ ਦੀਆਂ ਵੋਟਾਂ ਮਿਲੀਆਂ**

ਬੰਗਾਲ ਦੇ ਚੋਣ ਯੁੱਧ ਵਿਚ ਮਮਤਾ ਬੈਨਰਜੀ ਦੀ ਬੇਮਿਸਾਲ ਜਿੱਤ ਦਾ ਵਿਸ਼ਲੇਸ਼ਣ ਕਰਦਿਆਂ ਇਕ ਟੀ.ਵੀ. ਐਂਕਰ ਨੇ ਸਿੱਟਾ ਕੱਢਿਆ ਹੈ ਕਿ ਘੱਟ ਗਿਣਤੀ ਦੀਆਂ ਬਹੁਗਿਣਤੀ ਵੋਟਾਂ, ਔਰਤਾਂ ਦੀਆਂ ਵੋਟਾਂ ਅਤੇ ਬਹੁਗਿਣਤੀ ਦੀਆਂ ਘੱਟ ਗਿਣਤੀ ਵੋਟਾਂ ਨੇ ਮਿਲ ਕੇ ਦੀਦੀ ਨੂੰ ਦੋ ਤਿਹਾਈ ਬਹੁਮਤ ਦਿਵਾਇਆ ਹੈ। ਮਮਤਾ ਨੂੰ ਮਿਲਣ ਵਾਲੀਆਂ ਹਿੰਦੂ ਵੋਟਾਂ ਭਾਜਪਾ ਤੋਂ ਕੁਝ ਘੱਟ ਤਾਂ ਹੋ ਸਕਦੀਆਂ ਹਨ ਪਰ ਉਹ ਬਹੁਤ ਘੱਟ ਜਾਂ ਘੱਟ ਗਿਣਤੀ ਦੀ ਸ਼੍ਰੇਣੀ ਵਿਚ ਨਹੀਂ ਆ ਸਕਦੀਆਂ। ਦਰਅਸਲ, ਜਿਸ ਪਾਰਟੀ ਨੂੰ 48 ਫੀਸਦੀ ਵੋਟਾਂ ਅਤੇ ਉਸ ਕਾਰਨ 214 ਸੀਟਾਂ ਮਿਲੀਆਂ ਹੋਣ, ਉਸ ਨੂੰ ਸਮਾਜ ਦੇ ਹਰ ਤਬਕੇ ਦਾ ਸਮਰਥਨ ਮਿਲੇ ਬਿਨਾਂ ਇਸ ਤਰਾਂ ਦਾ ਬਹੁਮਤ ਨਹੀਂ ਮਿਲ ਸਕਦਾ।

ਸੀ.ਐਸ.ਡੀ.ਐਸ. ਲੋਕਨੀਤੀ ਵਲੋਂ ਵੋਟਾਂ ਤੋਂ ਬਾਅਦ ਕੀਤੇ ਗਏ ਇਕ ਸਰਵੇਖਣ ਦੇ ਅੰਕੜੇ ਮੋਟੇ ਤੌਰ 'ਤੇ ਦੱਸਦੇ ਹਨ ਕਿ ਹਿੰਦੂ ਵੋਟਾਂ ਦਾ ਕਰੀਬ 40 ਫੀਸਦੀ ਤ੍ਰਿਣਮੂਲ ਕਾਂਗਰਸ ਮਿਲਿਆ ਹੈ। ਮੁਸਲਮਾਨ ਵੋਟਾਂ ਦਾ 70 ਫੀਸਦੀ ਵੀ ਉਸ ਦੇ ਖਾਤੇ ਵਿਚ ਪਿਆ ਹੈ। ਔਰਤਾਂ ਦੀਆਂ ਵੋਟਾਂ ਵਿਚ ਵੀ ਤ੍ਰਿਣਮੂਲ ਨੂੰ ਭਾਜਪਾ 'ਤੇ ਚੜਤ ਪ੍ਰਾਪਤ ਹੋਈ ਹੈ। ਹਰੇਕ ਸੌ ਔਰਤ ਵੋਟਰਾਂ ਵਿਚੋਂ ਮਮਤਾ ਨੂੰ 50 ਨੇ ਵੋਟਾਂ ਪਾਈਆਂ ਹੋਣਗੀਆਂ ਅਤੇ ਭਾਜਪਾ ਨੂੰ 37 ਔਰਤਾਂ ਨੇ। ਇਸੇ ਤਰਾਂ ਕਮਜ਼ੋਰ ਜਾਤਾਂ ਦੀ ਚਰਚਾ ਕੀਤੀ ਜਾਵੇ ਤਾਂ ਤਸਵੀਰ ਕੁਝ ਜ਼ਿਆਦਾ ਵੱਖ ਦਿਖਾਈ ਨਹੀਂ ਦਿੰਦੀ। ਜਿਨਾਂ ਹਲਕਿਆਂ ਵਿਚ ਮਤੂਆ (ਨਾਮਸ਼ੂਦਰ) ਵੋਟਰਾਂ ਨਿਰਣਾਇਕ ਸਨ, ਉਥੇ ਵੀ ਤ੍ਰਿਣਮੂਲ ਨੇ ਬਾਜ਼ੀ ਮਾਰੀ ਹੈ। ਇਸ ਸਰਵੇਖਣ ਵਿਚ ਸਾਫ਼ ਤੌਰ 'ਤੇ ਦਿਖਾਈ ਦਿੰਦਾ ਹੈ ਕਿ ਪਛੜੀਆਂ ਜਾਤਾਂ ਅਤੇ ਅਨੁਸੂਚਿਤ ਜਾਤਾਂ ਵਿਚ ਵੀ ਪੱਲੜਾ ਮਮਤਾ ਦੇ ਪੱਖ ਵਿਚ ਹੀ ਝੁਕਿਆ ਰਿਹਾ ਹੈ।

ਇਨਾਂ ਅੰਕੜਿਆਂ ਨੇ ਇਕ ਗੱਲ ਨਿਰਵਿਵਾਦ ਰੂਪ ਨਾਲ ਸਾਫ਼ ਕਰ ਦਿੱਤੀ ਹੈ ਕਿ ਬੰਗਾਲ ਵਿਚ ਕਿਸੇ ਕਿਸਮ ਦੀ ਸਰਕਾਰ ਵਿਰੋਧੀ ਭਾਵਨਾ ਨਹੀਂ ਸੀ, ਸਰਕਾਰ ਵਿਰੋਧੀ ਲਹਿਰ ਦੀ ਗੱਲ ਤਾਂ ਛੱਡ ਹੀ ਦੇਣੀ ਚਾਹੀਦੀ ਹੈ। ਬਿਹਾਰ ਤੋਂ ਬਾਅਦ ਇਹ ਦੂਜਾ ਮੌਕਾ ਹੈ ਜਦੋਂ ਸਰਕਾਰ ਵਿਰੋਧੀ ਭਾਵਨਾਵਾਂ ਬਾਰੇ ਮੀਡੀਆ ਵਲੋਂ ਕੀਤੇ ਦਾਅਵੇ ਗ਼ਲਤ ਨਿਕਲੇ ਹਨ।

ਅਸਲ ਵਿਚ 2019 ਦੀਆਂ ਲੋਕ ਸਭਾ ਚੋਣਾਂ ਵਿਚ ਜਦੋਂ ਨਤੀਜੇ ਆਸ ਤੋਂ ਉਲਟ ਨਿਕਲੇ ਸਨ ਤਾਂ ਮਮਤਾ ਹੈਰਾਨ ਹੋਈ ਸੀ। ਉਨਾਂ ਨੇ ਦੋ-ਪਾਸੜ ਕਾਰਵਾਈ ਕਰਨੀ ਸ਼ੁਰੂ ਕਰ ਦਿੱਤੀ ਸੀ। ਇਕ ਪਾਸੇ ਤਾਂ ਉਨਾਂ ਨੇ ਸਾਰੇ ਬੰਗਾਲ ਵਿਚ ਹੇਠਲੇ ਪੱਧਰ 'ਤੇ ਫੈਲੇ ਭ੍ਰਿਸ਼ਟਾਚਾਰ ਨੂੰ ਸੀਮਤ ਕਰਨ ਦੀ ਮੁਹਿੰਮ ਚਲਾਈ ਤਾਂ ਕਿ ਆਮ ਲੋਕਾਂ ਵਿਚ ਪਾਰਟੀ ਖ਼ਿਲਾਫ਼ ਵਧ ਰਹੀ ਨਾਰਾਜ਼ਗੀ ਦੂਰ ਕੀਤੀ ਜਾ ਸਕੇ ਅਤੇ ਦੂਜੇ ਪਾਸੇ ਉਸ ਨੇ ਆਪਣੀ ਸਰਕਾਰ ਦੇ ਅਕਸ ਨੂੰ ਮਜ਼ਬੂਤ ਕਰਨ ਦਾ ਨਿਰਣਾ ਕੀਤਾ। ਰੂਪਾਸ਼੍ਰੀ (ਵਿਆਹੀਆਂ ਔਰਤਾਂ ਲਈ), ਕੰਨਿਆਸ਼੍ਰੀ (ਵਿਦਿਆਰਥਣਾਂ ਲਈ) ਅਤੇ ਸਬੂਜ ਸਾਥੀ (ਕਿਸਾਨਾਂ ਲਈ) ਵਰਗੀਆਂ ਸਕੀਮਾਂ ਪਹਿਲਾਂ ਤੋਂ ਹੀ ਚੱਲ ਰਹੀਆਂ ਸਨ।

ਬਾਕੀ ਸਫ਼ਾ 30 'ਤੇ

# ਭਾਰਤੀ ਕੋਵਿਡ ਰੂਪ ਅਮਰੀਕਾ ਦੇ ਸਹਿਰ ਫੋਲਸਮ ਵਿੱਚ ਮਿਲਿਆ

**ਅੰਮ੍ਰਿਤਸਰ ਟਾਈਮਜ ਬਿਊਰੋ:** ਫੋਲਸਮ ਸਹਿਰ ਵਿੱਚ ਬੀਤੇ ਦਿਨੀ ਭਾਰਤੀ ਕਰੋਨਾ ਦੇ ਰੂਪ ਨਾਲ ਗ੍ਰਹਿਸਤ ਇਕ ਵਿਅਕਤੀ, ਜਿਸਦੀ ਉਮਰ 30 ਸਾਲ ਤੋਂ ਘੱਟ ਹੈ ਸਾਹਮਣੇ ਆਇਆ ਹੈ। ਇਹ ਵਿਅਕਤੀ ਅਪ੍ਰੈਲ ਦੇ ਅੱਧ ਵਿਚ ਭਾਰਤ ਤੋਂ ਵਾਪਸ ਆਇਆ ਸੀ ਤੇ ਉਹ ਹੁਣ ਆਈ.ਸੀ.ਯੂ. ਵਿਚ ਹੈ। ਕਰੋਨਾ ਕਾਲ ਦੇ ਦੌਰਾਨ ਵੀ ਲੋਕ ਦੂਜੇ ਲੋਕਾਂ ਦੀ ਪਰਵਾਹ ਕੀਤੇ ਵਗੈਰ ਜਾਅਲੀ ਰਿਪੋਰਟ ਤਿਆਰ ਕਰਵਾਉਂਦੇ ਹਨ ਤਾਂ ਜੋ ਦੂਜੇ ਦੇਸਾਂ ਵਿਚ ਜਾ ਸਕਣ। ਇਸ ਸਥਿਤੀ ਨੂੰ ਵੇਖਦੇ ਹੋਏ ਅਮਰੀਕਾ ਨੇ 4 ਮਈ ਤੋਂ ਭਾਰਤ ਲਈ ਫਲਾਈਟ ਬੰਦ ਕਰਨ ਦਾ ਐਲਾਨ ਕੀਤਾ ਹੈ, ਤਾਂ ਜੋ ਭਾਰਤੀ ਕੋਰੋਨਾ ਅਮਰੀਕਾ ਵਿਚ ਦਾਖਲ ਨ ਹੋ ਸਕੇ। ਦੱਸਣਯੋਗ ਹੈ ਕਿ ਇਹ ਬੱਚਿਆਂ ਅਤੇ 30 ਤੇ 40 ਸਾਲ ਦੇ ਲੋਕਾਂ ਨੂੰ ਪ੍ਰਭਾਵਿਤ ਕਰ ਰਿਹਾ ਹੈ। ਇਥੋਂ ਤਕ ਕਿ ਜਿਨ੍ਹਾਂ ਨੇ ਦੋਨੋ ਟੀਕੇ ਲਗਾਏ ਹਨ ਉਹ ਵੀ ਇਸ ਦੀ ਲਪੇਟ ਵਿੱਚ ਆ ਰਹੇ ਹਨ।

ਸੂਤਰਾਂ ਤੋਂ ਪਤਾ ਲੱਗਿਆ ਹੈ ਕਿ ਭਾਰਤ ਵਿੱਚ ਲੋਕ 800 ਤੋਂ 1000 ਰੁਪਏ ਦੇ ਕੇ ਕਰੋਨਾ ਦੀ ਜਾਅਲੀ ਰਿਪੋਰਟ ਲੈ ਲੈਂਦੇ ਹਨ ਅਤੇ ਉਸੇ ਰਿਪੋਰਟ ਦੇ ਅਧਾਰ ਤੇ ਉਹ ਵਿਦੇਸੀ ਫਲਾਈਟਾਂ ਲੈ ਰਹੇ ਹਨ। ਉਹ ਇੰਨੀ ਗੈਰਜੁੰਮੇਵਾਰੀ ਦਿਖਾ ਰਹੇ ਹਨ ਅਤੇ ਇਹ ਨਹੀਂ ਸੋਚਦੇ ਕਿ ਜਹਾਜ ਚੜ੍ਹਣ ਤੋਂ ਪਹਿਲਾਂ ਉਹ ਅਸਲ ਟੈਸਟ ਕਰਾਉਣ ਤਾਂ ਜੋ ਹੋਰ ਲੋਕਾਂ ਨੂੰ ਇਹ ਬਿਮਾਰੀ ਨਾਂ ਲਾਉਣ। ਅਜਿਹੇ ਕਾਰਨਾਂ ਕਰਕੇ ਕੋਰੋਨਾ ਮਾਮਲਿਆਂ ਵਿਚ ਵਾਧਾ ਹੋਣ ਦੀ ਸੰਭਾਵਨਾ ਹੈ ਖਾਸਕਰ ਭਾਰਤੀ ਭਾਈਚਾਰੇ ਵਿਚ ਜੋ ਇਸ ਸਮੇਂ ਦੌਰਾਨ ਭਾਰਤ ਤੋਂ ਅਮਰੀਕਾ ਆਏ ਹਨ।

ਅਮਰੀਕਾ ਨੇ 4 ਮਈ ਤੋਂ ਭਾਰਤ ਤੋਂ ਆਉਣ ਵਾਲੇ ਯਾਤਰੀਆਂ ਦੇ ਪਾਬੰਦੀ ਲਾ ਦਿੱਤੀ ਹੈ। ਹੁਣ ਸਿਰਫ ਅਮਰੀਕਾ ਦੇ ਸਿਟੀਜਨ ਹੀ ਆ ਸਕਣਗੇ। ਅਮਰੀਕਾ ਵਿੱਚ ਮਸਹੂਰ ਸਿੱਖ ਸੰਸਥਾ ਸਿੱਖ ਪੰਚਾਇਤ ਨੇ ਭਾਰਤ ਤੋਂ ਆਉਣ ਵਾਲਿਆਂ ਨੂੰ ਬੇਨਤੀ ਕੀਤੀ ਹੈ ਕਿ ਜਾਅਲੀ ਟੈਸਟ ਸਰਟੀਫਕਿਟ ਲੈਣ ਦੀ ਬਜਾਏ ਅਸਲੀ ਟੈਸਟ ਕਰਾ ਕੇ ਆਉਣ ਅਤੇ ਲੋਕ ਅਹਿਸਾਸ ਕਰਣ ਕਿ ਸਿਰਫ ਇੱਕ ਬੰਦੇ ਦੀ ਅਜਿਹੀ ਗਲਤੀ ਸੈਂਕੜੇ ਲੋਕਾਂ ਨੂੰ ਇਸ ਬਿਮਾਰੀ ਦੀ ਲਪੇਟ ਵਿੱਚ ਲਿਆ ਸਕਦੀ ਹੈ।

# ਅਮਰੀਕਾ ਵਿੱਚ ਭਾਰਤੀ ਲਿਆ ਰਹੇ ਹਨ ਕਰੋਨਾ

## ਕੈਲੀਫੋਰਨੀਆ ਦੇ ਵਾਸ਼ਿੰਗਟਨ ਹਸਪਤਾਲ ਵਿਚ ਕੋਰੋਨਾ ਪੀੜਤ 16 ਵਿਚੋਂ 14 ਵਿਅਕਤੀ ਭਾਰਤ ਤੋਂ

**ਫਰੀਮਾਂਟ/ਏ.ਟੀ.ਨਿਊਜ਼ :** ਕੈਲੀਫੋਰਨੀਆ ਦੇ ਵਾਸ਼ਿੰਗਟਨ ਹਸਪਤਾਲ ਵਿੱਚ ਇਸ ਵੇਲੇ ਕਰੋਨਾ ਪੀੜਤ 16 ਵਿਅਕਤੀ ਹਨ ਜਿਨਾਂ ਵਿੱਚੋਂ 14 ਭਾਰਤ ਤੋਂ ਆਏ ਹਨ। ਤਿੰਨਾਂ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ ਜੋ ਆਈ ਸੀ ਯੂ ਵਿੱਚ ਹਨ।ਹਸਪਤਾਲ ਦੇ ਇੱਕ ਡਾਕਟਰ ਨੇ ਆਪਣਾ ਨਾਮ ਗੁਪਤ ਰੱਖਦੇ ਹੋਏ ਦੱਸਿਆ ਕਿ 1 ਅਪ੍ਰੈਲ ਤੱਕ ਕੋਰੋਨਾ ਮਰੀਜ਼ ਠੀਕ ਹੋ ਕੇ ਘਰ ਚਲੇ ਗਏ ਸਨ ਤੇ ਹਸਪਤਾਲ ਵਿੱਚ ਕੋਈ ਕੋਰੋਨਾ ਪੀੜਤ ਮਰੀਜ਼ ਨਹੀਂ ਸੀ। ਪਰ ਹੁਣ ਭਾਰਤ ਤੋਂ ਆਏ ਵਿਅਕਤੀਆਂ ਸਮੇਤ



ਗਿਣਤੀ 16 ਹੋ ਗਈ ਹੈ। ਉਸਨੇ ਲੋਕਾਂ ਨੂੰ ਅਪੀਲ ਕੀਤੀ ਕਿ ਭਾਰਤ ਤੋਂ ਆਏ ਕਿਸੇ ਵਿਅਕਤੀ ਨੂੰ ਨਾ ਮਿਲਿਆ ਜਾਵੇ ਅਤੇ ਉਨਾਂ ਨੂੰ ਪਬਲਿਕ ਥਾਵਾਂ 'ਤੇ ਨਾ ਲਿਆਂਦਾ ਜਾਵੇ। ਭਾਰਤ ਤੋਂ ਆਏ ਵਿਅਕਤੀ ਵੀ ਜ਼ਿੰਮੇਵਾਰੀ ਦਾ ਅਹਿਸਾਸ ਕਰਦੇ ਹੋਏ ਆਪਣੇ ਆਪ ਨੂੰ 10 ਦਿਨਾਂ ਲਈ ਕੁਆਰੰਟਾਈਨ ਕਰਨ। ਜੇ ਕਿਸੇ ਦੇ ਵੈਕਸੀਨ ਲੱਗੇ ਵੀ ਹਨ ਉਨਾਂ ਨੂੰ ਵੀ ਭਾਰਤ ਵਾਲਾ ਕਰੋਨਾ ਹੋ ਸਕਦਾ ਹੈ। ਇਸ ਲਈ ਭਾਰਤ ਤੋਂ ਆਏ ਵਿਅਕਤੀਆਂ ਤੋਂ ਦੂਰੀ ਬਣਾਈ ਰੱਖਣੀ ਅਤੀ ਜ਼ਰੂਰੀ ਹੈ।

TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

YOU BREAK DOWN
WE SHOW UP
24-HOUR ROADSIDE ASSISTANCE

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035

# ਨਵੀਂ ਸੁਪਰੀਮ ਕੌਂਸਲ ਹੀ ਪ੍ਰਬੰਧ ਚਲਾਏਗੀ - ਜੱਜ ਜੈਫਰੀ ਬਰੈਂਡ

### (ਬਾਸਾ-ਗੁਰਮੀਤ ਸਿੰਘ ਧੜੇ ਨੇ ਕੇਸ ਹਾਰਨ ਤੋਂ ਬਾਅਦ ਜੱਜ ਦੇ ਫੈਸਲੇ ਵਿਰੁੱਧ ਕੀਤੀ ਅਪੀਲ ਦਾਇਰ)



ਕੋਰਟ ਵਿੱਚ ਖੱਜਲ ਖੁਆਰ ਕਰਣ ਵਾਲੇ ਚਿਹਰੇ

**ਫਰੀਮਾਂਟ/ਏ.ਟੀ.ਨਿਊਜ਼ :** ਪਿੱਛਲੇ ਸਾਲ 8 ਮਾਰਚ ਨੂੰ ਗੁਰਦੁਆਰਾ ਸਾਹਿਬ ਚੋਣਾਂ ਵਿੱਚ ਸਿੱਖ ਪੰਚਾਇਤ ਨੇ ਤਕਰੀਬਨ 1200 ਵੋਟਾਂ ਨਾਲ ਬਾਸਾ-ਗੁਰਮੀਤ ਸਿੰਘ ਧੜੇ ਵੱਲੋਂ ਬਣਾਈ ਸਿੱਖ ਸੰਗਤ ਬੇਏਰੀਆ ਸਲੇਟ ਨੂੰ ਬੁਰੀ ਤਰਾਂ ਹਰਾਇਆ ਸੀ। ਹਾਰੀ ਹੋਈ ਸਲੇਟ ਨੇ ਸੰਗਤ ਦੇ ਫਤਵੇ ਨੂੰ ਨਾਂ ਮੰਨਦੇ ਹੋਏ ਕਚਹਿਰੀ ਵਿੱਚ ਵੋਟਾਂ ਵਿੱਚ ਧਾਂਦਲੀਆਂ ਹੋਣ ਦਾ ਕੇਸ ਕਰ ਦਿੱਤਾ ਸੀ। ਕੁੱਲ 7600 ਵੋਟਾਂ ਪਈਆਂ ਸਨ ਅਤੇ ਇਸ ਧਿਰ ਨੇ ਕਿਹਾ ਸੀ ਉਹਨਾਂ ਵਿੱਚੋਂ 4400 ਜਾਅਲੀ ਹਨ। ਗੱਲ ਤਾਂ ਆਪਣੇ ਆਪ ਵਿੱਚ ਹੀ ਮੂਰਖਾਨਾ ਸੀ ਪਰ ਕਨੂੰਨ ਦੀ ਦੁਰਵਰਤੋਂ ਕਰਦੇ ਹੋਏ ਇਹ ਆਪਣਾ ਕਬਜਾ ਜਮਾਈ ਰੱਖਣਾ ਚਾਹੁੰਦੇ ਸਨ। ਇਹਨਾਂ ਦੇ ਕੇਸ ਵਿੱਚ ਕੋਈ ਵਜਨ ਨਹੀਂ ਸੀ ਕਿਉਂ ਕਿ ਇਹਨਾਂ ਨੇ ਸੰਗਤ ਨੂੰ ਗੁੰਮਰਾਹ ਕਰਨ ਲਈ ਜੋ ਕਹਾਣੀਆਂ ਘੜੀਆਂ ਸਨ ਉਹੀ ਜੱਜ ਸਾਹਮਣੇ ਰੱਖੀਆਂ। ਜੱਜ ਨੇ ਧਾਰਮਿਕ ਸੰਸਥਾ ਹੋਣ ਕਰਕੇ ਇਹਨਾਂ ਨੂੰ ਆਪਣਾ ਪੱਖ ਪੇਸ ਕਰਨ ਲਈ ਜਰੂਰਤ ਤੋਂ ਜਿਆਦਾ ਸਮਾਂ ਦਿੱਤਾ। ਇਹਨਾਂ ਨੇ ਇਸ ਗੱਲ ਦਾ ਫਾਇਦਾ ਲੈਂਦੇ ਹੋਏ ਕੇਸ ਲਮਕਾਇਆ ਅਤੇ ਅਖੀਰ ਇੱਕ ਸਾਲ ਬਾਅਦ ਜੱਜ ਨੇ ਫੈਸਲਾ ਸਿੱਖ ਪੰਚਾਇਤ ਦੇ ਹੱਕ ਵਿੱਚ ਕਰਕੇ ਨਵੀਂ ਸੁਪਰੀਮ ਕੌਂਸਲ ਨੂੰ 3 ਮਈ ਤੋਂ ਚਾਰਜ ਦੇ ਦਿੱਤਾ। ਯਾਦ ਰਹੇ, ਜੱਜ ਜੈਫਰੀ ਬਰਾਂਡ ਨੇ 31 ਸਫਿਆਂ ਦੇ ਫੈਸਲੇ ਵਿੱਚ ਇਹਨਾਂ ਵੱਲੋਂ ਸਿੱਖ ਪੰਚਾਇਤ ਤੇ ਲਾਏ ਹਰੇਕ ਦੋਸ ਦਾ ਬਾਖੂਬੀ ਨਾਲ ਵਿਆਖਿਆ ਦੇ ਕੇ ਇਹਨਾਂ ਦਾ ਮੂੰਹ ਭੰਨਿਆ ਸੀ। ਇਹਨਾਂ ਦੇ ਸਟਾਰ ਗਵਾਹ ਦੀਆਂ ਚਲਾਕੀਆਂ ਧਰੀਆਂ-ਧਰਾਈਆਂ ਰਹਿ ਗਈਆਂ ਸਨ। ਉਸਨੇ ਪੰਜ ਪਿਆਰਿਆਂ ਦੇ ਸਿਧਾਂਤ ਤੇ ਕਿੰਤੂ ਕਰਨ ਤੋਂ ਵਗੈਰ ਰੱਜ ਕੇ ਝੂਠ ਬੋਲਿਆ ਸੀ। ਜੱਜ ਸਾਹਮਣੇ ਇਹ ਧੜਾ ਇੱਕ ਵੀ ਜਾਅਲੀ ਵੋਟ ਦਾ ਸਬੂਤ ਪੇਸ ਨਹੀਂ ਕਰ ਸਕਿਆ।

ਬਾਸਾ-ਗੁਰਮੀਤ ਧੜੇ ਨੇ ਆਪਣੇ ਸੁਭਾਅ ਮੁਤਾਬਕ ਇੱਥੋਂ ਦੇ ਲੀਗਲ ਸਿਸਟਮ ਦੀ ਪੂਰਨ ਦੁਰਵਰਤੋਂ ਕਰਦੇ ਹੋਏ ਜੱਜ ਦੇ ਵਿਰੁੱਧ ਵੀ ਅਪੀਲ ਕਰ ਦਿੱਤੀ ਹਾਲਾਂ ਕਿ ਇਹਨਾਂ ਦਾ ਵਕੀਲ ਚੱਲਦੇ ਕੇਸ ਵੇਲੇ ਜੱਜ ਨੂੰ ਗੁੰਮਰਾਹ ਕਰਨ ਲਈ ਅਪੀਲ ਨਾਂ ਕਰਨ ਦੀ ਗੱਲ ਕਰਦਾ ਰਿਹਾ ਹੈ। ਜਿਹੋ ਜਿਹੀ ਕੋਕੋ ਉਹੋ ਜਿਹੇ ਬੱਚੇ। ਵਕੀਲ ਵੀ ਇਹਨਾਂ ਵਰਗਾ ਧੋਖੇਬਾਜ ਹੀ ਲੱਗਦਾ ਹੈ। ਅਪੀਲ ਦਾਇਰ ਕਰਦੇ ਹੋਏ ਇਹਨਾਂ ਦੇ ਵਕੀਲ ਨੇ ਸਿੱਖ ਪੰਚਾਇਤ ਨੂੰ ਫਰਮਾਨ ਜਾਰੀ ਕਰ ਦਿੱਤਾ ਕਿ ਜੱਜ ਦੇ ਫੈਸਲੇ ਤੇ ਰੋਕ ਲੱਗ ਗਈ ਹੈ ਇਸਲਈ ਇਹਨਾਂ ਦਾ ਧੜਾ ਹੀ ਪ੍ਰਬੰਧ ਤੇ ਪਹਿਲਾਂ ਵਾਂਗ ਕਾਬਜ ਰਹੇਗਾ। ਸਿੱਖ ਪੰਚਾਇਤ ਦੇ ਵਕੀਲ ਟਰੈਵਰ ਜਿੰਕ ਨੇ ਕਿਹਾ ਕਿ ਜੱਜ ਨੇ ਨਵੀਂ ਸੁਪਰੀਮ ਕੌਂਸਲ ਨੂੰ ਚਾਰਜ ਦੇ ਦਿੱਤਾ ਹੈ ਇਸਲਈ ਹੁਣ ਉਹ ਚਾਰਜ ਨਹੀਂ ਛੱਡਣਗੇ ਅਤੇ ਨਵੀਂ ਸੁਪਰੀਮ ਕੌਂਸਲ ਹੀ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਚਲਾਏਗੀ। ਇਸ ਵੇਲੇ ਸਿੱਖ ਪੰਚਾਇਤ ਦੀ ਨਵੀਂ ਚੁਣੀ ਸੁਪਰੀਮ ਕੌਂਸਲ ਹੀ ਪ੍ਰਬੰਧ ਚਲਾ ਰਹੀ ਹੈ।

ਬਾਸਾ-ਗੁਰਮੀਤ ਸਿੰਘ ਧੜੇ ਨੇ ਰੋਕ ਲੁਆਉਣ ਲਈ ਜੱਜ ਕੋਲ ਅੱਜ ਐਮਰਜੈਂਸੀ ਅਪੀਲ ਦਾਇਰ ਕਰ ਦਿੱਤੀ ਸੀ ਅਤੇ ਧਮਕੀ ਦਿੱਤੀ ਸੀ ਕਿ ਐਤਵਾਰ ਨੂੰ ਮਹੌਲ ਖਰਾਬ ਹੋ ਸਕਦਾ ਹੈ ਇਸਲਈ ਫੈਸਲਾ ਅੱਜ ਹੀ ਦਿੱਤਾ ਜਾਵੇ। ਪਰ ਜੱਜ ਨੇ ਅੱਜ ਇਸ ਐਮਰਜੈਂਸੀ ਅਰਜੀ ਦੀ ਕੋਈ ਸੁਣਵਾਈ ਨਹੀਂ ਕੀਤੀ ਅਤੇ ਕਿਹਾ ਕਿ ਨਵੀਂ ਸੁਪਰੀਮ ਕੌਂਸਲ ਹੀ ਅਗਲੇ ਫੈਸਲੇ ਤੱਕ ਪ੍ਰਬੰਧ ਚਲਾਏਗੀ। ਜੱਜ ਨੇ ਇਸ ਕੇਸ ਦੀ ਸੁਣਵਾਈ ਦੀ ਤਰੀਕ 15 ਮਈ ਰੱਖੀ ਹੈ

ਉਪਰਲੀ ਕਚਹਿਰੀ ਜਿਸਨੂੰ ਅਪੈਲਟ ਕੋਰਟ ਕਿਹਾ ਜਾਂਦਾ ਹੈ ਉਸ ਵਿੱਚ ਕਈ ਵਾਰੀ ਫੈਸਲਾ ਕਰਨ ਵਿੱਚ 2-3 ਸਾਲ ਵੀ ਲੱਗ ਜਾਂਦੇ ਹਨ। ਵਿਰੋਧੀ ਧਿਰ ਉਨਾ ਸਮਾਂ ਗੁਰਦੁਆਰਾ ਸਾਹਿਬ ਤੇ ਹੋਰ ਕਾਬਜ ਰਹਿਣਾ ਚਾਹੁੰਦੀ ਹੈ। ਇਸਦੇ ਪ੍ਰਤੀਕਰਮ ਵਜੋਂ ਸਿੱਖ ਪੰਚਾਇਤ ਨੇ ਕਿਹਾ ਕਿ ਇਹ ਲੋਕਾਂ ਨੇ ਮਾੜੀ ਰੀਤ ਤੋਰ ਦਿੱਤੀ ਹੈ ਜਿਸਨਾਲ ਗੁਰਦੁਆਰਾ ਸਾਹਿਬ ਚੋਣਾਂ ਖਤਮ ਹੋ ਜਾਣਗੀਆਂ। ਜੇ ਪ੍ਰਬੰਧ ਵਿੱਚਲੇ ਬੰਦੇ ਚੋਣਾਂ ਹਾਰ ਜਾਣਗੇ ਤਾਂ ਉਹ ਕਨੂੰਨ ਦਾ ਸਹਾਰਾ ਲੈ ਕੇ ਜਿੱਤੀ ਪਾਰਟੀ ਨੂੰ ਦੋ ਤਿੰਨ ਸਾਲ ਅਦਾਲਤਾਂ ਵਿੱਚ ਘੁੰਮਾਈ ਫਿਰਣਗੇ। ਉਹਨਾਂ ਨੇ ਸੰਗਤ ਨੂੰ ਅਪੀਲ ਕੀਤੀ ਕਿ ਜਿਹੜੇ ਲੋਕ ਇਸਤਰਾਂ ਗੁਰਦੁਆਰਾ ਸਾਹਿਬ ਅਤੇ ਸੰਗਤ ਨੂੰ ਖੁਆਰ ਕਰਦੇ ਹਨ ਉਹਨਾਂ ਬਾਰੇ ਸਾਨੂੰ ਠੋਸ ਫੈਸਲੇ ਲੈਣੇ ਪੈਣਗੇ ਨਹੀਂ ਤਾਂ 4-5 ਬੰਦੇ ਜਦੋਂ ਮਰਜੀ ਗੁਰਦੁਆਰਾ ਸਾਹਿਬ ਨੂੰ ਕੋਰਟਾਂ ਵਿੱਚ ਘਸੀਟ ਕੇ ਮਹੌਲ ਖਰਾਬ ਕਰਦੇ ਰਹਿਣਗੇ।

# 70% ਬਾਲਗਾਂ ਨੂੰ 4 ਜੁਲਾਈ ਤੱਕ ਘੱਟੋ ਘੱਟ ਇਕ ਕੋਵਿਡ ਟੀਕਾ ਜਰੂਰ ਲਾ ਦਿੱਤਾ ਜਾਵੇ : ਬਾਈਡਨ

### ਟੀਕਾਕਰਨ ਦਾ ਅਗਲਾ ਪੜਾਅ ਹੋਵੇਗਾ ਕਠਿਨ

**ਸੈਕਰਾਮੈਂਟੋ (ਹੁਸਨ ਲੜੋਆ ਬੰਗਾ):** ਰਾਸ਼ਟਰਪਤੀ ਜੋਅ ਬਾਇਡਨ ਨੇ ਐਲਾਨ ਕੀਤਾ ਹੈ ਕਿ ਉਹ ਚਾਹੁੰਦੇ ਹਨ ਕਿ 4 ਜੁਲਾਈ 2021 ਤੱਕ ਦੇਸ਼ ਦੇ 70% ਬਾਲਗਾਂ ਨੂੰ ਘੱਟੋ ਘੱਟ ਇਕ ਕੋਵਿਡ ਟੀਕਾ ਜਰੂਰ ਲੱਗ ਜਾਣਾ ਚਾਹੀਦਾ ਹੈ। ਉਨਾਂ ਨੇ ਟੀਕਾਕਰਨ ਵਿਚ ਤੇਜ਼ੀ ਲਿਆਉਣ ਤੇ ਨਬਾਲਗਾਂ ਦੇ ਟੀਕਾਕਰਨ ਲਈ ਤਿਆਰੀਆਂ ਬਾਰੇ ਕਦਮ ਚੁੱਕਣ ਦਾ ਐਲਾਨ ਕੀਤਾ। ਉਨਾਂ ਕਿਹਾ ਕਿ ਹੁਣ ਤੱਕ ਤਕਰੀਬਨ 56% ਬਾਲਗ ਅਬਾਦੀ ਦੇ ਘੱਟੋ ਘੱਟ ਇਕ ਟੀਕਾ ਲੱਗਾ ਚੁੱਕਾ ਹੈ ਤੇ 70% ਅਬਾਦੀ ਦੇ ਟੀਕਾਕਰਨ ਲਈ ਮੌਜੂਦਾ ਰਫਤਾਰ ਘੱਟ ਹੈ ਜਿਸ ਨੂੰ ਤੇਜ਼ ਕਰਨ ਦੀ ਲੋੜ ਹੈ। ਉਨਾਂ ਕਿਹਾ ਕਿ ਅਜੇ ਵੀ ਲੱਖਾਂ ਅਮਰੀਕੀ ਅਜਿਹੇ ਹਨ ਜਿਨਾਂ ਨੂੰ ਟੀਕਾ ਲਵਾਉਣ ਵਾਸਤੇ ਉਤਸ਼ਾਹਿਤ ਕਰਨ



ਦੀ ਲੋੜ ਹੈ। ਇਨਾਂ ਲੋਕਾਂ ਦੀ ਦੇਸ਼ ਨੂੰ ਲੋੜ ਹੈ ਇਸ ਲਈ ਟੀਕਾਕਰਨ ਹਰ ਹਾਲਤ ਵਿਚ ਹੋਣਾ ਜਰੂਰੀ ਹੈ। ਰਾਸ਼ਟਰਪਤੀ ਨੇ ਕਿਹਾ ਕਿ ਸ਼ੁਰੂਆਤੀ ਦੌਰ ਨਾਲੋਂ ਟੀਕਾਕਰਨ ਦਾ ਅਗਲਾ ਪੜਾਅ ਵਧੇਰੇ ਚੁਣੌਤੀਆਂ ਭਰਪੂਰ ਹੋ ਸਕਦਾ ਹੈ ਜਿਸ ਵਾਸਤੇ ਹਰ ਅਮਰੀਕੀ ਲਈ ਟੀਕਿਆਂ ਦੀ ਵਿਵਸਥਾ ਕਰਨੀ ਪਵੇਗੀ ਤੇ ਇਕ ਵਿਆਪਕ ਵੰਡ ਪ੍ਰਣਾਲੀ ਬਣਾਉਣੀ ਪਵੇਗੀ ਤਾਂ ਜੋ ਹਰ ਅਮਰੀਕੀ ਤੱਕ ਪਹੁੰਚ ਕੀਤੀ ਜਾ ਸਕੇ। ਉਨਾਂ ਕਿਹਾ ਇਹ ਬਹੁਤ ਕਠਿਨ ਕੰਮ ਹੈ ਤੇ ਇਹ ਮੇਰੇ ਇਕੱਲੇ ਦੇ ਵੱਸ ਦੀ ਗੱਲ ਨਹੀਂ ਹੈ। ਲੋਕਾਂ ਨੂੰ ਟੀਕਾਕਰਨ ਲਈ ਮਨਾਉਣਾ ਪਵੇਗਾ। ਇਥੇ ਜ਼ਿਕਰਯੋਗ ਹੈ ਕਿ 4 ਰਾਜਾਂ ਪਿੱਛੇ 1 ਰਾਜ ਵਿਚ 50% ਤੋਂ ਘੱਟ ਬਾਲਗ ਵੱਸੋਂ ਦੇ ਟੀਕਾਕਰਨ ਹੋਇਆ ਹੈ ਜੋ ਜੋਖਮ ਦੀ ਤੁਲਨਾ ਵਿਚ ਬਹੁਤ ਘੱਟ ਹੈ। ਅਲਬਾਮਾ ਵਿਚ 41%, ਨਿਊਹੈਂਪਸ਼ਾਇਰ ਵਿਚ ਸਭ ਤੋਂ ਵਧ 74% ਬਾਲਗ ਅਬਾਦੀ ਦੇ ਘੱਟੋ ਘੱਟ ਇਕ ਟੀਕਾ ਲੱਗ ਚੁੱਕਾ ਹੈ। ਉਤਰ ਪੂਰਬ ਦੇ 8 ਰਾਜਾਂ ਸਮੇਤ 12 ਰਾਜਾਂ ਵਿਚ 60% ਜਾਂ ਇਸ ਤੋਂ ਵਧ ਲੋਕਾਂ ਦੇ ਟੀਕਾ ਲੱਗਾ ਚੁੱਕਾ ਹੈ। ਦੱਖਣ ਦੇ 9 ਰਾਜਾਂ ਸਮੇਤ 13 ਰਾਜਾਂ ਵਿਚ 50% ਤੋਂ ਘੱਟ ਅਬਾਦੀ ਦੇ ਟੀਕਾਕਰਨ ਹੋਇਆ ਹੈ।

# ਮਾਰਚ 2011 ਵਿਚ ਮਾਰੇ ਗਏ ਦੋ ਸਿੱਖਾਂ ਦੀ ਯਾਦ ਵਿਚ ਪਾਰਕ ਦਾ ਉਦਘਾਟਨ




**ਸੈਕਰਾਮੈਂਟੋ (ਹੁਸਨ ਲੜੋਆ ਬੰਗਾ):** 4 ਮਾਰਚ 2011 ਨੂੰ ਗੋਲੀ ਮਾਰ ਕੇ ਮਾਰ ਦਿੱਤੇ ਗਏ ਦੋ ਸਿੱਖਾਂ ਦੀ ਯਾਦ ਵਿਚ ਐਲਕ ਗਰੋਵ, ਕੈਲੀਫੋਰਨੀਆ ਵਿਚ ਇਕ ਪਾਰਕ ਦਾ ਉਦਘਾਟਨ ਕੀਤਾ ਗਿਆ। ਗੁਰਮੇਜ ਸਿੰਘ ਅਟਵਾਲ ਤੇ ਸੁਰਿੰਦਰ ਸਿੰਘ ਦੀਆਂ ਹਤਿਆਵਾਂ ਦੇ ਮਾਮਲ ਦੀ ਜਾਂਚ ਪੁਲਿਸ ਨੇ ਸੰਭਾਵੀ ਨਫਰਤੀ ਅਪਰਾਧ ਦੇ ਨਜਰੀਏ ਤੋਂ ਕੀਤੀ ਸੀ ਪਰ ਸਿੱਟਾ ਕੁਝ ਨਹੀਂ ਨਿਕਲਿਆ। 5 ਏਕੜ ਵਿਚ ਬਣੇ ਇਸ ਪਾਰਕ ਦਾ ਨਾਂ 'ਸਿੰਘ ਐਂਡ ਕੌਰ' ਰਖਿਆ ਗਿਆ ਹੈ ਤੇ ਇਹ ਪੋਂਟਾ ਡੇਲਗਡੋ ਡਰਾਈਵ ਦੇ ਨਾਲ ਸਥਿੱਤ ਹੈ। ਐਲਕ ਗਰੋਵ ਦੇ ਭਾਰਤੀ ਮੂਲ ਦੇ ਅਮਰੀਕੀ ਮੇਅਰ ਬੌਬੀ ਸਿੰਘ-ਐਲਨ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਇਹ ਪਾਰਕ ਸੁਰਿੰਦਰ ਸਿੰਘ ਤੇ ਗੁਰਮੇਜ ਸਿੰਘ ਨੂੰ ਸ਼ਾਨਦਾਰ ਸ਼ਰਧਾਂਜਲੀ ਹੈ। ਇਥੇ ਜ਼ਿਕਰਯੋਗ ਹੈ ਕਿ 2019 ਵਿਚ ਪੁਲਿਸ ਨੇ ਇਸ ਮਾਮਲੇ ਨੂੰ ਨਵੇਂ ਸਿਰੇ ਤੋਂ ਖੋਲਣ ਦਾ ਐਲਾਨ ਕੀਤਾ ਸੀ । ਐਲਕ ਗਰੋਵ ਪੁਲਿਸ ਮੁਖੀ ਟਿਮ ਬਰਾਈਟ ਨੇ ਕਿਹਾ ਸੀ ਇਹ ਅਣਸੁਲਝਿਆ ਮਾਮਲਾ ਪੁਲਿਸ ਤੇ ਸਥਾਨਕ ਭਾਈਚਾਰੇ ਲਈ ਮਹੱਤਵਪੂਰਨ ਹੈ । ਮਾਮਲਾ ਅਜੇ ਵੀ ਜਾਂਚ ਅਧੀਨ ਹੈ।

# ਅਮਰੀਕਾ ਵਿਚ ਆਏ ਜਬਰਦਸਤ ਤੂਫ਼ਾਨ ਕਾਰਨ ਹਜ਼ਾਰਾਂ ਲੋਕਾਂ ਦੇ ਘਰਾਂ ਦੀ ਬਿਜਲੀ ਗੁੱਲ

### ਦਰੱਖਤ ਡਿੱਗਣ ਕਾਰਨ ਲੋਕਾਂ ਦੀਆਂ ਮੁਸ਼ਕਿਲਾਂ ਵਧੀਆਂ

**ਸੈਕਰਾਮੈਂਟੋ (ਹੁਸਨ ਲੜੋਆ ਬੰਗਾ):** ਐਟਲਾਂਟਾ ਖੇਤਰ ਵਿਚ ਵਿਗੜੇ ਮੌਸਮ ਦੇ ਨਾਲ ਆਏ ਜਬਰਦਸਤ ਤੂਫ਼ਾਨ ਕਾਰਨ ਲੋਕਾਂ ਨੂੰ ਬਹੁਤ ਹੀ ਮੁਸ਼ਕਿਲਾਂ ਵਾਲੇ ਹਾਲਾਤ ਵਿਚੋਂ ਗੁਜਰਨਾ ਪੈ ਰਿਹਾ ਹੈ। ਟੈਕਸਸ, ਜਾਰਜੀਆ ਤੇ ਫਲੋਰੀਡਾ ਵਿਚ ਹਜ਼ਾਰਾਂ ਲੋਕਾਂ ਦੇ ਘਰਾਂ ਦੀ ਬਿਜਲੀ ਗੁੱਲ ਹੋ ਗਈ ਹੈ। ਘੱਟੋ ਘੱਟ 37000 ਘਰਾਂ ਵਿਚ ਲੋਕ ਬਿਨਾਂ ਬਿਜਲੀ ਦੇ ਰਹਿਣ ਲਈ ਮਜਬੂਰ ਹਨ। ਜਾਰਜੀਆ ਵਿਚ ਦਰੱਖਤ ਡਿੱਗਣ ਕਾਰਨ ਬਿਜਲੀ ਦੀ ਤਾਰ ਕਾਰ ਉਪਰ ਡਿੱਗ ਪੈਣ ਕਾਰਨ ਇਕ ਵਿਅਕਤੀ ਦੀ ਮੌਤ ਹੋ ਗਈ। ਐਟਲਾਂਟਾ ਦੇ ਸਮੁੱਚੇ ਖੇਤਰ ਵਿਚ ਦਰੱਖਤ ਡਿੱਗਣ ਦੀਆਂ ਰਿਪੋਰਟਾਂ ਹਨ ਜਿਸ ਕਾਰਨ ਆਵਾਜਾਈ ਵਿਚ ਵਿਘਨ ਪਿਆ ਹੈ। ਮੌਸਮ ਵਿਭਾਗ ਅਨੁਸਾਰ 75 ਮੀਲ ਪ੍ਰਤੀ ਘੰਟਾ ਤੋਂ ਵੀ ਵੱਧ ਰਫ਼ਤਾਰ ਨਾਲ ਤੇਜ਼ ਚਲੀਆਂ ਹਵਾਵਾਂ, ਗੜੇਮਾਰੀ ਤੇ ਬਾਰਿਸ਼ ਕਾਰਨ ਲੋਕਾਂ ਦੇ ਘਰਾਂ ਤੇ ਹੋਰ ਇਮਾਰਤਾਂ ਨੂੰ ਨੁਕਸਾਨ ਪੁੱਜਾ ਹੈ। ਮੌਸਮ ਬਾਰੇ ਭਵਿੱਖਬਾਣੀ ਕੇਂਦਰ ਨੇ ਚਿਤਾਵਨੀ ਦਿੱਤੀ ਹੈ ਕਿ ਦੱਖਣ ਪੂਰਬ ਦੇ ਸਮੁੱਚੇ ਖੇਤਰ ਵਿਚ ਤੇਜ਼ ਤੂਫ਼ਾਨ ਆਉਣ ਦੀ ਸੰਭਾਵਨਾ ਹੈ। ਲੁਸਿਆਨਾ, ਮਿਸੀਸਿਪੀ ਤੇ ਟੈਨੇਸੀ ਰਾਜਾਂ ਵਿਚ ਵਧੇਰੇ ਖਤਰਾ ਹੈ। ਮਿਸੀਸਿਪੀ ਦੇ ਮੱਧ ਤੇ ਹੇਠਲੀ ਓਹੀਓ ਵਾਦੀ ਵਿਚ ਵੱਡੇ ਪੱਧਰ ਉਪਰ ਗੜੇਮਾਰੀ ਤੇ ਹੜ ਦੀ ਚਿਤਾਵਨੀ ਦਿੱਤੀ ਗਈ ਹੈ।

# ਬਿੱਲ ਗੇਟਸ ਤੇ ਮੇਲਿੰਡਾ ਗੇਟਸ ਨੇ 27 ਸਾਲ ਇਕੱਠੇ ਰਹਿਣ ਉਪਰੰਤ ਲਿਆ ਤਲਾਕ

**ਸੈਕਰਾਮੈਂਟੋ (ਹੁਸਨ ਲੜੋਆ ਬੰਗਾ):** ਮਾਈਕਰੋ ਸਾਫਟ ਦੇ ਸਹਿ ਸੰਸਥਾਪਕ ਬਿੱਲ ਗੇਟਸ ਤੇ ਉਸ ਦੀ ਪਤਨੀ ਮੇਲਿੰਡਾ ਨੇ 27 ਸਾਲ ਦਾ ਗ੍ਰਹਿਸਥ ਜੀਵਨ ਬਿਤਾਉਣ ਬਾਅਦ ਇਕ ਦੂਸਰੇ ਤੋਂ ਵੱਖ ਹੋਣ ਤੇ ਤਲਾਕ ਲੈਣ ਦਾ ਐਲਾਨ ਕੀਤਾ ਹੈ। ਇਹ ਜੋੜਾ ਜੋ ਬਿੱਲ ਐਂਡ ਮੇਲਿੰਡਾ ਗੇਟਸ ਫਾਉਂਡੇਸ਼ਨ ਦੇ ਸਹਿ ਪ੍ਰਧਾਨ ਹਨ, ਨੇ ਟਵਿੱਟਰ ਉਪਰ ਆਪਣੇ ਫੈਸਲੇ ਤੋਂ ਜਾਣੂ ਕਰਵਾਇਆ। ਉਨਾਂ ਕਿਹਾ ਹੈ ਕਿ ਉਹ ਬਿੱਲ ਐਂਡ ਮੇਲਿੰਡਾ ਗੇਟਸ ਫਾਉਂਡੇਸ਼ਨ ਜੋ ਇਕ ਕੌਮਾਂਤਰੀ ਸਿਹਤ ਤੇ ਚੈਰਿਟੀ ਸੰਸਥਾ ਹੈ, ਵਿਚ ਇਕੱਠੇ ਕੰਮ ਕਰਦੇ ਰਹਿਣਗੇ। ਦੋਨਾਂ ਨੇ ਆਪਣੇ ਟਵਿੱਟਰ ਉਪਰ ਪਾਏ ਸਾਂਝੇ ਬਿਆਨ ਵਿਚ ਕਿਹਾ ਹੈ ਕਿ 'ਡੂੰਘੇ ਵਿਚਾਰ ਵਟਾਂਦਰੇ ਤੇ ਆਪਸੀ ਸਬੰਧਾਂ ਉਪਰ ਨਜ਼ਰਸਨੀ ਉਪਰੰਤ ਅਸੀਂ ਆਪਣਾ ਵਿਆਹੁਤਾ ਜੀਵਨ ਖਤਮ ਕਰਨ ਦਾ ਫੈਸਲਾ ਕੀਤਾ ਹੈ। ਪਿਛਲੇ 27 ਸਾਲਾਂ ਦੌਰਾਨ ਅਸੀਂ 3 ਅਸਧਾਰਨ ਬੱਚਿਆਂ ਨੂੰ ਪਾਲਿਆ ਹੈ ਤੇ ਇਕ ਸੰਸਥਾ ਖੜੀ ਕੀਤੀ ਹੈ ਤਾਂ ਜੋ ਵਿਸ਼ਵ ਭਰ ਵਿਚ ਲੋਕ ਸਿਹਤਮੰਦ ਤੇ ਉਪਯੋਗੀ ਜੀਵਨ ਜਿਊ ਸਕਣ। ਅਸੀਂ ਇਸ ਸੰਸਥਾ ਵਿਚ ਮਿਲ ਕੇ ਕੰਮ ਕਰਨਾ ਜਾਰੀ ਰੱਖਾਂਗੇ। ਜੀਵਨ ਦੇ ਅਗਲੇ ਪੜਾਅ ਵਿਚ ਅਸੀਂ ਇਹ ਭੁੱਲ ਜਾਵਾਂਗੇ ਕਿ ਅਸੀਂ ਕਦੇ ਜੋੜੇ ਵਜੋਂ ਵਿਚਰਦੇ ਰਹੇ ਸੀ।' ਬਿੱਲ ਤੇ ਮੇਲਿੰਡਾ ਗੇਟਸ ਦੇ ਨੇੜਲੇ ਹਲਕਿਆਂ ਨੇ ਦੋਨਾਂ ਦੇ ਫੈਸਲਾ ਉਪਰ ਹੈਰਾਨੀ ਪ੍ਰਗਟਾਈ ਹੈ ਪਰ ਇਸ ਦੇ ਨਾਲ ਹੀ ਉਨਾਂ ਦੇ ਅਗਲੇ ਜੀਵਨ ਲਈ ਸ਼ੁਭਕਾਮਨਾਵਾਂ ਵੀ ਭੇਜੀਆਂ ਹਨ।

# ਭਾਰਤੀ ਵਿਦਿਆਰਥੀ ਅਮਰੀਕਾ ਦੀ ਯਾਤਰਾ ਛੋਟ ਸੂਚੀ ਵਿਚ ਸ਼ਾਮਿਲ

### 4 ਮਈ ਤੋਂ ਲਾਗੂ ਹੋਣਗੀਆਂ ਭਾਰਤੀਆਂ ਉਪਰ ਯਾਤਰਾ ਪਾਬੰਦੀਆਂ

**ਸੈਕਰਾਮੈਂਟੋ (ਹੁਸਨ ਲੜੋਆ ਬੰਗਾ):** ਭਾਰਤ ਉਪਰ ਯਾਤਰਾ ਪਾਬੰਦੀਆਂ ਜੋ 4 ਮਈ ਤੋਂ ਲਾਗੂ ਹੋਣਗੀਆਂ, ਦੇ ਐਲਾਨ ਤੋਂ ਬਾਅਦ ਬਾਈਡਨ ਪ੍ਰਸ਼ਾਸ਼ਨ ਨੇ ਇਕ ਹੋਰ ਐਲਾਨ ਕਰਦਿਆਂ ਵਿਦਿਆਰਥੀਆਂ ਦੀਆਂ ਵਿਸ਼ੇਸ਼ ਸ਼੍ਰੇਣੀਆਂ, ਉੱਚ ਸਿੱਖਿਆ ਸ਼ਾਸ਼ਤਰੀਆਂ ਤੇ ਪੱਤਰਕਾਰਾਂ ਨੂੰ ਨਵੀਆਂ ਯਾਤਰਾ ਪਾਬੰਦੀਆਂ ਤੋਂ ਬਾਹਰ ਰਖਿਆ ਗਿਆ ਹੈ। ਅਮਰੀਕੀ ਵਿਦੇਸ਼ ਵਿਭਾਗ ਨੇ ਕਿਹਾ ਹੈ ਕਿ ਭਾਰਤ ਉਪਰ ਕੌਮੀ ਹਿੱਤਾਂ ਦੇ ਮੱਦੇਨਜ਼ਰ ਉਹ ਹੀ ਪਾਬੰਦੀਆਂ ਲਾਗੂ ਹੋਣਗੀਆਂ ਜੋ ਕੋਵਿਡ-19 ਮਹਾਂਮਾਰੀ ਦੇ ਮੱਦੇਨਜ਼ਰ ਸਾਰੇ ਖੇਤਰਾਂ 'ਤੇ ਆਵਾਜਾਈ ਉਪਰ ਇਸ ਸਮੇ ਲਾਗੂ ਹਨ। ਵਿਭਾਗ ਅਨੁਸਾਰ ਅਮਰੀਕਾ ਵਿਚ ਪੜਾਈ ਲਈ ਆਉਣ ਵਾਲੇ ਵਿਦਿਆਰਥੀ, ਕੁਝ ਵਿਸ਼ੇਸ਼ ਉੱਚ ਸਿੱਖਿਅਕ ਤੇ ਉਹ ਵਿਅਕਤੀ ਜੋ ਕੋਵਿਡ-19 ਦੇ ਦੌਰ ਵਿਚ ਅਹਿਮ ਬੁਨਿਆਦੀ ਢਾਂਚਾ ਮੁਹੱਈਆ ਕਰਾਉਣ ਦੇ ਵਰਗ ਵਿਚ ਆਉਂਦੇ ਹਨ, ਨੂੰ ਪਾਬੰਦੀਆਂ ਤੋਂ ਛੋਟ ਹੋਵੇਗੀ। ਉਹ ਅਮਰੀਕਾ ਆ ਸਕਣਗੇ। ਇਨਾਂ ਵਿਚ ਉਹ ਸਾਰੇ ਯੋਗ ਬੇਨਤੀਕਰਤਾ ਸ਼ਾਮਿਲ ਹਨ ਜੋ ਇਸ ਸਮੇ ਭਾਰਤ, ਬਰਾਜ਼ੀਲ, ਚੀਨ, ਇਰਾਨ ਤੇ ਦੱਖਣੀ ਅਫਰੀਕਾ ਵਿਚ ਹਨ। ਵਿਦੇਸ਼ ਵਿਭਾਗ ਨੇ ਸਪੱਸ਼ਟ ਕੀਤਾ ਹੈ ਕਿ ਨਵੇਂ ਨਿਯਮ ਅਮਰੀਕੀ ਸ਼ਹਿਰੀਆਂ, ਕਾਨੂੰਨੀ ਸਥਾਈ ਵਾਸੀਆਂ ਤੇ ਅਮਰੀਕਾ ਦੇ ਗੈਰ ਸ਼ਹਿਰੀ ਨਾਗਰਿਕਾਂ ਉਪਰ ਲਾਗੂ ਨਹੀਂ ਹੋਣਗੇ। ਇਹ ਨਿਯਮ ਅਮਰੀਕੀ ਨਾਗਰਿਕ ਦੇ ਗੈਰ ਨਾਗਰਿਕ ਜੀਵਨ ਸਾਥੀ ਜਾਂ ਕਾਨੂੰਨੀ ਸਥਾਈ ਵਾਸੀਆਂ ਉਪਰ ਵੀ ਲਾਗੂ ਨਹੀਂ ਹੋਣਗੇ। ਜਾਰੀ ਰਿਲੀਜ਼ ਵਿਚ ਕਿਹਾ ਗਿਆ ਹੈ ਕਿ ਵਿਦੇਸ਼ ਵਿਭਾਗ ਕੌਮਾਂਤਰੀ ਸਥਿੱਤੀ ਨੂੰ ਸਾਹਮਣੇ ਰੱਖਕੇ ਹੋਰ ਵੀਜ਼ੇ ਜਾਰੀ ਕਰਨ ਦੇ ਢੰਗ ਤਰੀਕੇ ਲੱਭਣ ਲਈ ਨਿਰੰਤਰ ਯਤਨ ਕਰ ਰਿਹਾ ਹੈ।

# ਸਾਬਕਾ ਰਾਸ਼ਟਰਪਤੀ ਟਰੰਪ ਦਾ ਮੈਕਸੀਕੋ ਦੀ ਸਰਹੱਦ ਉਪਰ ਕੰਧ ਉਸਾਰੀ ਪ੍ਰਾਜੈਕਟ ਬਾਈਡਨ ਨੇ ਕੀਤਾ ਰੱਦ

## ਕੰਧ ਉਸਾਰੀ ਲਈ ਰੱਖੇ ਫੰਡ ਦੀ ਵਰਤੋਂ ਫੌਜ ਦੇ ਪ੍ਰਾਜੈਕਟਾਂ ਉਪਰ ਕੀਤੀ ਜਾਵੇਗੀ

**ਸੈਕਰਾਮੈਂਟੋ (ਹੁਸਨ ਲੜੋਆ ਬੰਗਾ):** ਰਾਸ਼ਟਰਪਤੀ ਜੋਅ ਬਾਈਡਨ ਪ੍ਰਸ਼ਾਸਨ ਨੇ ਲੰਘੇ ਦਿਨ ਸਾਰੇ ਸਰਹੱਦੀ ਕੰਧ ਉਸਾਰੀ ਪ੍ਰਾਜੈਕਟ ਰੱਦ ਕਰ ਦਿੱਤੇ। ਬਾਈਡਨ ਨੇ ਇਕ ਆਦੇਸ਼ ਜਾਰੀ ਕਰਕੇ ਮੈਕਸੀਕੋ ਨਾਲ ਲੱਗਦੀ ਸਰਹੱਦ ਉਪਰ ਕੰਧ ਦੀ ਉਸਾਰੀ ਨੂੰ ਰੋਕ ਦਿੱਤਾ ਹੈ। ਇਹ ਆਦੇਸ਼ ਉਸ ਆਦੇਸ਼ ਦਾ ਹੀ ਹਿੱਸਾ ਹੈ ਜਿਸ ਉਪਰ ਰਾਸ਼ਟਰਪਤੀ ਨੇ ਜਨਵਰੀ ਵਿਚ ਸਹੀ ਪਾਈ ਸੀ।

ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸਰਹੱਦ ਉਪਰ ਕੰਧ ਉਸਾਰੀ ਨੂੰ ਆਪਣੀ ਸਰਹੱਦੀ ਨੀਤੀ ਦਾ ਪ੍ਰਮੁੱਖ ਹਿੱਸਾ ਬਣਾਇਆ ਸੀ ਤੇ ਉਸ ਨੇ ਅਮਰੀਕਾ-ਮੈਕਸੀਕੋ ਸਰਹੱਦ ਉਪਰ ਕੰਧ ਦੀ ਉਸਾਰੀ ਲਈ ਫੌਜ ਦੇ ਫੰਡ ਵਰਤਣ ਨੂੰ ਪ੍ਰਵਾਨਗੀ ਦਿੱਤੀ ਸੀ। ਕਾਂਗਰਸ ਦੇ ਦੋਨਾਂ ਸਦਨਾਂ ਵਿਚ ਕੰਧ ਉਸਾਰੀ ਪ੍ਰਾਜੈਕਟ ਦਾ ਜਬਰਦਸਤ ਵਿਰੋਧ ਹੋਇਆ ਸੀ ਪਰ ਤਤਕਾਲ ਰਾਸ਼ਟਰਪਤੀ ਟਰੰਪ ਆਪਣੇ ਇਸ ਪ੍ਰਮੁੱਖ ਪ੍ਰਾਜੈਕਟ ਨੂੰ ਸ਼ੁਰੂ ਕਰਵਾਉਣ ਵਿਚ ਸਫਲ ਰਿਹਾ ਸੀ। ਪੈਂਟਾਗਨ ਦੇ ਡਿਪਟੀ ਬੁਲਾਰੇ ਜਮਾਲ ਬਰਾਊਨ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਰਖਿਆ ਵਿਭਾਗ ਨੇ ਸਰਹੱਦੀ ਕੰਧ ਉਸਾਰੀ ਪ੍ਰਾਜੈਕਟਾਂ ਨੂੰ ਰੱਦ ਕਰਨ ਲਈ ਸਾਰੀ ਲੋੜੀਂਦੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਉਨਾਂ ਕਿਹਾ ਕਿ ਅੱਜ ਦੀ ਕਾਰਵਾਈ ਤੋਂ ਇਹ ਗੱਲ ਸਪਸ਼ਟ ਹੋਈ ਹੈ ਕਿ ਬਾਈਡਨ ਪ੍ਰਸ਼ਾਸਨ ਰਾਸ਼ਟਰ ਦੀ ਸੁਰੱਖਿਆ ਤੇ ਫੌਜੀਆਂ ਅਤੇ ਉਨਾਂ ਦੇ ਪਰਿਵਾਰਾਂ ਦੇ ਸਮਰਥਨ ਪ੍ਰਤੀ ਵਚਨਬੱਧ



ਹੈ। ਹੁਣ ਇਸ ਫੰਡ ਦੀ ਵਰਤੋਂ ਫੌਜ ਦੇ ਮੁਲਤਵੀ ਕੀਤੇ ਪ੍ਰਾਜੈਕਟਾਂ ਦੀ ਉਸਾਰੀ ਲਈ ਕੀਤੀ ਜਾਵੇਗੀ। ਰਖਿਆ ਵਿਭਾਗ ਨੇ ਕਿਹਾ ਹੈ ਕਿ ਉਹ ਮੁਲਤਵੀ ਕੀਤੇ ਪ੍ਰਾਜੈਕਟਾਂ ਉਪਰ ਨਜ਼ਰਸਾਨੀ ਕਰੇਗਾ ਤੇ ਉਨਾਂ ਵਿਚੋਂ ਤਰਜੀਹ ਵਾਲੇ ਪ੍ਰਾਜੈਕਟਾਂ ਦੀ ਚੋਣ ਕੀਤੀ ਜਾਵੇਗੀ।

ਇਥੇ ਇਹ ਵੀ ਜਿਕਰਯੋਗ ਹੈ ਕਿ ਦੱਖਣੀ ਸਰਹੱਦ ਰਸਤੇ ਅਮਰੀਕਾ ਵਿਚ ਆਉਣ ਵਾਲੇ ਬੱਚਿਆਂ, ਪਰਿਵਾਰਾਂ ਤੇ ਹੋਰ ਲੋਕਾਂ ਦੀ ਵਧੀ ਗਿਣਤੀ ਦੇ ਮੱਦੇਨਜ਼ਰ ਬਾਈਡਨ ਪ੍ਰਸ਼ਾਸਨ ਇਮੀਗ੍ਰੇਸ਼ਨ ਵਿਭਾਗ ਦੇ ਦਬਾਅ ਹੇਠ ਸੀ। ਹੋਮਲੈਂਡ ਸਕਿਉਰਟੀ ਵਿਭਾਗ ਨੇ ਕਿਹਾ ਹੈ ਕਿ ਉਹ ਟੈਕਸਸ ਦੀ ਰਿਓ ਗਰਾਂਡੇ ਵੈਲੀ ਤੇ ਸੈਨ ਡਇਏਗੋ ਵਿਚ ਕੰਧ ਉਸਾਰੀ ਕਾਰਨ ਪੈਦਾ ਹੋਏ ਮੁੱਦਿਆਂ ਨੂੰ ਹੱਲ ਕਰੇਗਾ।

# ਭਾਰਤ 'ਚ ਕੋਰੋਨਾ ਦੀ ਦੂਜੀ ਲਹਿਰ ਸੁਨਾਮੀ ਵਰਗੀ

## ✪ ਆਨਲਾਈਨ ਸੈਮੀਨਾਰ 'ਚ ਕਿਰਨ ਮਜੂਮਦਾਰ ਸ਼ਾਅ ਬੋਲੀ

## ✪ ਹਾਲੀਆ ਵਿਧਾਨ ਸਭਾ ਚੋਣਾਂ ਤੇ ਧਾਰਮਿਕ ਸਮਾਗਮ ਜ਼ਿੰਮੇਵਾਰ

**ਵਾਸ਼ਿੰਗਟਨ/ਈ.ਟੀ.ਨਿਊਜ਼ :** ਬਾਇਓਕਾਨ ਦੀ ਸੰਸਥਾਪਕ ਕਿਰਨ ਮਜੂਮਦਾਰ ਸ਼ਾਅ ਨੇ ਕਿਹਾ ਹੈ ਕਿ ਭਾਰਤ 'ਚ ਕੋਰੋਨਾ ਦੀ ਦੂਜੀ ਲਹਿਰ ਸੁਨਾਮੀ ਵਰਗੀ ਹੈ। ਉਨਾਂ ਨੇ ਕੋਰੋਨਾ ਵਾਇਰਸ ਦੇ ਮਾਮਲਿਆਂ 'ਚ ਭਾਰੀ ਵਾਧੇ ਲਈ ਹਾਲੀਆ ਵਿਧਾਨ ਸਭਾ ਚੋਣਾਂ ਤੇ ਧਾਰਮਿਕ ਸਮਾਗਮਾਂ ਨੂੰ ਜ਼ਿੰਮੇਵਾਰ ਠਹਿਰਾਇਆ। ਭਾਰਤ ਇਸ ਸਮੇਂ ਕੋਰੋਨਾ ਵਾਇਰਸ ਮਹਾਂਮਾਰੀ ਦੀ ਦੂਜੀ ਲਹਿਰ ਦਾ ਸਾਹਮਣਾ ਕਰ ਰਿਹਾ ਹੈ। ਇਸ ਤਹਿਤ ਪਿਛਲੇ ਕਈ ਦਿਨਾਂ ਤੋਂ ਤਿੰਨ ਲੱਖ ਤੋਂ ਜ਼ਿਆਦਾ ਮਾਮਲੇ ਸਾਹਮਣੇ ਆ ਰਹੇ ਹਨ। ਹਸਪਤਾਲਾਂ 'ਚ ਮਹਾਂਮਾਰੀ ਹੈ ਤੇ ਮਰੀਜ਼ਾਂ ਨੂੰ ਬੈੱਡ ਤੇ ਆਕਸੀਜਨ ਦੀ ਕਿੱਲਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਵਨ ਸ਼ੇਅਰ ਵਰਲਡ ਵੱਲੋਂ ਕਰਾਏ ਆਨਲਾਈਨ ਸੈਮੀਨਾਰ 'ਚ ਸ਼ਾਅ ਨੇ ਕਿਹਾ, ਭਾਰਤ 'ਚ ਕੋਰੋਨਾ ਦੀ ਦੂਜੀ ਲਹਿਰ ਸੁਨਾਮੀ ਵਰਗੀ ਹੈ। ਦੁੱਖ ਦੀ ਗੱਲ ਹੈ ਕਿ ਇਸ ਨੇ ਸਾਡੇ ਦੇਸ਼ ਦੇ



ਕਿਸੇ ਵੀ ਹਿੱਸੇ ਨੂੰ ਨਹੀਂ ਬਖਸ਼ਿਆ। ਇਸ ਵਾਰੀ ਸ਼ਹਿਰੀ ਤੇ ਪੇਂਡੂ ਦੋਵੇਂ ਇਲਾਕਿਆਂ ਤੋਂ ਮਾਮਲੇ ਸਾਹਮਣੇ ਆ ਰਹੇ ਹਨ। ਇਸਦਾ ਕਾਰਨ ਹੈ ਕਿ ਅਸੀਂ ਕਈ ਸੂਬਿਆਂ 'ਚ ਚੋਣਾਂ ਕਰਵਾਈਆਂ ਤੇ ਇਸ ਦੌਰਾਨ ਕਈ ਧਾਰਮਿਕ ਤਿਉਹਾਰ ਆਏ। ਇਸ ਨੇ ਅਸਲ 'ਚ ਸਥਿਤੀ ਨੂੰ ਗੰਭੀਰ ਬਣਾ ਦਿੱਤਾ ਹੈ। ਦੱਸਣਯੋਗ ਹੈ ਕਿ ਬੰਗਾਲ, ਤਾਮਿਲਨਾਡੂ, ਕੇਰਲ, ਅਸਾਮ ਤੇ ਪੁਡੂਚੇਰੀ 'ਚ ਹਾਲੀਆ ਚੋਣਾਂ ਕਰਾਈਆਂ ਗਈਆਂ। ਇਸ ਤੋਂ ਇਲਾਵਾ ਹਰਿਦੁਆਰ 'ਚ ਇਸੇ ਦੌਰਾਨ ਕੁੰਭ ਵੀ ਕਰਾਇਆ ਗਿਆ।

ਸ਼ਾਅ ਨੇ ਕਿਹਾ ਕਿ ਹਸਪਤਾਲ 'ਚ ਆਕਸੀਜਨ ਤੇ ਬੈੱਡਾਂ ਦੀ ਭਾਰੀ ਮੰਗ ਹੈ। ਜਿਸ ਹਿਸਾਬ ਨਾਲ ਇਨਫੈਕਸ਼ਨ ਦੇ ਮਾਮਲੇ ਸਾਹਮਣੇ ਆ ਰਹੇ ਹਨ, ਉਸਦੀ ਮੈਨੇਜਮੈਂਟ ਕਰਨ ਲਈ ਸਾਡੇ ਕੋਲ ਉਚਿਤ ਵਸੀਲੇ ਨਹੀਂ ਹਨ। ਇਸ ਮਹਾਂਮਾਰੀ ਨਾਲ ਨਿਪਟਣ ਲਈ ਸਾਡੇ ਕੋਲ ਉਚਿਤ ਮੈਡੀਕਲ ਸਮੱਗਰੀ ਵੀ ਨਹੀਂ ਹੈ। ਸਭ ਤੋਂ ਵੱਧ ਕੇ ਲੋਕਾਂ ਦਾ ਤੇਜ਼ੀ ਨਾਲ ਟੀਕਾਕਰਨ ਕਰਨ ਲਈ ਜ਼ਰੂਰੀ ਵੈਕਸੀਨ ਵੀ ਸਾਡੇ ਕੋਲ ਨਹੀਂ ਹੈ।

# ਅਮਰੀਕਾ ਤੇ ਯੂਰਪ 'ਚ ਹੁਣ ਪਾਬੰਦੀਆਂ ਵਿਚ ਮਿਲੇਗੀ ਢਿੱਲ

**ਵਾਸ਼ਿੰਗਟਨ/ਏ.ਟੀ.ਨਿਊਜ਼ :** ਕੋਰੋਨਾ ਮਹਾਂਮਾਰੀ ਦੀ ਦੂਜੀ ਲਹਿਰ ਦਾ ਸਾਹਮਣਾ ਕਰਨ ਚੁੱਕੇ ਅਮਰੀਕਾ ਵਿਚ ਹੁਣ ਪਾਬੰਦੀਆਂ 'ਚ ਢਿੱਲ ਮਿਲਣੀ ਸ਼ੁਰੂ ਹੋ ਗਈ ਹੈ। ਯੂਰਪ ਵਿਚ ਵੀ ਪਾਬੰਦੀਆਂ ਤੋਂ ਕੁਝ ਰਾਹਤ ਦੇਣ ਦੀ ਤਿਆਰੀ ਕੀਤੀ ਜਾ ਰਹੀ ਹੈ। ਇਹ ਕਦਮ ਅਜਿਹੇ ਸਮੇਂ ਚੁੱਕੇ ਜਾ ਰਹੇ ਹਨ, ਜਦੋਂ ਭਾਰਤ ਤੇ ਬ੍ਰਾਜ਼ੀਲ ਵਰਗੇ ਦੇਸ਼ਾਂ 'ਚ ਕੋਰੋਨਾ ਦਾ ਕਹਿਰ ਵਧ ਗਿਆ ਹੈ।

ਅਮਰੀਕਾ ਵਿਚ ਨਵੇਂ ਮਾਮਲਿਆਂ 'ਚ ਲਗਾਤਾਰ ਗਿਰਾਵਟ ਦਰਜ ਕੀਤੀ ਜਾ ਰਹੀ ਹੈ। ਦੇਸ਼ ਵਿਚ ਬੀਤੇ ਅਕਤੂਬਰ ਮਹੀਨੇ ਤੋਂ ਬਾਅਦ ਪਹਿਲੀ ਵਾਰ ਰੋਜ਼ਾਨਾ ਦੇ ਨਵੇਂ ਮਾਮਲਿਆਂ ਦੀ ਔਸਤ ਗਿਣਤੀ 50 ਹਜ਼ਾਰ ਤੋਂ ਹੇਠਾਂ ਪਹੁੰਚ ਗਈ ਹੈ। ਦੁਨੀਆ ਵਿਚ ਮਹਾਂਮਾਰੀ ਤੋਂ ਸਭ ਤੋਂ ਵੱਧ ਪ੍ਰਭਾਵਿਤ ਅਮਰੀਕਾ ਵਿਚ ਹੁਣ ਤਕ ਕੁੱਲ ਤਿੰਨ ਕਰੋੜ ੩੨ ਲੱਖ ਤੋਂ ਵੱਧ ਮਾਮਲੇ ਮਿਲੇ ਹਨ। ਜਦਕਿ ਪੰਜ ਲੱਖ 91 ਹਜ਼ਾਰ ਤੋਂ ਵੱਧ ਦੀ ਮੌਤ ਹੋਈ ਹੈ। ਨਵੇਂ ਮਾਮਲਿਆਂ ਵਿਚ ਗਿਰਾਵਟ ਤੋਂ ਬਾਅਦ ਨਿਊਯਾਰਕ ਦੇ ਗਵਰਨਰ ਐਂਡਰਿਊ ਕੁਓਮੋ ਨੇ ਐਲਾਨ ਕੀਤਾ ਕਿ ਮੱਧ ਮਈ ਤੋਂ ਮੈਟਰੋ ਰੇਲ ਸੇਵਾ ਰਾਤ ਨੂੰ ਬਹਾਲ ਕਰ ਦਿੱਤੀ ਜਾਵੇਗੀ। ਇਸੇ ਤਰਾਂ ਕਈ ਹੋਰ ਅਮਰੀਕੀ ਸੂਬਿਆਂ ਵਿਚ ਵੀ ਕਦਮ ਚੁੱਕੇ ਜਾ ਰਹੇ ਹਨ। ਏਧਰ 27 ਮੈਂਬਰੀ ਯੂਰਪੀ ਯੂਨੀਅਨ (ਈਯੂ) ਦੇ ਅਧਿਕਾਰੀਆਂ ਨੇ ਯਾਤਰਾ ਸਬੰਧੀ ਪਾਬੰਦੀਆਂ ਵਿਚ ਰਾਹਤ ਦੇਣ ਦੀ ਤਜਵੀਜ਼ ਦਾ ਐਲਾਨ ਕੀਤਾ। ਹਾਲਾਂਕਿ ਪਾਬੰਦੀਆਂ 'ਚ ਢਿੱਲ ਦੇਣ ਦਾ ਆਖ਼ਰੀ ਫ਼ੈਸਲਾ ਮੈਂਬਰ ਦੇਸ਼ਾਂ 'ਤੇ ਨਿਰਭਰ ਕਰੇਗਾ। ਤਜਵੀਜ਼ ਤਹਿਤ ਉਨਾਂ ਲੋਕਾਂ ਨੂੰ ਯੂਰਪੀ ਦੇਸ਼ਾਂ ਵਿਚ ਦਾਖ਼ਲਾ ਦੇਣ ਦਾ ਸੁਝਾਅ ਦਿੱਤਾ ਗਿਆ ਹੈ, ਜਿਨਾਂ ਦਾ ਟੀਕਾਕਰਨ ਪੂਰਾ ਹੋ ਚੁੱਕਿਆ ਹੈ। ਇਨਫੈਕਸ਼ਨ ਰੋਕਣ ਲਈ ਬਰਤਾਨੀਆ, ਜਰਮਨੀ, ਫਰਾਂਸ, ਸਪੇਨ ਤੇ ਇਟਲੀ ਵਰਗੇ ਦੇਸ਼ਾਂ ਵਿਚ ਸਖ਼ਤ ਕਦਮ ਚੁੱਕੇ ਗਏ ਸਨ। ਮਹਾਂਮਾਰੀ ਦੀ ਦੂਜੀ ਲਹਿਰ ਦਾ ਸਾਹਮਣਾ ਕਰਨ ਵਾਲੇ ਬਰਤਾਨੀਆ ਸਮੇਤ ਕਈ ਯੂਰਪੀ ਦੇਸ਼ਾਂ ਵਿਚ ਹੁਣ ਨਵੇਂ ਮਾਮਲਿਆਂ ਵਿਚ ਕਾਫ਼ੀ ਕਮੀ ਦੇਖੀ ਜਾ ਰਹੀ ਹੈ।

# ਸੈਨ ਡਿਆਗੋ ਸਮੁੰਦਰੀ ਕੰਢੇ 'ਤੇ ਕਿਸ਼ਤੀ ਪਲਟਣ ਨਾਲ 3 ਮੌਤਾਂ 27 ਜ਼ਖਮੀ



**ਸੈਕਰਾਮੈਂਟੋ (ਹੁਸਨ ਲੜੋਆ ਬੰਗਾ):** ਸਨ ਡਇਏਗੋ (ਕੈਲੀਫੋਰਨੀਆ) ਸਮੁੰਦਰੀ ਕੰਢੇ 'ਤੇ ਇਕ ਕਿਸ਼ਤੀ ਦੇ ਪਲਟਣ ਨਾਲ ਘੱਟੋ ਘੱਟ 3 ਜਣਿਆਂ ਦੀ ਮੌਤ ਹੋ ਗਈ ਤੇ 27 ਹੋਰ ਜ਼ਖਮੀ ਹੋ ਗਏ ਜਿਨਾਂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਸ਼ੱਕ ਕੀਤਾ ਜਾਂਦਾ ਹੈ ਕਿ ਕਿਸ਼ਤੀ ਰਾਹੀਂ ਮਨੁੱਖੀ ਤਸਕਰੀ ਦਾ ਯਤਨ ਕੀਤਾ ਜਾ ਰਿਹਾ ਸੀ। ਫਾਇਰ ਰੈਸਕਿਉ ਲਾਈਫਗਾਰਡ ਲੈਫਟੀਨੈਂਟ ਰਿਕ ਰੋਮੀਰੋ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਐਤਵਾਰ ਤੜਕਸਾਰ ਸੂਚਨਾ ਮਿਲਣ 'ਤੇ ਅੱਗ ਬੁਝਾਊ ਅਮਲਾ, ਕੋਸਟ ਗਾਰਡ ਤੇ ਹੋਰ ਏਜੰਸੀਆਂ ਦੇ ਅਧਿਕਾਰੀ ਮੌਕੇ ਉਪਰ ਪੁੱਜੇ। ਉਨਾਂ ਦਸਿਆ ਕਿ ਸੂਚਨਾ ਮਿਲੀ ਸੀ ਕਿ ਇਕ ਵਪਾਰਕ ਕਿਸ਼ਤੀ ਸੰਕਟ ਵਿਚ ਹੈ। ਪਹਿਲੀ ਸੂਚਨਾ ਵਿਚ ਕਿਹਾ ਗਿਆ ਸੀ ਕਿ ਕਿਸ਼ਤੀ ਵਿਚ 3 ਜਾਂ 4 ਵਿਅਕਤੀ ਹਨ ਪ੍ਰੰਤੂ ਮੌਕੇ 'ਤੇ ਪੁੱਜੇ ਅਧਿਕਾਰੀਆਂ ਨੇ ਦਸਿਆ ਕਿ ਕਿਸ਼ਤੀ ਵਿਚ ਗਿਣਤੀ ਕਿਤੇ ਜਿਆਦਾ ਹੈ। ਉਨਾਂ ਦਸਿਆ ਕਿ ਬਚਾਅ ਕਾਰਵਾਈ ਵਿਚ 7 ਵਿਅਕਤੀਆਂ ਨੂੰ ਪਾਣੀ ਵਿਚੋਂ ਕੱਢਿਆ ਗਿਆ। ਇਨਾਂ ਵਿਚੋਂ 3 ਵਿਅਕਤੀ ਡੁੱਬਣ ਕਾਰਨ ਮਰ ਚੁੱਕੇ ਸਨ ਜਦ ਕਿ 22 ਹੋਰ ਤੈਰ ਕੇ ਬਾਹਰ ਆਉਣ ਵਿਚ ਸਫਲ ਹੋ ਗਏ। ਉਨਾਂ ਦਸਿਆ ਕਿ ਕੁਲ 27 ਵਿਅਕਤੀਆਂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ ਜਿਨਾਂ ਦੇ ਵੱਖ-ਵੱਖ ਤਰਾਂ ਦੇ ਜਖਮ ਹਨ। ਜਿਆਦਾਤਰ ਪੀੜਤ ਤੁਰ ਕੇ ਐਂਬੂਲੈਂਸ ਤੱਕ ਗਏ। ਮਾਮਲੇ ਦੀ ਬਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ ਤੇ ਬਚਾਏ ਵਿਅਕਤੀਆਂ ਤੋਂ ਪੁੱਛਗਿੱਛ ਵੀ ਕੀਤੀ ਜਾਵੇਗੀ।

# ਕੋਰੋਨਾ ਕਾਰਨ ਭਾਰਤ ਦੇ ਲੋਕ ਅਮਰੀਕਾ 'ਚ ਨਹੀਂ ਜਾ ਸਕਣਗੇ

**ਵਾਸ਼ਿੰਗਟਨ/ਏ.ਟੀ.ਨਿਊਜ਼ :** ਅਮਰੀਕਾ ਨੇ ਕੋਵਿਡ-19 ਮਹਾਂਮਾਰੀ ਦੇ ਸਭ ਤੋਂ ਖਤਰਨਾਕ ਦੌਰ ਵਿੱਚੋਂ ਲੰਘ ਰਹੇ ਭਾਰਤ ਤੋਂ ਆਉਣ ਵਾਲੇ ਲੋਕਾਂ 'ਤੇ ਪਾਬੰਦੀ ਲਗਾ ਦਿੱਤੀ ਹੈ। ਰਾਸ਼ਟਰਪਤੀ ਜੋਅ ਬਾਈਡਨ ਦੇ ਹੁਕਮ ਲਾਗੂ ਹੋ ਗਏ। ਰਾਸ਼ਟਰਪਤੀ ਨੇ ਕਿਹਾ ਕਿ ਉਹ ਲੋਕ ਜੋ ਅਮਰੀਕਾ ਦੇ ਨਾਗਰਿਕ ਨਹੀਂ ਹਨ ਅਤੇ ਪਿਛਲੇ 14 ਦਿਨਾਂ ਤੋਂ ਭਾਰਤ ਵਿੱਚ ਰਹਿ ਰਹੇ ਹਨ, ਅਮਰੀਕਾ ਨਹੀਂ ਆ ਸਕਦੇ। ਅਮਰੀਕਾ ਨੇ ਆਪਣੇ ਨਾਗਰਿਕਾਂ, ਗਰੀਨ ਕਾਰਡਧਾਰਕਾਂ, ਉਨਾਂ ਦੇ ਗ਼ੈਰ-ਅਮਰੀਕੀ ਜੀਵਨ ਸਾਥੀਆਂ ਤੇ 21 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਸਣੇ ਵੱਖ ਵੱਖ ਵਰਗਾਂ ਨੂੰ ਇਸ ਪਾਬੰਦੀ ਤੋਂ ਛੋਟ ਦਿੱਤੀ ਹੈ। ਇਹ ਹੁਕਮ ਅਣਮਿਥੇ ਸਮੇਂ ਲਈ ਲਾਗੂ ਕੀਤੇ ਗਏ ਹਨ ਤੇ ਇਨਾਂ ਨੂੰ ਸਿਰਫ ਰਾਸ਼ਟਰਪਤੀ ਹੀ ਰੱਦ ਕਰ ਸਕਦੇ ਹਨ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: Malkeet Singh   Manager: Pardeep Singh   Online Editor: Sukhwinder Singh   Asst. Editor: Balwinderpal Singh, Sarbjeet Kaur Sarb   Online Interview Host: Balraj Pannu
Designer: Balbir Singh   Content Composer: Amritpal Singh   US Distributor: Amritsar Times Inc   Owner: Amritsar Times Pvt Ltd.
Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.
All legal disputes must be handled in the courts of State of Punjab in India.

# ਗੁਰਦੁਆਰਾ ਸਾਹਿਬ ਆਲਮਗੀਰ ਵਿਚ ਰੂਸ ਤੋਂ ਪਹੁੰਚੇ ਨੌਂ ਆਕਸੀਜਨ ਕੰਸਟ੍ਰੇਟਰ

## ✪ ਕੋਰੋਨਾ ਮਰੀਜ਼ਾਂ ਦਾ ਹੋਵੇਗਾ ਮੁ਼ਫਤ ਇਲਾਜ ✪ ਸ਼੍ਰੋਮਣੀ ਕਮੇਟੀ ਗੁਰੂਘਰਾਂ ਵਿਚ 25-25 ਬਿਸਤਰਿਆਂ ਦਾ ਪ੍ਰਬੰਧ ਕਰੇਗੀ

**ਲੁਧਿਆਣਾ/ਏ.ਟੀ.ਨਿਊਜ਼ :** ਸ਼੍ਰੋਮਣੀ ਕਮੇਟੀ ਨੇ ਕੋਰੋਨਾ ਵਾਇਰਸ ਵਾਲੇ ਮਰੀਜ਼ਾਂ ਦੇ ਇਲਾਜ ਲਈ ਲੁਧਿਆਣਾ ਦੇ ਗੁਰਦੁਆਰਾ ਆਲਮਗੀਰ ਸਾਹਿਬ ਵਿਖੇ ਕੋਵਿਡ ਸੈਂਟਰ ਦੀ ਸ਼ੁਰੂਆਤ ਕੀਤੀ। ਰੂਸ ਤੋਂ ਨੌਂ ਆਕਸੀਜਨ ਕੰਸਟ੍ਰੇਟਰ ਗੁਰਦੁਆਰਾ ਸਾਹਿਬ ਪਹੁੰਚੇ ਹਨ। ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਨੇ 25 ਬਿਸਤਰਿਆਂ ਵਾਲਾ ਕੋਵਿਡ ਸੈਂਟਰ ਲਾਂਚ ਕੀਤਾ। ਆਉਣ ਵਾਲੇ ਦਿਨਾਂ ਵਿਚ ਸੂਬੇ ਦੇ ਚਾਰ ਹੋਰ ਗੁਰਦੁਆਰਾ ਸਾਹਿਬ ਦਮਦਮਾ ਸਾਹਿਬ, ਪਟਿਆਲਾ, ਭੁਲੱਥ ਅਤੇ ਜਲੰਧਰ ਵਿਚ ਸ਼੍ਰੋਮਣੀ ਕਮੇਟੀ ਕੋਵਿਡ ਕੇਂਦਰਾਂ ਦੀ ਸ਼ੁਰੂਆਤ ਕਰਗੀ।

ਸਾਰੇ ਗੁਰਦੁਆਰਿਆਂ ਦੇ 25 ਬਿਸਤਰੇ ਹੋਣਗੇ। ਐਸਜੀਪੀਸੀ ਨੇ ਸ੍ਰੀ ਗੁਰੂ ਰਾਮਦਾਸ ਮੈਡੀਕਲ ਕਾਲਜ ਤੋਂ ਤਿੰਨ ਡਾਕਟਰਾਂ ਅਤੇ ਸਟਾਫ ਦੀ ਇਕ ਟੀਮ ਅਤੇ ਇਕ ਐਂਬੂਲੈਂਸ ਨੂੰ ਗੁਰਦੁਆਰਾ ਆਲਮਗੀਰ ਸਾਹਿਬ ਵਿਖੇ ਕੋਵਿਡ ਸੈਂਟਰ ਲਈ ਭੇਜਿਆ ਹੈ। ਇਸ ਸੈਂਟਰ ਵਿਚ ਲੈਵਲ 2 ਦੇ ਮਰੀਜ਼ਾਂ ਦਾ ਇਲਾਜ ਵੀ ਕੀਤਾ ਜਾਵੇਗਾ। ਆਕਸੀਜਨ ਲਈ ਕੰਸਟ੍ਰੇਟਰ ਲਗਾਏ ਗਏ ਹਨ ਤਾਂ ਜੋ ਆਕਸੀਜਨ ਦੀ ਕੋਈ ਸਮੱਸਿਆ ਨਾ ਆਵੇ।

ਬੀਬੀ ਜਗੀਰ ਕੌਰ ਨੇ ਦੱਸਿਆ ਕਿ 16 ਕੰਸਟ੍ਰੇਟਰ ਰੂਸ ਤੋਂ ਆਏ ਹਨ। ਨੌਂ ਨੂੰ ਕਸਟਮ ਕਲੀਅਰੈਂਸ ਮਿਲੀ ਗਈ ਹੈ। ਉਨਾਂ ਵੱਲੋਂ ਤਿਆਰੀ ਪੂਰੀ ਹੋ ਗਈ ਸੀ। ਆਕਸੀਜਨ ਪਹੁੰਚਦੇ ਹੀ ਕੋਵਿਡ ਸੈਂਟਰ ਦੀ ਸ਼ੁਰੂਆਤ ਕੀਤੀ ਗਈ। ਸੰਕ੍ਰਮਿਤ ਮਰੀਜ਼ਾਂ ਦਾ ਇਲਾਜ ਇੱਥੇ ਮੁਫਤ ਕੀਤਾ ਜਾਵੇਗਾ। ਕੋਵਿਡ ਸੈਂਟਰ ਲਈ ਮੁੱਖ ਸਕੱਤਰ ਅਤੇ ਜ਼ਿਲਾ ਪ੍ਰਸ਼ਾਸਨ ਤੋਂ ਆਗਿਆ ਲਈ ਗਈ ਹੈ।

# ਮਮਤਾ ਨੇ ਕੋਲਕਾਤਾ ਦੇ ਗੁਰਦੁਆਰੇ ਮੱਥਾ ਟੇਕਿਆ, ਬੋਲੇ ਸੋ ਨਿਹਾਲ ਦੇ ਜੈਕਾਰੇ ਲਗਾਏ, ਕਿਹਾ ਕਿ ਸਿੱਖਾਂ ਨੇ ਮੇਰਾ ਮਨੋਬਲ ਉਚਾ ਕੀਤਾ

**ਨਵੀਂ ਦਿੱਲੀ/ਏ.ਟੀ.ਨਿਊਜ਼ :** ਪੱਛਮੀ ਬੰਗਾਲ ਦੀ ਲਗਾਤਾਰ ਤੀਜੀ ਵਾਰ ਮੁੱਖ ਮੰਤਰੀ ਬਣਨ ਵਾਲੀ ਮਮਤਾ ਬੈਨਰਜੀ ਨੇ ਕੋਲਕਾਤਾ ਦੇ ਭਵਾਨੀਪੁਰ ਦੇ ਗੁਰਦੁਆਰੇ ਵਿੱਚ ਮੱਥਾ ਟੇਕਿਆ ਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਉਨਾਂ ਬੋਲੇ ਸੋ ਨਿਹਾਲ ਦੇ ਜੈਕਾਰੇ ਵੀ ਲਾਏ। ਕੋਲਕਾਤਾ 'ਚ ਪੰਜਾਬੀ ਭਾਈਚਾਰਾ ਟਰਾਂਸਪੋਰਟ ਕਾਰੋਬਾਰ 'ਚ ਭਾਰੂ ਹੈ। ਭਵਾਨੀਪੁਰ ਸਿੱਖਾਂ ਦਾ ਗੜ ਹੈ, ਜਿੱਥੇ 80 ਹਜ਼ਾਰ ਤੋਂ ਵੱਧ ਪੰਜਾਬ ਨਾਲ ਸਬੰਧਤ ਹਨ। ਮਮਤਾ ਨੇ ਇਸ ਗੁਰਦੁਆਰੇ ਨੇੜੇ ਗੁਰੂ ਗੋਬਿੰਦ ਸਿੰਘ ਦੇ ਨਾਂ 'ਤੇ ਗੇਟ ਬਣਾਉਣ ਦੀ ਮਨਜ਼ੂਰੀ ਛੇ ਮਹੀਨੇ ਪਹਿਲਾਂ ਹੀ ਦੇ ਦਿੱਤੀ ਹੋਈ ਹੈ। ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਟਿਕੈਤ ਤੇ ਗੁਰਨਾਮ ਸਿੰਘ ਚੜੂਨੀ ਨੇ ਕੋਲਕਾਤਾ ਵਿਚ ਰੈਲੀਆਂ 'ਚ ਹਿੱਸਾ



ਲੈਣ ਕੇ 'ਭਾਜਪਾ ਨੂੰ ਵੋਟ ਨਾਂ ਦੇਣ ਦਾ' ਸੱਦਾ ਦਿੱਤਾ ਸੀ। ਮਮਤਾ ਬੈਨਰਜੀ ਨੇ ਕਿਹਾ ਕਿ ਮੈਨੂੰ ਸਿੱਖਾਂ ਉਪਰ ਮਾਣ ਹੈ। ਇਨਾਂ ਨੇ ਮੇਰਾ ਸਾਥ ਦੇ ਕੇ ਮੇਰਾ ਮਾਣ ਵਧਾਇਆ ਹੈ।

# ਭਾਰਤ-ਪਾਕਿਸਤਾਨ ਕਸ਼ਮੀਰ ਮਸਲਾ ਗੱਲਬਾਤ ਰਾਹੀਂ ਹੱਲ ਕਰਨ

## ਸੰਯੁਕਤ ਰਾਸ਼ਟਰ ਮਹਾਂਸਭਾ ਨੇ ਦਿੱਤਾ ਬਿਆਨ

**ਸੰਯੁਕਤ ਰਾਸ਼ਟਰ/ਏ.ਟੀ.ਨਿਊਜ਼ :** ਸੰਯੁਕਤ ਰਾਸ਼ਟਰ ਮਹਾਂਸਭਾ ਦੇ ਪ੍ਰਧਾਨ ਵੋਲਕਨ ਬੋਜਕਿਰ ਨੇ ਕਸ਼ਮੀਰ ਮਸਲੇ 'ਤੇ ਭਾਰਤ ਦੇ ਰੁਖ਼ ਨੂੰ ਮਜ਼ਬੂਤੀ ਦਿੱਤੀ ਹੈ। ਉਨਾਂ ਨੇ ਕਿਹਾ ਕਿ ਭਾਰਤ ਤੇ ਪਾਕਿਸਤਾਨ ਇਹ ਮਸਲਾ ਗੱਲਬਾਤ ਰਾਹੀਂ ਖਤਮ ਕਰੇਗਾ। ਮਸਲੇ ਨੂੰ ਇਸ ਤਰਾਂ ਨਾਲ ਹੱਲ ਕਰਨ ਲਈ 1972 ਵਿਚ ਦੋਵੇਂ ਦੇਸ਼ਾਂ 'ਚ ਸ਼ਿਮਲਾ ਸਮਝੌਤਾ ਹੋ ਚੁੱਕਾ ਹੈ। ਇਸ ਲਈ ਹੁਣ ਕਿਸੇ ਤੀਜੇ ਪੱਖ ਦੀ ਦਖ਼ਲਅੰਦਾਜ਼ੀ ਦੀ ਜ਼ਰੂਰਤ ਨਹੀਂ ਹੈ।




ਬੋਜਕਿਰ ਨੇ ਇਹ ਗੱਲ ਕਸ਼ਮੀਰ ਮਸਲੇ 'ਤੇ ਪੁੱਛੇ ਗਏ ਇਕ ਸਵਾਲ ਦੇ ਜਵਾਬ ਵਿਚ ਕਹੀ। ਉਨਾਂ ਨੇ ਕਿਹਾ ਕਿ ਜੰਮੂ ਕਸ਼ਮੀਰ ਮਸਲੇ 'ਚ ਸੰਯੁਕਤ ਰਾਸ਼ਟਰ ਦੀ ਭੂਮਿਕਾ ਸੁਰੱਖਿਆ ਪ੍ਰੀਸ਼ਦ ਦੇ ਸੰਕਲਪਾਂ ਮੁਤਾਬਕ ਤੈਅ ਹੋਵੇਗੀ। ਇਸ ਮਸਲੇ 'ਚ 1972 ਵਿਚ ਦੋਵੇਂ ਦੇਸ਼ਾਂ 'ਚ ਹੋਇਆ ਸ਼ਿਮਲਾ ਸਮਝੌਤਾ ਬਹੁਤ ਮਹੱਤਵਪੂਰਨ ਹੈ। ਇਸ ਵਿਚ ਸਾਫ਼ ਕਿਹਾ ਗਿਆ ਹੈ ਕਿ ਜੰਮੂ ਕਸ਼ਮੀਰ ਮਸਲਾ ਦੋਵੇਂ ਦੇਸ਼ਾਂ 'ਚ ਸ਼ਾਂਤੀਪੂਰਨ ਢੰਗ ਨਾਲ ਗੱਲਬਾਤ ਰਾਹੀਂ ਹੱਲ ਕੀਤਾ ਜਾਵੇਗਾ। ਬੋਜਕਿਰ ਤੁਰਕੀ ਦੇ ਰਾਜਨੀਤਕ ਆਗੂ ਹਨ। ਉਹ 2020 ਤੋਂ ਸੰਯੁਕਤ ਰਾਸ਼ਟਰ ਮਹਾਂਸਭਾ ਦੇ ਪ੍ਰਧਾਨ ਦੇ ਰੂਪ 'ਚ ਕੰਮ ਕਰ ਰਹੇ ਹਨ।

## ਮਾਮਲਾ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ

# ਕੈਪਟਨ ਖਿਲਾ਼ਫ ਕਾਂਗਰਸੀ ਵਿਧਾਇਕਾਂ ਦੇ ਬਗਾਵਤੀ ਸੁਰ ਭਖੇ

## ਵੱਖ-ਵੱਖ ਗਰੁੱਪਾਂ 'ਚ ਮੀਟਿੰਗਾਂ ਦੇ ਦੌਰ ਜਾਰੀ

**ਚੰਡੀਗੜ/ਏ.ਟੀ.ਨਿਊਜ਼ :** ਬੇਅਦਬੀਆਂ ਦੇ ਮਾਮਲਿਆਂ ਨੂੰ ਲੈ ਕੇ ਕਾਂਗਰਸ ਦੇ ਅੰਦਰ ਕੈਪਟਨ ਅਮਰਿੰਦਰ ਸਿੰਘ ਸਰਕਾਰ ਖ਼ਿਲਾ਼ਫ ਬ਼ਗਾਵਤ ਦੀ ਚੰਗਿਆੜੀ ਭਖਣ ਲੱਗੀ ਹੈ। ਬੇਅਦਬੀ ਦੇ ਮੁੱਦੇ 'ਤੇ ਸਭ ਤੋਂ ਵੱਧ ਤਤਕਾਲੀ ਅਕਾਲੀ-ਭਾਜਪਾ ਸਰਕਾਰ ਦੇ ਆਗੂਆਂ ਖ਼ਿਲਾ਼ਫ ਝੰਡਾ ਬੁਲੰਦ ਕਰਨ ਵਾਲੇ ਵਿਧਾਇਕਾਂ, ਮੰਤਰੀਆਂ ਵੱਲੋਂ ਪੰਚਕੂਲਾ ਵਿਖੇ ਇਕ ਗੁਪਤ ਮੀਟਿੰਗ ਕੀਤੇ ਜਾਣ ਦੀ ਚਰਚਾ ਹੈ। ਦੱਸਿਆ ਜਾਂਦਾ ਕਿ ਇਸ ਮੀਟਿੰਗ ਵਿਚ ਸਾਬਕਾ ਮੰਤਰੀ ਨਵਜੋਤ ਸਿੰਘ ਸਿੱਧੂ, ਪਰਗਟ ਸਿੰਘ, ਸੁਖਜਿੰਦਰ ਸਿੰਘ ਰੰਧਾਵਾ, ਚਰਨਜੀਤ ਸਿੰਘ ਚੰਨੀ ਤੇ ਕੁਝ ਹੋਰ ਵਿਧਾਇਕ ਸ਼ਾਮਲ ਹੋਏ। ਇਹ ਵੀ ਚਰਚਾ ਹੈ ਕਿ ਪਿਛਲੇ ਦੋ ਦਿਨਾਂ ਤੋਂ ਵਿਧਾਇਕ ਅਲੱਗ-ਅਲੱਗ ਗਰੁੱਪਾਂ ਵਿਚ ਮੀਟਿੰਗਾਂ ਕਰ ਰਹੇ ਹਨ।

# ਕਾਲੇ ਵਿਅਕਤੀ ਵਲੋਂ ਸਿੱਖ 'ਤੇ ਹਥੌੜੇ ਨਾਲ ਹਮਲਾ

**ਨਿਊਯਾਰਕ/ਏ.ਟੀ.ਨਿਊਜ਼:**



ਨਿਊਯਾਰਕ ਦੇ ਬਰੂਕਲਿਨ ਵਿਚਲੇ ਹੋਟਲ ਵਿਚ ਕਾਲੇ ਵਿਅਕਤੀ ਨੇ ਸਿੱਖ 'ਤੇ ਹਥੌੜੇ ਨਾਲ ਹਮਲਾ ਕਰ ਦਿੱਤਾ ਤੇ ਉਸ ਨੇ ਹਮਲੇ ਦੌਰਾਨ ਚੀਕਦਿਆਂ ਕਿਹਾ, 'ਮੈਂ ਤੁਹਾਨੂੰ ਪਸੰਦ ਨਹੀਂ ਕਰਦਾ ਅਤੇ ਤੁਹਾਡੀ ਚਮੜੀ ਦਾ ਰੰਗ ਮੇਰੇ ਵਰਗਾ ਨਹੀਂ ਹੈ।' ਐਸਟੋਰੀਆ ਦੇ ਵਸਨੀਕ ਸੁਮਿਤ ਆਹਲੂਵਾਲੀਆ (32) ਨੇ ਦੱਸਿਆ ਕਿ ਜਿਸ ਵਿਅਕਤੀ ਨੇ ਉਸ 'ਤੇ ਹਮਲਾ ਕੀਤਾ ਸੀ ਉਹ ਨਸਲੀ ਨਫ਼ਰਤ ਨਾਲ ਭਰਿਆ ਹੋਇਆ ਸੀ। ਆਹਲੂਵਾਲੀਆ ਨੇ ਦੱਸਿਆ ਕਿ 26 ਅਪ੍ਰੈਲ ਨੂੰ ਕਾਲੇ ਵਿਅਕਤੀ ਨੇ ਉਸ 'ਤੇ ਕੰਮ ਵਾਲੀ ਥਾਂ 'ਤੇ ਹਮਲਾ ਕੀਤਾ ਸੀ। ਉਸ ਨੇ ਦੱਸਿਆ, 'ਹਮਲਾਵਰ ਸਵੇਰੇ ਅੱਠ ਵਜੇ ਹੋਟਲ ਦੀ ਲਾਬੀ ਕੋਲ ਆਇਆ ਅਤੇ ਚੀਕਾ ਰਿਹਾ ਸੀ। ਜਦੋਂ ਮੈਂ ਉਸ ਨਾਲ ਗੱਲ ਕਰਨ ਗਿਆ ਤਾਂ ਉਹ ਮੇਰੇ ਵੱਲ ਭੱਜਿਆ ਤੇ ਆਪਣੀ ਜੇਬ ਵਿੱਚ ਹੱਥ ਪਾ ਲਿਆ। ਮੈਨੂੰ ਲੱਗ ਉਹ ਪਿਸਤੌਲ ਕੱਢ ਰਿਹਾ ਹੈ। ਇਸ 'ਤੇ ਮੈਂ ਉਸ ਨੂੰ ਕਿਹਾ ਤੂੰ ਮੇਰਾ ਭਰਾ ਹੀ ਤਾਂ ਹੈ। ਇਸ ਤੋਂ ਬਾਅਦ ਹਮਲਾਵਰ ਨੇ ਕਿਹਾ ਕਿ ਨਹੀਂ, ਤੇਰੀ ਤੇ ਮੇਰੀ ਚਮੜੀ ਦਾ ਰੰਗ ਵੱਖਰਾ ਹੈ। ਇਸ ਤੋਂ ਬਾਅਦ ਹਮਲਾਵਰ ਨੇ ਮੇਰੇ 'ਤੇ ਹਥੌੜੇ ਨਾਲ ਹਮਲਾ ਕਰ ਦਿੱਤਾ।

# ਨਿਊਯਾਰਕ ਵਿਚ ਅਣਪਛਾਤੀ ਔਰਤ ਵੱਲੋਂ ਦੋ ਏਸ਼ੀਅਨ ਔਰਤਾਂ ਉਪਰ ਹਮਲਾ




**ਸੈਕਰਾਮੈਂਟੋ (ਹੁਸਨ ਲੜੋਆ ਬੰਗਾ):** ਨਿਊਯਾਰਕ ਵਿਚ ਇਕ ਅਣਪਛਾਤੀ ਔਰਤ ਵੱਲੋਂ ਦੋ ਏਸ਼ੀਅਨ ਔਰਤਾਂ ਉਪਰ ਹਮਲਾ ਕਰਕੇ ਇਕ ਔਰਤ ਨੂੰ ਗੰਭੀਰ ਜਖਮੀ ਕਰ ਦਿੱਤਾ ਗਿਆ। ਪੁਲਿਸ ਅਨੁਸਾਰ 31 ਤੇ 29 ਸਾਲ ਦੀਆਂ ਦੋ ਏਸ਼ੀਅਨ ਔਰਤਾਂ 410 ਪੱਛਮੀ ਬਲਾਕ ਦੀ 42ਵੀਂ ਸਟਰੀਟ 'ਤੇ ਜਾ ਰਹੀਆਂ ਸਨ ਜਦੋਂ ਇਕ ਅਣਪਛਾਤੀ ਔਰਤ ਨੇ ਉਨਾਂ ਨੂੰ ਮਾਸਕ ਲਾਹੁਣ ਲਈ ਕਿਹਾ। ਬਾਅਦ ਵਿਚ ਉਸ ਨੇ ਇਕ ਔਰਤ ਦੇ ਸਿਰ ਵਿਚ ਹਥੌੜਾ ਮਾਰ ਕੇ ਉਸ ਨੂੰ ਜਖਮੀ ਕਰ ਦਿੱਤਾ। ਹਸਪਤਾਲ ਲੈਜਾਣ ਸਮੇਂ ਔਰਤ ਦੀ ਹਾਲਤ ਸਥਿਰ ਸੀ। ਅਜੇ ਤੱਕ ਇਸ ਸਬੰਧੀ ਕੋਈ ਗ੍ਰਿਫਤਾਰੀ ਨਹੀਂ ਹੋਈ ਹੈ। ਜ਼ਿਕਰਯੋਗ ਹੈ ਕਿ ਬਾਈਡਨ ਪ੍ਰਸ਼ਾਸਨ ਵੱਲੋਂ ਕੀਤੀਆਂ ਕੋਸ਼ਿਸ਼ਾਂ ਦੇ ਬਾਵਜੂਦ ਏਸ਼ੀਅਨਾਂ ਤੇ ਏਸ਼ੀਅਨ ਮੂਲ ਦੇ ਅਮਰੀਕੀਆਂ ਉਪਰ ਹਮਲੇ ਬੰਦ ਨਹੀਂ ਹੋ ਰਹੇ। ਇਨਾਂ ਹਮਲਿਆਂ ਵਿਰੁਧ ਵਾਸ਼ਿੰਗਟਨ ਡੀ ਸੀ ਤੇ ਨਿਊਯਾਰਕ ਸਮੇਤ ਅਮਰੀਕਾ ਭਰ ਵਿਚ ਪ੍ਰਦਰਸ਼ਨ ਹੋਏ ਹਨ। ਹੇਟ ਕਰਾਈਮ ਟਾਸਕ ਫੋਰਸ ਅਨੁਸਾਰ ਨਿਊਯਾਰਕ ਵਿਚ ਇਸ ਸਾਲ ਜਨਵਰੀ ਤੋਂ ਅਪ੍ਰੈਲ ਦੇ ਸ਼ੁਰੂ ਤੱਕ ਏਸ਼ੀਅਨਾਂ ਵਿਰੁਧ ਨਫਰਤੀ ਅਪਰਾਧ ਦੀਆਂ 80 ਘਟਨਾਵਾਂ ਹੋ ਚੁੱਕੀਆਂ ਹਨ।

# ਚੀਨੀ ਰਾਕਟ ਪੁਲਾੜ 'ਚ ਹੋਇਆ ਬੇਕਾਬੂ, ਧਰਤੀ 'ਤੇ ਮਚਾ ਸਕਦਾ ਹੈ ਤਬਾਹੀ

**ਬੀਜਿੰਗ/ਏ.ਟੀ.ਨਿਊਜ਼:** ਬੇਕਾਬੂ ਹੋ ਚੁੱਕੇ ਚੀਨੀ ਰਾਕਟ ਲਾਂਗਮਾਰਚ 5ਬੀ ਧਰਤੀ 'ਤੇ ਆਉਣ ਸਮੇਂ ਤਬਾਹੀ ਮਚਾ ਸਕਦਾ ਹੈ। ਇਸ ਬਾਰੇ ਕੌਮਾਂਤਰੀ ਪੱਧਰ 'ਤੇ ਚਿੰਤਾ ਪ੍ਰਗਟਾਈ ਜਾ ਰਹੀ ਹੈ। ਅਮਰੀਕੀ ਸਰਕਾਰ ਨੇ ਚਿਤਾਵਨੀ ਦਿੰਦੇ ਹੋਏ ਕਿਹਾ ਕਿ 21 ਟਨ ਦਾ ਇਹ ਰਾਕਟ ਅੱਠ ਮਈ ਦੇ ਆਸਪਾਸ ਕਦੇ ਵੀ ਧਰਤੀ ਦੇ ਵਾਤਾਵਰਨ ਵਿਚ ਪ੍ਰਵੇਸ਼ ਕਰ ਸਕਦਾ ਹੈ। ਅਮਰੀਕੀ ਰੱਖਿਆ ਮੰਤਰਾਲੇ ਦੇ ਬੁਲਾਰੇ ਨੇ ਇਸ ਰਾਕਟ ਦੇ ਵਾਤਾਵਰਨ ਵਿਚ ਮੁੜ ਤੋਂ ਪ੍ਰਵੇਸ਼ ਕਰਨ ਦੀ ਸੰਭਾਵਿਤ ਤਰੀਕ ਦੱਸਦੇ ਹੋਏ ਕਿਹਾ ਕਿ ਫਿਲਹਾਲ ਇਹ ਦੱਸਣਾ ਮੁਸ਼ਕਲ ਹੈ ਕਿ ਇਹ ਧਰਤੀ ਦੇ ਵਾਤਾਵਰਨ ਵਿਚ ਕਿਸ ਇਲਾਕੇ 'ਚ ਪ੍ਰਵੇਸ਼ ਕਰੇਗਾ। ਸਪੇਸ ਟਰੈਕ 'ਤੇ ਇਸ ਰਾਕਟ ਦੀ ਸਥਿਤੀ ਬਾਰੇ ਨਿਯਮਤ ਜਾਣਕਾਰੀ ਦਿੱਤੀ ਜਾ ਰਹੀ ਹੈ। ਇਸ ਬਾਰੇ ਜਿਵੇਂ-ਜਿਵੇਂ ਜਾਣਕਾਰੀ ਮਿਲ ਰਹੀ ਹੈ, ਸਰਕਾਰ ਉਸ ਨੂੰ ਮੁਹੱਈਆ ਕਰਵਾਉਂਦੀ ਜਾ ਰਹੀ ਹੈ। ਕਈ ਹੋਰ ਸੈਟੇਲਾਈਟ ਟਰੈਕਰਸ ਨੇ ਵੀ 100 ਫੁੱਟ ਲੰਬੇ ਅਤੇ 16 ਫੁੱਟ ਚੌੜੇ ਰਾਕਟ ਬਾਰੇ ਦੱਸਿਆ ਹੈ। ਇਸ ਨੂੰ 2021-035ਬੀ ਨਾਂ ਦਿੱਤਾ ਗਿਆ ਹੈ। ਇਹ ਪ੍ਰਤੀ ਸੈਕਿੰਡ ਚਾਰ ਮੀਲ ਦੀ ਰਫ਼ਤਾਰ ਨਾਲ ਯਾਤਰਾ ਕਰ ਰਿਹਾ ਹੈ।

ਅਮਰੀਕਾ ਦੇ ਰੱਖਿਆ ਮੰਤਰਾਲੇ ਦੇ ਬੁਲਾਰੇ ਮਾਈਕ ਹਾਵਰਡ ਨੇ ਕਿਹਾ ਕਿ ਅਮਰੀਕੀ ਸਪੇਸ ਕਮਾਂਡ ਦੀ ਨਿਗਰਾਨੀ ਵਿਚ ਇਹ ਮਾਮਲਾ ਹੈ। ਚਾਈਨੀਜ਼ ਰਾਕਟ ਦੀ ਸਥਿਤੀ 'ਤੇ ਲਗਾਤਾਰ ਨਜ਼ਰ ਰੱਖੀ ਜਾ ਰਹੀ ਹੈ। ਇਸ ਦੇ ਨਿਊਯਾਰਕ ਜਾਂ ਮੈਡ੍ਰਿਡ ਤੋਂ ਲੈ ਕੇ ਚਿਲੀ ਵਿਚਾਲੇ ਕਿਤੇ ਵੀ ਡਿੱਗਣ ਦਾ ਖ਼ਦਸ਼ਾ ਹੈ। ਹਾਲਾਂਕਿ ਇਹ ਸਟੀਕ ਮੁਲਾਂਕਣ ਨਹੀਂ ਹੈ। ਧਰਤੀ ਦੇ ਵਾਤਾਵਰਨ ਵਿਚ ਇਸ



ਦੇ ਦੁਬਾਰਾ ਆਉਣ ਦੇ ਕੁਝ ਘੰਟੇ ਪਹਿਲਾਂ ਹੀ ਪਤਾ ਲੱਗ ਸਕੇਗਾ ਕਿ ਇਹ ਕਿਸ ਜਗਾ ਡਿੱਗੇਗਾ। ਪਿਛਲੇ ਹਫ਼ਤੇ ਪੁਲਾੜ ਵਿਚ ਚੀਨ ਦੇ ਸਪੇਸ ਸਟੇਸ਼ਨ ਦੇ ਪਹਿਲੇ ਬਿਲਡਿੰਗ ਬਲਾਕ ਤਿਆਨਹੇ ਨੂੰ ਭੇਜਣ ਲਈ ਲਾਂਗਮਾਰਚ 5ਬੀ ਦੀ ਵਰਤੋਂ ਕੀਤੀ ਗਈ ਸੀ। ਤਿਆਨਹੇ ਨੂੰ ਚੀਨ ਦੇ ਹੈਨਾਨ ਸੂਬੇ ਸਥਿਤ ਸੈਂਟਰ ਤੋਂ ਲਾਂਗਮਾਰਚ 5ਬੀ ਜ਼ਰੀਏ 29 ਅਪ੍ਰੈਲ ਨੂੰ ਲਾਂਚ ਕੀਤਾ ਗਿਆ ਸੀ। ਇਹ ਚੀਨ ਦਾ ਸਭ ਤੋਂ ਵੱਡਾ ਕਰੀਅਰ ਰਾਕਟ ਹੈ। ਉਧਰ, ਚੀਨ ਨੇ ਇਸ ਖ਼ਦਸ਼ੇ ਤੋਂ ਇਨਕਾਰ ਕੀਤਾ ਹੈ ਤੇ ਉਸ ਦਾ ਕਹਿਣ ਹੈ ਕਿ ਇਹ ਸਮੁੰਦਰੀ ਹਿੱਸੇ ਵਿਚ ਹੀ ਡਿੱਗੇਗਾ ਅਤੇ ਇਸ ਨਾਲ ਕੋਈ ਨੁਕਸਾਨ ਨਹੀਂ ਹੋਵੇਗਾ।

# ਪੰਜਾਬ ਪੁਲਿਸ ਵਾਲੇ ਗਰੀਬਾਂ ਨਾਲ ਗੁੰਡਾਗਰਦੀ ਕਰਨ ਲੱਗੇ

## ✪ ਸਬਜ਼ੀ ਦੀ ਰੇਹੜੀ ਨੂੰ ਲੱਤ ਮਾਰਨ ਵਾਲਾ ਐੱਸਐੱਚਓ ਸਸਪੈਂਡ

## ✪ ਪੀਸੀਆਰ ਇੰਚਾਰਜ ਲਾਈਨ ਹਾਜ਼ਰ, ਡੀਜੀਪੀ ਵੱਲੋਂ ਮਾਮਲਾ ਸ਼ਰਮਨਾਕ ਕਰਾਰ

**ਫਗਵਾੜਾ/ਏ.ਟੀ.ਨਿਊਜ਼ :** ਇਥੇ ਸਬਜ਼ੀ ਦੀ ਰੇਹੜੀ ਨੂੰ ਲੱਤ ਮਾਰਨ ਵਾਲੇ ਥਾਣਾ ਸਿਟੀ ’ਚ ਤਾਇਨਾਤ ਐੱਸਐੱਚਓ ਨਵਦੀਪ ਸਿੰਘ ਨੂੰ ਮੁਅੱਤਲ ਕਰ ਦਿੱਤਾ ਗਿਆ ਜਦਕਿ ਪੀਸੀਆਰ ਇੰਚਾਰਜ ਬਲਜਿੰਦਰ ਮੱਲੀ ਨੂੰ ਕਪੂਰਥਲਾ ਪੁਲੀਸ ਲਾਈਨ ਭੇਜ ਦਿੱਤਾ ਗਿਆ ਹੈ। ਇਸ ਸਬੰਧੀ ਵੀਡੀਓ ਵਾਇਰਲ ਹੋਣ ਮਗਰੋਂ ਐੱਸਐੱਸਪੀ ਕੰਵਲਦੀਪ ਕੌਰ ਨੇ ਤੁਰੰਤ ਕਾਰਵਾਈ ਕਰਦਿਆਂ ਐੱਸਐੱਚਓ ਨਵਦੀਪ ਸਿੰਘ ਨੂੰ ਮੁਅੱਤਲ ਕਰ ਕੇ ਇੰਸਪੈਕਟਰ ਬਲਵਿੰਦਰਪਾਲ ਨੂੰ ਫਗਵਾੜਾ ਦਾ ਨਵਾਂ ਐੱਸਐੱਚਓ ਨਿਯੁਕਤ ਕਰ ਦਿੱਤਾ। ਇਸੇ ਤਰਾਂ ਪੀਸੀਆਰ ਇੰਚਾਰਜ ਬਲਜਿੰਦਰ ਸਿੰਘ ਮੱਲੀ ਨੂੰ ਕਪੂਰਥਲਾ ਪੁਲਿਸ ਲਾਈਨ ਭੇਜ ਕੇ ਇੱਥੇ ਸ਼ੁਮਿੰਦਰ ਸਿੰਘ ਭੱਟੀ ਨੂੰ ਨਵਾਂ ਇੰਚਾਰਜ



ਨਿਯੁਕਤ ਕਰ ਦਿੱਤਾ। ਡੀਜੀਪੀ ਦਿਕਨਰ ਗੁਪਤਾ ਨੇ ਟਵੀਟ ਕਰਕੇ ਇਸ ਘਟਨਾ ਨੂੰ ਸ਼ਰਮਨਾਕ ਦੱਸਦਿਆਂ ਪੁਲਿਸ ਮੁਲਾਜ਼ਮ ਖ਼ਿਲਾਫ਼ ਕਾਰਵਾਈ ਦੇ ਨਿਰਦੇਸ਼ ਦਿੱਤੇ ਹਨ। ਉਨਾਂ ਕਿਹਾ ਕਿ ਅਜਿਹਾ ਵਤੀਰਾ ਕਿਸੇ ਕੀਮਤ ’ਤੇ ਸਹਿਣ ਨਹੀਂ ਕੀਤਾ ਜਾਵੇਗਾ।

# ਐਨ. ਆਰ. ਆਈ. ਪਤੀ ਦੀ ਅਸਲੀਅਤ ਨੇ ਚਕਨਾਚੂਰ ਕੀਤੇ ਪਤਨੀ ਦੇ ਸੁਪਨੇ

**ਮੋਹਾਲੀ/ਏ.ਟੀ.ਨਿਊਜ਼ :** ਐਨ. ਆਰ. ਆਈ. ਨੌਜਵਾਨ ਨਾਲ ਵਿਆਹ ਕਰਵਾਉਣ ਵਾਲੀ ਕੁੜੀ ਦੇ ਸੁਫ਼ਨੇ ਉਦੋਂ ਚਕਨਾਚੂਰ ਹੋ ਗਏ, ਜਦੋਂ ਉਸ ਨੂੰ ਪਤੀ ਦੀ ਅਸਲੀਅਤ ਦਾ ਪਤਾ ਲੱਗਾ। ਆਪਣੇ ਪਤੀ ਦੀ ਸੱਚਾਈ ਜਾਣ ਕੇ ਪਤਨੀ ਦੇ ਪੈਰਾਂ ਹੇਠੋਂ ਜ਼ਮੀਨ ਖ਼ਿਸਕ ਗਈ ਕਿਉਂਕਿ ਉਹ ਪਹਿਲਾਂ ਹੀ ਵਿਆਹਿਆ ਹੋਇਆ ਸੀ ਅਤੇ ਉਸ ਨੇ ਧੋਖੇ ਨਾਲ ਦੂਜਾ ਵਿਆਹ ਕੀਤਾ ਸੀ। ਜਾਣਕਾਰੀ ਮੁਤਾਬਕ ਕੁੜੀ ਵੱਲੋਂ ਇਸ ਦੀ ਸ਼ਿਕਾਇਤ ਐੱਸ. ਐੱਸ. ਪੀ. ਮੋਹਾਲੀ ਨੂੰ ਦਿੱਤੀ ਗਈ, ਜਿਸ ਉਪਰੰਤ ਪੁਲਿਸ ਥਾਣਾ ਫੇਜ਼-8 ਮੋਹਾਲੀ ਵਿਖੇ ਕੁੜੀ ਦੇ ਪਤੀ, ਸੱਸ, ਸਹੁਰਾ, ਮਾਮਾ ਸਹੁਰਾ ਸਮੇਤ ਕੁੱਲ 6 ਮੁਲਜ਼ਮਾਂ ਖ਼ਿਲਾਫ਼ ਕੇਸ ਦਰਜ ਕਰ ਕੇ 2 ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ।

ਪੁਲਿਸ ਸਟੇਸ਼ਨ ਫੇਜ਼-8 ਮੋਹਾਲੀ ਵਿਖੇ ਪ੍ਰਦੀਪ ਕੁਮਾਰ, ਹਰਬਿਲਾਸ, ਸੁਰਿੰਦਰ ਕੌਰ, ਹਰਪਿੰਦਰ ਕੌਰ, ਦਵਿੰਦਰ ਕੁਮਾਰ (ਸਾਰੇ ਵਾਸੀ ਪਿੰਡ ਜੰਡਿਆਲੀ, ਜ਼ਿਲਾ ਜਲੰਧਰ) ਅਤੇ ਜਰਨੈਲ ਵਾਸੀ ਪਿੰਡ ਚੌਗਾਵਾਂ, ਜ਼ਿਲਾ ਜਲੰਧਰ ਖ਼ਿਲਾਫ਼ ਕੇਸ ਦਰਜ ਕਰ ਲਿਆ ਗਿਆ। ਇਸ ਦੌਰਾਨ ਪੁਲਿਸ ਨੇ ਕੁੜੀ ਦੀ ਸੱਸ ਸੁਰਿੰਦਰ ਕੌਰ ਅਤੇ ਸਹੁਰੇ ਹਰਬਿਲਾਸ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਪੁਲਿਸ ਨੂੰ ਦਿੱਤੀ ਦਰਖ਼ਾਸਤ ਵਿਚ ਪੀੜਤ ਕੁੜੀ ਨੇ ਦੱਸਿਆ ਕਿ ਉਸ ਦਾ ਵਿਆਹ 14 ਫ਼ਰਵਰੀ 2015 ਨੂੰ ਪ੍ਰਦੀਪ ਕੁਮਾਰ ਵਾਸੀ ਪਿੰਡ ਜੰਡਿਆਲੀ, ਜ਼ਿਲਾ ਜਲੰਧਰ ਨਾਲ ਹੋਇਆ ਸੀ, ਜੋ ਵਿਆਹ ਉਪਰੰਤ ਅਮਰੀਕਾ ਚਲਾ ਗਿਆ ਅਤੇ ਇਸ ਸਮੇਂ ਵੀ ਅਮਰੀਕਾ ਵਿਚ ਰਹਿੰਦਾ ਹੈ। ਕੁੜੀ ਦੇ ਮਾਪਿਆਂ ਨੇ ਵਿਆਹ ’ਤੇ 30 ਲੱਖ ਰੁਪਏ ਖਰਚ ਕੀਤੇ। ਕੁੜੀ ਆਪਣੇ ਸਹੁਰੇ ਘਰ ਰਹਿਣ ਲੱਗ ਪਈ।

2017 ਵਿਚ ਮੁੰਡੇ ਵੱਲੋਂ ਅਮਰੀਕਾ ਵਿਚ ਟਰਾਲਾ ਖਰੀਦਣ ਦੇ ਨਾਂ ’ਤੇ 10 ਲੱਖ ਰੁਪਏ ਮੰਗੇ ਗਏ, ਜੋ ਕਿ ਕੁੜੀ ਦੇ ਮਾਪਿਆਂ ਨੇ ਕੁੜੀ ਦੇ ਸੱਸ-ਸਹੁਰਾ ਰਾਹੀਂ ਭੇਜ ਦਿੱਤੇ। ਜ਼ੁਲਮ ਦੀ ਇੰਤਹਾ ਉਦੋਂ ਹੋ ਗਈ, ਜਦੋਂ ਇੱਧਰ ਸਹੁਰੇ ਘਰ ਵਿਚ ਕੁੜੀ ਦੇ ਵਿਆਹੇ ਹੋਏ ਦਿਓਰ ਦਵਿੰਦਰ ਕੁਮਾਰ ਤੇ ਮਾਮਾ ਸਹੁਰਾ ਜਰਨੈਲ ਨੇ ਉਸ ਨਾਲ ਸਰੀਰਕ ਛੇੜਛਾੜ ਸ਼ੁਰੂ ਕਰ ਦਿੱਤੀ ਤੇ ਘਰ ਦੇ ਹੋਰ ਪਰਿਵਾਰਕ ਮੈਂਬਰ ਦਾਜ ਘੱਟ ਲਿਆਉਣ ਲਈ ਉਸ ਨੂੰ ਪ੍ਰੇਸ਼ਾਨ ਕਰਨ ਲੱਗ ਪਏ। ਸਾਲ 2018 ਵਿਚ ਜਦੋਂ ਉਸ ਦਾ ਪਤੀ ਪ੍ਰਦੀਪ ਭਾਰਤ ਆਇਆ ਤਾਂ ਕੁੜੀ ਨੂੰ ਅਮਰੀਕਾ ਲਿਜਾਣ ਵਾਸਤੇ ਵਿਆਹ ਰਜਿਸਟਰਡ ਕਰਵਾਉਣ ਲਈ ਕੁਝ ਕਾਨੂੰਨੀ ਰੁਕਾਵਟਾਂ ਦੇ ਵਿੰਗ-ਵਲੇਵੇਂ ਪਾ ਕੇ ਆਨਾਕਾਨੀ ਕਰਨ ਲੱਗਾ। ਵਿਆਹ ਰਜਿਸਟਰਡ ਕਰਵਾਉਣ ਲਈ ਨਵਾਂ ਸਰਟੀਫਿਕੇਟ ਚਾਹੀਦਾ ਸੀ ਤਾਂ 2018 ਵਿਚ ਫਿਰ ਲਾਂਡਰਾਂ ਸਥਿਤ ਗੁਰਦੁਆਰਾ ਸਾਹਿਬ ਵਿਚ ਆਨੰਦ ਕਾਰਜ ਕਰਵਾਇਆ ਗਿਆ। ਇਸ ਉਪਰੰਤ ਅਮਰੀਕਾ ਜਾਣ ਵਾਸਤੇ ਫਾਈਲ ਅੰਬੈਸੀ ਵਿਚ ਲਾਉਣ ਵੇਲੇ ਜਾਣ-ਬੁੱਝ ਕੇ ਤੰਗ-ਪ੍ਰੇਸ਼ਾਨ ਕਰਨ ਤੇ ਨਾਲ ਨਾ ਲਿਜਾਣ ਦੀ ਨੀਅਤ ਨਾਲ 25 ਲੱਖ ਰੁਪਏ ਹੋਰ ਮੰਗਣ ਲੱਗ ਪਿਆ। ਹੈਰਾਨੀ ਉਦੋਂ ਹੋਈ, ਜਦੋਂ ਜਲੰਧਰ ਵਿਖੇ ਰਜਿਸਟਰਾਰ ਦਫ਼ਤਰ ਵਿਚ ਵਿਆਹ ਰਜਿਸਟਰਡ ਕਰਵਾਉਣ ਵੇਲੇ ਸਰਟੀਫਿਕੇਟ ਤੋਂ ਪਤਾ ਲੱਗਾ ਕਿ ਪ੍ਰਦੀਪ ਕੁਮਾਰ ਤਲਾਕਸ਼ੁਦਾ ਹੈ ਪਰ ਜਦੋਂ ਹੋਰ ਡੂੰਘਾਈ ਨਾਲ ਪਤਾ ਲਾਇਆ ਗਿਆ ਤਾਂ ਇਹ ਗੱਲ ਸਾਹਮਣੇ ਆਈ ਕਿ ਪ੍ਰਦੀਪ ਕੁਮਾਰ ਅਮਰੀਕਾ ਵਿਚ ਆਪਣੀ ਪਹਿਲੀ ਪਤਨੀ ਨਾਲ ਰਹਿ ਰਿਹਾ ਹੈ। ਉਸ ਨੇ ਆਪਣੇ ਪਹਿਲੇ ਵਿਆਹ ਨੂੰ ਲੁਕਾ ਕੇ ਪਰਮਿੰਦਰ ਕੌਰ ਵਾਸੀ ਮੋਹਾਲੀ ਨਾਲ ਵਿਆਹ ਕਰਵਾ ਕੇ ਧੋਖਾਦੇਹੀ ਕੀਤੀ ਹੈ।

# ਪੁਲਿਸ ਵਲੋਂ ਨਸ਼ਾ ਤਸਕਰਾਂ ਦੀ ਕਰੋੜਾਂ ਦੀ ਜਾਇਦਾਦ ਫਰੀਜ਼

**ਤਰਨਤਾਰਨ/ਏ.ਟੀ.ਨਿਊਜ਼ :** ਜ਼ਿਲਾ ਪੁਲਿਸ ਨੇ ਦੋ ਨਸ਼ਾ ਸਮਗਲਰਾਂ ਦੀ 1.64 ਕਰੋੜ ਦੀ ਜਾਇਦਾਦ ਫਰੀਜ਼ ਕਰ ਦਿੱਤੀ ਹੈ। ਇਨਾਂ ’ਚੋਂ ਇਕ ਮੁਲਜ਼ਮ ਹਰਪਾਲ ਸਿੰਘ ਕੋਲੋਂ 10 ਕਿਲੋ ਹੈਰੋਇਨ ਬਰਾਮਦ ਹੋਈ ਸੀ ਜਦਕਿ ਦੂਜੇ ਰਸ਼ਪਾਲ ਸਿੰਘ ਖਾਲੜਾ ਕੋਲੋਂ ਨਸ਼ੀਲੀ ਗੋਲੀਆਂ/ਟੀਕਿਆਂ ਦਾ ਜਖੀਰਾ ਬਰਾਮਦ ਹੋਇਆ ਸੀ।ਹਰਪਾਲ ਸਿੰਘ ਦਾ ਰਿਹਾਇਸ਼ੀ ਘਰ ਜਿਸ ਦੀ ਕੀਮਤ 23 ਲੱਖ 70 ਹਜ਼ਾਰ ਰੁਪਏ ਬਣਦੀ ਹੈ, ਇਸ ਤੋਂ ਇਲਾਵਾ 34 ਕਨਾਲਾਂ 17 ਮਰਲੇ ਜ਼ਮੀਨ ਜਿਸ ਦੀ ਕੀਮਤ 65 ਲੱਖ 34 ਹਜ਼ਾਰ ਰੁਪਏ ਬਣਦੀ ਹੈ ਫਰੀਜ਼ ਕਰ ਦਿੱਤੀ ਹੈ।

ਨਸ਼ੇ ਨੂੰ ਠੱਲ ਪਾਉਣ ਲਈ ਤਰਨਤਾਰਨ ਜ਼ਿਲੇ ਦੀ ਪੁਲਿਸ ਵੱਲੋਂ ਵੱਡੇ ਉਪਰਾਲੇ ਕੀਤੇ ਜਾ ਰਹੇ ਹਨ। ਇਸ ਦੇ ਚੱਲਦਿਆਂ ਹੁਣ ਤੱਕ ਜ਼ਿਲਾ ਤਰਨਤਾਰਨ ਦੀ ਪੁਲਿਸ ਵੱਲੋਂ 97 ਨਸ਼ਾ ਤਸਕਰਾਂ ਦੀ ਜਾਇਦਾਦ ਫਰੀਜ਼ ਕੀਤੀ ਜਾ ਚੁੱਕੀ ਹੈ। ਜਿਸ ਦੀ ਕੁੱਲ ਕੀਮਤ ਕਰੀਬ ਇਕ ਅਰਬ, 25 ਕਰੋੜ, 08 ਲੱਖ ਰੁਪਏ ਬਣਦੀ ਹੈ।

# ਅੰਮ੍ਰਿਤਸਰ ਹਵਾਈ ਅੱਡੇ ’ਤੇ ਕਸਟਮ ਵਿਭਾਗ ਨੇ ਕੀਤਾ 56 ਲੱਖ ਦਾ ਸੋਨਾ ਬਰਾਮਦ

## ਦੁਬਈ ਤੋਂ ਜੁੱਤੀਆਂ ’ਚ ਲੁਕੋ ਕੇ ਲਿਆਂਦਾ ਜਾ ਰਿਹਾ ਸੀ ਸੋਨਾ

**ਅੰਮ੍ਰਿਤਸਰ/ਏ.ਟੀ.ਨਿਊਜ਼ :** ਕਸਟਮਜ਼ ਪ੍ਰੇਵੇਂਟਵ ਕਮਿਸ਼ਨਰੇਟ ਅੰਮ੍ਰਿਤਸਰ ਵਲੋਂ ਇਕ ਯਾਤਰੀ ਕੋਲੋਂ ਸੋਨਾ ਬਰਾਮਦ ਕੀਤਾ ਹੈ। ਕਸਟਮ ਵਿਭਾਗ ਦੇ ਅਧਿਕਾਰੀਆਂ ਨੇ ਗੱਲਬਾਤ ਦੌਰਾਨ ਦੱਸਿਆ ਕਿ ਗੁਪਤ ਸੂਚਨਾ ਦੇ ਅਧਾਰ ’ਤੇ ਦੁਬਈ ਤੋਂ ਅੰਮ੍ਰਿਤਸਰ ਪਹੁੰਚੀ ਫਲਾਈਟ ਨੰ.6 ਈ-੪੮ ਵਿੱਚੋਂ ਲਗਭਗ ਇਕ ਕਿਲੋ ਦੋ ਸੋ ਗ੍ਰਾਮ ਸੋਨਾ ਬਰਾਮਦ ਕੀਤਾ ਹੈ।

ਕਸਟਮ ਵਿਭਾਗ ਨੇ ਦੱਸਿਆ ਕਿ ਬਿਸਕੁਟਾਂ ਦਾ ਭਾਰ ਲਗਭਗ ਇਕ ਕਿਲੋ ਦੋ ਸੋ ਗ੍ਰਾਮ ਸੀ ਅਤੇ ਉਸਦੀ ਅੰਤਰਰਾਸ਼ਟਰੀ ਬਜਾਰ ਵਿੱਚ ਕੀਮਤ ਕਰੀਬ 56 ਲੱਖ ਰੁਪਏ ਸੀ। ਉਕਤ ਵਿਅਕਤੀ ਨੂੰ ਗ੍ਰਿਫਤਾਰ ਕਰਕੇ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਹੈ।

A-ONE EXPRESS
ਸਾਨੂੰ ਤਜ਼ਰਬੇਕਾਰ ਡਰਾਇਵਰਾਂ ਅਤੇ ਉਨਰ ਓਪਰੇਟਰਾਂ ਦੀ ਲੋੜ ਹੈ
- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨੌਰਥ- ਈਸਟ, ਸਾਊਥ ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖਾਹ ਸਮੇਂ ਸਿਰ
- 50% ਹੁੱਕ ਡ੍ਰੌਪ
- Excellent Payment
ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜਰਬਾ
28421 S CHRISMAN RD, UNIT# 3, TRACY, CA



ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ ’ਤੇ ਸੰਪਰਕ ਕਰੋ
Toll Free: 888.725.7441, Office: 209.537.0975, Fax: 209.537.0375

# ਬੰਗਾਲ ਦੇ ਲੋਕਾਂ ਨੇ ਫਿਰਕੂ ਭਾਜਪਾ ਨੂੰ ਨਕਾਰਿਆ, ਘੱਟ ਗਿਣਤੀਆਂ ਇਸ ਤੋਂ ਸਬਕ ਲੈਣ- ਜਥੇਦਾਰ ਹਵਾਰਾ ਕਮੇਟੀ



**ਅੰਮ੍ਰਿਤਸਰ/ਏ.ਟੀ.ਨਿਊਜ਼:** ਭਾਰਤ ਦੀ ਰਾਜਨੀਤੀ ਤੇ ਭਾਰੂ ਹੋ ਰਹੀ ਫਿਰਕਾਪ੍ਰਸਤੀ ਘੱਟ ਗਿਣਤੀ ਕੌਮਾਂ ਦੀ ਹੋਂਦ ਲਈ ਖਤਰਾ ਬਣ ਗਈ ਹੈ ਪਰ ਬੰਗਾਲ ਦੇ ਸੂਝਵਾਨ ਲੋਕਾਂ ਨੇ ਭਾਜਪਾ ਦੀ ਫਿਰਕੂ ਸੋਚ ਨੂੰ ਲੋਕਤੰਤਰ ਦੀ ਪ੍ਰਣਾਲੀ ਨਾਲ ਨਾਕਾਰ ਦਿੱਤਾ ਹੈ। ਇਹ ਵਿਚਾਰ ਜਥੇਦਾਰ ਹਵਾਰਾ ਕਮੇਟੀ ਦੇ ਆਗੂਆਂ ਨੇ ਦਿੱਤੇ। ਉਨਾਂ ਕਿਹਾ ਕਿ ਹਿੰਦੂ ਰਾਸ਼ਟਰ ਦੇ ਏਜੰਡੇ ਰਾਹੀਂ ਘੱਟ ਗਿਣਤੀਆਂ ਦਾ ਗਲਾ ਘੋਟਣ ਵਾਲੀ ਭਾਜਪਾ ਨਾਲ ਜੋ ਕੁਝ ਬੰਗਾਲ ਦੇ ਸੁਝਵਾਨ ਵੋਟਰਾਂ ਨੇ ਮਮਤਾ ਬੈਨਰਜੀ ਦੀ ਅਗਵਾਈ ਵਿੱਚ ਕੀਤਾ ਹੈ ਉਹ ਸਾਰੀਆਂ ਘੱਟ ਗਿਣਤੀ ਕੌਮਾਂ ਵਿਸ਼ੇਸ਼ ਤੌਰ 'ਤੇ ਪੰਜਾਬ ਵਾਸੀਆਂ ਲਈ ਕ੍ਰਾਂਤੀਕਾਰੀ ਸੁਨੇਹਾ ਹੈ। ਚਿੱਟੀ ਸਾੜ੍ਹੀ ਵਿੱਚ ਸਾਦਗੀ ਦਾ ਜੀਵਨ ਜਿਉਣ ਵਾਲੀ ਮਮਤਾ ਬੈਨਰਜੀ ਨੇ ਬੰਗਾਲ ਦੇ ਸਭਿਆਚਾਰ ਤੇ ਕੁਦਰਤੀ ਸੋਮਿਆਂ ਨੂੰ ਭਗਵਿਆਂ ਦੀ ਲੁੱਟ ਖਸੁੱਟ ਤੋਂ ਬਚਾ ਲਿਆ ਹੈ। ਹਵਾਰਾ ਕਮੇਟੀ ਦੇ ਆਗੂਆਂ ਨੇ ਕਿਹਾ ਮੋਦੀ ਸ਼ਾਹ ਤੇ ਯੋਗੀ ਦੀ ਤਿਗੜੀ ਘੱਟ ਗਿਣਤੀਆਂ ਲਈ ਨੁਕਸਾਨਦੇਹ ਹੈ ਜਿਸਦਾ ਡਟ ਕੇ ਵਿਰੋਧ ਹੋਣਾ ਚਾਹੀਦਾ ਹੈ। ਪੰਜਾਬ ਨੂੰ ਮਮਤਾ ਬੈਨਰਜੀ ਵਰਗਾ ਆਗੂ ਚਾਹੀਦਾ ਹੈ ਤਾਂ ਜੋ ਸੂਬੇ ਦੀ ਬੋਲੀ, ਪਾਣੀ, ਬਿਜਲੀ, ਕਿਸਾਨੀ, ਸਭਿਆਚਾਰ ਨੂੰ ਬਚਾ ਕੇ ਪ੍ਰਭੁਸੱਤਾ ਸੰਪੰਨ ਰਾਜ ਕਾਇਮ ਕੀਤਾ ਜਾ ਸਕੇ। ਹਵਾਰਾ ਕਮੇਟੀ ਦੇ ਆਗੂ ਐਡਵੋਕੇਟ ਅਮਰ ਸਿੰਘ ਚਾਹਲ, ਪ੍ਰੋ. ਬਲਜਿੰਦਰ ਸਿੰਘ, ਬਾਪੂ ਗੁਰਚਰਨ ਸਿੰਘ, ਐਡਵੋਕੇਟ ਦਿਲਸ਼ੇਰ ਸਿੰਘ ਜੰਡਿਆਲਾ, ਬਲਬੀਰ ਸਿੰਘ ਹਿਸਾਰ, ਜਥੇ. ਸੁਖਰਾਜ ਸਿੰਘ ਵੇਰਕਾ, ਮਹਾਬੀਰ ਸਿੰਘ ਸੁਲਤਾਨਵਿੰਡ, ਜਸਪਾਲ ਸਿੰਘ ਪੁਤਲੀਘਰ, ਜਗਰਾਜ ਸਿੰਘ ਪੱਟੀ ਨੇ ਸਾਂਝੇ ਬਿਆਨ ਵਿੱਚ ਕਿਹਾ ਕਿ ਭਾਜਪਾ ਅਤੇ ਇਸ ਨਾਲ ਬਾਹਰਮੁਖੀ ਰਿਸ਼ਤਾ ਤੋੜ ਚੁੱਕੇ ਅਤੇ ਲੁਕਵੇਂ ਢੰਗ ਨਾਲ ਦੋਸਤੀ ਨਿਭਾ ਰਹੀਆਂ ਧਿਰਾਂ ਤੋਂ ਦੂਰੀ ਬਣਾ ਕੇ ਹੀ ਅਸੀਂ ਆਪਣੇ ਗੁਰਧਾਮਾਂ ਤੇ ਸੰਸਥਾਵਾਂ ਨੂੰ ਬਚਾ ਸਕਦੇ ਹਾਂ।

# ਬੰਗਾਲ ਵਿਧਾਨ ਸਭਾ ਚੋਣਾਂ ਅਤੇ ਯੂ.ਪੀ. ਦੀਆਂ ਪੰਚਾਇਤੀ ਚੋਣਾਂ ਦੀ ਜਿੱਤ ਵਿਚ ਕਿਸਾਨ ਆਗੂਆਂ ਦਾ ਵੱਡਾ ਹੱਥ,

## ਕਾਲੇ ਕਾਨੂੰਨ ਰੱਦ ਕਰਵਾਉਣ ਲਈ ਕਿਸਾਨ ਆਗੂਆਂ ਦਾ ਸਾਥ ਦਿੱਤਾ ਜਾਏ : ਮਨਿੰਦਰ ਸਿੰਘ ਜੁੰਮਾ ਅਤੇ ਸਮੂਹ ਬੰਦੀ ਸਿੰਘ ਨਾਭਾ ਜੇਲ

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਨਾਭਾ ਜੇਲ ਅੰਦਰ ਬੰਦ ਖਾੜਕੂ ਭਾਈ ਮਨਿੰਦਰ ਸਿੰਘ ਜੁੰਮਾ, ਨਿਹਾਲ ਸਿੰਘ ਪਟਿਆਲਾ ਅਤੇ ਹੋਰ ਸਿੰਘਾਂ ਨੇ ਆਪਣੇ ਪਰਿਵਾਰਕ ਮੈਂਬਰਾਂ ਨਾਲ ਕੀਤੀ ਗੱਲਬਾਤ ਦੌਰਾਨ ਕਿਹਾ ਕਿ ਬੰਗਾਲ ਵਿਚ ਮਮਤਾ ਬਨਰਜੀ ਦੀ ਜਿੱਤ ਦੇ ਨਾਲ ਨਾਲ ਯੂ.ਪੀ. ਦੀਆਂ ਪੰਚਾਇਤੀ ਚੋਣਾਂ ਵਿਚ ਹੋਈ ਖੱਬੇ ਪਾਰਟੀ ਦੀ ਜਿੱਤ, ਨੈਤਿਕਤਾ ਦੇ ਮੁੱਲਾਂ ਉਪਰ ਜਿੱਤ ਹੈ ਤੇ ਇਸ ਵਿਚ ਸੰਪ੍ਰਦਾਇਤਾਂ ਦੀ ਕਰਾਰੀ ਹਾਰ ਹੈ। ਉਨਾਂ ਕਿਹਾ ਕਿ ਇਸ ਜਿੱਤ ਵਿਚ ਕਿਸਾਨ ਅੰਦੋਲਨ ਦੇ ਆਗੂਆਂ ਦਾ ਵੀ ਬਹੁਤ ਵੱਡਾ ਰੋਲ ਹੈ ਜੋ ਕਿ ਉਨਾਂ ਨੇ ਬੰਗਾਲ ਵਿਚ ਜਾ ਕੇ ਉੱਥੇ ਦੇ ਲੋਕਾਂ ਨੂੰ ਭਾਜਪਾ ਦੇ ਅਨੈਤਿਕ ਮਨਸੂਬਿਆਂ ਬਾਰੇ ਜਾਗ੍ਰਿਤ ਕੀਤਾ ਅਤੇ ਮੋਦੀ ਸਰਕਾਰ ਵਲੋਂ ਕਿਸਾਨਾਂ ਤੇ ਜਬਰਦਸਤੀ ਥੋਪੇ ਗਏ ਤਿੰਨ ਕਾਲੇ ਕਾਨੂੰਨਾਂ ਬਾਰੇ ਵੀ ਦਸਿਆ ਸੀ

ਜ਼ਿਕਰਯੋਗ ਹੈ ਕਿ ਕਿਸਾਨ ਇਨਾਂ ਕਾਨੂੰਨਾਂ ਦਾ ਵਿਰੋਧ ਕਰ ਰਹੇ ਹਨ । ਇਸਦੇ ਨਾਲ ਹੀ ਯੂ.ਪੀ. ਵਿਚ ਵੀ ਕਿਸਾਨਾਂ ਨੂੰ ਸਮਝ ਪੈ ਗਈ ਸੀ ਕਿ ਮੌਜੂਦਾ ਸਰਕਾਰ ਦੇ ਮਨਸੂਬੇ ਅਨੈਤਿਕ ਅਤੇ ਕਿਸਾਨ ਵਿਰੋਧੀ ਹਨ।

ਉਨਾਂ ਕਿਹਾ ਕਿ ਸਰਕਾਰ ਵਲੋਂ ਪਾਸ ਕੀਤੇ ਗਏ ਇਨਾਂ ਕਾਨੂੰਨਾਂ ਵਿੱਚ ਠੇਕੇਦਾਰੀ ਵਿਚ ਵਾਧਾ, ਭੰਡਾਰਨ ਅਤੇ ਵਪਾਰ ਲਈ ਪਹਿਲਾਂ ਤੋਂ ਮੌਜੂਦ ਏਪੀਐੱਮਸੀ ਮੰਡੀਆਂ ਨਾਲ ਕੰਮ ਕਰਨ ਵਾਲੇ ਨਿੱਜੀ ਸੈਕਟਰਾਂ ਦੇ ਹੱਕ 'ਚ ਹਨ। ਜਿਸ ਵਿਚ ਕਿਸਾਨਾਂ ਨੂੰ ਡਰ ਹੈ ਕਿ ਸਰਕਾਰ ਖੇਤੀ ਉਤਪਾਦਾਂ ਖ਼ਾਸ ਤੌਰ 'ਤੇ ਕਣਕ ਅਤੇ ਝੋਨੇ ਦੀ ਖਰੀਦ ਨੂੰ ਘੱਟ ਕਰ ਸਕਦੀ ਹੈ।

ਇਸ ਲਈ ਕਿਸਾਨਾਂ ਦਾ ਕਹਿਣਾ ਹੈ ਕਿ ਇਨਾਂ ਨਾਲ ਕੇਵਲ ਨਿੱਜੀ ਸੈਕਟਰਾਂ ਨੂੰ ਲਾਭ ਹੋਵੇਗਾ ਅਤੇ ਕਿਸਾਨਾਂ ਨੂੰ ਘੱਟੋ-ਘੱਟ ਸਮਰਥਨ ਮੁੱਲ (ਐੱਮਐੱਸਪੀ) ਦੀ ਪ੍ਰਣਾਲੀ ਨੂੰ ਨੁਕਸਾਨ ਹੋਵੇਗਾ।

ਜੇਕਰ ਕੇਂਦਰ ਸਰਕਾਰ ਕਿਸਾਨਾਂ ਦੇ ਹਿੱਤਾਂ ਦੀ ਰਾਖੀ ਕਰਨ ਜਾਂ ਖੇਤੀਬਾੜੀ ਖੇਤਰ ਦੀ ਬਿਹਤਰੀ ਲਈ ਨਵੀਆਂ ਨੀਤੀਆਂ ਬਣਾਉਣੀਆਂ ਅਤੇ ਲਾਗੂ ਕਰਨੀਆਂ ਚਾਹੁੰਦੀ ਸੀ ਤਾਂ ਉਸ ਨੂੰ ਇਨਾਂ ਨੀਤੀਆਂ ਸਬੰਧੀ ਬਿੱਲ ਬਣਾ ਕੇ ਸੰਸਦ ਵਿਚ ਵਿਚਾਰ-ਚਰਚਾ ਲਈ ਲਿਆਉਣੇ ਚਾਹੀਦੇ ਸਨ। ਖੇਤੀਬਾੜੀ ਸੂਬਿਆਂ ਦੇ ਅਧਿਕਾਰ ਖੇਤਰ ਵਿਚ ਆਉਂਦੀ ਹੈ, ਜਿਸ ਲਈ ਇਸ ਸਬੰਧ 'ਚ ਵੱਖ-ਵੱਖ ਸੂਬਾ ਸਰਕਾਰਾਂ ਨਾਲ ਸਲਾਹ-ਮਸ਼ਵਰਾ ਕਰਨਾ ਚਾਹੀਦਾ ਸੀ। ਇਸ ਤੋਂ ਬਿਨਾਂ ਖੇਤੀਬਾੜੀ ਤਿੰਨ ਵਰਗਾਂ ਦੇ ਸਹਿਯੋਗ ਨਾਲ ਹੀ ਸੰਭਵ ਹੈ ਅਤੇ ਇਹ ਤਿੰਨ ਵਰਗ ਹਨ ਕਿਸਾਨ, ਖੇਤ ਮਜ਼ਦੂਰ ਅਤੇ ਪੇਂਡੂ ਛੋਟੇ ਕਾਰੀਗਰ। ਸੋ, ਇਨਾਂ ਤਿੰਨਾਂ ਵਰਗਾਂ ਦੀਆਂ ਜਥੇਬੰਦੀਆਂ ਤੋਂ ਵੀ ਸਹਿਮਤੀ ਲੈਣੀ ਬਣਦੀ ਸੀ। ਉਨਾਂ ਕਿਹਾ ਕਿ ਕੇਂਦਰ ਸਰਕਾਰ ਨੂੰ ਵੀ ਚੋਣ ਨਤੀਜਿਆਂ ਤੋਂ ਸਬਕ ਲੈਂਦਿਆਂ ਪਾਸ ਕੀਤੇ ਗਏ ਤਿੰਨੇ ਕਿਸਾਨ ਵਿਰੋਧੀ ਬਿੱਲ ਵਾਪਸ ਲੈ ਕੇ ਕਿਸਾਨਾਂ ਨੂੰ ਜਲਦ ਤੋਂ ਜਲਦ ਰਾਹਤ ਦੇਣੀ ਚਾਹੀਦੀ ਹੈ।


When tired of all treatments for any disease at any age TRY
HOMEOPATHIC
EXPERIENCED CONSULTANT PHYSICIAN SINCE 1973
ਹੋਰ ਇਲਾਜਾਂ ਤੋਂ ਥੱਕ ਗਏ ਹੋ ਤਾਂ ਹੋਮੀਉਪੈਥੀ ਅਜਮਾਉ
WE SELL HOMEOPATHY MEDICINES
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ,
ਖਾਰਿਸ਼, ਮੁਹਾਸੇ, ਵਜਨ ਦਾ ਘਟਣਾ ਜਾਂ ਵਧਣਾ,
ਜਨਾਨਾ ਤੇ ਮਰਦਾਨਾ ਕਮਜੋਰੀ ਦਾ ਪੱਕਾ ਇਲਾਜ

GURDIP SINGH SANDHU
DHMS-Gold Medalist, BAMS,MDEH, INDIA
Ex Principal Homeopathic medical colleges in India,
Prof., Chief Medical Officer,
Ex Member NCH and CA Homeomedical Society
Working under act SB 577 state of CA
American Red Cross
Cell Phone: 408 687 1899
Office: 925 999 8278
7021 village park way Dublin ca 94568
Email: homeomedicine@yahoo.com
ਡਾ ਸੰਧੂ ਦੇ ਲਾਈਵ ਸਿਹਤ ਵਿਗਿਆਨ ਦੇ ਪ੍ਰੋਗਰਾਮ ਸੁਨਣ ਲਈ
ਜੱਸ ਪੰਜਾਬੀ ਟੀ ਵੀ ਤੇ ਰੇਡੀਓ SabRang ਰੋਜ਼ਾਨਾ ਸੁਣੋ
(Download Sub Rang Radio station application)



Homeopathicvibes
We treat Acute and chronic diseases like Asthma, Allergies, Mood swings, Migraine, Anxiety, Depression, Insomnia, Bed wetting, Acne, Diabetes, Arthritis, PMS, Acidity, Indigestion, Hot flashes, Blood Pressure, Kidney stones, Neuralgic pains, Skin disorders, especially non specific headaches and many more....

Now we have two locations :
940, E. El Camino Real, Sunnyvale, CA 94087
Office : (408) 737-7100 Fax: (408) 737-7102
39039 Paseo Padre Pkwy Suite #209 (upstairs) Fremont CA 94538
www.homeopathicvibes.com
We sell and ship homeopathic remedies through out North America.
ਸਮੂਹ ਸਰਪ੍ਰਸਤਾਂ ਅਤੇ ਸਹਿਯੋਗੀਆਂ ਦਾ ਬਹੁਤ ਬਹੁਤ ਧੰਨਵਾਦ
Harminder Singh Gill D.H.M.S;B.C.I.H
(Ex Homeopathic Medical officer Punjab Govt.)



CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ

ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co. website: capitalservices.us



Allstate
You're in good hands.
ALL STATE INSURANCE
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS

Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

# ਖਾਲਿਸਤਾਨ ਐਲਾਨਨਾਮੇ ਦੀ 34ਵੀਂ ਵਰੇਗੰਢ ਮੌਕੇ ਭਾਈ ਦਲਜੀਤ ਸਿੰਘ ਦਾ ਸੰਦੇਸ਼

**ਸ੍ਰੀ ਆਨੰਦਪੁਰ ਸਾਹਿਬ/ਏ.ਟੀ.ਨਿਊਜ਼:** ਖਾਲਿਸਤਾਨ ਐਲਾਨਨਾਮੇ ਦੀ 34ਵੀਂ ਵਰੇਗੰਢ ਮੌਕੇ ਭਾਈ ਦਲਜੀਤ ਸਿੰਘ ਵੱਲੋਂ ਇਕ ਸੰਦੇਸ਼ ਜਾਰੀ ਕੀਤਾ ਗਿਆ ਹੈ।

29 ਅਪ੍ਰੈਲ ਇਕ ਤਵਾਰੀਖੀ ਦਿਹਾੜਾ ਹੈ। ਇਸ ਦਿਨ ਖਾਲਸਾ ਪੰਥ ਨੇ ਸਰਬੱਤ ਦੇ ਭਲੇ ਅਤੇ ਆਪਣੀ ਨਿਆਰੀ ਤੇ ਸੁਤੰਤਰ ਹੋਂਦ ਹਸਤੀ ਨੂੰ ਬੁਲੰਦ ਰੱਖਣ ਲਈ ਪਿਛਲੀਆਂ ਪੰਜ ਸਦੀ ਤੋਂ ਚਲ ਰਹੇ ਸੰਘਰਸ਼ ਦਾ ਇਕ ਨਵਾਂ ਮੀਲ-ਪੱਥਰ ਗੱਡਿਆ ਸੀ।

**ਖਾਲਿਸਤਾਨ ਕੀ ਹੈ:**

1. ਖਾਲਿਸਤਾਨ, ਖਾਲਸਾ ਪੰਥ ਨੂੰ ਸੱਚੇ ਪਾਤਿਸ਼ਾਹ ਗੁਰੂ ਨਾਨਕ ਸਾਹਿਬ ਜੀ ਵੱਲੋਂ ਬਖ਼ਸ਼ੀ ਸਦੀਵੀ ਪਾਤਿਸ਼ਾਹੀ ਦਾ ਖ਼ਾਸ ਸਮੇਂ ਅਤੇ ਸਥਾਨ ਵਿਚ ਵਿਹਾਰਕ ਰਾਜਸੀ ਸੱਤਾ **(political power)** ਵਜੋਂ ਪ੍ਰਗਟਾਵਾ ਹੈ।
2. ਖਾਲਿਸਤਾਨ ਸੰਘਰਸ਼ ਸਿਰਫ ਆਪਣੀ ਸਵੈ-ਪਛਾਣ ਅਤੇ ਸਵੈ-ਹੋਂਦ ਨੂੰ ਬਚਾਉਣ ਲਈ ਅਸੁਰੱਖਿਆ ਦੀ ਬਿਰਤੀ ਦੀ ਪੈਦਾਵਾਰ ਨਹੀਂ ਹੈ ਸਗੋਂ ਪਾਤਿਸ਼ਾਹੀ ਖਾਲਸਾ ਪੰਥ ਦਾ ਜੁਗੋ-ਜੁਗ ਅਟੱਲ ਤੇ ਜ਼ਰੂਰੀ ਪਹਿਲੂ ਹੈ।
3. ਖਾਲਿਸਤਾਨ ਤੋਂ ਸਾਡਾ ਭਾਵ ਅਜ਼ਾਦ (ਪ੍ਰਭੂਸੱਤਾ ਸੰਪੰਨ) ਰਾਜਨੀਤਕ ਢਾਂਚਾ ਕਾਇਮ ਕਰਨਾ ਹੈ ਜਿਥੇ ਖਾਲਸਾ ਪੰਥ ਦੀ ਨਿਆਰੀ ਅਤੇ ਸੁਤੰਤਰ ਹੋਂਦ-ਹਸਤੀ ਨਿਰਵਿਘਨ ਵਿਗਸ ਸਕੇ ਅਤੇ ਜਿਸ ਵਿਚ ਸਰਬੱਤ ਦੇ ਭਲੇ ਵਾਲੀਆਂ ਹਲਤਮੁਖੀ ਤੇ ਪਲਤਮੁਖੀ ਬਣਤਰਾਂ **(Spiritual and Temporal Structures)** ਵਿਕਸਿਤ ਹੋ ਸਕਣ ਤਾਂ ਕਿ ਮਨੁੱਖ ਆਪਣੇ ਸੰਪੂਰਨ ਵਿਗਾਸ ਨੂੰ ਮਾਣ ਸਕੇ। ਭਾਵ ਆਜ਼ਾਦੀ, ਬਰਾਬਰਤਾ (ਨਸਲ, ਰੰਗ, ਲਿੰਗ, ਜਾਤ-ਪਾਤ, ਧਰਮ, ਅਮੀਰ-ਗਰੀਬ ਆਦਿ ਦੇ ਭਿੰਨ-ਭੇਦ ਤੋਂ ਰਹਿਤ, ਬਰਾਬਰੀ ਵਾਲਾ ਸਮਾਜਕ ਪ੍ਰਬੰਧ), ਨਿਆਂ ਤੇ ਸਾਂਝੀਵਾਲਤਾ ਵਾਲਾ ਆਦਰਸ਼ਕ ਸਮਾਜ ਅਤੇ ਰਾਜ ਉਸਰ ਸਕੇ।
4. ਐਸਾ ਰਾਜ-ਪ੍ਰਬੰਧ ਜਿਹੜਾ ਗੁਰੂ ਗ੍ਰੰਥ ਸਾਹਿਬ ਦੇ ਬ੍ਰਹਿਮੰਡੀ ਪਰਿਪੇਖ **(Cosmic Perspective)** ਨੂੰ ਸਾਕਾਰ ਕਰ ਸਕਣ ਦੇ ਸਮੱਰਥ ਹੋਵੇਗਾ।
5. ਇਸ ਪ੍ਰਬੰਧ ਜਿਸ ਵਿਚ ਲੋਕ-ਰਾਜੀ ਪ੍ਰਵਿਰਤੀਆਂ ਤੇ ਸਾਂਝੀ ਲੋਕ ਅਗਵਾਈ ਭਾਵ ਪੰਚ ਪ੍ਰਧਾਨੀ ਪ੍ਰਣਾਲੀ ਹੋਵੇ ਅਤੇ ਖੁਦਮੁਖਤਿਆਰੀ ਦਾ ਸੰਚਾਰ ਸਭ ਤੋਂ ਹੇਠਲੇ ਪੱਧਰ ਤੱਕ ਹੋਵੇ।



6. ਇਹ ਰਾਜ ਪ੍ਰਬੰਧ ਇਕ ਦੇਸ਼ ਜਾਂ ਦੇਸ਼ਾਂ ਦੇ ਸਮੂਹ ਦੀ ਧੌਂਸ ਤੋਂ ਮੁਕਤ ਰਾਜਨੀਤਕ ਵਿਸ਼ਵ ਪ੍ਰਬੰਧ ਦਾ ਹਾਮੀ ਹੋਵੇ।
7. ਜਿਸ ਵਿੱਚ ਸਰੀਰਕ ਤੰਦਰੁਸਤੀ, ਸੁੱਚੀ ਕਿਰਤ, ਸਵੈ-ਮਾਣ ਤੇ ਚੜਦੀਕਲਾ, ਵਾਲਾ ਬੇ-ਖੌਫ਼ ਜੀਵਨ ਬਸਰ ਕਰਨ ਦਾ ਬੇਗਮਪੁਰੇ ਵਾਲਾ ਮਾਹੌਲ ਹੋਵੇ।

**ਖਾਲਸਾ ਪੰਥ ਸੰਘਰਸ਼ ਕਦੋਂ ਕਰਦਾ ਹੈ:**

ਜੋ ਵੀ ਤਾਕਤ ਖਾਲਸਾ ਪੰਥ ਦੀ ਨਿਆਰੀ ਤੇ ਸੁਤੰਤਰ ਹੋਂਦ ਨੂੰ ਕਾਬੂ ਜਾਂ ਸੀਮਤ ਕਰਨ ਦਾ ਯਤਨ ਕਰਦੀ ਹੈ ਜਾਂ ਰੱਬੀ ਹੁਕਮ ਤੋਂ ਆਕੀ ਹੋ ਕੇ ਜ਼ੁਲਮੀ ਰਾਜ ਸਥਾਪਤ ਕਰਦੀ ਹੈ ਤਾਂ ਸੱਚੇ ਪਾਤਿਸ਼ਾਹ ਵੱਲੋਂ ਖਾਲਸਾ ਪੰਥ ਦੀ ਜਿੰਮੇਵਾਰੀ ਤੈਅ ਹੈ ਕਿ ਜਰਵਾਣੇ ਦੀ ਭੱਖਿਆ-ਗਰੀਬ ਦੀ ਰੱਖਿਆ ਲਈ ਹਲੇਮੀ ਰਾਜ ਪ੍ਰਬੰਧ ਕਾਇਮ ਕਰੇ। ਆਕੀ ਰਾਜ ਨੂੰ ਜੜੋਂ ਪੱਟ ਕੇ ਸਰਬੱਤ ਦੇ ਭਲੇ ਵਾਲਾ ਪ੍ਰਬੰਧ ਸਿਰਜਣ ਤੱਕ ਬਾਗੀ ਜਾਂ ਬਾਦਸ਼ਾਹ ਵਾਲੀ ਦ੍ਰਿੜਤਾ ਨਾਲ ਜੱਦੋ-ਜਹਿਦ ਕਰੇ।

ਬਿਪਰ ਸਾਮਰਾਜ 1947 ਤੋਂ ਹੀ ਖਾਲਸਾ ਪੰਥ ਉਤੇ ਸੂਖਮ ਤਰੀਕਿਆਂ ਨਾਲ ਹਮਲਾਵਰ ਹੈ। ਲੁਕਵੇਂ ਅਤੇ ਪ੍ਰਤੱਖ ਹਮਲੇ ਵਜੋਂ ਪੰਜਾਬ ਦੇ ਮਨੁੱਖੀ ਤੇ ਕੁਦਰਤੀ ਸਰੋਤਾਂ ਦਾ ਨਿਰੰਤਰ ਸ਼ੋਸ਼ਣ, ਮੁੱਖ ਧਾਰਾ ਦੀ ਆਰਥਿਕਤਾ ਅਤੇ ਰਾਜਨੀਤੀ ਵਿੱਚੋਂ ਪੰਜਾਬ ਨੂੰ ਮਨਫੀ ਕਰਨਾ, ਪੰਜਾਬ ਦੀ ਭੋਂ ਨੂੰ ਬੰਜਰ ਕਰਨ ਅਤੇ ਰੁਜ਼ਗਾਰ ਦੇ ਮੌਕੇ ਘਟਾਉਣ ਦੀਆਂ ਨੀਤੀਆਂ ਲਾਗੂ ਕਰਨਾ ਅਜੇ ਵੀ ਜਾਰੀ ਹੈ। ਪੰਜਾਬ ਅਤੇ ਇਸ ਖਿੱਤੇ ਦੇ ਲੋਕਾਂ ਦੀ ਜਰਵਾਣਿਆਂ ਤੋਂ ਰਖਿਆ ਲਈ ਖਾਲਸਾ ਪੰਥ ਸਦਾ ਸ੍ਰੀ ਅਕਾਲ ਤਖਤ ਸਾਹਿਬ ਤੋਂ ਗੁਰਮਤੇ ਕਰਦਾ ਆਇਆ ਹੈ। ਜਦੋਂ ਜੂਨ 1984 ਵਿੱਚ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖਤ ਸਾਹਿਬ ਉਤੇ ਹਮਲਾ ਕਰਕੇ ਖਾਲਸਾ ਪੰਥ ਦੀ ਹੋਂਦ ਮਿਟਾਉਣ ਦਾ ਯਤਨ ਕੀਤਾ ਗਿਆ ਤਾਂ ਸੰਘਰਸ਼ ਅਗਲੇ ਪੜਾਉ ਵਿੱਚ ਦਾਖਲ ਹੋ ਗਿਆ। ਪੰਥ ਪਿਆਰ ਵਿੱਚ ਜਾਨਾਂ ਵਾਰਨ ਵਾਲੇ ਸੂਰਮੇ ਹਕੂਮਤ ਨਾਲ ਲਹੂ ਡੋਲਵੀਂ ਜੰਗ ਵਿੱਚ ਕੁੱਦ ਪਏ। ਇਸ ਸੰਘਰਸ਼ ਦੇ ਮਹੱਤਵਪੂਰਨ ਪੜਾਅ ਵਜੋਂ 29 ਅਪਰੈਲ 1986 ਦੇ ਦਿਨ ਖਾਲਿਸਤਾਨ ਦਾ ਐਲਾਨਨਾਮਾ ਕੀਤਾ ਗਿਆ।

**ਆਦਰਸ਼ ਹਾਲਤਾਂ ਵਿਚ ਖਾਲਸਾ ਪੰਥ ਦੀ ਭੂਮਿਕਾ:**

ਅੱਜ ਦੁਨੀਆਂ ਵਿਚ ਪ੍ਰਚੱਲਤ ਹਲਤਮੁਖੀ ਬਣਤਰਾਂ ਪੂਰਨ ਜਾਂ ਅੰਸ਼ਕ ਰੂਪ ਵਿਚ ਅਸਫ਼ਲ ਹੋ ਚੁੱਕੀਆਂ ਹਨ ਫਲਸਰੂਪ ਮੁਕਾਮੀ ਤੇ ਸੰਸਾਰ ਪੱਧਰ ਉੱਤੇ ਅਸਥਿਰਤਾ ਵਾਲੇ ਹਾਲਾਤ ਬਣਦੇ ਜਾ ਰਹੇ ਹਨ ਤਾਂ ਆਦਰਸ਼ਕ ਰੂਪ ਵਿਚ ਗੁਰੂ ਖਾਲਸਾ ਪੰਥ ਦਾ ਇਹ ਫਰਜ਼ ਬਣਦਾ ਹੈ ਕਿ ਸਰਬੱਤ ਦੇ ਭਲੇ ਲਈ ਆਪਣੇ ਅਮਲ ਰਾਹੀਂ ਚਾਨਣ ਮੁਨਾਰਾ ਬਣੇ ਅਤੇ ਦੁਨੀਆਂ ਸਾਹਮਣੇ ਐਸੇ ਪ੍ਰਬੰਧ/ਮਾਡਲ ਪੇਸ਼ ਕਰੇ ਜਿਨਾਂ ਨਾਲ ਸਰਬੱਤ ਦਾ ਭਲਾ ਹੋ ਸਕੇ।

ਖਾਲਸਾ ਪੰਥ ਲਈ ਜ਼ਰੂਰੀ ਹੈ ਕਿ ਭਵਿੱਖ ਲਈ ਸਹੀ ਮਾਰਗ-ਸੇਧ ਨਿਸ਼ਚਿਤ ਕਰਨ ਲਈ ਬਦਲੇ ਹੋਏ ਦੱਖਣ-ਏਸ਼ੀਆਈ ਅਤੇ ਸੰਸਾਰੀ ਹਾਲਤ ਨੂੰ ਦੇਖਦੇ ਹੋਏ ਅਤੇ ਬੀਤੇ ਸਿੱਖ ਸੰਘਰਸ਼ ਤੋਂ ਰੋਸ਼ਨੀ ਲੈ ਕੇ ਪੰਥਕ ਰਵਾਇਤ ਅਨੁਸਾਰ ਫ਼ੈਸਲੇ ਲਵੇ।

**ਭਵਿਖਮੁਖੀ ਕਾਰਜ:**

1. ਖਾਲਿਸਤਾਨ ਦੀ ਵਿਚਾਰਧਾਰਾ ਅਤੇ ਇਸ ਉੱਤੇ ਅਧਾਰਤ ਬਣਤਰਾਂ, ਪ੍ਰਣਾਲੀਆਂ ਅਤੇ ਪ੍ਰਬੰਧ ਬਾਰੇ ਸਿਧਾਂਤਕਾਰੀ/ਗਿਆਨਕਾਰੀ ਪੇਸ਼ ਕਰਨ ਦੀ ਕਵਾਇਦ ਨੂੰ ਉਤਸ਼ਾਹਤ ਕਰਨਾ।
2. ਖਾਲਿਸਤਾਨ ਦੀ ਵਿਚਾਰਧਾਰਾ ਦੀ ਸਿਧਾਂਤਕ ਪੇਸ਼ਕਾਰੀ ਦੇ ਪ੍ਰਚਾਰ-ਪ੍ਰਸਾਰ ਨਾਲ ਗੁਰ-ਸੰਗਤਿ ਅੰਦਰ ਇਸ ਵਿਚਾਰਧਾਰਾ ਦਾ ਆਧਾਰ ਤਿਆਰ ਕਰਨਾ ਅਤੇ ਦੁਨੀਆਂ ਵਿਚ ਇਸ ਦੀ ਵਾਜ਼ਬੀਅਤ ਸਿੱਧ ਕਰਨੀ।
3. ਖਾਲਿਸਤਾਨ ਲਹਿਰ ਦੇ ਨਾਇਕਾਂ ਅਤੇ ਇਤਿਹਾਸਕ ਸਾਕੇ/ਘਟਨਾਵਾਂ ਦੀਆਂ ਯਾਦਾਂ ਨੂੰ ਮਨਾਉਣਾ ਅਤੇ ਸੰਘਰਸ਼ ਦੀਆਂ ਪ੍ਰਾਪਤੀਆਂ ਨੂੰ ਵੱਖ-ਵੱਖ ਪ੍ਰੋਗਰਾਮਾਂ ਰਾਹੀਂ ਪੰਥ ਤੱਕ ਲੈ ਕੇ ਜਾਣਾ।
4. ਜੋ ਵੀ ਇਸ ਖਿਤੇ ਵਿੱਚ ਸਭਿਆਚਾਰਕ ਸਮਾਜਕ ਤੇ ਧਾਰਮਿਕ ਤੌਰ ਉੱਤੇ ਮੰਨੂ ਮਤਿ ਅਤੇ ਸਿਆਸੀ ਤੌਰ ਤੇ ਦਿੱਲੀ ਤਖਤ ਦੇ ਖਿਲਾਫ ਹੈ (ਭਾਵ ਦਲਿਤ, ਆਦਿਵਾਸੀ, ਕਸ਼ਮੀਰੀ, ਤਾਮਿਲ, ਉਤਰ ਪੂਰਬੀ ਖ਼ਿੱਤੇ ਦੀਆਂ ਅਤੇ ਹੋਰਨਾਂ ਵਿਲੱਖਣ ਕੌਮਾਂ, ਮੁਸਲਿਮ ਅਤੇ ਹੋਰ ਪਛੜੀਆਂ ਸ਼੍ਰੇਣੀਆਂ) ਉਨਾਂ ਸਭ ਧਿਰਾਂ ਨਾਲ ਸੰਵਾਦ ਰਚਾਉਣਾ ਅਤੇ ਉਨਾਂ ਨਾਲ ਜਥੇਬੰਦਕ ਪੱਧਰ ਉੱਤੇ ਤਾਲਮੇਲ ਤੇ ਸਾਂਝ (ਜਿਥੇ ਸੰਭਵ ਹੋਵੇ) ਕਾਇਮ ਕਰਨਾ।

# ਚਾਰ ਰਾਜਾਂ ਅਤੇ ਇਕ ਕੇਂਦਰ ਸ਼ਾਸਿਤ ਪ੍ਰਦੇਸ਼ ਵਿਚ ਹੋਈਆਂ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਲੜਖੜਾਈ

## ਹੁਣ ਕੇਰਲ ਅਤੇ ਆਸਾਮ ਦੀ ਹਾਰ ਤੋਂ ਬਾਅਦ ਪੰਜਾਬ ਵੱਲ ਧਿਆਨ ਦੇਵੇਗੀ ਕਾਂਗਰਸ

**ਜਲੰਧਰ/ਏ.ਟੀ.ਨਿਊਜ਼ :** ਚਾਰ ਰਾਜਾਂ ਅਤੇ ਇਕ ਕੇਂਦਰ ਸ਼ਾਸਿਤ ਪ੍ਰਦੇਸ਼ ਵਿਚ ਹੋਈਆਂ ਵਿਧਾਨ ਸਭਾ ਚੋਣਾਂ ਵਿਚ ਜਿਹੜੀ ਗੱਲ ਸਾਂਝੀ ਹੈ, ਉਹ ਹੈ ਕਾਂਗਰਸ ਦਾ ਕਮਜ਼ੋਰ ਤੇ ਪੇਤਲਾ ਪ੍ਰਦਰਸ਼ਨ। ਕੇਰਲ ਵਿਚ ਉਹ ਹਰ ਪੰਜ ਸਾਲ ਬਾਅਦ ਸਰਕਾਰ ਬਦਲਣ ਦੀ ਪਿਰਤ ਦੇ ਮੇਚ ਦੀ ਕਾਰਗੁਜ਼ਾਰੀ ਨਹੀਂ ਦਿਖਾ ਸਕੀ। 2019 ਦੀਆਂ ਲੋਕ ਸਭਾ ਚੋਣਾਂ ਵਿਚ ਕਾਂਗਰਸ ਦੀ ਅਗਵਾਈ ਵਾਲੇ ਸਾਂਝੇ ਮੋਰਚੇ ਨੇ 20 ਵਿਚੋਂ 19 ਸੀਟਾਂ ਜਿੱਤੀਆਂ ਸਨ। ਇਸ ਮੋਰਚੇ ਨੂੰ ਉਦੋਂ 47.48 ਫ਼ੀਸਦੀ ਵੋਟਾਂ ਮਿਲੀਆਂ ਸਨ ਤੇ ਖੱਬੇ-ਪੱਖੀ ਮੋਰਚੇ ਨੂੰ 36.29 ਫ਼ੀਸਦੀ। ਉਸ ਸਮੇਂ ਸਾਂਝਾ ਮੋਰਚਾ ਖੱਬੇ-ਪੱਖੀ ਮੋਰਚੇ ਤੋਂ 100 ਤੋਂ ਵੱਧ ਵਿਧਾਨ ਸਭਾ ਸੀਟਾਂ ’ਤੇ ਅੱਗੇ ਸੀ। ਹੁਣ ਦੋ ਸਾਲਾਂ ਬਾਅਦ ਇਸ ਮੋਰਚੇ ਨੂੰ ਸਿਰਫ਼ 41 ਸੀਟਾਂ ’ਤੇ ਜਿੱਤ ਪ੍ਰਾਪਤ ਹੋਈ ਹੈ ਜਦੋਂਕਿ ਖੱਬੇ-ਪੱਖੀ ਮੋਰਚਾ 97 ਸੀਟਾਂ ਜਿੱਤਿਆ ਹੈ। ਇਸ ਜਿੱਤ ਦਾ ਸਿਹਰਾ ਸੀਪੀਐੱਮ ਦੀ ਅਗਵਾਈ ਵਾਲੀ ਸਰਕਾਰ ਦੀ ਪਿਛਲੇ ਵਰਿਆਂ ਦੌਰਾਨ ਆਏ ਹੜਾਂ, ਕੋਵਿਡ-19 ਦੀ ਮਹਾਂਮਾਰੀ ਅਤੇ ਪ੍ਰਵਾਸੀ ਮਜ਼ਦੂਰਾਂ ਦੇ ਘਰ ਪਰਤਣ ਸਮੇਂ ਕੀਤੇ ਗਏ ਸੁਚਾਰੂ ਬੰਦੋਬਸਤਾਂ ਅਤੇ ਕਾਰਜਕੁਸ਼ਲਤਾ ਦੇ ਸਿਰ ਬੰਨਿਆ ਜਾ ਰਿਹਾ ਹੈ। ਇਹ ਵੀ ਪ੍ਰਤੱਖ ਹੈ ਕਿ ਕਾਂਗਰਸ ਜਥੇਬੰਦਕ ਪੱਧਰ ’ਤੇ ਵੀ ਚੋਣਾਂ ਹਾਰੀ ਹੈ। ਕੇਂਦਰੀ ਲੀਡਰਸ਼ਿਪ ਪਾਰਟੀ ਨੂੰ ਸੂਬਿਆਂ ਵਿਚ ਜਥੇਬੰਦ ਕਰਨ ਅਤੇ ਸਮੇਂ ਸਿਰ ਸਥਾਨਕ ਆਗੂਆਂ ਨੂੰ ਉਭਾਰਨ ਵਿਚ ਅਸਫ਼ਲ ਰਹੀ ਹੈ।

ਅਸਾਮ ਵਿਚ ਤਰੁਨ ਗੋਗੋਈ ਦੇ ਦਿਹਾਂਤ ਤੋਂ ਬਾਅਦ ਕਾਂਗਰਸ ਅਸਾਮ ਦੇ ਲੋਕਾਂ ਸਾਹਮਣੇ ਉਸ ਦੇ ਕੱਦ ਦਾ ਆਗੂ ਪੇਸ਼ ਨਹੀਂ ਕਰ ਸਕੀ। ਪਾਰਟੀ ਨੇ ਅੰਦਰੂਨੀ ਮਤਭੇਦਾਂ ਕਾਰਨ ਹੇਮੰਤਾ ਬਿਸਵਾ ਸਰਮਾ ਜਿਹਾ ਆਗੂ ਭਾਜਪਾ ਨੂੰ ਤੋਹਫ਼ੇ ਵਜੋਂ ਦੇ ਦਿੱਤਾ ਅਤੇ ਇਹ ਗ਼ਲਤੀ ਉਸ ਨੂੰ ਬਹੁਤ ਮਹਿੰਗੀ ਪਈ ਹੈ। ਕੇਂਦਰੀ ਲੀਡਰਸ਼ਿਪ ਨੇ ਨਾ ਤਾਂ ਕਿਸੇ ਆਗੂ ਨੂੰ ਮੁੱਖ ਮੰਤਰੀ ਦੇ ਚਿਹਰੇ ਵਜੋਂ ਪੇਸ਼ ਕੀਤਾ ਅਤੇ ਨਾ ਹੀ ਭਾਜਪਾ ਵਿਰੁੱਧ ਚਲਾਈ ਚੋਣ ਮੁਹਿੰਮ ਵਿਚ ਉਸ ਊਰਜਾ ਨਾਲ ਕੰਮ ਕੀਤਾ ਜਿਸ ਨਾਲ ਸੱਤਾਧਾਰੀ ਪਾਰਟੀ ਨੂੰ ਕੋਈ ਗੰਭੀਰ ਚੁਣੌਤੀ ਦਿੱਤੀ ਜਾ ਸਕਦੀ। ਪੱਛਮੀ ਬੰਗਾਲ ਵਿਚ ਕਾਂਗਰਸ ਅਤੇ ਖੱਬੇ-ਪੱਖੀਆਂ ਦੇ ਤ੍ਰਿਣਮੂਲ ਕਾਂਗਰਸ ਤੋਂ ਵੱਖ ਹੋ ਕੇ ਚੋਣ ਲੜਨ ਬਾਰੇ ਵੀ ਸਵਾਲ ਉਠਾਏ ਜਾ ਰਹੇ ਹਨ ਕਿਉਂਕਿ ਇਸ ਕਾਰਨ ਭਾਜਪਾ ਨੂੰ ਫ਼ਾਇਦਾ ਹੋਇਆ ਹੈ। ਤਾਮਿਲਨਾਡੂ ਵਿਚ ਕਾਂਗਰਸ ਦਾ ਪ੍ਰਭਾਵ ਲਗਭਗ ਖ਼ਤਮ ਹੋ ਚੁੱਕਾ ਹੈ। ਜੀਕੇ ਮੂਪਨਾਰ ਤੋਂ ਬਾਅਦ ਕਾਂਗਰਸ ਨੂੰ ਜ਼ਮੀਨੀ ਪੱਧਰ ਦਾ ਊਰਜਾਵਾਨ ਆਗੂ ਨਹੀਂ ਮਿਲਿਆ। ਪੁੱਡੂਚਿਰੀ ਵਿਚ ਵੀ ਕਾਂਗਰਸ ਦੀ ਚੋਣ ਨੀਤੀ ਢਿੱਲੀ-ਮੱਠੀ ਸੀ ਤੇ ਸਾਬਕਾ ਮੁੱਖ ਮੰਤਰੀ ਨਰਾਇਣਸਵਾਮੀ ਦੇ ਚੋਣਾਂ ਨਾ ਲੜਨ ਕਾਰਨ ਕਾਂਗਰਸ ਕੋਲ ਸਥਾਨਕ ਅਗਵਾਈ ਲਈ ਹੋਰ ਕੋਈ ਆਗੂ ਮੌਜੂਦ ਨਹੀਂ ਸੀ।



2019 ਦੀਆਂ ਲੋਕ ਸਭਾ ਚੋਣਾਂ ਤੋਂ ਬਾਅਦ ਕਾਂਗਰਸ ਦੀ ਕੇਂਦਰੀ ਲੀਡਰਸ਼ਿਪ ਪਾਰਟੀ ਨੂੰ ਕੋਈ ਦਿਸ਼ਾ ਨਹੀਂ ਦੇ ਰਹੀ। ਰਾਹੁਲ ਗਾਂਧੀ ਦੇ ਪ੍ਰਧਾਨ ਦੇ ਅਹੁਦੇ ਤੋਂ ਅਸਤੀਫ਼ੇ ਤੋਂ ਬਾਅਦ ਸੋਨੀਆ ਗਾਂਧੀ ਨੂੰ ਅਸਥਾਈ ਰੂਪ ਵਿਚ ਪ੍ਰਧਾਨ ਬਣਾਇਆ ਗਿਆ ਹੈ ਪਰ ਸਿਹਤ ਤੇ ਹੋਰ ਕਾਰਨਾਂ ਕਰ ਕੇ ਉਹ ਪਾਰਟੀ ਨੂੰ 2004 ਵਰਗੀ ਅਗਵਾਈ ਨਹੀਂ ਦੇ ਸਕੀ। 23 ਆਗੂਆਂ ਨੇ ਪਾਰਟੀ ਪ੍ਰਧਾਨ ਨੂੰ ਚਿੱਠੀਆਂ ਲਿਖ ਕੇ ਇਸ ਸਬੰਧੀ ਚਿੰਤਾ ਪ੍ਰਗਟਾਈ ਸੀ ਪਰ ਕੇਂਦਰੀ ਲੀਡਰਸ਼ਿਪ ਨੇ ਉਨਾਂ ਦੇ ਸੁਝਾਵਾਂ ਬਾਰੇ ਕੋਈ ਠੋਸ ਕਦਮ ਨਹੀਂ ਚੁੱਕੇ। ਕਾਂਗਰਸ ਭਾਰੀ ਦੁਚਿੱਤੀ ਵਿਚ ਹੈ ਕਿ ਜੇ ਪ੍ਰਧਾਨ ਦਾ ਅਹੁਦਾ ਨਹਿਰੂ-ਗਾਂਧੀ ਪਰਿਵਾਰ ਤੋਂ ਬਾਹਰ ਜਾਂਦਾ ਹੈ ਤਾਂ ਪ੍ਰਧਾਨ ਕਿਸ ਨੂੰ ਬਣਾਇਆ ਜਾਵੇ। ਕੁਝ ਸਿਆਸੀ ਮਾਹਿਰਾਂ ਦਾ ਖ਼ਿਆਲ ਹੈ ਕਿ ਪਿਛਲੇ ਚਾਰ ਦਹਾਕਿਆਂ ਤੋਂ ਕਾਂਗਰਸ ਦੀ ਬਣਤਰ ਵਿਚ ਆਈਆਂ ਤਬਦੀਲੀਆਂ ਕਾਰਨ ਨਹਿਰੂ-ਗਾਂਧੀ ਪਰਿਵਾਰ ਹੀ ਪਾਰਟੀ ਦੀ ਏਕਤਾ ਨੂੰ ਕਾਇਮ ਰੱਖ ਸਕਦਾ ਹੈ ਜਦੋਂਕਿ ਕੁਝ ਹੋਰ ਮਾਹਿਰਾਂ ਅਨੁਸਾਰ ਰਾਹੁਲ ਅਤੇ ਪ੍ਰਿਯੰਕਾ ਗਾਂਧੀ ਅਜਿਹੇ ਪ੍ਰਤਿਭਾਸ਼ਾਲੀ ਆਗੂ ਨਹੀਂ ਹਨ ਜਿਹੜੇ ਪਾਰਟੀ ਦੀ ਅਗਵਾਈ ਕਰਨ। ਰਾਹੁਲ ਗਾਂਧੀ ਨੇ ਗੁਜਰਾਤ, ਕਰਨਾਟਕ, ਮੱਧ ਪ੍ਰਦੇਸ਼, ਰਾਜਸਥਾਨ, ਛੱਤੀਸਗੜ ਆਦਿ ਦੀਆਂ ਵਿਧਾਨ ਸਭਾ ਚੋਣਾਂ ਵਿਚ ਭਾਜਪਾ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਟੱਕਰ ਦਿੱਤੀ ਸੀ ਪਰ 2019 ਦੀਆਂ ਲੋਕ ਸਭਾ ਚੋਣਾਂ ਵਿਚ ਹੋਈ ਹਾਰ ਤੋਂ ਬਾਅਦ ਮੈਦਾਨ ਛੱਡ ਕੇ ਉਸ ਨੇ ਉਹ ਸਿਆਸੀ ਗੰਭੀਰਤਾ ਨਹੀਂ ਦਿਖਾਈ ਜਿਸ ਦੀ ਆਸ ਕੌਮੀ ਪੱਧਰ ਦੇ ਆਗੂ ਤੋਂ ਹੁੰਦੀ ਹੈ। ਜਮਹੂਰੀਅਤ ਵਿਚ ਵਿਰੋਧੀ ਪਾਰਟੀਆਂ ਦੀ ਭੂਮਿਕਾ ਬਹੁਤ ਅਹਿਮ ਹੁੰਦੀ ਹੈ। ਕਾਂਗਰਸ ਨੂੰ ਆਪਣੀਆਂ ਅੰਦਰੂਨੀ ਸਮੱਸਿਆਵਾਂ ਸੁਲਝਾ ਕੇ ਲੋਕਾਂ ਸਾਹਮਣੇ ਭਰੋਸੇਯੋਗ ਆਗੂਆਂ ਦੀ ਟੀਮ ਨਿਤਾਰਨੀ ਚਾਹੀਦੀ ਹੈ ਜੋ ਪਾਰਟੀ ਦੀ ਅਗਵਾਈ ਕਰਨ ਦੇ ਨਾਲ ਨਾਲ ਭਾਜਪਾ ਨੂੰ ਸੰਸਦ ਅਤੇ ਸੰਸਦ ਤੋਂ ਬਾਹਰ ਟੱਕਰ ਦੇ ਸਕੇ।

**ਪੰਜਾਬ ਸੰਕਟ ਤੋਂ ਹਾਈਕਮਾਂਡ ਚਿੰਤਤ**

ਕੇਰਲ ਅਤੇ ਆਸਾਮ ’ਚ ਪੂਰਾ ਜ਼ੋਰ ਲਗਾਉਣ ਦੇ ਬਾਅਦ ਮਿਲੀ ਹਾਰ ਤੋਂ ਸਬਕ ਲੈਂਦੇ ਹੋਏ ਕਾਂਗਰਸ ਹਾਈਕਮਾਨ ਨੇ ਪੰਜਾਬ ਨੂੰ ਬਚਾਉਣ ਲਈ ਯੋਜਨਾ ਬਣਾਈ ਹੈ। ਕਾਂਗਰਸ ਨੂੰ ਪੰਜਾਬ ’ਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਵਿਧਾਇਕ ਨਵਜੋਤ ਸਿੰਘ ਸਿੱਧੂ ਵਿਚਾਲੇ ਚੱਲ ਰਹੀ ਸਿਆਸੀ ਖਿੱਚੋਤਾਣ ਨਾਲ ਨੁਕਸਾਨ ਦਾ ਅੰਦਾਜ਼ਾ ਹੈ। ਪਾਰਟੀ ਹੁਣ ਪੰਜਾਬ ’ਚ ਆਪਣਾ ਘਰ ਸੰਭਾਲਣ ਦੀ ਕਵਾਇਦ ਸ਼ੁਰੂ ਕਰਨ ਜਾ ਰਹੀ ਹੈ।

ਕਾਂਗਰਸੀ ਸੂਤਰਾਂ ਦੇ ਅਨੁਸਾਰ ਪਾਰਟੀ ਹਾਈਕਮਾਨ ਇਸੇ ਮਹੀਨੇ ਦੇ ਦੂਜੇ ਜਾਂ ਤੀਜੇ ਹਫ਼ਤੇ ’ਚ ਇਕ-ਇਕ ਵਿਧਾਇਕ ਤੋਂ ਫੀਡਬੈਕ ਲੈਣ ਦਾ ਕੰਮ ਸ਼ੁਰੂ ਕਰੇਗੀ। ਵਿਧਾਇਕਾਂ ਨਾਲ ਗੱਲਬਾਤ ਦੌਰਾਨ ਪੰਜਾਬ ਸਰਕਾਰ ਦੇ ਪ੍ਰਦਰਸ਼ਨ, ਉਨਾਂ ਦੇ ਆਪਣੇ ਹਲਕੇ ਦੀ ਸਥਿਤੀ ਦੇ ਇਲਾਵਾ, ਵਿਰੋਧੀ ਧਿਰ ਦੀ ਸਥਿਤੀ ਅਤੇ ਇਸ ਦੇ ਨਾਲ ਹੀ ਨਵਜੋਤ ਸਿੱਧੂ ਅਤੇ ਕੈਪਟਨ ਅਮਰਿੰਦਰ ਸਿੰਘ ਦੇ ਬਾਰੇ ਵਿਚ ਵਿਧਾਇਕਾਂ ਦੀ ਰਾਏ ਲਈ ਜਾਵੇਗੀ। ਇਸ ਤੋਂ ਪਹਿਲਾਂ 5 ਸੂਬਿਆਂ ਦੀਆਂ ਚੋਣਾਂ ’ਚ ਰੁੱਝੇ ਹੋਣ ਕਾਰਨ ਪਾਰਟੀ ਹਾਈਕਮਾਨ ਦਾ ਪੰਜਾਬ ’ਤੇ ਫੋਕਸ ਨਹੀਂ ਬਣ ਪਾਇਆ ਸੀ ਪਰ ਹੁਣ ਚੋਣ ਨਤੀਜੇ ਆਉਣ ਦੇ ਬਾਅਦ ਪਾਰਟੀ ਨੂੰ ਪੰਜਾਬ ਦੀ ਚਿੰਤਾ ਸਤਾਉਣ ਲੱਗੀ ਹੈ।

ਹਾਲਾਂਕਿ ਕੈਪਟਨ ਅਮਰਿੰਦਰ ਆਪਣੇ ਪੱਧਰ ’ਤੇ ਖ਼ੁਦ ਨਵਜੋਤ ਸਿੰਘ ਸਿੱਧੂ ਨੂੰ ਪਟਿਆਲਾ ਤੋਂ ਚੋਣ ਲੜਨ ਦੀ ਚੁਣੌਤੀ ਦੇ ਚੁੱਕੇ ਹਨ ਪਰ ਕਾਂਗਰਸ ਹਾਈਕਮਾਨ ਸਿੱਧੂ ਅਤੇ ਕੈਪਟਨ ਅਮਰਿੰਦਰ ਸਿੰਘ ਨੂੰ ਲੈ ਕੇ ਜਲਦਬਾਜ਼ੀ ’ਚ ਕੋਈ ਫ਼ੈਸਲਾ ਨਹੀਂ ਕਰਨਾ ਚਾਹੁੰਦੀ। ਹਾਈਕਮਾਨ ਦੀ ਕੋਸ਼ਿਸ਼ ਕੈਪਟਨ ਅਤੇ ਸਿੱਧੂ ਦੋਹਾਂ ਨੂੰ ਨਾਲ ਰੱਖਣ ਦੀ ਹੈ ਅਤੇ ਅੰਤਿਮ ਫ਼ੈਸਲਾ ਵਿਧਾਇਕਾਂ ਦੀ ਫੀਡ ਬੈਕ ਦੇ ਬਾਅਦ ਹੀ ਲਿਆ ਜਾਵੇਗਾ।

**ਬਾਕੀ ਸਫ਼ਾ 31 ’ਤੇ**

# ਸਿੱਧੂ ਦਾ ਕਾਂਗਰਸ ਵਿਚ ਸਿਆਸੀ ਭਵਿੱਖ ਹੋ ਸਕਦਾ ਖ਼ਤਮ

## ✪ ਸਮੁੱਚੀ ਪੰਜਾਬ ਕਾਂਗਰਸ ਕੈਪਟਨ ਦੀ ਪਿੱਠ 'ਤੇ ਖਲੌਤੀ ✪ ਬੰਗਾਲ, ਅਸਾਮ ਦੀ ਹਾਰ ਕਾਰਨ ਰਾਹੁਲ ਗਾਂਧੀ ਕਮਜ਼ੋਰ ✪ ਵਿਧਾਇਕ ਪ੍ਰਗਟ ਸਿੰਘ ਸਿੱਧੂ ਦੇ ਸਾਥੀ ਬਣੇ



**ਬਘੇਲ ਸਿੰਘ ਪੱਤਰਕਾਰ**

**99142-58142**

ਚਾਰ ਸੂਬਿਆਂ ਦੇ ਚੋਣ ਨਤੀਜਿਆਂ ਕਾਰਨ ਕਾਂਗਰਸ ਹਾਈਕਮਾਨ, ਖਾਸ ਤੌਰ 'ਤੇ ਰਾਹੁਲ ਗਾਂਧੀ ਨੂੰ ਮਜ਼ਬੂਤੀ ਮਿਲਣੀ ਸੀ ਪਰ ਕਾਂਗਰਸ ਉਸ ਕੇਰਲ ਵਿਚ ਵੀ ਹਾਰ ਗਈ ਜਿਥੇ ਹਰ 5 ਸਾਲ ਬਾਅਦ ਸੱਤਾ ਦੀ ਤਬਦੀਲੀ ਦਾ ਇਤਿਹਾਸ ਰਿਹਾ ਹੈ। ਕੇਰਲ 'ਚ ਧੂਆਂਧਾਰ ਪ੍ਰਚਾਰ ਦੇ ਬਾਵਜੂਦ ਉਹ ਕਾਂਗਰਸ ਦੇ ਗਠਜੋੜ ਨੂੰ ਜਿੱਤ ਨਹੀਂ ਦਿਵਾ ਸਕੇ। ਕਾਂਗਰਸ ਦੀ ਇਸ ਹਾਰ ਕਾਰਨ ਯਕੀਨੀ ਤੌਰ 'ਤੇ ਪਾਰਟੀ 'ਚ ਰਾਹੁਲ ਦੀ ਸਥਿਤੀ ਕਮਜ਼ੋਰ ਹੋਈ ਹੈ। ਉਨਾਂ ਨੂੰ ਹੁਣ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀਆਂ ਸ਼ਰਤਾਂ ਮੁਤਾਬਿਕ ਚੱਲਣਾ ਹੋਵੇਗਾ।

ਹੁਣ ਤੱਕ ਸਿੱਧੂ ਨੂੰ ਅਹਿਮੀਅਤ ਦਿੰਦੀ ਆ ਰਹੀ ਹਾਈਕਮਾਨ ਲਈ ਹੁਣ ਉਨਾਂ ਨੂੰ ਵਧੇਰੇ ਦੇਰ ਤੱਕ ਅਹਿਮੀਅਤ ਦੇਣੀ ਸੌਖੀ ਨਹੀਂ ਹੋਵੇਗੀ। ਸਿੱਧੂ ਜੇ ਪੰਜਾਬ ਕਾਂਗਰਸ 'ਚ ਟਿਕੇ ਰਹਿਣਾ ਚਾਹੁੰਣਗੇ ਤਾਂ ਉਨਾਂ ਨੂੰ ਕੈਪਟਨ ਮੁਤਾਬਿਕ ਕੰਮ ਕਰਨਾ ਹੋਵੇਗਾ। ਸਿੱਧੂ ਨੂੰ ਵਧੇਰੇ ਅਹਿਮੀਅਤ ਦੇ ਕੇ ਕੈਪਟਨ ਖੁਦ ਲਈ ਸਿਆਸੀ ਖਾਈ ਨਹੀਂ ਪੁੱਟਣਾ ਚਾਹੁੰਣਗੇ। ਅਜਿਹੀ ਹਾਲਤ 'ਚ ਸਿੱਧੂ ਦੇ ਸਾਹਮਣੇ ਕਾਂਗਰਸ ਤੋਂ ਵਿਦਾਇਗੀ ਤੋਂ ਇਲਾਵਾ ਕੋਈ ਹੋਰ ਸਿਆਸੀ ਰਾਹ ਨਹੀਂ ਬਚੇਗਾ। ਕੈਪਟਨ ਨੇ ਕਦੇ ਵੀ ਖੁੱਲ ਕੇ ਗਾਂਧੀ ਪਰਿਵਾਰ ਦਾ ਵਿਰੋਧ ਨਹੀਂ ਕੀਤਾ ਹੈ। ਉਹ ਰਾਹੁਲ ਨੂੰ ਕਾਂਗਰਸ ਪ੍ਰਧਾਨ ਬਣਾਉਣ ਦੀ ਹਮਾਇਤ ਕਰਨ ਵਾਲੇ ਮੁੱਖ ਮੰਤਰੀਆਂ 'ਚ ਸ਼ਾਮਲ ਰਹੇ ਹਨ ਪਰ ਇਸ ਦੇ ਬਦਲੇ ਉਹ ਪੰਜਾਬ 'ਚ ਕਾਂਗਰਸ ਹਾਈਕਮਾਨ ਵੱਲੋਂ ਕਿਸੇ ਤਰਾਂ ਦਾ ਦਖਲ ਨਹੀਂ ਚਾਹੁੰਦੇ। ਉਹ ਪੰਜਾਬ 'ਚ ਪਾਰਟੀ ਪ੍ਰਧਾਨ ਵੀ ਆਪਣੀ ਮਰਜ਼ੀ ਦਾ ਹੀ ਚਾਹੁੰਦੇ ਹਨ। ਨਾਲ ਹੀ ਪਾਰਟੀ ਦਾ ਇੰਚਾਰਜ ਵੀ, ਟਿਕਟਾਂ ਦੀ ਵੰਡ ਤੋਂ ਲੈ ਕੇ ਚੋਣ ਪ੍ਰਚਾਰ ਇੰਚਾਰਜ ਅਤੇ ਚੋਣ ਪ੍ਰਚਾਰ ਮੁਹਿੰਮ ਤਕ ਸਭ ਕੁਝ ਉਹ ਆਪਣੇ ਹਿਸਾਬ ਨਾਲ ਚਲਾਉਣਾ ਚਾਹੁੰਦੇ ਹਨ।

ਅਸਲ 'ਚ 4 ਸੂਬਿਆਂ ਅਤੇ ਯੂ. ਟੀ. ਪੁੱਡੂਚੇਰੀ ਦੇ ਚੋਣ ਨਤੀਜਿਆਂ ਬਾਰੇ ਕੈਪਟਨ ਨੂੰ ਪਹਿਲਾਂ ਤੋਂ ਹੀ ਅੰਦਾਜ਼ਾ ਹੋ ਗਿਆ ਸੀ। ਇਸੇ ਕਾਰਨ ਉਨਾਂ ਸਿੱਧੂ ਬਾਰੇ ਆਪਣਾ ਰੁੱਖ



ਹਮਲਾਵਰ ਕਰ ਲਿਆ। ਉਨਾਂ ਸਿੱਧੂ ਨੂੰ ਸਿਆਸੀ ਹੈਸੀਅਤ ਦੱਸਣ ਲਈ ਪਟਿਆਲਾ ਤੋਂ ਹੀ ਚੋਣ ਲੜਨ ਦੀ ਚੁਣੌਤੀ ਦੇ ਦਿੱਤੀ ਹੈ। ਦੂਜੇ ਪਾਸੇ ਸਿੱਧੂ ਨੇ ਕੈਪਟਨ ਨੂੰ 2016 ਵਿਚ ਦਿੱਤਾ ਬਿਆਨ ਯਾਦ ਕਰਵਾਇਆ ਹੈ। ਸਿੱਧੂ ਨੇ ਕਿਹਾ ਹੈ ਕਿ ਵੱਡੇ-ਵੱਡੇ ਵਾਅਦੇ ਤਾਂ ਕੀਤੇ ਪਰ ਨਿਕਲਿਆ ਕੁੱਝ ਵੀ ਨਹੀਂ। ਦਰਅਸਲ ਸਿੱਧੂ ਨੇ ਸੋਸ਼ਲ ਮੀਡੀਆ 'ਤੇ 20 16 ਅਤੇ 2021 ਦੀ ਆਡਿਟ ਕੀਤੀ ਹੋਈ ਵੀਡੀਓ ਸਾਂਝੀ ਕੀਤੀ ਹੈ। 2016 ਦੀ ਇਸ ਵੀਡੀਓ ਵਿਚ ਕੈਪਟਨ ਅਮਰਿੰਦਰ ਸਿੰਘ ਆਖ ਰਹੇ ਹਨ ਕਿ ਜੇਕਰ ਉਨਾਂ ਦੀ ਪੰਜਾਬ ਵਿਚ ਸਰਕਾਰ ਬਣਦੀ ਹੈ ਤਾਂ ਉਹ ਬਹਿਬਲ ਕਲਾਂ ਅਤੇ ਬੇਅਦਬੀ ਦੀ ਜਾਂਚ ਕਰਵਾਉਣਗੇ ਅਤੇ ਇਸ ਵਿਚ ਬਾਦਲ ਦੋਸ਼ੀ ਨਿਕਲਣਗੇ। ਮੁੱਖ ਮੰਤਰੀ ਆਖ ਰਹੇ ਹਨ ਕਿ ਬਾਦਲਾਂ ਨੇ ਬਰਗਾੜੀ ਵਿਚ ਗੋਲ਼ੀ ਚਲਵਾਈ ਸੀ ਜਿਸ ਵਿਚ ਦੋ ਨੌਜਵਾਨਾਂ ਦੀ ਮੌਤ ਹੋ ਗਈ। ਵੀਡੀਓ ਵਿਚ ਕੈਪਟਨ ਕਹਿ ਰਹੇ ਹਨ ਕਿ ਬਰਗਾੜੀ 'ਚ ਪੁਲਿਸ ਨੂੰ ਗੋਲ਼ੀ ਚਲਾਉਣ ਦਾ ਹੁਕਮ ਐੱਸ. ਪੀ. ਨੇ ਦਿੱਤਾ ਸੀ ਪਰ ਐੱਸ. ਪੀ. ਨੂੰ ਹੁਕਮ ਮੁੱਖ ਮੰਤਰੀ ਨੇ ਦਿੱਤਾ ਸੀ।

ਇਸ ਤੋਂ ਇਲਾਵਾ ਇਸੇ ਵੀਡੀਓ ਵਿਚ 2021 ਦੀ ਇਕ ਹੋਰ ਵੀਡੀਓ ਜੋੜੀ ਗਈ ਹੈ, ਜਿਸ ਵਿਚ ਮੁੱਖ ਮੰਤਰੀ ਆਖ ਰਹੇ ਹਨ ਕਿ ਇਹ ਹੁਣ ਕਹਿਣ ਦੀਆਂ ਗੱਲਾਂ ਹਨ ਕਿ ਬਾਦਲਾਂ ਨੂੰ ਫੜ ਕੇ ਅੰਦਰ ਦੇ ਦਿਓ। ਉਹ ਏਦਾਂ ਕਿੱਦਾਂ ਕਿਸੇ ਨੂੰ ਫੜ ਕੇ ਅੰਦਰ ਕਰ ਸਕਦੇ ਹਨ। ਉਹ ਸਿਰਫ ਐੱਸ. ਆਈ. ਟੀ. ਬਣਾ ਸਕਦੇ ਹਨ ਕਿ ਪਰ ਐੱਸ. ਆਈ. ਟੀ. ਦੇ ਕੰਮ ਵਿਚ ਦਖ਼ਲ ਨਹੀਂ ਕਰ ਸਕਦੇ।

ਇਸ ਤੋਂ ਇਲਾਵਾ ਸਿੱਧੂ ਨੇ ਸੋਸ਼ਲ ਮੀਡੀਆ 'ਤੇ ਕਿਹਾ ਹੈ ਕਿ ਪੰਜਾਬ ਦੇ ਲੋਕਾਂ ਨੇ ਹਾਈਕੋਰਟ ਦੇ ਜੱਜ ਨੂੰ ਨਹੀਂ ਚੁਣਿਆ, ਫ਼ੈਸਲੇ ਨੂੰ ਗ਼ਲਤ ਆਖਣਾ ਹੀ ਕਾਫੀ ਨਹੀਂ, ਨਾਕਾਮੀ ਸਰਕਾਰੀ ਕਾਰਜਕਾਰੀ ਅਥਾਰਟੀ ਦੀ ਹੈ। ਉਨਾਂ ਕਿਹਾ ਕਿ ਮੇਰਾ ਸਟੈਂਡ ਕੱਲ, ਅੱਜ ਤੇ ਆਉਣ ਵਾਲੇ ਕੱਲ ਨੂੰ ਵੀ ਇਹੀ ਰਹੇਗਾ। ਪੰਜਾਬ ਦੀ ਰੂਹ ਲਈ ਇਨਸਾਫ਼। ਬਾਦਲਾਂ ਨੂੰ ਪੰਥ 'ਚੋਂ ਛੇਕਣ ਲਈ ਉਹ ਅਕਾਲ ਤਖ਼ਤ ਦੇ ਜੱਥੇਦਾਰ ਸਾਹਿਬ ਨੂੰ ਸਾਲ 2018 'ਚ ਚਿੱਠੀ ਲਿਖ ਚੁੱਕੇ ਹਨ। ਕਾਂਗਰਸ ਨੇ ਉੱਤਰਾਖੰਡ ਦੇ ਸਾਬਕਾ ਮੁੱਖ ਮੰਤਰੀ ਹਰੀਸ਼ ਰਾਵਤ ਨੂੰ ਪੰਜਾਬ ਦਾ ਇੰਚਾਰਜ ਬਣਾ ਕੇ ਨਵਜੋਤ ਸਿੱਧੂ ਦੇ ਮੁੜ ਵਸੇਬੇ ਲਈ ਭੇਜਿਆ ਸੀ। ਰਾਵਤ ਦੇ ਸਭ ਯਤਨਾਂ ਦੇ ਬਾਵਜੂਦ ਅਮਰਿੰਦਰ ਸਿੰਘ ਨੇ ਸਿੱਧੂ ਦੀ ਮੁੜ ਏਕਤਾ ਨਹੀਂ ਹੋਈ । ਕੈਪਟਨ ਅਮਰਿੰਦਰ ਸਿੰਘ ਕਾਰਨ ਸਿੱਧੂ ਨਾ ਤਾਂ ਉਪ ਮੁੱਖ ਮੰਤਰੀ ਬਣ ਸਕੇ ਅਤੇ ਨਾ ਹੀ ਉਨਾਂ ਨੂੰ ਸੂਬਾਈ ਇੰਚਾਰਜ ਬਣਾਇਆ ਗਿਆ। ਉਲਟਾ ਸਿੱਧੂ ਦੀਆਂ ਸੋਸ਼ਲ ਮੀਡੀਆ ਪੋਸਟਸ ਨੂੰ ਆਧਾਰ ਬਣਾ ਕੇ ਉਨਾਂ ਵਿਰੁੱਧ ਅਨੁਸ਼ਾਸਨਾਤਮਿਕ ਕਾਰਵਾਈ ਕਰਨ ਦੀ ਵੱਖਰੀ ਤਿਆਰੀ ਕੀਤੀ ਗਈ ਹੈ। ਅਸਲ 'ਚ ਕੈਪਟਨ ਨੂੰ ਉਮੀਦ ਹੈ ਕਿ ਅਗਲੇ ਸਾਲ ਚੋਣਾਂ 'ਚ ਕਾਂਗਰਸ ਲਗਾਤਾਰ ਦੂਜੀ ਵਾਰ ਸੱਤਾ 'ਚ ਆ ਸਕਦੀ ਹੈ। ਉਦੋਂ ਉਨਾਂ ਨੂੰ ਚੁਣੌਤੀ ਦੇਣ ਵਾਲਾ ਕੋਈ ਨੇਤਾ ਨਹੀਂ ਹੋਣਾ ਚਾਹੀਦਾ। ਕੈਪਟਨ ਨੂੰ ਲੱਗ ਰਿਹਾ ਹੈ ਕਿ ਸਿੱਧੂ ਉਨਾਂ ਦੇ ਰਾਹ 'ਚ ਰੋੜੇ ਅਟਕਾ ਸਕਦੇ ਹਨ। ਇਹੀ ਕਾਰਨ ਹੈ ਕਿ ਉਨਾਂ ਸਿੱਧੂ ਨੂੰ ਵੀ ਕੋਈ ਵੀ ਅਹੁਦਾ ਦੇਣ ਤੋਂ ਨਾਂਹ ਕਰ ਦਿੱਤੀ ਹੈ।

ਕੈਪਟਨ ਨਾਲ ਕਾਂਗਰਸੀ ਮੰਤਰੀ ਤੇ ਵਿਧਾਇਕ, ਸਿੱਧੂ ਤੋਂ ਬਣਾਈ ਦੂਰੀ

ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਸਾਬਕਾ ਮੰਤਰੀ ਨਵਜੋਤ ਸਿੰਘ ਸਿੱਧੂ ਦਰਮਿਆਨ ਸ਼ੁਰੂ ਹੋਈ ਸੀਤ ਜੰਗ ਨੂੰ ਦੇਖਦਿਆਂ ਕਾਂਗਰਸੀ ਮੰਤਰੀਆਂ ਤੇ ਵਿਧਾਇਕਾਂ ਨੇ ਸਿੱਧੂ ਤੋਂ ਦੂਰੀ ਬਣਾ ਲਈ ਹੈ। ਕਾਂਗਰਸੀ ਸੂਤਰਾਂ ਅਨੁਸਾਰ ਕੈਪਟਨ ਨੇ ਸਿੱਧੂ ਵਲੋਂ ਬਰਗਾੜੀ ਤੇ ਬਹਿਬਲ ਕਲਾਂ ਪੁਲਸ ਫਾਇਰਿੰਗ ਅਤੇ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਦੀਆਂ ਘਟਨਾਵਾਂ ਨੂੰ ਦੇਖਦਿਆਂ ਉਨਾਂ ਖ਼ਿਲਾਫ਼ ਕੀਤੀ ਗਈ ਬਿਆਨਬਾਜ਼ੀ ਤੋਂ ਬਾਅਦ ਜਵਾਬੀ ਸਿਆਸੀ ਵਾਰ ਕੀਤਾ ਹੈ।

ਸਿੱਧੂ ਨਾਲ ਇਸ ਵੇਲੇ ਵਿਧਾਇਕ ਪਰਗਟ ਸਿੰਘ ਹੀ ਖੁੱਲ ਕੇ ਸਾਹਮਣੇ ਆਏ ਹਨ। ਕੈਪਟਨ ਦਾ ਖੇਮਾ ਵੀ ਪੂਰੀ ਤਰਾਂ ਸਿੱਧੂ ਨੂੰ ਮਿਲਣ ਵਾਲਿਆਂ 'ਤੇ ਨਜ਼ਰ ਰੱਖ ਰਿਹਾ ਹੈ। ਹੁਣ ਕਿਉਂਕਿ ਵਿਧਾਨ ਸਭਾ ਚੋਣਾਂ ਦੇ ਨਤੀਜੇ ਆ ਚੁੱਕੇ ਹਨ, ਇਸ ਲਈ ਮੁੱਖ ਮੰਤਰੀ ਵਲੋਂ ਅਗਲੇ ਕੁਝ ਦਿਨਾਂ ਵਿਚ ਸਿੱਧੂ ਦੀ ਬਿਆਨਬਾਜ਼ੀ ਦਾ ਮਾਮਲਾ ਕਾਂਗਰਸੀ ਲੀਡਰਸ਼ਿਪ ਸਾਹਮਣੇ ਚੁੱਕਿਆ ਜਾ ਸਕਦਾ ਹੈ। ਅਜੇ ਤਕ ਕੇਂਦਰੀ ਲੀਡਰਸ਼ਿਪ ਨੇ ਇਸ ਮਾਮਲੇ ਵਿਚ ਕੋਈ ਦਖ਼ਲ ਨਹੀਂ ਦਿੱਤਾ।

ਪੰਜਾਬ ਕਾਂਗਰਸ ਮਾਮਲਿਆਂ ਦੇ ਇੰਚਾਰਜ ਹਰੀਸ਼ ਰਾਵਤ ਨੇ ਵੀ ਚੁੱਪ ਵੱਟੀ ਹੋਈ ਹੈ ਪਰ ਇਸ ਵਾਰ ਕੈਪਟਨ ਸਿੱਧੂ ਨਾਲ ਆਰ-ਪਾਰ ਦੀ ਲੜਾਈ ਲੜਨ ਦੇ ਰੌਂਅ ਵਿਚ ਆ ਚੁੱਕੇ ਹਨ। ਪੰਜਾਬ ਕਾਂਗਰਸ ਕਮੇਟੀ ਦੇ ਪ੍ਰਧਾਨ ਸੁਨੀਲ ਜਾਖੜ ਤੇ ਹੋਰ ਕਾਂਗਰਸੀ ਮੰਤਰੀਆਂ ਨੇ ਵੀ ਸਿੱਧੂ ਦੇ ਮਾਮਲੇ 'ਚ ਮੁੱਖ ਮੰਤਰੀ ਨੂੰ ਪੂਰਾ ਸਮਰਥਨ ਦਿੱਤਾ ਹੈ।

# ਚੋਣ ਨਤੀਜੇ ਕਿਸਾਨਾਂ ਦੇ ਅੰਦੋਲਨ ਦੀ ਨੈਤਿਕ ਜਿੱਤ ਅਤੇ ਭਾਜਪਾ ਦੀ ਸਿਆਸੀ ਹਾਰ : ਸੰਯੁਕਤ ਕਿਸਾਨ ਮੋਰਚਾ

**ਨਵੀਂ ਦਿੱਲੀ/ਏ.ਟੀ.ਨਿਊਜ਼ :-** ਸੰਯੁਕਤ ਕਿਸਾਨ ਮੋਰਚਾ ਦੇ ਆਗੂਆਂ ਨੇ ਪੱਛਮੀ ਬੰਗਾਲ, ਤਾਮਿਲਨਾਡੂ ਅਤੇ ਕੇਰਲ ਰਾਜ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਖਿਲਾਫ ਦਿੱਤੇ ਲੋਕ ਫ਼ਤਵੇ ਦਾ ਸਵਾਗਤ ਕੀਤਾ ਹੈ, ਜਿਸ ਦੇ ਨਤੀਜੇ ਸਾਹਮਣੇ ਆਏ ਹਨ । ਉਨਾਂ ਕਿਹਾ ਕਿ ਇਹ ਸਪੱਸ਼ਟ ਹੈ ਕਿ ਜਨਤਾ ਨੇ ਭਾਜਪਾ ਦੀ ਫੁੱਟ ਪਾਉਣ ਵਾਲੀ ਫਿਰਕੂ ਰਾਜਨੀਤੀ ਨੂੰ ਰੱਦ ਕਰ ਦਿੱਤਾ ਹੈ । ਗੰਭੀਰ ਸੰਕਟ ਦੇ ਸਮੇਂ, ਜਦੋਂ ਦੇਸ਼ ਆਪਣੇ ਸਿਹਤ ਸੰਭਾਲ ਬੁਨਿਆਦੀ ਢਾਂਚੇ ਦੇ ਮਾਮਲੇ ਵਿਚ ਤਬਾਹੀ ਦਾ ਸਾਹਮਣਾ ਕਰ ਰਿਹਾ ਹੈ, ਬਹੁਤ ਸਾਰੇ ਨਿਰਦੋਸ਼ ਨਾਗਰਿਕ ਬਹੁਤ ਸਾਰੀਆਂ ਯੋਜਨਾਵਾਂ ਦੀ ਘਾਟ ਕਾਰਨ ਇਸ ਸਰਕਾਰ ਦਾ ਸ਼ਿਕਾਰ ਹੋ ਰਹੇ ਹਨ, ਅਤੇ ਇਕ ਸਮੇਂ ਜਦੋਂ ਲੋਕ ਇਕ ਵੱਡੇ ਰੋਜ਼ੀ-ਰੋਟੀ ਦੇ ਸੰਕਟ ਦਾ ਸਾਹਮਣਾ ਕਰ ਰਹੇ ਹਨ, ਭਾਜਪਾ ਨੇ ਆਪਣਾ ਫਿਰਕੂ ਧਰੁਵੀਕਰਨ ਏਜੰਡਾ ਫੈਲਾਉਣ ਦੀ ਕੋਸ਼ਿਸ਼ ਕੀਤੀ। ਭਾਜਪਾ ਨੇ ਸੰਸਥਾਗਤ ਹਮਲਿਆਂ ਅਤੇ ਚੋਣ ਕਮਿਸ਼ਨ ਦੀ ਮਿਲੀਭੁਗਤ ਨਾਲ ਚੋਣ ਜਿੱਤਣ ਦੀ ਕੋਸ਼ਿਸ਼ ਕੀਤੀ। ਚੋਣ ਕਮਿਸ਼ਨ ਦੀ ਅਨੈਤਿਕ ਅਤੇ ਗੈਰ ਕਾਨੂੰਨੀ ਸਹਾਇਤਾ ਅਤੇ ਚੋਣ ਮੁਹਿੰਮਾਂ ਵਿਚ ਵੱਡੇ ਸਰੋਤਾਂ ਦੇ ਖਰਚੇ ਦੇ ਬਾਵਜੂਦ, ਇਨਾਂ ਰਾਜਾਂ ਵਿਚ ਭਾਜਪਾ ਦੀ ਹਾਰ ਦਰਸਾਉਂਦੀ ਹੈ ਕਿ ਨਾਗਰਿਕਾਂ ਨੇ ਭਾਜਪਾ ਅਤੇ ਇਸ ਦੇ ਸਹਿਯੋਗੀ ਪਾਰਟੀਆਂ ਦੇ ਇਸ ਏਜੰਡੇ ਨੂੰ ਰੱਦ ਕਰ ਦਿੱਤਾ ਹੈ।

ਜ਼ਿਕਰਯੋਗ ਹੈ ਕਿ ਮੁਜ਼ਾਹਰਾਕਾਰੀ ਕਿਸਾਨ ਪਹਿਲਾਂ ਹੀ ਸਪੱਸ਼ਟ ਕਰ ਚੁੱਕੇ ਹਨ ਕਿ ਭਾਜਪਾ ਦਾ ਫਿਰਕੂ ਧਰੁਵੀਕਰਨ ਏਜੰਡਾ ਅਸਵੀਕਾਰਨਯੋਗ ਹੈ, ਦੇਸ਼ ਦੇ ਸੈਕੂਲਰ ਤਾਣੇ-ਬਾਣੇ ਦੇ ਨਾਲ-ਨਾਲ ਆਪਣੀ ਰੋਜ਼ੀ-ਰੋਟੀ ਦੀ ਰੱਖਿਆ ਕਰਨਾ ਨਾਗਰਿਕਾਂ ਦਾ ਸਾਂਝਾ ਸੰਘਰਸ਼ ਹੈ। ਬਲਵੀਰ ਸਿੰਘ ਰਾਜੇਵਾਲ, ਹੰਨਨ ਮੌਲਾ, ਜੋਗਿੰਦਰ ਸਿੰਘ ਉਗਰਾਹਾਂ, ਜਗਜੀਤ ਸਿੰਘ ਡਲੇਵਾਲ, ਗੁਰਨਾਮ ਸਿੰਘ ਚੜੂਨੀ, ਯੋਗੇਂਦਰ ਯਾਦਵ, ਯੁੱਧਵੀਰ ਸਿੰਘ, ਅਭਿਮਨਯੂ ਕੋਹਾੜ ਅਤੇ ਡਾ. ਦਰਸ਼ਨ ਪਾਲ ਵਲੋਂ ਮੀਡੀਆ ਨੂੰ ਜਾਰੀ ਕੀਤੇ ਬਿਆਨ ਵਿਚ ਕਿਹਾ ਗਿਆ ਕਿ ਵੱਖ-ਵੱਖ ਰਾਜਾਂ ਦੇ ਵੋਟਰਾਂ ਨੇ ਭਾਜਪਾ ਨੂੰ ਸਜ਼ਾ ਦੇਣ ਲਈ ਕਿਸਾਨ ਮੋਰਚੇ ਦੀ ਮੁਹਿੰਮ ਨੂੰ ਸਫਲ ਬਣਾਇਆ ਹੈ। ਭਾਜਪਾ ਦਾ ਇਹ ਏਜੰਡਾ ਪੂਰੀ ਤਰਾਂ ਅਸਫਲ ਹੋ ਗਿਆ ਹੈ ਜਿਸ ਵਿੱਚ ਉਨਾਂ ਨੇ ਨਾਗਰਿਕਾਂ ਦੀ ਰੋਜ਼ੀ-ਰੋਟੀ ਦੇ ਮੁੱਦੇ ਬਣਾਉਣ ਦੀ ਕੋਸ਼ਿਸ਼ ਕੀਤੀ ਹੈ। ਕਿਸਾਨ ਵਿਰੋਧੀ ਕੇਂਦਰੀ ਖੇਤੀਬਾੜੀ ਕਾਨੂੰਨ ਅਤੇ ਮਜ਼ਦੂਰ ਵਿਰੋਧੀ ਮਜ਼ਦੂਰ ਵਿਰੋਧੀ ਚੋਣ ਨੂੰ ਕੋਈ ਮੁੱਦਾ ਨਹੀਂ। ਅਸੀਂ ਬੰਗਾਲ ਅਤੇ ਹੋਰ ਰਾਜਾਂ ਦੇ ਨਾਗਰਿਕਾਂ ਨੂੰ ਕਿਸਾਨੀ ਸਹਾਇਤਾ ਕਰਨ ਲਈ ਵਧਾਈ ਦਿੰਦੇ ਹਾਂ। ਅਸੀਂ ਹੁਣ ਭਾਰਤ ਭਰ ਦੇ ਕਿਸਾਨਾਂ ਨੂੰ ਅਪੀਲ ਕਰਦੇ ਹਾਂ ਕਿ ਉਹ ਆਪਣੇ ਵਿਰੋਧ ਨੂੰ ਮਜ਼ਬੂਤ ਕਰਨ ਅਤੇ ਵੱਡੀ ਗਿਣਤੀ ਵਿੱਚ ਅੰਦੋਲਨ ਵਿੱਚ ਸ਼ਾਮਲ ਹੋਣ। ਇਹ ਅੰਦੋਲਨ ਲੋਕਤੰਤਰੀ ਕਦਰਾਂ ਕੀਮਤਾਂ ਦਾ ਪ੍ਰਚਾਰ ਕਰਦਾ ਰਹੇਗਾ ਜੋ ਸਾਡੇ ਸੰਵਿਧਾਨ ਦੀ ਰੱਖਿਆ ਕਰਦਾ ਹੈ ਅਤੇ ਇਸ ਦੇ ਉਦੇਸ਼ਾਂ ਨੂੰ ਪੂਰਾ ਕਰਦਾ ਹੈ।

ਹੁਣ ਭਾਜਪਾ ਦੀ ਇਹ ਨੈਤਿਕ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਅੱਜ ਦੇ ਨਤੀਜਿਆਂ ਨੂੰ ਸਵੀਕਾਰ ਕਰੇ ਅਤੇ ਤਿੰਨ ਖੇਤੀਬਾੜੀ ਕਾਨੂੰਨਾਂ ਨੂੰ ਰੱਦ ਕਰੇ ਅਤੇ ਕਿਸਾਨਾਂ ਨਾਲ



ਗੱਲਬਾਤ ਕਰੇ ਅਤੇ ਐਮਐਸਪੀ ਨੂੰ ਕਾਨੂੰਨੀ ਗਰੰਟੀ ਦੇਵੇ। ਅਸੀਂ ਇਕ ਵਾਰ ਫਿਰ ਸਪੱਸ਼ਟ ਕਰ ਰਹੇ ਹਾਂ ਕਿ ਕਿਸਾਨਾਂ ਦਾ ਇਹ ਅੰਦੋਲਨ ਉਦੋਂ ਤੱਕ ਖਤਮ ਨਹੀਂ ਹੋਵੇਗਾ ਜਦੋਂ ਤੱਕ ਮੰਗਾਂ 'ਤੇ ਸਹਿਮਤੀ ਨਹੀਂ ਬਣ ਜਾਂਦੀ। ਇਸ ਦੇ ਨਾਲ ਹੀ ਭਾਜਪਾ ਅਤੇ ਉਸ ਦੇ ਸਹਿਯੋਗੀ ਪਾਰਟੀਆਂ ਦਾ ਬਾਈਕਾਟ ਵੀ ਜਾਰੀ ਰਹੇਗਾ। ਸਰਕਾਰ ਕਿਸਾਨਾਂ-ਮਜ਼ਦੂਰਾਂ ਨੂੰ ਆਪਣਾ ਦੁਸ਼ਮਣ ਬਣਾਉਣ ਦੀ ਬਜਾਏ ਕੋਰੋਨਾ ਮਹਾਂਮਾਰੀ ਅਤੇ ਹੋਰ ਆਰਥਿਕ ਸੰਕਟ ਨਾਲ ਲੜੇ। ਸੰਯੁਕਤ ਕਿਸਾਨ ਮੋਰਚਾ ਦੀ 9 ਮੈਂਬਰੀ ਕੋਰ ਕਮੇਟੀ ਨੇ ਨੌਜਵਾਨ ਕਾਰਕੁੰਨ ਮੋਮਿਤਾ ਬਾਸੂ ਦੇ ਅਚਾਨਕ ਦੇਹਾਂਤ 'ਤੇ ਸੋਗ ਪ੍ਰਗਟ ਕੀਤਾ ਹੈ। ਪੱਛਮੀ ਬੰਗਾਲ ਤੋਂ ਕਿਸਾਨਾਂ ਦੇ ਧਰਨੇ 'ਤੇ ਆਈ ਮੋਮਿਤਾ ਲਗਾਤਾਰ ਕਿਸਾਨ ਮੋਰਚਿਆਂ 'ਤੇ ਅੜੀ ਰਹੀ। ਉਨਾਂ ਦੀ ਇਸ ਕੁਰਬਾਨੀ ਨੂੰ ਕਿਸਾਨੀ ਸੰਘਰਸ਼ ਵਿੱਚ ਯਾਦ ਕੀਤਾ ਜਾਵੇਗਾ। ਸੰਯੁਕਤ ਕਿਸਾਨ ਮੋਰਚਾ ਦੇ ਆਗੂਆਂ ਨੇ ਪੰਜਾਬ ਸਰਕਾਰ ਵੱਲੋਂ ਕੋਰੋਨਾ ਦੇ ਨਾਮ 'ਤੇ ਲਗਾਈਆਂ ਗਈਆਂ ਪਾਬੰਦੀਆਂ ਅਤੇ ਕਿਸਾਨਾਂ ਵਿਰੁਧ ਦਰਜ ਪੁਲਿਸ ਕੇਸਾਂ ਦੀ ਸਖਤ ਨਿੰਦਾ ਕੀਤੀ ਹੈ। ਆਗੂਆਂ ਨੇ ਦੱਸਿਆ ਕਿ ਨੂਰਪੁਰਬੇਦੀ (ਰੋਪੜ) ਵਿਖੇ ਹੋਈ ਕਿਸਾਨ ਕਾਨਫਰੰਸ ਵਿੱਚ ਪੰਜਾਬ ਸਟੂਡੈਂਟਸ ਯੂਨੀਅਨ ਦੇ ਸੂਬਾ ਪ੍ਰਧਾਨ ਰਣਵੀਰ ਸਿੰਘ ਰੰਧਾਵਾ, ਸੂਬਾ ਸੀਨੀਅਰ ਮੀਤ ਪ੍ਰਧਾਨ ਹਰਦੀਪ ਕੌਰ ਕੋਟਲਾ, ਕਿਰਤੀ ਕਿਸਾਨ ਮੋਰਚਾ ਦੇ ਆਗੂ ਬੀਰ ਸਿੰਘ, ਜਗਮਨਦੀਪ ਸਿੰਘ ਪੱਧੀ, ਰੁਪਿੰਦਰ ਸੰਦੋਆ, ਮਿਸਤਰੀ ਮਜ਼ਦੂਰ ਯੂਨੀਅਨ ਸ਼ਾਮਲ ਹੋਏ। ਲੀਡਰ ਤਰਸੇਮ ਸਿੰਘ ਜੱਟਪੁਰ ਅਤੇ ਗਾਇਕ ਪੰਮਾ ਡੂਮੇਵਾਲ ਖਿਲਾਫ ਪੰਜਾਬ ਪੁਲਿਸ ਨੂਰਪੁਰਬੇਦੀ (ਰੋਪੜ) ਦਰਜ ਹੈ। ਕੁਝ ਦਿਨ ਪਹਿਲਾਂ ਮੋਗਾ ਪੁਲਿਸ ਨੇ ਨੌਜਵਾਨ ਕਿਸਾਨ ਆਗੂ ਸੁਖਜਿੰਦਰ ਮਹੇਸ਼ਰੀ ਅਤੇ ਵਿੱਕੀ ਮਹੇਸ਼ਰੀ ਖਿਲਾਫ ਵੀ ਕੇਸ ਦਰਜ ਕੀਤਾ ਸੀ। ਪੰਜਾਬ ਸਰਕਾਰ ਨੂੰ ਤੁਰੰਤ ਲੋਕਾਂ ਦੇ ਸੰਘਰਸ਼ਾਂ 'ਤੇ ਪਾਬੰਦੀ ਲਗਾਉਣ ਤੋਂ ਰੋਕੇ ਅਤੇ ਨੌਜਵਾਨ ਕਿਸਾਨ ਲੀਡਰਾਂ ਖਿਲਾਫ ਦਰਜ ਕੀਤੇ ਪਰਚੇ ਤੁਰੰਤ ਰੱਦ ਕਰੋ ਨਹੀਂ ਤਾਂ ਇਨਾਂ ਕਾਰਵਾਈਆਂ ਵਿਰੁੱਧ ਸੰਘਰਸ਼ ਵਿੱਢਿਆ ਜਾਵੇਗਾ।

# ਕਿਸਾਨ ਮੋਰਚੇ ਨੂੰ ਆਪਣੀ ਰਾਜਨੀਤੀ ਸਪੱਸ਼ਟ ਕਰਨ ਦੀ ਲੋੜ

**ਗੁਰਬਚਨ ਸਿੰਘ**

ਕਿਸਾਨ ਮੋਰਚੇ ਦੀਆਂ ਬਹੁਤ ਵੱਡੀਆਂ ਇਤਿਹਾਸਕ ਪ੍ਰਾਪਤੀਆਂ ਹਨ। ਇਸ ਦੀ ਪਹਿਲੀ ਪ੍ਰਾਪਤੀ ਮੋਦੀ-ਸ਼ਾਹ ਜੁੰਡਲੀ ਦੇ ਮਾਰੂ ਫਾਸ਼ੀਵਾਦ ਨੂੰ ਨਾ ਸਿਰਫ ਝੰਜੋੜਾ ਦੇਣਾ ਬਲਕਿ ਉਸ ਨੂੰ ਪਿਛੇ ਮੁੜਨ ਲਈ ਮਜਬੂਰ ਕਰਨਾ ਵੀ ਹੈ। ਇਸ ਖਿਤੇ ਦੇ ਬਾਦਸ਼ਾਹ ਬਣਨ ਦੇ ਮੋਦੀਕਿਆਂ ਦੇ ਸਾਮਰਾਜੀ ਸੁਪਨੇ ਨੂੰ ਤਾਰ ਤਾਰ ਕਰਨਾ ਅਤੇ ਇਸ ਖੇਤਰ ਵਿਚ ਸਥਾਈ ਅਮਨ ਬਹਾਲੀ ਲਈ ਰਾਜਸੀ ਹਾਲਤਾਂ ਪੈਦਾ ਕਰਨੀਆਂ, ਇਸ ਮੋਰਚੇ ਦੀ ਦੂਜੀ ਵਡੀ ਪ੍ਰਾਪਤੀ ਹੈ। ਮੋਦੀ-ਸ਼ਾਹ ਤੋਂ ਡਰੇ ਹੋਏ ਅਤੇ ਦੜ ਵਟੀ ਬੈਠੇ ਨਾ ਸਿਰਫ ਵਿਰੋਧੀ ਰਾਜਸੀ ਪਾਰਟੀਆਂ ਦੇ ਆਗੂਆਂ ਨੂੰ ਘੁਰਨਿਆਂ ਵਿਚੋਂ ਬਾਹਰ ਕਢਣਾ ਬਲਕਿ ਇਸ ਜੁੰਡਲੀ ਦੇ ਭਾਜਪਾ ਅੰਦਰਲੇ ਵਿਰੋਧੀਆਂ ਨੂੰ ਮੋਦੀ ਸ਼ਾਹ ਵਿਰੁਧ ਬੋਲਣ ਲਈ ਤਾਕਤ ਦੇਣੀ, ਇਸ ਮੋਰਚੇ ਦੀ ਤੀਜੀ ਵੱਡੀ ਪ੍ਰਾਪਤੀ ਹੈ। ਪੰਜ ਰਾਜਾਂ ਦੀਆਂ ਅਸੈਂਬਲੀ ਚੋਣਾਂ ਦੇ ਨਤੀਜੇ ਕੁਝ ਵੀ ਨਿਕਲਣ ਪਰ ਇਕ ਗੱਲ ਸਪੱਸ਼ਟ ਹੈ ਕਿ ਇਸ ਮੋਰਚੇ ਦੀ ਇਖਲਾਕੀ ਮਦਦ ਤੋਂ ਬਗੈਰ ਮਮਤਾ ਬੈਨਰਜੀ ਮੋਦੀ-ਸ਼ਾਹ ਦੇ ਪਾਗਲਪਨ ਦਾ ਏਨੀ ਦ੍ਰਿੜਤਾ ਨਾਲ ਮੁਕਾਬਲਾ ਨਹੀਂ ਸੀ ਕਰ ਸਕਦੀ ਅਤੇ ਨਾ ਹੀ ਮਦਰਾਸ ਹਾਈਕੋਰਟ ਨੂੰ ਚੋਣ ਕਮਿਸ਼ਨਰ ਵਿਰੁਧ ਏਨੀ ਤਿੱਖੀ ਟਿੱਪਣੀ ਕਰਨ ਦੀ ਜੁਰੱਅਤ ਪੈਣੀ ਸੀ। ਭਾਵੇਂ ਖਤਰਾ ਅਜੇ ਟਲਿਆ ਨਹੀਂ ਪਰ ਕਿਸਾਨ ਮੋਰਚੇ ਨੇ ਦੇਸ਼ ਭਰ ਅੰਦਰਲੇ ਰਾਜਸੀ ਮਾਹੌਲ ਨੂੰ ਬਦਲ ਕੇ ਇਕ ਵਾਰ ਤਾਂ ਮੋਦੀ ਸ਼ਾਹ ਦੀ ਸਾਰੀ ਦਹਿਸ਼ਤ ਚਕਨਾਚੂਰ ਕਰ ਦਿੱਤੀ ਹੈ।

ਬੇਸ਼ੱਕ ਇਹ ਵੀ ਇਕ ਸੱਚਾਈ ਹੈ ਕਿ 26 ਜਨਵਰੀ ਤੋਂ ਬਾਅਦ ਮੋਰਚਾ ਖੜੋਤ ਦਾ ਸ਼ਿਕਾਰ ਹੈ। ਇਸ ਖੜੋਤ ਨੂੰ ਤੋੜਨ ਦੇ ਅਨੇਕ ਯਤਨ ਕਰਨ ਦੇ ਬਾਵਜੂਦ ਮੋਰਚੇ ਵਿਚ 26 ਜਨਵਰੀ ਤੋਂ ਪਹਿਲਾਂ ਵਾਲਾ ਰੌਅ ਨਜ਼ਰ ਨਹੀਂ ਆ ਰਿਹਾ। ਸਰਕਾਰੀ ਏਜੰਸੀਆਂ ਐਨ ਮੁਢ ਤੋਂ ਹੀ ਕਿਸਾਨ ਮੋਰਚੇ ਨੂੰ ਕਾਮਰੇਡ ਬਨਾਮ ਸਿੱਖ ਅਤੇ ਨੌਜਵਾਨ ਬਨਾਮ ਬਜ਼ੁਰਗ ਬਣਾਉਣ ਦੇ ਯਤਨ ਕਰ ਰਹੀਆਂ ਹਨ। ਪਰ ਆਰਥਿਕਵਾਦ ਦੀ ਜਿਲਣ ਵਿਚ ਫਸੇ ਕਿਸਾਨ ਆਗੂ ਆਪਣੇ ਰਾਜਸੀ ਏਜੰਡੇ ਨੂੰ ਸਪੱਸ਼ਟ ਕਰ ਕੇ ਮੋਰਚੇ ਦੇ ਮਾਹੌਲ ਵਿਚ ਨਿਤ ਦਿਨ ਤਾਜ਼ਗੀ ਲਿਆਉਣ ਦੀ ਬਜਾਏ ਏਜੰਸੀਆਂ ਦੇ ਕੰਮ ਵਿਚ ਹੀ ਸਹਾਈ ਹੋ ਰਹੇ ਹਨ। ਹਾਲਾਂਕਿ ਕਾਰਲ ਮਾਰਕਸ ਨੇ 'ਕਮਿਊਨਿਸਟ ਮੈਨੀਫੈਸਟੋ' ਦੇ ਐਨ ਮੁਢ ਵਿਚ ਇਹ ਦਰਜ ਕਰਕੇ ਕਿ ਹਰੇਕ ਜਮਾਤੀ ਸੰਘਰਸ਼ ਰਾਜਸੀ ਸੰਘਰਸ਼ ਹੈ, ਕਿਸੇ ਕਿਸਮ ਦਾ ਕੋਈ ਭਰਮ ਨਹੀਂ ਰਹਿਣ ਦਿੱਤਾ। ਪਰ ਏਨੀਆਂ ਵੱਡੀਆਂ ਰਾਜਸੀ ਪ੍ਰਾਪਤੀਆਂ ਦੇ ਬਾਵਜੂਦ ਕਿਸਾਨ ਆਗੂ ਅਜੇ ਵੀ ਇਸ ਮੋਰਚੇ ਨੂੰ ਕਿਸਾਨੀ ਕਿੱਤੇ ਨਾਲ ਜੁੜਿਆ ਆਰਥਿਕ ਸੰਘਰਸ਼ ਹੀ ਮੰਨ ਕੇ ਚੱਲ ਰਹੇ ਹਨ।

ਇਨਾਂ ਕਿਸਾਨ ਆਗੂਆਂ ਦੇ ਮੁਕਾਬਲੇ ਜਾਟ ਕਿਸਾਨ ਆਗੂ ਰਾਕੇਸ਼ ਟਿਕੈਤ ਆਪਣੀ ਰਾਜਨੀਤੀ ਬਾਰੇ ਐਨ ਮੁਢ ਤੋਂ ਹੀ ਸਪੱਸ਼ਟ ਹਨ, ਜਿਸ ਕਰ ਕੇ ਕਿਸਾਨ ਅੰਦੋਲਨ ਨੂੰ ਲੈ ਕੇ ਉਸ ਦੀ ਬਿਆਨਬਾਜ਼ੀ ਬੜੀ ਸਾਫ ਹੈ। ਪਹਿਲਾਂ ਉਸ ਦਾ ਇਹ ਕਹਿਣਾ ਕਿ ਕਿਸਾਨ ਅੰਦੋਲਨ 2024 ਤੱਕ ਚਲਦਾ ਰਹੇਗਾ ਅਤੇ ਹੁਣ ਇਸ ਸੰਘਰਸ਼ ਨੂੰ ਪੰਜ ਸਾਲ ਤੱਕ ਚਲਦਾ ਰਖਣ ਦੇ ਦਾਅਵੇ ਕਰਨੇ ਉਸ ਦੀ ਇਸੇ ਸਪੱਸ਼ਟ ਰਾਜਨੀਤੀ ਦਾ ਸਬੂਤ ਹੈ। ਇਨਾਂ ਦਾਅਵਿਆਂ ਦਾ ਮੰਤਵ ਆਪਣੇ ਸਾਥੀਆਂ ਨੂੰ ਇਹ ਸੁਨੇਹਾ ਦੇਣਾ ਹੈ ਕਿ ਮੋਦੀ ਜੁੰਡਲੀ ਨੂੰ ਕੇਂਦਰ ਦੀ ਸੱਤਾ ਤੋਂ ਬਾਹਰ ਕਰਨ ਤੱਕ ਉਹ ਆਪਣੇ ਇਸ ਅੰਦੋਲਨ ਨੂੰ ਜਾਰੀ ਰਖਣਗੇ। ਉਸ ਦੀ ਹਰਿਆਣੇ ਦੇ ਸਾਬਕਾ ਮੁੱਖ ਮੰਤਰੀ ਤੇ ਜਾਟ ਆਗੂ ਓਮ ਪ੍ਰਕਾਸ਼ ਚੋਟਾਲੇ ਨਾਲ ਮੁਲਾਕਾਤ ਕਰਨੀ ਵੀ ਇਸੇ ਰਾਜਨੀਤੀ ਦਾ ਅੰਗ ਹੈ। ਟਿਕੈਤ ਦੀ ਰਾਜਨੀਤੀ ਦੇ ਦੋ ਮੰਤਵ ਹਨ। ਪਹਿਲਾਂ ਇਸ ਖੇਤਰ ਵਿਚ ਜਾਟ ਰਾਜਨੀਤੀ ਨੂੰ ਫਿਰ ਤੋਂ ਪੈਰਾ ਭਾਰ ਖੜੇ ਕਰਨਾ ਅਤੇ ਦੂਜਾ ਜਾਟ ਮੁਸਲਮਾਨ ਸਿੱਖ ਅਤੇ ਹੋਰਨਾਂ ਵਰਗਾਂ ਨੂੰ ਆਪਣੇ ਗਠਜੋੜ ਵਿਚ ਸ਼ਾਮਿਲ ਕਰ ਕੇ ਮੋਦੀ ਜੁੰਡਲੀ ਨੂੰ ਰਾਜਸੱਤਾ ਤੋਂ ਬਾਹਰ ਕਰਨਾ। 26 ਜਨਵਰੀ ਨੂੰ ਰਾਕੇਸ਼ ਟਿਕੈਤ ਦੇ ਲਏ ਗਏ ਬੜੇ ਦ੍ਰਿੜ ਸਟੈਂਡ ਨੇ ਸਾਫ ਕਰ ਦਿੱਤਾ ਸੀ ਕਿ ਉਸ ਪਿੱਛੇ ਕੋਈ ਵਡੀ ਰਾਜਨੀਤਕ ਸ਼ਕਤੀ ਕੰਮ ਕਰ ਰਹੀ ਹੈ। ਜਿਹੜੀ ਬਾਅਦ ਵਿਚ ਦੋ ਗੱਲਾਂ ਨੇ ਸਪੱਸ਼ਟ ਕਰ ਦਿੱਤੀ। ਪਹਿਲੀ ਗੱਲ ਉਸ ਬਾਰੇ ਇਹ ਜਾਣਕਾਰੀ ਮਿਲਣੀ ਕਿ ਜਦੋਂ ਰਾਜਨਾਥ ਸਿੰਘ ਉਤਰ ਪ੍ਰਦੇਸ਼ ਦਾ ਮੁੱਖ ਮੰਤਰੀ ਸੀ ਤਾਂ ਉਦੋਂ



ਉਸ ਦਾ ਰਾਜਨਾਥ ਸਿੰਘ ਦੇ ਘਰ ਆਮ ਆਉਣਾ ਜਾਣਾ ਸੀ ਅਤੇ ਦੂਜਾ ਆਰ ਐਸ ਐਸ ਦੇ ਕੁਝ ਆਗੂਆਂ ਵਲੋਂ ਉਸ ਨਾਲ ਕਿਸਾਨ ਮੋਰਚੇ ਦੀ ਸਟੇਜ ਉਤੇ ਖੜੇ ਹੋ ਕੇ ਫੋਟੋ ਖਿਚਵਾਉਣੀਆ। ਬਾਅਦ ਵਿਚ ਮੇਘਾਲਿਆ ਦੇ ਗਵਰਨਰ ਸਤਿਆ ਪਾਲ ਮਲਿਕ ਨੇ ਇਹ ਦੋਵੇ ਗੱਲਾਂ ਇਹ ਕਹਿ ਕੇ ਸਪੱਸ਼ਟ ਕਰ ਦਿੱਤੀਆ ਕਿ 26 ਜਨਵਰੀ ਦੀ ਰਾਤ ਨੂੰ ਮੈਂ ਟੈਲੀਫੋਨ ਕਰ ਕੇ ਪੁਲਿਸ ਨੂੰ ਟਿਕੈਤ ਦੀ ਅਗਵਾਈ ਹੇਠਲੇ ਅੰਦੋਲਨਕਾਰੀਆਂ ਉਤੇ ਗੋਲੀ ਚਲਾਉਣ ਤੋਂ ਰੋਕਿਆ ਸੀ। ਜਿਸ ਕਰ ਕੇ ਮੋਦੀ-ਸ਼ਾਹ-ਡੋਵਾਲ ਜੁੰਡਲੀ ਦੀ ਗਾਜੀਪੁਰ ਬਾਰਡਰ ਉੱਤੇ 50-60 ਸਿੱਖਾਂ ਨੂੰ ਗੋਲੀਆਂ ਨਾਲ ਭੁੰਨ ਕੇ ਮੋਰਚੇ ਵਿਚ ਦਹਿਸ਼ਤ ਪਾਉਣ ਦੀ ਯੋਜਨਾ ਧਰੀ-ਧਰਾਈ ਰਹਿ ਗਈ।

27 ਜਨਵਰੀ ਨੂੰ ਸਿੱਖਾਂ ਦਾ ਦਰਬਾਰ ਸਾਹਿਬ ਤੋਂ ਲਿਆਂਦਾ ਜਲ ਛਕਣ ਅਤੇ ਇਕ ਮੁਸਲਮਾਨ ਹੱਥੋਂ ਪਾਣੀ ਦਾ ਗਲਾਸ ਫੜ ਕੇ ਪੀਣ ਨੇ ਟਿਕੈਤ ਦੀ ਰਾਜਨੀਤੀ ਸਪੱਸ਼ਟ ਕਰ ਦਿੱਤੀ ਸੀ। ਜਦੋਂ ਕਿ ਮੋਦੀ-ਸ਼ਾਹ ਜੁੰਡਲੀ ਮੁਸਲਮਾਨਾਂ ਤੇ ਸਿੱਖਾਂ ਨੂੰ ਰਾਜਨੀਤੀ ਵਿਚੋਂ ਖਦੇੜ ਕੇ ਇਸ ਖੇਤਰ ਵਿਚ ਚੋਣਾਂ ਜਿੱਤਣ ਦੀ ਪੈਰੋਕਾਰ ਹੈ, ਉਥੇ ਟਿਕੈਤ ਤੇ ਉਸ ਦੀ ਪਿਠ ਪਿੱਛੇ ਖੜੀ ਆਰ ਐਸ ਐਸ ਦੀ ਧਿਰ ਇਨਾਂ ਨੂੰ ਆਪਣੇ ਗਠਜੋੜ ਵਿਚ ਸ਼ਾਮਿਲ ਕਰ ਕੇ ਚੋਣਾਂ ਜਿੱਤਣ ਦੇ ਹੱਕ ਵਿਚ ਹੈ। ਟਿਕੈਤ ਦੀ ਰਾਜਨੀਤੀ ਬਾਰੇ 2 ਮਈ ਨੂੰ 5 ਰਾਜਾਂ ਦੇ ਆਉਣ ਵਾਲੇ ਚੋਣ ਨਤੀਜੇ ਹੋਰ ਵੀ ਸਪੱਸ਼ਟਤਾ ਕਰ ਦੇਣਗੇ। ਜੇ ਤਾਂ ਮੋਦੀ-ਸ਼ਾਹ ਬੰਗਾਲ ਤੇ ਆਸਾਮ ਦੀਆਂ ਚੋਣਾਂ ਹਾਰ ਗਏ ਤਾਂ ਭਾਜਪਾ ਅੰਦਰਲਾ ਮੋਦੀ ਵਿਰੋਧ ਹੋਰ ਵੀ ਤਿੱਖਾ ਹੋ ਜਾਏਗਾ ਅਤੇ ਜੇ ਜੁੰਡਲੀ ਚੋਣਾਂ ਜਿੱਤ ਗਈ ਤਾਂ ਇਸ ਵਿਰੋਧ ਨੂੰ ਜਥੇਬੰਦ ਹੋਣ ਲਈ ਕੁਝ ਸਮਾਂ ਹੋਰ ਲੱਗੇਗਾ। ਸੋਸ਼ਲ ਮੀਡੀਏ ਉਤੇ ਇਹ ਚਰਚਾ ਹੁਣ ਆਮ ਹੋ ਗਈ ਹੈ ਕਿ ਮੋਦੀ ਤੋਂ ਬਾਅਦ ਕੌਣ?

ਕਿਸਾਨ ਆਗੂ ਅਜੇ ਵੀ ਜੇ ਆਪਣੇ ਤਿੰਨ ਖੇਤੀ ਬਿਲਾਂ ਦੀ ਵਾਪਸੀ ਦੇ ਆਰਥਿਕ ਬਿਰਤਾਂਤ ਉਤੇ ਹੀ ਅੜੇ ਰਹੇ ਤਾਂ ਉਹ ਆਉਣ ਵਾਲੇ ਸਮੇਂ ਅੰਦਰ ਦੇਸ਼ ਅਤੇ ਪੰਜਾਬ ਦੀ ਰਾਜਨੀਤੀ ਵਿਚੋਂ ਬਾਹਰ ਧੱਕ ਦਿੱਤੇ ਜਾਣਗੇ। ਕਿਸਾਨ ਆਗੂਆਂ ਨੂੰ ਆਪਣੀਆਂ ਪ੍ਰਾਪਤੀਆਂ ਨੂੰ ਛੁਟਿਆਉਣ ਦੀ ਬਜਾਏ ਇਨਾਂ ਨੂੰ ਵੱਡੇ ਰਾਜਨੀਤਕ ਰੂਪ ਵਿਚ ਦੇਖਣਾ ਚਾਹੀਦਾ ਹੈ। ਉਨਾਂ ਨੂੰ ਆਲਮੀ ਅਤੇ ਦੇਸ਼ ਪੱਧਰੀ ਰਾਜਨੀਤੀ ਵਿਚ ਹੋਣ ਵਾਲੀਆਂ ਭਾਰੀ ਤਬਦੀਲੀਆਂ ਨੂੰ ਲੋਕਾਂ ਦੇ ਪੱਖ ਵਿਚ ਮੋੜਾ ਦੇਣ ਦੇ ਯਤਨਾਂ ਵਿਚ ਹਿਸਾ ਪਾਉਣਾ ਚਾਹੀਦਾ ਹੈ। ਉਨਾਂ ਨੂੰ ਪੰਜਾਬ ਦੇ ਲੋਕ ਅਤੇ ਕੁਦਰਤ ਪੱਖੀ ਵਿਕਾਸ ਮਾਡਲ ਬਾਰੇ ਚਰਚਾ ਆਰੰਭ ਕਰਨੀ ਚਾਹੀਦੀ ਹੈ ਅਤੇ ਖਾਲਿਸਤਾਨ ਦੇ ਸਰਕਾਰੀ ਬਿਰਤਾਂਤ ਵਿਚੋਂ ਬਾਹਰ ਨਿਕਲ ਕੇ ਇਸ ਦੇ ਯੂਨੀਵਰਸਲ ਬਿਰਤਾਂਤ ਨੂੰ ਘੋਖਣਾ ਚਾਹੀਦਾ ਹੈ। ਇਹ ਗੱਲ ਕਾਮਰੇਡ ਧਿਰਾਂ ਦੇ ਧਿਆਨ ਵਿਚ ਰਹਿਣੀ ਚਾਹੀਦੀ ਹੈ ਕਿ ਸੰਤ ਭਿੰਡਰਾਂਵਾਲਿਆਂ ਦੇ ਖਾਲਿਸਤਾਨ ਦੇ ਸੰਕਲਪ ਤੇ ਉਨਾਂ ਤੋਂ ਪਹਿਲੇ ਖਾਲਿਸਤਾਨ ਦੇ ਸੰਕਲਪ ਵਿਚ ਜਮੀਨ ਅਸਮਾਨ ਦਾ ਅੰਤਰ ਹੈ। ਸੰਤ ਭਿੰਡਰਾਂਵਾਲੇ ਤੋਂ ਪਹਿਲਾਂ ਖਾਲਿਸਤਾਨ ਦਾ ਸੰਕਲਪ ਕੌਮੀ ਵਲਗਣਾਂ (ਨੇਸ਼ਨ ਸਟੇਟ) ਤੱਕ ਸੀਮਤ ਹੈ ਜਦੋਂ ਕਿ ਸੰਤ ਭਿੰਡਰਾਂਵਾਲਿਆਂ ਦਾ ਖਾਲਿਸਤਾਨ ਦਾ ਸੰਕਲਪ ਗੁਰਮਤਿ ਆਧਾਰਤ ਹਲੇਮੀ ਰਾਜ ਦਾ ਸੰਕਲਪ ਹੈ। ਸੰਤ ਭਿੰਡਰਾਂਵਾਲਿਆਂ ਨੇ ਆਪਣੇ ਭਾਸ਼ਣਾਂ ਵਿਚ ਇਸ ਦੀ ਸਪੱਸ਼ਟ ਕੀਤੀ ਹੋਈ ਹੈ। ਜਦੋਂ ਪੰਜਾਬ ਦੇ ਕੁਦਰਤ ਅਤੇ ਲੋਕਪੱਖੀ ਵਿਕਾਸ ਮਾਡਲ ਦੀ ਚਰਚਾ ਹੋਵੇਗੀ ਤਾਂ ਹਲੇਮੀ ਰਾਜ ਦਾ ਸੰਕਲਪ ਆਪਣੇ ਆਪ ਹੀ ਸਪੱਸ਼ਟ ਹੁੰਦਾ ਜਾਏਗਾ।

# ਬੇਰਹਿਮੋ ਕੁਝ ਤਾਂ ਤਰਸ ਖਾਓ



**ਸੰਜੀਵ ਸਿੰਘ ਸੈਣੀ, ਮੋਹਾਲੀ**

ਅੱਜ ਪੂਰੇ ਭਾਰਤ ਦੇਸ਼ ਵਿੱਚ ਕੋਰੋਨਾ ਮਹਾਂਮਾਰੀ ਕਾਰਨ ਹਾਹਾਕਾਰ ਮਚੀ ਹੋਈ ਹੈ। ਹਰ ਰੋਜ਼ ਲੱਖਾਂ ਲੋਕ ਮਹਾਂਮਾਰੀ ਦੀ ਲਪੇਟ ਵਿਚ ਆ ਰਹੇ ਹਨ। ਭਾਰਤ ਵਿਚ ਹੁਣ ਤੱਕ ਇਹ ਅੰਕੜਾ ਦੋ ਕਰੋੜ ਤੋਂ ਵੱਧ ਟੱਪ ਗਿਆ ਹੈ। ਅੱਜ ਦੇਸ਼ ਵਿਚ ਆਕਸੀਜਨ, ਦਵਾਈਆਂ, ਬੈਂਡਾਂ ਦੀ ਕਮੀ ਕਾਰਨ ਹਾਲਾਤ ਦਿਨ ਪ੍ਰਤੀ ਦਿਨ ਖ਼ਰਾਬ ਹੁੰਦੇ ਜਾ ਰਹੇ ਹਨ। ਕੁਝ ਮਤਲਬੀ ਲੋਕਾਂ ਨੇ ਇਸ ਮਹਾਂਮਾਰੀ ਦਾ ਫਾਇਦਾ ਵੀ ਉਠਾਇਆ ਹੈ। ਖ਼ਬਰਾਂ ਵੀ ਸੁਣਨ ਨੂੰ ਮਿਲੀਆਂ ਕਿ ਜੋ ਆਕਸੀਜਨ ਦਾ ਵੱਡਾ ਸਿਲੰਡਰ 2000 ਰੁਪਏ ਕੀਮਤ ਵਾਲਾ ਸੀ, ਕੁਝ ਬੇਰਹਿਮ ਦਿਲ ਲੋਕਾਂ ਨੇ ਉਹੀ ਸਲੈਂਡਰ ਬਲੈਕ ਵਿੱਚ ਵੇਚਿਆ। ਹੁਣ ਜਿਸ ਉਤੇ ਮੁਸੀਬਤ ਪਈ, ਉਸਨੂੰ ਤਾਂ ਚਾਹੇ ਉਹ ਲੱਖ ਰੁਪਏ ਦਾ ਹੁੰਦਾ ਲੈਣਾ ਹੀ ਪੈਣਾ ਸੀ, ਕਿਉਂਕਿ ਪਰਿਵਾਰਕ ਮੈਂਬਰ ਦੀ ਜ਼ਿੰਦਗੀ ਦਾ ਸੁਆਲ ਸੀ।ਇਕ ਹੋਰ ਖ਼ਬਰ ਪੜੀ ਕਿ ਦਿੱਲੀ ਵਿਚ ਇੱਕ ਐਂਬੂਲੈਂਸ ਵਾਲੇ ਨੇ 3 ਕਿਲੋਮੀਟਰ ਜਾਣ ਵਾਸਤੇ ਪਰਿਵਾਰ ਕੋਲੋਂ 8 ਹਜ਼ਾਰ ਰੁਪਏ ਮੰਗੇ। ਇਨਸਾਨੀਅਤ ਸ਼ਰਮਸਾਰ ਹੋ ਚੁੱਕੀ ਹੈ। ਕੁਝ ਅਜਿਹੇ ਵੀ ਲੋਕ ਹਨ ਜਿਨਾਂ ਨੇ ਆਕਸੀਜਨ ਸਿਲੰਡਰਾਂ ਦਾ ਮੁਫ਼ਤ ਵਿੱਚ ਲੰਗਰ ਲਗਾ ਦਿੱਤਾ ਹੈ । ਕਈ ਅਜਿਹੀਆਂ ਫ਼ਰਮਾਂ ਹਨ, ਜੋ ਮੁਫ਼ਤ ਵਿੱਚ ਲੋਕਾਂ ਦੇ ਸਿਲੰਡਰ ਭਰ ਰਹੀਆਂ ਹਨ। ਰਾਜਸਥਾਨ ਦੇ ਕਿਸੇ ਸੂਬੇ ਦੇ ਪਿੰਡ ਵਿੱਚ ਕੋਰੋਨਾ ਮਹਾਂਮਾਰੀ ਕਾਰਨ ਇਕ ਔਰਤ ਦੀ ਮੌਤ ਹੋ ਗਈ। ਲਾਸ਼ ਨੂੰ ਉਸ ਦਾ ਪਤੀ ਸਾਈਕਲ 'ਤੇ ਲੈ ਕੇ ਘੁੰਮਦਾ ਰਿਹਾ। ਪਿੰਡ ਵਾਲਿਆਂ ਨੇ ਸੰਸਕਾਰ ਕਰਨ ਤੋਂ ਮਨਾ ਕਰ ਦਿੱਤਾ। ਫਿਰ ਪੁਲਿਸ ਪ੍ਰਸ਼ਾਸਨ ਨੇ ਹੀ ਉਸ ਲਾਸ਼ ਦਾ ਸਸਕਾਰ ਕੀਤਾ।

ਵਿਚਾਰਨ ਵਾਲੀ ਗੱਲ ਹੈ ਕਿ ਜਾਨ ਤਾਂ ਪ੍ਰਮਾਤਮਾ ਨੂੰ ਦੇਣੀ ਹੈ। ਧਰਮਰਾਜ ਦੀ ਦਰਗਾਹ ਵਿੱਚ ਉਹ ਬੰਦਾ ਉਥੇ ਕੀ ਜੁਆਬ ਦੇਵੇਗਾ? ਇਕ ਤਾਂ ਪਰਿਵਾਰ ਤੇ ਮੁਸੀਬਤ ਆਈ। ਦੂਜਾ ਅਜਿਹੇ ਬੇਰਹਿਮ ਲੋਕਾਂ ਨੇ ਆਪਣਾ ਫਾਇਦਾ ਸੋਚਿਆ। ਜ਼ਰਾ ਸੋਚੋ, ਇਸ ਮੁਸੀਬਤ ਵੇਲੇ ਅਜਿਹੇ ਬੇਰਹਿਮ ਦਿਲ ਲੋਕ ਦੱਸ ਗੁਣਾਂ ਪੈਸਾ ਕਮਾ ਕੇ ਵੱਡੇ ਵੱਡੇ ਮਹਿਲ ਖੜੇ ਕਰ ਲੈਣਗੇ? ਕੀ ਅਜਿਹੇ ਲੋਕ ਪੱਕੀ ਵਸੀਅਤ ਬਣਾ ਕੇ ਲੈ ਕੇ ਆਏ ਹਨ? ਕੀ ਉਨਾਂ ਨੇ ਧਰਤੀ ਤੇ ਹਮੇਸ਼ਾ ਹੀ ਰਹਿਣਾ ਹੈ? ਉਨਾਂ ਨੂੰ ਕਦੇ ਵੀ ਮੌਤ ਨਹੀਂ ਆਵੇਗੀ। ਜਦੋਂ ਇੱਥੇ ਕੁਝ ਵੀ ਸਥਾਈ ਰਹਿਣ ਵਾਲਾ ਨਹੀਂ ਹੈ ਤਾਂ ਲੋਕ ਅੱਜ ਲਾਸ਼ਾਂ ਤੋਂ ਵੀ ਦੁਗਣੇ-ਤਿਗਣੇ ਕਿਉਂ ਕਮਾ ਰਹੇ ਹਨ? ਕਿਉਂ ਅਜਿਹਾ ਲਾਲਚ ਉਨਾਂ ਦੇ ਅੰਦਰ ਆ ਰਿਹਾ ਹੈ। ਕਿਉਂ ਮੁਸੀਬਤ ਵੇਲੇ ਇਕ ਦੂਜੇ ਦੀ ਮਦਦ ਨਹੀਂ ਕਰ ਰਹੇ ਹਨ। ਇਹ ਮੁਸੀਬਤ ਸਾਰਿਆਂ ਨੇ ਰਲ-ਮਿਲਕੇ ਹੀ ਕੱਟਣੀ ਹੈ। ਜੇ ਕਿਸੇ 'ਤੇ ਮੁਸੀਬਤ ਪਈ ਹੈ ਤਾਂ ਉਸ ਦੇ ਦੁੱਖ ਵਿੱਚ ਸ਼ਰੀਕ ਹੋਵੋ। ਉਸ ਦੀ ਹਰ ਮਦਦ ਕਰੋ। ਅਗਲਾ ਸਾਰੀ ਉਮਰ ਤੁਹਾਡਾ ਅਹਿਸਾਨ ਨਹੀਂ ਭੁੱਲੇਗਾ। ਹਰ ਹਾਲ ਵਿਚ ਉਸ ਬੰਦੇ ਦੀ ਮਦਦ ਕਰੋ।

ਇਹੀ ਹਾਲ ਅੱਜ ਦੁਕਾਨਦਾਰਾਂ ਦਾ ਹੈ। ਘਟੀਆ ਸਮਾਨ ਮਹਿੰਗੇ ਰੇਟਾਂ 'ਤੇ ਵੇਚ ਰਹੇ ਹਨ। ਜੇ ਅੱਗੋਂ ਗਾਹਕ ਕਹਿੰਦਾ ਹੈ ਕਿ ਰੇਟ ਤਾਂ ਇਨਾਂ ਲਿਖਿਆ ਹੋਇਆ ਹੈ ਤਾਂ ਦੁਕਾਨਦਾਰ ਕਹਿੰਦੇ ਹਨ ਲੈਣਾ ਹੈ ਤਾਂ ਲਉ, ਨਹੀਂ ਲੈਣਾ ਤਾਂ ਲਓ। ਆਓ ਅਸੀਂ ਸਾਰੇ ਹੀ ਇਸ ਮੁਸ਼ਕਿਲ ਦੇ ਦੌਰ ਸਮੇਂ ਆਪਣੇ ਆਲੇ ਦੁਆਲੇ ਜਿਨਾਂ ਨੂੰ ਸਾਡੀ ਮਦਦ ਦੀ ਲੋੜ ਹੈ, ਬਿਨਾਂ ਕਿਸੇ ਮਤਲਬ ਤੋਂ ਸੇਵਾ ਕਰੀਏ।

2019 ਵਿਚ ਭਾਰਤ ਪਹਿਲਾਂ ਤੋਂ ਹੀ ਮੰਦੀ ਦੇ ਦੌਰ ਵਿਚੋਂ ਗੁਜ਼ਰ ਰਿਹਾ ਸੀ। ਫਿਰ ਇਹ ਨਾ-ਮਰਾਦ ਬਿਮਾਰੀ ਕੋਰੋਨਾ ਨੇ ਭਾਰਤ ਵਿੱਚ ਦਸਤਕ ਦਿੱਤੀ। ਅੱਜ ਲਾਕਡਾਊਨ ਕਾਰਨ ਲੱਖਾਂ ਹੀ ਲੋਕਾਂ ਦਾ ਰੁਜ਼ਗਾਰ ਖੁਸਿਆ ਹੈ। ਦੋ ਸਮੇਂ ਦੀ ਰੋਟੀ ਦਾ ਜੁਗਾੜ ਕਰਨਾ ਮੁਸ਼ਕਿਲ ਹੋ ਗਿਆ ਹੈ। ਮਹਿੰਗਾਈ ਸਿਖਰਾਂ 'ਤੇ ਪੁੱਜ ਗਈ ਹੈ। ਪਿਛਲੇ ਸਾਲ 2020 ਵਿਚ ਜਦੋਂ ਤਾਲਾਬੰਦੀ ਕੀਤੀ ਗਈ, ਲੱਖਾਂ ਦੀ ਤਦਾਦ ਵਿੱਚ ਲੋਕ ਬੇਰੁਜ਼ਗਾਰ ਹੋਏ। ਕਾਫੀ ਲੰਮੇ ਸਮੇਂ ਬਾਅਦ ਜਦੋਂ ਸਨਅਤ ਮੁੜ ਚਲਣੀ ਸ਼ੁਰੂ ਹੋਏ ਤਾਂ ਸੀਮਿਤ ਲੋਕਾਂ ਨੂੰ ਰੁਜ਼ਗਾਰ ਮਿਲਿਆ। ਅੱਜ ਫਿਰ ਉਹੀ ਹਾਲਾਤ ਹੋ ਚੁੱਕੇ ਹਨ। ਕਈ ਸੂਬਿਆਂ ਵਿੱਚ ਮੁਕੰਮਲ ਤਾਲਾਬੰਦੀ ਕਰ ਦਿੱਤੀ ਗਈ ਹੈ। ਤੇ ਕਈ ਸੂਬਿਆਂ ਵਿੱਚ ਸਖ਼ਤ ਪਾਬੰਦੀਆਂ ਲਗਾ ਦਿੱਤੀਆਂ ਗਈਆਂ ਹਨ। ਕਈ ਸੂਬਿਆਂ ਵਿੱਚ ਦੁਕਾਨਦਾਰ, ਵਪਾਰੀ ਸੜਕਾਂ ਤੇ ਪ੍ਰਦਰਸ਼ਨ ਕਰ ਰਹੇ ਹਨ। ਇਨਾਂ ਦੁਕਾਨਦਾਰਾਂ ਤੇ ਜੋ ਦਿਹਾੜੀ ਵਾਲੇ ਕੰਮ ਕਰਦੇ ਹਨ, ਉਨਾਂ ਨੂੰ ਲਗਾਤਾਰ ਚਿੰਤਾ ਹੋ ਰਹੀ ਹੈ। ਵਿਦੇਸ਼ਾਂ ਵਿੱਚ ਜਦੋਂ ਤਾਲਾਬੰਦੀ ਕੀਤੀ ਗਈ ਤਾਂ ਸਰਕਾਰਾਂ ਨੇ ਪਰਿਵਾਰਾਂ ਦੀ ਵਿੱਤੀ ਸਹਾਇਤਾ ਕੀਤੀ। ਦੇਸ਼ ਦਾ ਅਰਥਚਾਰਾ ਬੁਰੀ ਤਰਾਂ ਡਗਮਗਾ ਗਿਆ ਹੈ। ਦਿਹਾੜੀ ਖ਼ਤਮ ਹੋ ਚੁਕੀ ਹੈ। ਅੱਜ ਦਿਹਾੜੀਦਾਰ ਨੂੰ ਚਿੰਤਾ ਸਤਾ ਰਹੀ ਹੈ ਕਿ ਉਹ ਆਪਣੇ ਪਰਿਵਾਰ ਦਾ ਪੇਟ ਕਿਵੇਂ ਭਰੇਗਾ। ਪਰਵਾਸੀ ਮਜ਼ਦੂਰਾਂ ਨੇ ਤਾਂ ਪਿਛਲੇ ਤਕਰੀਬਨ ਇਕ ਮਹੀਨੇ ਤੋਂ ਆਪਣੇ ਪਰਦੇਸਾਂ ਨੂੰ ਚਾਲੇ ਪਾ ਲਏ ਹਨ। ਕਿਉਂਕਿ ਉਨਾਂ ਨੂੰ ਡਰ ਸਤਾ ਰਿਹਾ ਹੈ ਕਿ ਜੇ ਤਾਲਾਬੰਦੀ ਹੋ ਗਈ ਤਾਂ ਜੋ ਸਾਡਾ ਹਾਲ ਪਿਛਲੇ ਸਾਲ ਹੋਇਆ ਓਹੀ ਹਾਲ ਇਸ ਵਾਰ ਵੀ ਨਾ ਹੋ ਜਾਏ। ਪਿਛਲੇ ਸਾਲ ਅਸੀਂ ਦੇਖਿਆ ਹੀ ਹੈ ਕਿ ਹਜ਼ਾਰਾਂ ਹਜ਼ਾਰਾਂ ਕਿਲੋਮੀਟਰ ਦਾ ਪੈਂਡਾ ਇਨਾਂ ਨੇ ਪੈਦਲ ਹੀ ਤੈਅ ਕੀਤਾ। ਰਸਤੇ ਵਿਚ ਹੀ ਗਰਭਵਤੀ ਔਰਤਾਂ ਨੇ ਬੱਚਿਆਂ ਨੂੰ ਜਨਮ ਦਿੱਤਾ। ਕਈਆਂ ਨੇ ਤਾਂ ਰਸਤੇ ਵਿਚ ਹੀ ਆਪਣੀ ਜਾਨ ਗੁਆ ਦਿੱਤੀ। ਅੱਜ ਕੇਂਦਰ ਸਰਕਾਰ ਨੂੰ ਸੂਬਾ ਸਰਕਾਰ ਨਾਲ ਮਿਲ ਕੇ ਕੋਈ ਠੋਸ ਨੀਤੀ ਉਲੀਕਣੀ ਚਾਹੀਦੀ ਹੈ। ਤਾਂ ਜੋ ਇਸ ਮਹਾਂਮਾਰੀ ਦੇ ਸਮੇਂ ਆਮ ਜਨਤਾ, ਮਜ਼ਦੂਰਾਂ-ਕਿਰਤੀਆਂ ਤੇ ਹਰ ਵਰਗ ਨੂੰ ਰਾਹਤ ਮਿਲ ਸਕੇ।

Website Design & Development

➜ ਛੋਟੇ/ਵੱਡੇ ਬਜ਼ਿਨਸ, ਐਨ. ਜੀ. ਓ, ਰੇਡੀਓ ਸਟੇਸ਼ਨ ਅਤੇ ਖਬਰਾਂ ਵਾਲੀਆਂ ਵੈਬਸਾਈਟਾਂ ਬਣਾਉਣ ਵਿਚ ਖਾਸ ਮੁਹਾਰਤ।
➜ ਈ-ਕਾਮਰਸ ਅਤੇ ਆਨਲਾਈਨ ਸਟੋਰ/ਸੇਲ ਦੀਆਂ ਵੈਬਸਾਈਟਾਂ ਬਣਾਉਣ ਦਾ ਖਾਸ ਪ੍ਰਬੰਧ ਹੈ।

Basic web packages are availables on comparatively economical rates
We work as per your requirement and charge only according to work

SERVICES
✔ WEB DEVELOPMENT
✔ WEB DESIGNING
✔ WEB RE-DESIGN
✔ LOGO DESIGN
✔ SEO SERVICES
✔ TECHNICAL SUPPORT

WMA
Web Media Art

ਵਧੀਆ, ਸੁੰਦਰ ਅਤੇ ਨਵੀਂ ਤਕਨੀਕ ਅਨੁਸਾਰ ਵੈਬਸਾਈਟ ਬਨਵਾਉਣ ਲਈ ਅੱਜ ਹੀ ਸੰਪਰਕ ਕਰੋ।

+91-94640-83029
+91-95699-98747
info@webmediaart.com
www.webmediaart.com

# ਕੁਦਰਤੀ ਖੇਤੀ ਮਾਡਲ ਆਧੁਨਿਕ ਲੀਹਾਂ ਉਪਰ ਸਿਰਜਣ ਦੀ ਲੋੜ

**ਬਹਾਦਰ ਸਿੰਘ**

ਆਲਮੀ ਸਰਮਾਏਦਾਰਾਂ ਲਈ ਕੁੱਲ ਜ਼ਮੀਨ ’ਤੇ ਕਬਜ਼ੇ ਦਾ ਸੁਪਨਾ ਨਾ ਉਨਾਂ ਨੂੰ ਸੌਣ ਦੇ ਰਿਹਾ ਨਾ ਉਨਾਂ ਦੀਆਂ ਹੱਥ ਠੋਕਾ ਸਰਕਾਰਾਂ ਨੂੰ ਚੈਨ ਨਾਲ ਬੈਠਣ ਦਿੰਦਾ ਹੈ। ਬਿੱਲ ਗੇਟਸ ਤੋਂ ਲੈ ਕੇ ਅੰਬਾਨੀਆਂ, ਅਡਾਨੀਆਂ ਨੂੰ ਨਿੱਕੇ-ਨਿੱਕੇ ਟੁਕੜਿਆਂ ਵਿਚ ਵੰਡੀ ਧਰਤੀ ਫੁੱਟੀ ਅੱਖ ਵੀ ਨਹੀਂ ਭਾਉਂਦੀ। ਦੇਸ਼ਾਂ ਸਰਹੱਦਾਂ ਤੋਂ ਪਾਰ ਵੱਡੇ-ਵੱਡੇ ਟੱਕ ਬਣਾ ਕੇ ਉਨਾਂ ’ਤੇ ਕੈਮਰੇ ਲਾ ਕੇ 8 ਅਰਬ ਲੋਕਾਂ ਦੇ ਰੱਬ ਬਣ ਕੇ ਉਨਾਂ ਦੀ ਤਕਦੀਰ ਦਾ ਫ਼ੈਸਲਾ ਕਰਨ ਦਾ ਖ਼ੁਆਬ ਕਿਸੇ ਵੀ ਇਨਸਾਨ ਨੂੰ ਪਾਗਲ ਕਰ ਸਕਦਾ ਹੈ। ਇਹਦੇ ਲਈ ਉਹ ਰੋਜ਼ ਨਵੇਂ ਕਾਨੂੰਨ, ਹੱਥਕੰਡੇ, ਨਵੇਂ ਪੈਂਤੜੇ ਲੈ ਕੇ ਆ ਰਹੇ ਹਨ। ਜ਼ਮੀਨ ਨਾ ਵਧਣਯੋਗ ਸਾਧਨ ਹੋਣ ਕਰਕੇ ਵਧਾਇਆ ਨਹੀਂ ਜਾ ਸਕਦਾ। ਇਹਦੇ ਲਈ ਜਾਂ ਤਾਂ ਸਮੁੰਦਰਾਂ, ਪਹਾੜਾਂ ਤੇ ਜੰਗਲਾਂ ਨੂੰ ਖੋਹਣਾ ਪਵੇਗਾ ਜਾਂ ਫਿਰ ਦੂਜੇ ਲੋਕਾਂ ਨੂੰ ਉਜਾੜ ਕੇ ਜ਼ਮੀਨ ਦੀ ਮਾਲਕੀ ਵਧਾਈ ਜਾਵੇਗੀ। ਇਹ ਸਾਰਾ ਕੁਝ ਸਾਡੇ ਸਾਹਮਣੇ ਵਾਪਰ ਰਿਹਾ ਹੈ।

ਪਿਛਲੇ ਦਹਾਕਿਆਂ ਦੇ ਵਿਕਾਸ ਨੇ ਅਮੀਰ ਅਤੇ ਗ਼ਰੀਬ ਵਿਚ ਪਾੜਾ ਵਧਾਇਆ ਹੈ, ਵਾਤਾਵਰਨ ਪ੍ਰਦੂਸ਼ਣ ਵਧਿਆ ਹੈ, ਗ਼ਰੀਬੀ ਅਤੇ ਜੀਵਨ ਲਾਗਤ ਦੋਵਾਂ ਵਿਚ ਵਾਧਾ ਹੋਇਆ ਹੈ ਪਰ ਰੁਜ਼ਗਾਰ ਵਿਚ ਵਾਧਾ ਨਹੀਂ ਹੋਇਆ। 2024 ਤੱਕ ਭਾਰਤ ਦੁਨੀਆ ਵਿਚ 150 ਕਰੋੜ ਅਬਾਦੀ ਨਾਲ ਮੋਹਰੀ ਦੇਸ਼ ਬਣ ਜਾਵੇਗਾ। ਇਸ ਲਈ ਅਨਾਜ ਸੰਕਟ ਦੀ ਸੰਭਾਵਨਾ ਨੂੰ ਰੱਦ ਕਰਨਾ ਕੰਧ ’ਤੇ ਲਿਖੇ ਤੋਂ ਮੁਕਰਨਾ ਹੋਵੇਗਾ। ਛੇ ਦਹਾਕੇ ਤੋਂ ਵੱਧ ਦੀ ਆਜ਼ਾਦੀ ਬਾਅਦ ਵੀ ਭਾਰਤ ਅੱਜ ਭੋਜਨ ਸੁਰੱਖਿਆ ਨਹੀਂ ਦੇ ਸਕਿਆ। ਪਰ ਜ਼ਮੀਨ ਖੋਹਣ ਵਾਲੇ ਐਕਟਾਂ ਨੇ ਭਾਰਤ ਵਿਚ ਭੁੱਖਮਰੀ ਲਈ ਰਾਹ ਪੱਧਰਾ ਕਰ ਦਿੱਤਾ ਹੈ। ਇਸ ਤਰਾਂ ਕਰਨ ‘ਤੇ ਸਿੱਧਾ ਹੀ ਅਨਾਜ ਪੈਦਾਵਾਰ ਘਟੇਗੀ ਅਤੇ ਪਹੁੰਚ ਦੀ ਕਮੀ ਕਰਕੇ ਗ਼ਰੀਬ ਲੋਕਾਂ ਦੇ ਭੁੱਖੇ ਮਰਨ ਦੀ ਸੰਭਾਵਨਾ ਵੀ ਵਧੇਗੀ। ਇਸ ਤਰਾਂ ਦਾ ਵਿਕਾਸ ਮੁੱਠੀ ਭਰ ਸਰਮਾਏਦਾਰਾਂ ਅਤੇ ਉਨਾਂ ਦੀਆਂ ਕਠਪੁਤਲੀਆਂ ਲਈ ਐਸ਼ੋ-ਆਰਾਮ ਦੀਆਂ ਸਹੂਲਤਾਂ ਪ੍ਰਦਾਨ ਕਰੇਗਾ ਜਦੋਂ ਕਿ ਪਛੜੇ, ਸੀਮਾਂਤ, ਗ਼ਰੀਬ ਅਤੇ ਕਬੀਲਾ ਵਾਸੀਆਂ ਨੂੰ ਆਰਥਿਕਤਾ ਵਿਚੋਂ ਮਨਫ਼ੀ ਕਰ ਦੇਵੇਗਾ। ਭਾਰਤ ਕੋਲ ਬਹੁਤ ਹੀ ਕੀਮਤੀ ਖਣਿਜਾਂ ਦਾ ਭੰਡਾਰ ਧਰਤੀ ਵਿਚ ਦੱਬਿਆ ਪਿਆ ਹੈ ਅਤੇ ਕਾਰਪੋਰੇਟ ਨੂੰ ਕਾਹਲ ਹੈ ਕਿ ਕਦੋਂ ਉਹ ਇਸ ਉੱਪਰ ਕਬਜ਼ਾ ਕਰ ਲੈਣ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਇਸ ਕਾਰਪੋਰੇਟੀ ਮਾਡਲ ਨੂੰ ਰੱਦ ਕਰਕੇ ਕਿਹੜਾ ਖੇਤੀ ਮਾਡਲ ਅਪਣਾਇਆ ਜਾਵੇ? ਇਹ ਮਾਡਲ ਕਿਹੜੇ-ਕਿਹੜੇ ਮਸਲਿਆਂ ਨੂੰ ਮੁਖ਼ਾਤਿਬ ਹੋਵੇ? ਖੇਤੀ ਸੰਕਟ ਹੁਣ ਸਿਰਫ ਖੇਤੀਬਾੜੀ ਤੱਕ ਸੀਮਤ ਨਹੀਂ ਰਿਹਾ। ਕਦੇ ਨਾ ਲਹਿਣ ਵਾਲੇ ਕਰਜ਼ਿਆਂ ਤੋਂ ਲੈ ਕੇ, ਕਿਸਾਨ ਖ਼ੁਦਕੁਸ਼ੀਆਂ ਤੇ ਖੇਤੀ ਮਜ਼ਦੂਰਾਂ ਦੀ ਬੇਬਸੀ ਤੋਂ ਅੱਗੇ ਇਹ ਸਾਡੀ ਖ਼ੁਰਾਕ ਦਾ ਸੰਕਟ ਵੀ ਹੈ। ਇਹ ਰੁਜ਼ਗਾਰ ਦਾ ਸੰਕਟ ਵੀ ਹੈ। ਵਾਤਾਵਰਨ ਨਿਘਾਰ ਅਤੇ ਮੁੱਕਦੇ ਕੁਦਰਤੀ ਸਾਧਨ ਹੋਰ ਚੁਣੌਤੀਆਂ ਹਨ। ਪੰਜਾਬੀਆਂ ਦਾ ਡਾਇਸਪੋਰਾ ਇਸ ਸੰਕਟ ਦਾ ਹੀ ਸਿੱਟਾ ਹੈ।

ਸਹਿਕਾਰਤਾ ਇਕ ਅਜਿਹਾ ਤਰੀਕਾ ਹੈ ਜੋ ਸਿਰਫ ਖੇਤੀ ਵਿਚ ਹੀ ਨਹੀਂ ਬਲਕਿ ਰੋਜ਼ਮਰਾ ਜ਼ਿੰਦਗੀ ਦੇ ਬਹੁਤ ਸਾਰੇ ਮਸਲਿਆਂ ਦਾ ਬਿਹਤਰ ਹੱਲ ਹੈ। ਇਹ ਸਰਬ-ਸਾਂਝੀਵਾਲਤਾ ਦਾ ਪ੍ਰਤੀਕ ਹੈ। ਨਿੱਜਤਾ ਦੀ ਲਾਲਸਾ ਪ੍ਰਿਥਵੀ ’ਤੇ ਜੀਵਨ ਦੀ ਹੋਂਦ ਨੂੰ ਚੁਣੌਤੀ ਦੇ ਰਹੀ ਹੈ। ਇਸ ਦਾ ਬਦਲ ਸਾਂਝ ਹੀ ਬਣ ਸਕਦੀ ਹੈ। ਫ਼ਸਲਾਂ ਉਗਾਉਣ ਤੋਂ ਇਲਾਵਾ ਫ਼ਸਲਾਂ ਦੀ ਪ੍ਰੋਸੈਸਿੰਗ, ਗਰੇਡਿੰਗ, ਪੈਕਿੰਗ ਆਦਿ ਦੀਆਂ ਕਿਰਿਆਵਾਂ ਵਿਚ ਕਿਸਾਨ ਦੀ ਹਿੱਸੇਦਾਰੀ ਉਸ ਨੂੰ ਆਪਣੇ ਪੈਰਾਂ ‘ਤੇ ਖੜਾ ਕਰ ਸਕਦੀ ਹੈ। ਪਸ਼ੂ ਪਾਲਣ ਦਾ ਕਿੱਤਾ ਪੰਜਾਬ ਵਿਚ ਸਭ ਤੋਂ ਪੁਰਾਣਾ ਹੈ। ਪਹਿਲਾਂ ਇਹ ਕੰਮ ਦੁੱਧ ਦੀ ਘਰੇਲੂ ਲੋੜ ਪੂਰੀ ਕਰਨ ਲਈ ਕੀਤਾ ਜਾਂਦਾ ਸੀ। ਪਰ ਹੁਣ ਲਗਪਗ ਹਰ ਕਿਸਾਨ ਦੁੱਧ ਮੰਡੀ ਵਿਚ ਵੇਚਦਾ ਹੈ। ਸਮੱਸਿਆ ਇਹ ਹੈ ਕਿ ਕਿਸਾਨ ਦੁੱਧ ਤੋਂ ਹੋਰ ਕੋਈ ਡੇਅਰੀ ਉਤਪਾਦ ਤਿਆਰ ਨਹੀਂ ਕਰਦਾ। ਉਸ ਦੇ ਰੁਝੇਵੇਂ ਅਤੇ ਲੋੜੀਂਦੇ ਸਾਜ਼ੋ-ਸਾਮਾਨ ਅਤੇ ਅਧਾਰਭੂਤ ਢਾਂਚੇ ਦੀ ਘਾਟ ਕਾਰਨ ਮੋਟੀ ਕਮਾਈ ਹੋਰ ਲੋਕ ਲੈ ਜਾਂਦੇ ਹਨ। ਮੱਖੀ ਪਾਲਣ, ਮੱਛੀ ਪਾਲਣ, ਪੋਲਟਰੀ ਫਾਰਮ ਆਦਿ ਹੋਰ ਕਿੱਤੇ ਹਨ, ਜਿਨਾਂ ਵਿਚ ਵਿਕਾਸ ਦੀਆਂ ਸੰਭਾਵਨਾਵਾਂ ਕਾਫੀ ਹਨ। ਪਰ ਇੱਥੇ ਵੀ ਸਮੱਸਿਆ ਵਿਕਰੀ ਅਤੇ ਵਿਚੋਲਿਆਂ ਦੁਆਰਾ ਕੀਤੀ ਜਾਂਦੀ ਲੁੱਟ ਕਰਕੇ ਹੀ ਪੈਦਾ ਹੁੰਦੀ ਹੈ। ਕਿਸਾਨ ਟਮਾਟਰ ਤੋਂ ਜੈਮ, ਆਲੂਆਂ ਤੋਂ ਚਿਪਸ, ਮੱਕੀ ਤੋਂ ਕੁਰਕੁਰੇ ਅਤੇ ਫਲਾਂ ਤੋਂ ਜੂਸ ਬਣਾ ਕੇ ਪੈਕਿੰਗ ਕਰਕੇ ਮੰਡੀ ਵਿਚ ਵੇਚ ਸਕਦੇ ਹਨ। ਸਚਾਈ ਤਾਂ ਇਹ ਹੈ ਕਿ ਇਹ ਸਾਰੇ ਕੰਮ ਵੀ ਸਾਡੇ ਕਿਸਾਨ ਕਰਕੇ ਵੇਖ ਚੁੱਕੇ ਹਨ। ਦੇਸ਼ ਦੀਆਂ ਅਨਾਜ ਲੋੜਾਂ ਦੇ ਮੱਦੇਨਜ਼ਰ ਖੇਤੀ ਕੀਮਤ ਨੀਤੀ ਹੀ ਇਸ ਤਰਾਂ ਦੀ ਬਣਾਈ ਗਈ ਹੈ ਕਿ ਕਣਕ ਅਤੇ ਝੋਨਾ ਦੋ ਫ਼ਸਲਾਂ ਹੀ ਕਿਸਾਨਾਂ ਲਈ ਜ਼ਿਆਦਾ ਸੁਰੱਖਿਅਤ ਹੋ ਗਈਆਂ ਹਨ। ਖੇਤ ਤੱਕ ਪਾਣੀ ਲਈ ਪਾਈਪ ਸਿਸਟਮ, ਫੁਹਾਰਾ ਸਿਸਟਮ, ਨਹਿਰਾਂ, ਸੂਇਆਂ ਦੀ ਮੁਰੰਮਤ ਕਰਨੀ, ਪੇਂਡੂ ਸੜਕਾਂ ਦਾ ਨਿਰਮਾਣ, ਖੇਤੀ ਮੰਡੀਆਂ ਨੂੰ ਆਧੁਨਿਕ ਬਣਾਉਣਾ, ਖੇਤਰੀ ਖੋਜ ਕੇਂਦਰਾਂ ਦਾ ਮੁੜ ਸੁਰਜੀਤੀਕਰਨ, ਕੋਲਡ ਸਟੋਰ, ਗੋਦਾਮ, ਗਰੇਡਿੰਗ ਯੂਨਿਟ, ਪ੍ਰੋਸੈਸਿੰਗ ਪਲਾਂਟ ਲਾਉਣੇ ਆਦਿ ਮੁੱਖ ਕੰਮ ਹਨ ਜੋ ਖੇਤੀ ਵਿਭਿੰਨਤਾ ਲਈ ਕਰਨੇ ਪੈਣਗੇ। ਇਹ ਨਿਵੇਸ਼ ਜਾਂ ਤਾਂ ਸਰਕਾਰ ਕਰ ਸਕਦੀ ਹੈ ਜਾਂ ਇਹ ਕੰਮ ਖੇਤੀ ਪ੍ਰਚੂਨ ਵਿਚ ਦਾਖ਼ਲ ਹੋ ਰਹੀਆਂ ਬਹੁਰਾਸ਼ਟਰੀ ਕੰਪਨੀਆਂ ਕਰ ਲੈਣਗੀਆਂ। ਪਰ ਉਹ ਕੰਪਨੀਆਂ ਉੱਥੇ ਹੀ ਨਿਵੇਸ਼ ਕਰਨਗੀਆਂ, ਜਿੱਥੋਂ ਉਨਾਂ ਨੂੰ ਵੱਡੇ ਲਾਭ ਦੀ ਉਮੀਦ ਹੋਵੇ। ਸੋ ਜੇ ਇਹ ਕੰਪਨੀਆਂ ਨਿਵੇਸ਼ ਕਰਨਗੀਆਂ ਤਾਂ ਮੁਨਾਫ਼ਾ ਵੀ ਸਾਰਾ ਉਹੀ ਲੈ ਜਾਣਗੀਆਂ। ਕਿਸਾਨਾਂ ਦੀ ਹਾਲਤ ਪਹਿਲਾਂ ਵਾਲੀ ਹੀ ਰਹੇਗੀ। ਸਰਕਾਰ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਇਹ ਬੁਨਿਆਦੀ ਸਹੂਲਤਾਂ ਉਹ ਆਪ ਮੁਹੱਈਆ ਕਰੇ। ਮਿਆਰੀ ਬੀਜਾਂ, ਖਾਦਾਂ ਅਤੇ ਕੀਟਨਾਸ਼ਕਾਂ ਦੀ ਸਸਤੀ ਅਤੇ ਸਮੇਂ ’ਤੇ ਪ੍ਰਾਪਤੀ ਦਾ ਮੁੱਦਾ ਹੈ। ਪੰਜਾਬ ਵਿਚ ਇਸ ਵੇਲੇ ਗ਼ੈਰ-ਮਿਆਰੀ ਖੇਤੀਬਾੜੀ ਇਨਪੁਟਸ (ਖੇਤੀ ਉਤਪਾਦਨ ਵਿਚ ਕੰਮ ਆਉਣ ਵਾਲੀਆਂ ਚੀਜ਼ਾਂ) ਦਾ ਬੋਲਬਾਲਾ ਹੈ । ਘਟੀਆ ਸਾਧਨਾਂ ਨਾਲ ਘੱਟ ਅਤੇ ਘਟੀਆ ਉਪਜ ਦੇ ਇਸ ਕੁਚੱਕਰ ਨੂੰ ਤੋੜਨ ਲਈ ਸਖ਼ਤ ਕਾਨੂੰਨਾਂ ਦੀ ਲੋੜ ਹੈ। ਇਥੇ ਕਿਸਾਨਾਂ ਦੀ ਲੁੱਟ ਸਿਰਫ ਗ਼ੈਰ-ਮਿਆਰੀ ਸਾਮਾਨ ਨਾਲ ਹੀ ਨਹੀਂ ਬਲਕਿ ਵੱਧ ਕੀਮਤਾਂ ਅਤੇ ਗ਼ੈਰ-ਜ਼ਰੂਰੀ ਵਸਤਾਂ ਦੀ ਜਬਰੀ ਕਿਸਾਨਾਂ ਨੂੰ ਵਿਕਰੀ ਰਾਹੀਂ ਵੀ ਹੁੰਦੀ ਹੈ। ਛੋਟੇ ਕਿਸਾਨਾਂ ਨੂੰ ਤਾਂ ਬਿਜਾਈ ਵੇਲੇ ਪੈਸੇ ਦੇ ਕੇ ਵੀ ਬੀਜ ਅਤੇ ਖਾਦ ਨਹੀਂ ਮਿਲਦੇ। ਸਭ ਚੋਰ ਮੋਰੀਆਂ ਬੰਦ ਕਰਕੇ ਮਿਆਰੀ ਬੀਜ, ਖਾਦਾਂ, ਸਪਰੇਅ ਆਦਿ ਦੀ ਪ੍ਰਾਪਤੀ ਯਕੀਨੀ ਹੋਣੀ ਚਾਹੀਦੀ ਹੈ। ਜੇ ਕਿਸਾਨ ਪੂਰੀ ਤਰਾਂ ਜਾਗਰੂਕ ਹੋ ਕੇ ਸਮੁੱਚੀ ਖ਼ਰੀਦ ਸਹਿਕਾਰੀ ਸਭਾਵਾਂ ਰਾਹੀਂ ਕਰਨ ਤਾਂ ਵੀ ਚੰਗੇ ਨਤੀਜੇ ਨਿਕਲ ਸਕਦੇ ਹਨ। ਸਾਡਾ ਜ਼ਰਾਇਤੀ ਮੰਡੀ ਪ੍ਰਬੰਧ ਕਿਸਾਨ ਪੱਖੀ ਨਹੀਂ ਹੈ। ਉਪਜ ਦਾ ਜ਼ਿਆਦਾ ਮੁਨਾਫ਼ਾ ਤਾਂ ਵਿਚੋਲੇ ਹੜੱਪ ਜਾਂਦੇ ਨੇ, ਕਿਸਾਨ ਪੱਲੇ ਕੁਝ ਨਹੀਂ ਪੈਂਦਾ। ਮੰਡੀਆਂ ਵਿਚ ਬਣੇ ਵਪਾਰੀ ਕਾਰਟਲ ਤੋੜ ਕੇ, ਜਾਣਕਾਰੀ ਤੱਕ ਕਿਸਾਨ ਦੀ ਪਹੁੰਚ ਆਸਾਨ ਕਰਕੇ ਅਤੇ ਵਿਚੋਲਿਆਂ ਨੂੰ ਹਟਾ ਕੇ ਮੰਡੀ ਸਿਸਟਮ ਕਿਸਾਨ ਹਿਤੈਸ਼ੀ ਬਣਾਉਣਾ ਹੀ ਪੈਣਾ ਹੈ। ਇਸ ਤੋਂ ਇਲਾਵਾ ਸਾਡਾ ਕਿਸਾਨ ਵੀ ਮੰਡੀ ਵਿਚ ਕਣਕ-ਝੋਨਾ ਸੁੱਟਣ ਦਾ ਆਦੀ ਹੋ ਗਿਆ ਹੈ। ਵੇਚਣਾ ਤਾਂ ਜਿਵੇਂ ਉਹਨੇ ਸਿੱਖਿਆ ਹੀ ਨਹੀਂ ਹੈ। ਪਰ ਇੱਥੇ ਸਰਕਾਰ ਵੀ ਇਕ ਵੱਡਾ ਰੋਲ ਅਦਾ ਕਰ ਸਕਦੀ ਹੈ। ਫ਼ਸਲਾਂ ਸਮੇਤ ਹੋਰ ਜ਼ਰਾਇਤੀ ਉਪਜਾਂ ਲਈ ਘੱਟੋ-ਘੱਟ ਸਮੱਰਥਨ ਮੁੱਲ ਇਸ ਤਰਾਂ ਨਿਰਧਾਰਿਤ ਕਰੇ ਕਿ ਕੀਮਤ ਨੀਤੀ ਖੇਤੀ ਲਈ ਇੱਕ ਪ੍ਰੇਰਕ ਬਣ ਜਾਵੇ। ਪਰ ਜ਼ਮੀਨੀ ਹਕੀਕਤ ਇਸ ਦੇ ਬਿਲਕੁਲ ਉਲਟ ਹੈ। ਵਿਸ਼ਵ ਪੱਧਰ ’ਤੇ ਖੁੱਲੀ ਮੰਡੀ ਕਰਜ਼ੇ ਵਿਚ ਡੁੱਬੇ ਸਾਡੇ ਕਿਸਾਨ ਲਈ ਬਹੁਤ ਚੁਣੌਤੀਆਂ ਲੈ ਕੇ ਆ ਰਹੀ ਹੈ। ਵਿਸ਼ਵੀਕਰਨ ਦੀ ਇਸ ਹਨੇਰੀ ਵਿਚ ਟਿਕਣ ਲਈ ਮੰਡੀ ਦੀ ਨਬਜ਼ ਨੂੰ ਸਮਝਣਾ ਅਤੇ ਵਿਕਰੀ ਪ੍ਰਕਿਰਿਆ ਵਿਚ ਸ਼ਾਮਿਲ ਹੋਣਾ ਕਿਸਾਨ ਲਈ ਜ਼ਰੂਰੀ ਸ਼ਰਤ ਬਣ ਗਿਆ ਹੈ। ਪਰ ਇੱਥੇ ਵੀ ਇਕ ਵੱਡੀ ਸਮੱਸਿਆ ਇਹ ਹੈ ਕਿ ਪ੍ਰਚੂਨ ਵਿਚ ਪ੍ਰਤੱਖ ਵਿਦੇਸ਼ੀ ਨਿਵੇਸ਼ ਨੇ ਕਿਸਾਨਾਂ ਲਈ ਸਿੱਧੀ ਵਿਕਰੀ ਦਾ ਇਹ ਕੰਮ ਵੀ ਬੜਾ ਔਖਾ ਕਰ ਦਿੱਤਾ ਹੈ। ਬੜੇ ਹੀ ਮਜ਼ਬੂਤ, ਵਿਸ਼ਾਲ ਅਤੇ ਸੰਗਠਿਤ ਰਿਲਾਇੰਸ ਅਤੇ ਵਾਲਮਾਰਟ ਵਰਗੇ ਬਹੁਰਾਸ਼ਟਰੀ ਨਿਗਮਾਂ ਦੇ ਸਟੋਰਾਂ ਦੇ ਸਾਹਮਣੇ ਛੋਟੇ ਅਤੇ ਸੀਮਾਂਤ ਕਿਸਾਨ ਨਹੀਂ ਟਿਕ ਪਾਉਣਗੇ। ਨਵੇਂ ਐਕਟ ਕਹਿ ਰਹੇ ਹਨ ਕਿ ਕਿਸਾਨ ਆਪਣੀ ਉਪਜ ਦੀ ਵਿਕਰੀ ਲਈ ਇਨਾਂ ਸਟੋਰਾਂ ਨਾਲ ਕੋਈ ਕੰਟਰੈਕਟ ਕਰ ਲੈਣ। ਇਸ ਤਰਾਂ ਉਹ ਆਪਣਾ ਸਾਮਾਨ ਸਿੱਧਾ ਸਟੋਰ ਨੂੰ ਸਪਲਾਈ ਕਰ ਸਕਦੇ ਹਨ

ਪਰ ਸਮੱਸਿਆ ਹੋਰ ਹੈ ਕਿ ਇਹ ਕੰਪਨੀਆਂ ਸਾਰੇ ਮੁਨਾਫੇ ਨੂੰ ਆਪ ਹੀ ਹੜੱਪਣ ਦੀ ਕੋਸ਼ਿਸ਼ ਕਰਨਗੀਆਂ। ਜੇਕਰ ਉਸ ਉਪਜ ਦੀ ਬਾਜ਼ਾਰ ਵਿਚ ਘਾਟ ਹੋਵੇਗੀ ਤਾਂ ਇਹ ਕੰਟਰੈਕਟ ਹੇਠ ਕਿਸਾਨ ਦੀ ਉਪਜ ਬਾਜ਼ਾਰ ਨਾਲੋਂ ਘੱਟ ਕੀਮਤ ’ਤੇ ਉਸ ਦੇ ਫਾਰਮ ਤੋਂ ਹੀ ਸਿੱਧੀ ਚੁੱਕ ਲੈਣਗੇ। ਪਰ ਜੇ ਕਿਤੇ ਇਹ ਉਪਜ ਮੰਡੀ ਵਿਚ ਸਸਤੀ ਹੋ ਗਈ ਤਾਂ ਇਹ ਸਟੋਰ ਜ਼ਰੂਰ ਹੀ ਕੁਆਲਟੀ ਕੰਟਰੋਲ ਆਦਿ ਆਧਾਰ ’ਤੇ ਖ਼ਰੀਦ ਵਿਚ ਕਟੌਤੀ ਕਰਨਗੇ ਜਾਂ ਫਿਰ ਲੋੜੀਂਦਾ ਮਾਲ ਖ਼ਰੀਦ ਕੇ ਬਾਕੀ ਕਿਸਾਨ ਸਿਰ ਮੜ ਦੇਣਗੇ। ਪੰਜਾਬ ਵਿਚ ਇਸ ਤਰਾਂ ਦਾ ਵਰਤਾਰਾ ਪਹਿਲਾਂ ਵੀ ਵਾਪਰ ਚੁੱਕਾ ਹੈ। ਇਸ ਸਭ ਲੁੱਟ-ਖੋਹ ਤੋਂ ਬਚਣ ਦਾ ਇਕ ਹੀ ਹੱਲ ਹੈ ਕਿ ਕਿਸਾਨ ਵੀ ਆਪਣੇ ਸਹਿਕਾਰੀ ਸਟੋਰ ਖੋਲ ਲੈਣ। ਪੰਜਾਬ ਵਿਚ ਇਸ ਵੇਲੇ 19352 ਮਲਟੀਪਰਪਜ਼ ਪ੍ਰਾਇਮਰੀ ਸਹਿਕਾਰੀ ਸਭਾਵਾਂ ਚੱਲ ਰਹੀਆਂ ਹਨ। ਕੁਝ ਸਭਾਵਾਂ ਦਾ ਬਲਾਕ ਪੱਧਰ ਉੱਪਰ ਇਕ ਸੰਘ ਬਣਾ ਕੇ ਕਿਸਾਨ ਆਪਣੀ ਵਿਭਿੰਨ ਉਪਜ ਦਾ ਚੰਗਾ ਮੁੱਲ ਲੈ ਸਕਦੇ ਹਨ। ਇਸ ਨਾਲ ਗ੍ਰਾਹਕਾਂ ਨੂੰ ਵੀ ਫਾਇਦਾ ਹੋਵੇਗਾ ਕਿਉਂਕਿ ਉਨਾਂ ਤੱਕ ਤਾਜ਼ਾ ਅਤੇ ਸਸਤਾ ਮਾਲ ਸਿੱਧਾ ਪਹੁੰਚ ਸਕੇਗਾ। ਇਨਾਂ ਸੰਘਾਂ ਨੂੰ ਬਣਾਉਣ ਵਿਚ ਕਿਸਾਨ ਜਥੇਬੰਦੀਆਂ, ਸਰਕਾਰ, ਸਹਿਕਾਰੀ ਸਭਾਵਾਂ ਦੀਆਂ ਕਮੇਟੀਆਂ ਅਤੇ ਪੰਜਾਬੀ ਸਹਿਕਾਰਤਾ ਮੰਤਰਾਲਾ ਅਹਿਮ ਸਥਾਨ ਰੱਖਦਾ ਹੈ। ਛੋਟੇ ਅਤੇ ਸੀਮਾਂਤ ਕਿਸਾਨ ਆਪਣੇ ਦਮ ਉੱਪਰ ਵੱਡੀ ਪੱਧਰ ’ਤੇ ਮਸ਼ੀਨੀਕਰਨ ਨਹੀਂ ਕਰ ਸਕਦੇ। ਇਸ ਵਿਚ ਮੁਢਲੀ ਜ਼ਿੰਮੇਵਾਰੀ ਸਰਕਾਰ ਦੀ ਬਣਦੀ ਹੈ। ਅੱਗੇ ਇਹ ਕੰਮ ਸਹਿਕਾਰੀ ਸਭਾਵਾਂ ਰਾਹੀਂ ਬਹੁਤ ਹੀ ਵਧੀਆ ਢੰਗ ਨਾਲ ਫੈਲਾਇਆ ਜਾ ਸਕਦਾ ਹੈ। ਸਹਿਕਾਰੀ ਸਭਾ ਦੇ ਮੈਂਬਰ ਕਿਸਾਨ ਸਾਂਝੇ ਤੌਰ ’ਤੇ ਸਬਸਿਡੀ ਉੱਪਰ ਬਹੁਤ ਸਾਰੇ ਸੰਦ ਖ਼ਰੀਦ ਸਕਦੇ ਹਨ। ਇਨਾਂ ਦੀ ਸਾਂਝੀ ਵਰਤੋਂ ਹੋਣ ਕਰਕੇ ਇਨਾਂ ਦੀ ਸੀਮਾਂਤ ਲਾਗਤ ਵੀ ਬਹੁਤ ਘੱਟ ਆਵੇਗੀ।

ਸਹਾਇਕ ਧੰਦਿਆਂ ਲਈ ਵੀ ਤਰਜੀਹੀ ਆਧਾਰ ‘ਤੇ ਸਸਤੇ ਕਰਜ਼ੇ ਮੁਹੱਈਆ ਕਰਵਾਉਣੇ ਚਾਹੀਦੇ ਹਨ। ਪਰ ਇੱਥੇ ਇਕ ਗੱਲ ਧਿਆਨ ਰੱਖਣ ਯੋਗ ਹੈ ਕਿ ਇਹ ਕਰਜ਼ੇ ਸਿਰਫ ਧਨਾਢਾਂ, ਵਿਚੋਲਿਆਂ ਅਤੇ ਅਫ਼ਸਰਾਂ ਦੀਆਂ ਜੇਬਾਂ ਵਿਚ ਨਹੀਂ ਪੈਣੇ ਚਾਹੀਦੇ ਬਲਕਿ ਇਹ ਕਰਜ਼ੇ ਛੋਟੇ ਅਤੇ ਸੀਮਾਂਤ ਉਤਪਾਦਕਾਂ ਤੱਕ ਬਿਨਾਂ ਕਿਸੇ ਭ੍ਰਿਸ਼ਟਾਚਾਰ ਤੋਂ ਪਹੁੰਚਣੇ ਯਕੀਨੀ ਬਣਾਉਣੇ ਪੈਣਗੇ ਤਾਂ ਜੋ ਉਹ ਲੋਕ ਇਨਾਂ ਦੀ ਸੁਚੱਜੀ ਵਰਤੋਂ ਕਰਕੇ ਆਪਣੀ ਅਤੇ ਖੇਤੀ ਦੀ ਦਸ਼ਾ ਸੁਧਾਰ ਸਕਣ। ਖੇਤੀਬਾੜੀ ਵਿਭਿੰਨਤਾ ਵਿਚ ਸੱਚੀਮੁੱਚੀ ਕਾਮਯਾਬ ਹੋਣ ਲਈ ਸਭ ਤੋਂ ਅਹਿਮ ਮੁੱਦਾ ਕਿਸਾਨਾਂ ਦੀ ਸਿਖਲਾਈ ਅਤੇ ਟਰੇਨਿੰਗ ਦਾ ਰਹਿ ਜਾਂਦਾ ਹੈ। ਆਮ ਤੌਰ ’ਤੇ ਇਹ ਕੰਮ ਅਣਗੌਲਿਆ ਰਹਿ ਜਾਂਦਾ ਹੈ। ਬਹੁਤ ਵਾਰੀ ਜਾਂ ਤਾਂ ਇਹ ਕੰਮ ਕਾਗਜ਼ਾਂ ਤੱਕ ਹੀ ਸੀਮਤ ਹੁੰਦਾ ਹੈ। ਜੇ ਕਦੇ ਕੋਈ ਸਿਖਲਾਈ ਕੈਂਪ ਲਗਦਾ ਵੀ ਹੈ ਤਾਂ ਉਹ ਮੋਟੇ ਕਿਸਾਨਾਂ ਅਤੇ ਖੇਤੀ ਮਹਿਕਮੇ ਦੇ ਅਫ਼ਸਰਾਂ ਦੀ ਆਪਸੀ ਮਿਲਣੀ ਅਤੇ ਖਾਣ-ਪੀਣ ਤੱਕ ਹੀ ਸਿਮਟ ਜਾਂਦਾ ਹੈ। ਵਿਸ਼ਵ ਪੱਧਰ ’ਤੇ ਜਿੱਥੇ ਇਕ ਪਾਸੇ ਵਿਕਸਿਤ ਦੇਸ਼ ਆਪਣੇ ਕਿਸਾਨਾਂ ਨੂੰ ਵੱਡੀਆਂ ਸਬਸਿਡੀਆਂ, ਗੱਫੇ ਅਤੇ ਟਰੇਨਿੰਗ ਦੇ ਰਹੇ ਹਨ, ਉੱਥੇ ਵਿਕਾਸਸ਼ੀਲ ਦੇਸ਼ਾਂ ਉੱਪਰ ਦਬਾਅ ਪਾਇਆ ਜਾ ਰਿਹਾ ਹੈ ਕਿ ਉਹ ਕਿਸਾਨਾਂ ਲਈ ਜਾਰੀ ਥੋੜੀਆਂ ਬਹੁਤੀਆਂ ਸਬਸਿਡੀਆਂ ਵੀ ਬੰਦ ਕਰ ਦੇਣ। ਇੱਥੇ ਨੀਤੀ ਘਾੜਿਆਂ ਨੂੰ ਚਾਹੀਦਾ ਹੈ ਕਿ ਉਹ ਮੌਜੂਦਾ ਹਾਲਾਤ ਨੂੰ ਦੇਖਦੇ ਹੋਏ ਕਿਸਾਨਾਂ ਲਈ ਮਾਇਕ ਮਦਦ ਦੇ ਨਾਲ-ਨਾਲ ਸਿਖਲਾਈ ਅਤੇ ਟ੍ਰੇਨਿੰਗ ਦਾ ਯੋਗ ਪ੍ਰਬੰਧ ਕਰਨ। ਜ਼ਿਲੇ ਪੱਧਰ ਤੋਂ ਹੇਠਾਂ ਬਲਾਕ ਪੱਧਰ ’ਤੇ ਵੀ ਖੇਤੀ ਖੋਜ ਅਤੇ ਸਿਖਲਾਈ ਕੇਂਦਰ ਸਥਾਪਤ ਕੀਤੇ ਜਾਣ। ਮਿੱਟੀ ਪਰਖ, ਫ਼ਸਲ ਚੋਣ, ਫਸਲ ਦੀ ਕਿਸਮ ਦੀ ਚੋਣ, ਖਾਦ ਅਤੇ ਕੀਟਨਾਸ਼ਕਾਂ ਸਬੰਧੀ ਸਿਫ਼ਾਰਸ਼ਾਂ, ਕੀਮਤਾਂ ਅਤੇ ਮੌਸਮ ਸਬੰਧੀ ਜਾਣਕਾਰੀ ਲਈ ਬਲਾਕ ਪੱਧਰ ‘ਤੇ ‘ਕਿਸਾਨ ਸਕੂਲ’ ਸਥਾਪਤ ਕਰਕੇ ਖੇਤੀ ਵਿਭਿੰਨਤਾ ਨੂੰ ਪੰਜਾਬ ਲਈ ਵਰਦਾਨ ਬਣਾਇਆ ਜਾ ਸਕਦਾ ਹੈ। ਪਿੰਡ ਪੱਧਰ ’ਤੇ ਕਿਸਾਨ ਕਲੱਬ ਬਣਾ ਕੇ ਕਿਸਾਨਾਂ ਲਈ ਨਿਰੰਤਰ ਸਿਖਲਾਈ ਦਾ ਪ੍ਰਬੰਧ ਕਰਨਾ ਬਣਦਾ ਹੈ।

ਸੋ ਅਖੀਰ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਜੇਕਰ ਧਰਤੀ ਉੱਪਰ ਮਨੁੱਖ ਦੀ ਹੋਂਦ ਨੂੰ ਬਚਾਈ ਰੱਖਣ ਲਈ ਵਿਕਾਸ ਬੜਾ ਹੀ ਜ਼ਰੂਰੀ ਹੈ ਤਾਂ ਮਨੁੱਖ ਦੀਆਂ ਖਾਧ-ਖੁਰਾਕ ਅਤੇ ਹੋਰ ਲੋੜਾਂ ਦੀ ਪੂਰਤੀ ਦੇ ਨਾਲ ਨਾਲ ਕੁਦਰਤੀ ਸਾਧਨਾਂ ਦੀ ਸਾਂਭ-ਸੰਭਾਲ ਅਤੇ ਸੁਚੱਜੀ ਵਰਤੋਂ ਵੀ ਸਾਡੇ ਵਿਕਾਸ ਮਾਡਲ ਦਾ ਹਿੱਸਾ ਹੋਣੀ ਚਾਹੀਦੀ ਹੈ। ਇਸ ਲਈ ਖੇਤੀ ਸੰਕਟ ਦੇ ਇਸ ਕਾਰਜ ਨੂੰ ਫ਼ਤਹਿ ਕਰਨ ਲਈ ਵੀ ਸਰਕਾਰ ਨੂੰ ਜਨਤਕ ਨਿਵੇਸ਼ ਵਿਚ ਵਾਧਾ ਕਰਕੇ ਆਪਣੀ ਜ਼ਿੰਮੇਵਾਰੀ ਨਿਭਾਉਣੀ ਚਾਹੀਦੀ ਹੈ। ਕਿਸਾਨਾਂ ਅਤੇ ਹੋਰ ਜ਼ਰਾਇਤੀ ਜਥੇਬੰਦੀਆਂ ਨੂੰ ਵੀ ਬਦਲਦੇ ਹਾਲਾਤ ਮੁਤਾਬਿਕ ਜਥੇਬੰਦ ਹੋ ਕੇ ਸਹਿਕਾਰਤਾ ਮਾਡਲ ਨੂੰ ਅਪਣਾਉਣਾ ਚਾਹੀਦਾ ਹੈ।






**Seeking a Nanny/Babysitter**

Wanted a Nanny for one small kid.
Job included free accomodation and meals.
Those interested can Contact: Aman ( 510 938 7195 )

**ਨੈਨੀ/ਬੇਬੀ ਸਿਟਰ ਦੀ ਜ਼ਰੂਰਤ**

ਇੱਕ ਛੋਟੇ ਬੱਚੇ ਦੀ ਸਾਂਭ ਸੰਭਾਲ ਵਾਸਤੇ ਨੈਨੀ/ਬੇਬੀ ਸਿਟਰ ਦੀ ਜ਼ਰੂਰਤ ਹੈ।
ਰਿਹਾਇਸ਼ ਤੇ ਖਾਣਾ ਪੀਣਾ ਮੁਫ਼ਤ ਹੋਏਗਾ।
ਲੋੜਵੰਦ ਸੱਜਣ ਸੰਪਰਕ ਕਰਨ : ਅਮਨ ( 510 938 7195 )



ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ Quomantry AMRITSAR TIMES

07 ਮਈ 2021 ਤੋਂ 13 ਮਈ 2021

# ਇਨਸਾਫ : ਦੁਨਿਆਵੀ ਢਾਂਚੇ ਬਨਾਮ ਸਿੱਖ

ਭਾਈ ਕਾਨ ਸਿੰਘ ਨਾਭਾ ਮਹਾਨ ਕੋਸ਼ ਵਿੱਚ ਇਨਸਾਫ ਦੇ ਅਰਥ ਸੱਚ ਅਤੇ ਝੂਠ ਨੂੰ ਨਿਤਾਰਨਾ ਲਿਖਦੇ ਹਨ ਜਿਸ ਨੂੰ ਨਿਆਂ ਵੀ ਕਿਹਾ ਜਾਂਦਾ ਹੈ। ਪਰਕਾਸ਼ ਸਿੰਘ ਜੰਮੂ ਇਸ ਨੂੰ ਹੋਰ ਖੋਲਦਿਆਂ ਇਨਸਾਫ ਦੇ ਅਰਥ ਲਿਖਦੇ ਹਨ ਕਿ, ਕਾਨੂੰਨ ਵਿੱਚ ਉਹ ਆਦਰਸ਼ ਜਿਸ ਤੋਂ ਜੱਜਾਂ ਦੀ ਅਗਵਾਈ ਦੀ ਆਸ ਕੀਤੀ ਜਾਂਦੀ ਹੈ ਅਤੇ ਲੋਕਾਂ ਦੁਆਰਾ ਉਹ ਪ੍ਰਾਪਤ ਕਰਨ ਵਿੱਚ ਨਿਰਪੱਖਤਾ, ਜਿਸ ਦਾ ਉਹ ਹੱਕ ਰੱਖਦੇ ਹਨ। ਲੋਕਤੰਤਰੀ ਮੁਲਕਾਂ ਵਿੱਚ ਇਹ ਪ੍ਰੀਕਿਰਿਆ ਵੱਖ ਵੱਖ ਢਾਂਚਿਆਂ ਰਾਹੀਂ ਕੀਤੀ ਜਾਂਦੀ ਹੈ ਜਾਂ ਕੀਤੇ ਜਾਣ ਦਾ ਦਾਅਵਾ ਕੀਤਾ ਜਾਂਦਾ ਹੈ। ਇੰਡੀਆ ਦੇ ਮੌਜੂਦਾ ਢਾਂਚੇ ਇਨਸਾਫ ਦੇ ਮਸਲੇ ਉੱਤੇ ਪੱਖਪਾਤੀ ਹੋਣ ਕਰਕੇ ਸਵਾਲਾਂ ਦੇ ਘੇਰੇ ਵਿੱਚ ਹਨ। ਇਸ ਪੱਖਪਾਤ ਦੀ ਮਾਰ ਝੱਲ ਰਹੇ ਵਰਗ ਲਗਾਤਾਰ ਸੱਚ ਲਈ ਝੂਠ ਨਾਲ ਜੂਝ ਰਹੇ ਹਨ।

ਸੱਚ ਅਤੇ ਝੂਠ ਦੀ ਟੱਕਰ ਜਦੋਂ ਵੀ ਆਪਣੇ ਸਿਖਰ ਨੂੰ ਛੂੰਹਦੀ ਹੈ ਤਾਂ ਹਮੇਸ਼ਾ ਜਾਨ ਅਤੇ ਮਾਲ ਦੀ ਬਲੀ ਮੰਗਦੀ ਹੈ। ਗੁਰੂ ਪਾਤਸ਼ਾਹ ਨੇ ਸਾਨੂੰ ਖੁਦ ਇਨਸਾਫ ਕਰਨ ਦੇ ਸਮਰੱਥ ਬਣਾਇਆ ਹੈ। ਸੱਚ ਅਤੇ ਝੂਠ ਦੇ ਨਿਤਾਰੇ ਲਈ ਗੁਰੂ ਖਾਲਸਾ ਪੰਥ 'ਸਵਾ ਲੱਖ' ਵੀ ਨਿਆਂ ਕਰਨ ਦੇ ਸਮਰੱਥ ਹੈ। ਗੁਰੂ ਪਾਤਸ਼ਾਹ ਨੇ ਜਿਸ ਤਰੀਕੇ ਸਾਨੂੰ ਘੜਿਆ ਹੈ, ਓਹੀ ਸਾਡੀ ਸ਼ੁੱਧਤਾ ਹੈ ਅਤੇ ਇਹ ਸੱਚਾ ਪਾਤਸ਼ਾਹ ਹੀ ਤਹਿ ਕਰਦਾ ਹੈ ਕਿ ਸੇਵਾ ਸਿਮਰਨ ਅਤੇ ਕੁਰਬਾਨੀ ਰਾਹੀਂ ਇਹ ਕਿਸ ਦੇ ਹਿੱਸੇ ਆਉਂਦੀ ਹੈ। ਸਾਡਾ ਅਮਲ ਕਿਹੋ ਜਿਹਾ ਹੋਵੇ ਇਹਦੇ ਵਾਸਤੇ ਅਸੀਂ ਕੁਝ ਮਨੁੱਖਾਂ ਵੱਲੋਂ ਘੜੇ ਢਾਂਚੇ ਵਿੱਚ ਰਹਿ ਕੇ ਹੀ ਨਹੀਂ ਵਿਚਾਰ ਸਕਦੇ। ਰਾਹ ਸਾਰੇ ਵੇਖਣੇ ਚਾਹੀਦੇ ਹਨ, ਪਰਖਣੇ ਚਾਹੀਦੇ ਹਨ ਪਰ ਇਸ ਸੱਚ ਝੂਠ ਦੀ ਟੱਕਰ ਲਈ ਕਿਸੇ ਮਨੁੱਖ ਉੱਤੇ ਜਾਂ ਉਸ ਵੱਲੋਂ ਬਣਾਏ ਢਾਂਚਿਆਂ ਉੱਤੇ ਹੀ ਆਸ ਰੱਖ ਬੈਠ ਜਾਣਾ ਅਤੇ ਬੇਵੱਸ ਹੋ ਕੇ ਇਨਸਾਫ ਦੀ ਫਰਿਆਦ ਕਰੀ ਜਾਣਾ, ਇਹ ਸਾਡਾ ਅਮਲ ਕਦੀ ਵੀ ਨਹੀਂ ਰਿਹਾ।

ਗੁਰੂ ਪਾਤਸ਼ਾਹ ਨੇ ਸਾਨੂੰ ਅਕਾਲ ਪੁਰਖ ਦੀ ਫੌਜ ਦਾ ਦਰਜਾ ਦਿੱਤਾ ਹੈ, ਇਹ ਫੌਜ ਕਦੀ ਵੀ ਕਿਸੇ ਹੋਰ ਦੀ ਅਧੀਨਗੀ ਨਹੀਂ ਕਬੂਲਦੀ। ਇਤਿਹਾਸ ਵਿੱਚ ਅਜਿਹੀਆਂ ਬਹੁਤ ਗਵਾਹੀਆਂ ਹਨ ਜਿਸ ਵਿੱਚ ਪਹਿਲਾਂ ਹਰ ਹੀਲਾ ਅਪਣਾਇਆ ਜਾਂਦਾ ਰਿਹਾ ਕਿ ਮੌਜੂਦਾ ਢਾਂਚੇ ਰਾਹੀਂ ਇਨਸਾਫ ਹੋ ਸਕੇ ਪਰ ਜਦੋਂ ਉਹ ਨਹੀਂ ਹੁੰਦਾ ਤਾਂ 'ਗੁਰੂ ਖਾਲਸਾ ਪੰਥ' ਆਪ ਇਨਸਾਫ ਕਰਦਾ ਹੈ। ਇਕ ਗਵਾਹੀ ਦਸਵੇਂ ਪਾਤਸ਼ਾਹ ਦੇ ਇਤਿਹਾਸ ਦੀ ਹੈ ਕਿ ਔਰੰਗਜ਼ੇਬ ਦੀ ਮੌਤ ਤੋਂ ਬਾਅਦ ਬਹਾਦਰ ਸ਼ਾਹ ਜਿਸ ਦਾ ਪਹਿਲਾ ਨਾਮ ਮੁਅਜ਼ਮ ਸੀ, ਉਸਨੇ ਬਾਦਸ਼ਾਹ ਬਣਨ ਲਈ ਗੁਰੂ ਪਾਤਸ਼ਾਹ ਤੋਂ ਮਦਦ ਮੰਗੀ ਅਤੇ ਬਾਦਸ਼ਾਹ ਬਣਨ ਤੋਂ ਬਾਅਦ ਇਨਸਾਫ ਕਰਨ ਦੀ ਗੱਲ ਉੱਤੇ ਸਹਿਮਤੀ ਕੀਤੀ ਗਈ ਪਰ ਜਦੋਂ ਪਾਤਸ਼ਾਹ ਦੀ ਮਿਹਰ ਸਦਕਾ ਉਹ ਬਾਦਸ਼ਾਹ ਬਣ ਗਿਆ ਤਾਂ ਆਪਣੇ ਰਾਜ ਭਾਗ ਦੀ ਫਿਕਰ ਵਿੱਚ ਬੇਵੱਸ ਹੋ ਕੇ ਸਮਾਂ ਅੱਗੇ ਪਾਉਣ ਲੱਗਾ, ਤੈਅ ਹੋਈਆਂ ਗੱਲਾਂ ਨੂੰ ਲਮਕਾਉਣ ਲੱਗਾ ਤਾਂ ਇਤਿਹਾਸ ਗਵਾਹ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਗੁਰੂ ਪਾਤਸ਼ਾਹ ਦੇ ਥਾਪੜੇ ਨਾਲ ਇਨਸਾਫ ਦੇ ਰਾਹ 'ਤੇ ਤੁਰ ਪੈਂਦੇ ਹਨ ਅਤੇ ਆਪਣੀ ਰਵਾਇਤ ਅਨੁਸਾਰ ਇਨਸਾਫ ਕਰਦੇ ਹਨ।

ਚੁ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ।

ਹਲਾਲ ਅਸਤੁ ਬੁਰਦਨ ਬ ਸ਼ਮਸ਼ੀਰ ਦਸਤ। (ਜ਼ਫ਼ਰਨਾਮਹ, ਪਾ:੧੦)

ਖਾਲਸੇ ਦੇ ਖੁਦ ਇਨਸਾਫ ਕਰਨ ਦੀ ਝਲਕ ਦੀ ਇਕ ਗਵਾਹੀ ਬਾਬਾ ਬੰਦਾ ਸਿੰਘ ਬਹਾਦਰ ਦੇ ਇਤਿਹਾਸ ਵਿੱਚ ਵੀ ਮਿਲਦੀ ਹੈ ਕਿ ਜਦੋਂ ਕੁਝ ਸੱਜਣ ਬਾਬਾ ਬੰਦਾ ਸਿੰਘ ਬਹਾਦਰ ਕੋਲ ਆਪਣੇ ਜ਼ਿਮੀਦਾਰਾਂ ਦੇ ਜ਼ੁਲਮ ਦੀ ਫਰਿਆਦ ਕਰਦੇ ਹਨ ਤਾਂ ਬਾਬਾ ਜੀ ਉਨਾਂ ਨੂੰ ਹੀ ਗੋਲੀ ਨਾਲ ਉਡਾ ਦੇਣ ਲਈ ਕਹਿ ਦਿੰਦੇ ਹਨ। ਆਪਣੀ ਫਰਿਆਦ ਦਾ ਇਹ ਉੱਤਰ ਸੁਣ ਕੇ ਉਹ ਇਸਦਾ ਕਾਰਨ ਪੁੱਛਦੇ ਹਨ ਤਾਂ ਬਾਬਾ ਜੀ ਆਖਦੇ ਹਨ, 'ਤੁਹਾਡੇ ਨਾਲ ਇਹੋ ਹੀ ਹੋਣੀ ਚਾਹੀਦੀ ਹੈ, ਤੁਸੀਂ ਇਸੇ ਦੇ ਹੀ ਲਾਇਕ ਹੋ। ਤੁਸੀਂ ਜਿਮੀਦਾਰਾਂ ਦੇ ਅੱਗੇ ਦੱਬੇ ਰਹਿੰਦੇ ਹੋ ਅਤੇ ਉਨਾਂ ਦਾ ਜਬਰ ਕਾਇਰਾਂ ਵਾਂਙੂ ਜਰੀ ਜਾਂਦੇ ਹੋ। ਸ੍ਰੀ ਦਸਮੇਸ਼ ਜੀ ਦੇ ਖਾਲਸੇ ਵਿੱਚ ਇਹ ਤਾਕਤ ਕਿਉਂ ਨਾ ਹੋਵੇ ਕਿ ਆਪਣੇ ਵਿਰੁੱਧ ਹੋ ਰਹੀਆਂ ਬੇ-ਇਨਸਾਫੀਆਂ ਨੂੰ ਉਹ ਆਪ ਦੂਰ ਕਰ ਸਕੇ ?'

ਪਿਛਲੇ ਦਿਨਾਂ ਵਿੱਚ ਕੁੰਵਰ ਵਿਜੈ ਪ੍ਰਤਾਪ ਸਿੰਘ ਵਾਲੇ ਮਸਲੇ ਦੀ ਕਾਫੀ ਚਰਚਾ ਰਹੀ ਜੋ ਹੁਣ ਵੀ ਜਾਰੀ ਹੈ। ਇਸ ਮਸਲੇ ਨੇ ਮੁੜ ਸਿੱਧ ਕੀਤਾ ਹੈ ਕਿ ਇੰਡੀਆ ਦੇ ਢਾਂਚੇ ਪੱਖਪਾਤੀ ਹਨ ਅਤੇ ਇਨਸਾਫ ਕਰਨ ਦੇ ਸਮਰੱਥ ਨਹੀਂ ਹਨ। ਪਰ ਜਿਸ ਤਰਾਂ ਆਪਾਂ ਉਪਰ ਪੜਿਆ ਹੈ ਕਿ ਇਨਸਾਫ ਕਰਨ ਦੀ ਸੇਵਾ ਕਿਸ ਦੇ ਹਿੱਸੇ ਆਉਂਦੀ ਹੈ ਇਹ ਸੱਚਾ ਪਾਤਸ਼ਾਹ ਹੀ ਤੈਅ ਕਰਦਾ ਹੈ। ਜਿੱਥੇ ਸਾਲ 2015 ਤੋਂ ਲਗਾਤਾਰ ਸਿੱਖਾਂ ਦਾ ਇਕ ਹਿੱਸਾ ਜਾਂ ਵੱਖ ਵੱਖ ਅਫਸਰ ਜਿਨਾਂ ਵਿੱਚ ਇਕ ਕੁੰਵਰ ਵਿਜੇ ਪ੍ਰਤਾਪ ਵੀ ਹੈ, ਇਨਾਂ ਢਾਂਚਿਆਂ ਰਾਹੀਂ ਇਨਸਾਫ ਕਰਨ ਦੇ ਅਮਲ ਜਾਂ ਦਾਅਵੇ ਵਿੱਚ ਸੀ, ਓਥੇ ਇਸੇ ਹੀ ਮਾਮਲੇ ਵਿੱਚ ਜੂਨ 2019 ਵਿੱਚ ਹੀ ਗੁਰਸੇਵਕ ਸਿੰਘ ਅਤੇ ਮਨਿੰਦਰ ਸਿੰਘ ਨੇ ਆਪਣੀ ਰਵਾਇਤ ਅਨੁਸਾਰ ਮਹਿੰਦਰਪਾਲ ਸਿੰਘ ਬਿੱਟੂ (ਉਮਰ 49 ਸਾਲ) ਜੋ ਨਾਭਾ ਜੇਲ ਵਿੱਚ ਇਸੇ ਮਾਮਲੇ ਵਿੱਚ ਕੈਦ ਕੱਟ ਰਿਹਾ ਸੀ, ਨੂੰ ਸੋਧਾ ਲਾ ਦਿੱਤਾ ਸੀ।

ਜੇਕਰ ਦੁਨਿਆਵੀ ਢਾਂਚੇ ਇਨਸਾਫ ਕਰਨ ਦੇ ਸਮਰੱਥ ਨਾ ਰਹਿਣ ਤਾਂ ਸਿੱਖ ਦਾ ਫਰਜ ਆਪਣੇ ਗੁਰੂ ਦੇ ਦੱਸੇ ਢੰਗ ਤਰੀਕਿਆਂ ਅਨੁਸਾਰ ਚੱਲਣ ਦਾ ਹੈ। ਓਹਦਾ ਪੈਮਾਨਾ ਕੋਈ ਦੁਨਿਆਵੀ ਰਾਜ ਪ੍ਰਬੰਧ ਨਹੀਂ ਹੋ ਸਕਦਾ। ਜੇ ਸਾਡੇ ਲਈ ਪੈਮਾਨਾ ਕੋਈ ਦੁਨਿਆਵੀ ਰਾਜ ਪ੍ਰਬੰਧ ਹੈ ਤਾਂ ਇਹ ਨੁਕਸ ਸਾਡਾ ਆਪਣਾ ਹੈ। ਇਹ ਗੁਰੂ ਪਾਤਸ਼ਾਹ ਨੂੰ ਮਹਿਸੂਸ ਕਰਕੇ ਇਸ ਦੁਨਿਆਵੀ ਰਾਜ ਪ੍ਰਬੰਧ ਤੋਂ ਦੂਰ ਖਲੋ ਕੇ ਹੀ ਸਮਝਿਆ ਜਾ ਸਕੇਗਾ।

# ਮਮਤਾ ਦੀ ਬੇਮਿਸਾਲ ਜਿੱਤ ਪਿਛੇ ਹਰ ਵਰਗ ਦਾ ਯੋਗਦਾਨ

**ਅਭੈ ਕੁਮਾਰ ਦੂਬੇ**





ਬੰਗਾਲ ਦੇ ਚੋਣ ਯੁੱਧ ਵਿਚ ਮਮਤਾ ਬੈਨਰਜੀ ਦੀ ਬੇਮਿਸਾਲ ਜਿੱਤ ਦਾ ਵਿਸ਼ਲੇਸ਼ਣ ਕਰਦਿਆਂ ਇਕ ਟੀ.ਵੀ. ਐਂਕਰ ਨੇ ਸਿੱਟਾ ਕੱਢਿਆ ਹੈ ਕਿ ਘੱਟਗਿਣਤੀ ਦੀਆਂ ਬਹੁਗਿਣਤੀ ਵੋਟਾਂ, ਔਰਤਾਂ ਦੀਆਂ ਵੋਟਾਂ ਅਤੇ ਬਹੁਗਿਣਤੀ ਦੀਆਂ ਘੱਟ ਗਿਣਤੀ ਵੋਟਾਂ ਨੇ ਮਿਲ ਕੇ ਦੀਦੀ ਨੂੰ ਦੋ ਤਿਹਾਈ ਬਹੁਮਤ ਦਿਵਾਇਆ ਹੈ। ਇਸ ਤੋਂ ਇਹ ਸਮਝਿਆ ਜਾ ਸਕਦਾ ਹੈ ਕਿ ਹਿੰਦੂ ਵੋਟਾਂ ਦੀਦੀ ਨੂੰ ਬਹੁਤ ਘੱਟ ਮਿਲੀਆਂ, ਮੁਸਲਮਾਨ ਵੋਟਾਂ ਦਾ ਬਹੁਤ ਵੱਡਾ ਹਿੱਸਾ ਮਿਲਿਆ ਅਤੇ ਔਰਤਾਂ ਨੇ ਉਨਾਂ ਨੂੰ ਰੱਜ ਕੇ ਵੋਟਾਂ ਪਾਈਆਂ। ਪਰ ਇਹ ਦਲੀਲ ਸਪੱਸ਼ਟ ਨਹੀਂ ਹੈ ਕਿ ਕੀ ਜਿਸ ਘੱਟਗਿਣਤੀ ਅਤੇ ਜਿਸ ਬਹੁਗਿਣਤੀ ਦਾ ਇੱਥੇ ਜ਼ਿਕਰ ਕੀਤਾ ਜਾ ਰਿਹਾ ਹੈ, ਉਸ ਵਿਚ ਔਰਤਾਂ ਸ਼ਾਮਿਲ ਹਨ ਜਾਂ ਨਹੀਂ ? ਬੰਗਾਲ ਦੇ ਵੋਟਰ ਮੰਡਲ ਵਿਚ 48-49 ਫੀਸਦੀ ਔਰਤਾਂ ਸ਼ਾਮਿਲ ਹਨ। ਇਹ ਹਿੰਦੂ ਵੀ ਹਨ ਅਤੇ ਮੁਸਲਮਾਨ ਵੀ। ਜੇਕਰ ਹਿੰਦੂਆਂ ਦੀਆਂ ਅੱਧੀਆਂ ਵੋਟਾਂ ਦਾ ਇਕ ਵੱਡਾ ਹਿੱਸਾ ਮਮਤਾ ਬੈਨਰਜੀ ਨੂੰ ਮਿਲਿਆ ਹੈ ਤਾਂ ਫਿਰ ਇਹ ਕਿਵੇਂ ਹੋ ਸਕਦਾ ਹੈ ਕਿ ਉਨਾਂ ਦੀ ਪਾਰਟੀ ਨੂੰ ਹਿੰਦੂ ਵੋਟਾਂ ਬਹੁਤ ਘੱਟ ਮਿਲੀਆਂ ਹੋਣ। ਮਮਤਾ ਨੂੰ ਮਿਲਣ ਵਾਲੀਆਂ ਹਿੰਦੂ ਵੋਟਾਂ ਭਾਜਪਾ ਤੋਂ ਕੁਝ ਘੱਟ ਤਾਂ ਹੋ ਸਕਦੀਆਂ ਹਨ ਪਰ ਉਹ ਬਹੁਤ ਘੱਟ ਜਾਂ ਘੱਟ ਗਿਣਤੀ ਦੀ ਸ਼੍ਰੇਣੀ ਵਿਚ ਨਹੀਂ ਆ ਸਕਦੀਆਂ।

ਦਰਅਸਲ, ਜਿਸ ਪਾਰਟੀ ਨੂੰ 48 ਫੀਸਦੀ ਵੋਟਾਂ ਅਤੇ ਉਸ ਕਾਰਨ 214 ਸੀਟਾਂ ਮਿਲੀਆਂ ਹੋਣ, ਉਸ ਨੂੰ ਸਮਾਜ ਦੇ ਹਰ ਤਬਕੇ ਦਾ ਸਮਰਥਨ ਮਿਲੇ ਬਿਨਾਂ ਇਸ ਤਰਾਂ ਦਾ ਬਹੁਮਤ ਨਹੀਂ ਮਿਲ ਸਕਦਾ। ਸੀ.ਐਸ.ਡੀ.ਐਸ. ਲੋਕਨੀਤੀ ਵਲੋਂ ਵੋਟਾਂ ਤੋਂ ਬਾਅਦ ਕੀਤੇ ਗਏ ਇਕ ਸਰਵੇਖਣ ਦੇ ਅੰਕੜੇ ਮੋਟੇ ਤੌਰ 'ਤੇ ਦੱਸਦੇ ਹਨ ਕਿ ਹਿੰਦੂ ਵੋਟਾਂ ਦਾ ਕਰੀਬ 40 ਫੀਸਦੀ ਤ੍ਰਿਣਮੂਲ ਕਾਂਗਰਸ ਮਿਲਿਆ ਹੈ। ਮੁਸਲਮਾਨ ਵੋਟਾਂ ਦਾ 70 ਫੀਸਦੀ ਵੀ ਉਸ ਦੇ ਖਾਤੇ ਵਿਚ ਪਿਆ ਹੈ। ਔਰਤਾਂ ਦੀਆਂ ਵੋਟਾਂ ਵਿਚ ਵੀ ਤ੍ਰਿਣਮੂਲ ਨੂੰ ਭਾਜਪਾ 'ਤੇ ਚੜਤ ਪ੍ਰਾਪਤ ਹੋਈ ਹੈ। ਹਰੇਕ ਸੌ ਔਰਤ ਵੋਟਰਾਂ ਵਿਚੋਂ ਮਮਤਾ ਨੂੰ 50 ਨੇ ਵੋਟਾਂ ਪਾਈਆਂ ਹੋਣਗੀਆਂ ਅਤੇ ਭਾਜਪਾ ਨੂੰ 37 ਔਰਤਾਂ ਨੇ। ਇਸੇ ਤਰਾਂ ਕਮਜ਼ੋਰ ਜਾਤਾਂ ਦੀ ਚਰਚਾ ਕੀਤੀ ਜਾਵੇ ਤਾਂ ਤਸਵੀਰ ਕੁਝ ਜ਼ਿਆਦਾ ਵੱਖ ਦਿਖਾਈ ਨਹੀਂ ਦਿੰਦੀ। ਜਿਨਾਂ ਹਲਕਿਆਂ ਵਿਚ ਮਤੂਆ (ਨਾਮਸ਼ੂਦਰ) ਵੋਟਰਾਂ ਨਿਰਣਾਇਕ ਸਨ, ਉਥੇ ਵੀ ਤ੍ਰਿਣਮੂਲ ਨੇ ਬਾਜ਼ੀ ਮਾਰੀ ਹੈ। ਇਸ ਸਰਵੇਖਣ ਵਿਚ ਸਾਫ਼ ਤੌਰ 'ਤੇ ਦਿਖਾਈ ਦਿੰਦਾ ਹੈ ਕਿ ਪਛੜੀਆਂ ਜਾਤਾਂ ਅਤੇ ਅਨੁਸੂਚਿਤ ਜਾਤਾਂ ਵਿਚ ਵੀ ਪੱਲੜਾ ਮਮਤਾ ਦੇ ਪੱਖ ਵਿਚ ਹੀ ਝੁਕਿਆ ਰਿਹਾ ਹੈ।

ਇਨਾਂ ਅੰਕੜਿਆਂ ਨੇ ਇਕ ਗੱਲ ਨਿਰਵਿਵਾਦ ਰੂਪ ਨਾਲ ਸਾਫ਼ ਕਰ ਦਿੱਤੀ ਹੈ ਕਿ ਬੰਗਾਲ ਵਿਚ ਕਿਸੇ ਕਿਸਮ ਦੀ ਸਰਕਾਰ ਵਿਰੋਧੀ ਭਾਵਨਾ ਨਹੀਂ ਸੀ, ਸਰਕਾਰ ਵਿਰੋਧੀ ਲਹਿਰ ਦੀ ਗੱਲ ਤਾਂ ਛੱਡ ਹੀ ਦੇਣੀ ਚਾਹੀਦੀ ਹੈ। ਬਿਹਾਰ ਤੋਂ ਬਾਅਦ ਇਹ ਦੂਜਾ ਮੌਕਾ ਹੈ ਜਦੋਂ ਸਰਕਾਰ ਵਿਰੋਧੀ ਭਾਵਨਾਵਾਂ ਬਾਰੇ ਮੀਡੀਆ ਵਲੋਂ ਕੀਤੇ ਦਾਅਵੇ ਗ਼ਲਤ ਨਿਕਲੇ ਹਨ। ਸਿੱਟੇ ਵਜੋਂ ਇਹ ਕਿਹਾ ਜਾ ਸਕਦਾ ਹੈ ਕਿ ਸਰਕਾਰ ਵਿਰੋਧੀ ਭਾਵਨਾ ਦੋ ਤਰਾਂ ਦੀ ਹੁੰਦੀ ਹੈ। ਇਕ ਉਹ ਜੋ ਸੁਭਾਵਿਕ ਤੌਰ 'ਤੇ ਜ਼ਮੀਨ 'ਤੇ ਮੌਜੂਦ ਹੁੰਦੀ ਹੈ ਅਤੇ ਹਰ ਸਰਕਾਰ ਨੂੰ ਕਿਸੇ ਨਾ ਕਿਸੇ ਰੂਪ ਵਿਚ ਉਸ ਦਾ ਸਾਹਮਣਾ ਕਰਨਾ ਪੈਂਦਾ ਹੀ ਹੈ। ਦੂਜੀ ਉਹ ਜੋ ਮੀਡੀਆ ਵਾਲੇ ਦਿਖਾਉਂਦੇ ਹਨ। ਭਾਵ ਜੋ ਪੱਤਰਕਾਰਾਂ ਵਲੋਂ ਘੜੀ ਜਾਂਦੀ ਹੈ। ਬਿਹਾਰ ਵਿਚ ਨਿਤਿਸ਼ ਕੁਮਾਰ ਦੇ ਖ਼ਿਲਾਫ਼ ਵੀ ਇਸੇ ਤਰਾਂ ਦੀ ਸਰਕਾਰ ਵਿਰੋਧੀ ਭਾਵਨਾ ਦਿਖਾਈ ਜਾ ਰਹੀ ਸੀ। ਬੰਗਾਲ ਵਿਚ ਤਾਂ ਇਸ ਬਾਰੇ ਵਿਚ ਪਰਲੇ ਦਰਜੇ ਦੀਆਂ ਗੱਲਾਂ ਬੇਹੱਦ ਵਧਾ-ਚੜਾ ਕੇ ਪੇਸ਼ ਕੀਤੀਆਂ ਜਾ ਰਹੀਆਂ ਸਨ। ਬੰਗਾਲ ਦੀ ਜ਼ਮੀਨ ਨਾਲ ਤਾਅਲੁਕ ਰੱਖਣ ਦਾ ਦਾਅਵਾ ਕਰਨ ਵਾਲੀ ਅਤੇ ਚੋਣਾਂ ਦੌਰਾਨ ਪੂਰੇ ਪ੍ਰਦੇਸ਼ ਵਿਚ ਰਿਪੋਰਟਿੰਗ ਕਰਨ ਵਾਲੀ ਇਕ ਰਿਪੋਰਟਰ ਦਾ ਤਾਂ ਇੱਥੋਂ ਤੱਕ ਕਹਿਣਾ ਸੀ ਕਿ ਭਾਜਪਾ ਦੀ ਜਿੱਤ ਦੀਆਂ ਸੰਭਾਵਨਾਵਾਂ 175 ਸੀਟਾਂ ਤੋਂ ਸ਼ੁਰੂ ਹੋਣ ਵਾਲੀਆਂ ਹਨ। ਭਾਵ ਉਸ ਨੂੰ ਪੌਣੇ ਦੋ ਸੌ ਸੀਟਾਂ ਮਿਲਣਗੀਆਂ। ਇਹ ਪੱਤਰਕਾਰ ਗਿਣਤੀ ਦੇ ਦਿਨ ਸਵੇਰੇ ਸੱਤ ਵਜੇ ਤੱਕ ਟੀ.ਵੀ. 'ਤੇ ਇਹੀ ਦਾਅਵਾ ਕਰ ਰਹੀ ਸੀ। ਇਸ ਤਰਾਂ ਬੁੱਧੀਜੀਵੀ ਹੋਣ ਦਾ ਦਾਅਵਾ ਕਰਨ ਵਾਲੇ ਇਕ 'ਸੱਜਣ' ਆਪਣੇ ਯੂ-ਟਿਊਬ ਇੰਟਰਵਿਊ ਵਿਚ ਵਿਸਥਾਰ ਨਾਲ ਵਿਸ਼ਲੇਸ਼ਣ ਕਰਦਿਆਂ ਸਰਕਾਰ ਵਿਰੋਧੀ ਲਹਿਰ ਦੀ ਤਸਵੀਰ ਖਿੱਚ ਰਹੇ ਸਨ। ਇਸ 'ਜ਼ਮੀਨ ਨਾਲ ਜੁੜੀ' ਪੱਤਰਕਾਰ ਅਤੇ 'ਸੱਜਣ' ਬੁੱਧੀਜੀਵੀ ਦੀ ਦਲੀਲ ਉਹੀ ਸੀ ਜੋ ਭਾਜਪਾ ਦੇ ਸੂਬਾ ਪ੍ਰਧਾਨ ਦਿਲੀਪ ਘੋਸ਼ ਵਾਰ ਵਾਰ ਦੇ ਰਹੇ ਸਨ। ਉਨਾਂ ਦਾ ਕਹਿਣਾ ਸੀ ਕਿ ਬੰਗਾਲ ਦਾ ਵੋਟਰ ਤ੍ਰਿਣਮੂਲ ਕਾਂਗਰਸ ਦੀ ਦਾਦਾਗਿਰੀ ਤੋਂ ਡਰਿਆ ਹੋਇਆ ਹੈ। ਇਸ ਲਈ ਉਹ ਸਰਵੇਖਣਾਂ ਵਿਚ ਇਹ ਕਹਿਣ ਤੋਂ ਪ੍ਰਹੇਜ਼ ਕਰਦਾ ਹੈ ਕਿ ਬੰਗਾਲ ਵਿਚ ਇਸ ਵਾਰ ਤਬਦੀਲੀ ਹੋਣ ਵਾਲੀ ਹੈ। ਚੋਣ ਸਿੱਟਿਆਂ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਇਹ ਸਭ ਗੱਲਾਂ ਜਾਂ ਤਾਂ ਗ਼ਲਤਫ਼ਹਿਮੀ ਸੀ, ਜਾਂ ਫਿਰ ਜਾਣਬੁੱਝ ਕੇ ਬੋਲਿਆ ਜਾਣ ਵਾਲਾ ਇਕ ਝੂਠ ਸੀ।

ਬੰਗਾਲ ਵਿਚ ਸਰਕਾਰ ਵਿਰੋਧੀ ਭਾਵਨਾਵਾਂ ਵੇਖਣ 'ਤੇ ਤੁਲੇ ਲੋਕਾਂ ਨੇ ਇਕ ਦੂਜੀ ਹਕੀਕਤ ਵਲੋਂ ਅੱਖਾਂ ਮੀਟ ਰੱਖੀਆਂ ਸਨ। ਉਹ ਹਕੀਕਤ ਹੈ ਮਮਤਾ ਬੈਨਰਜੀ ਵਲੋਂ ਸਥਾਨਕ ਪੱਧਰ 'ਤੇ ਭ੍ਰਿਸ਼ਟਾਚਾਰ ਕਰਨ ਵਾਲੇ ਤ੍ਰਿਣਮੂਲ ਕਾਂਗਰਸ ਦੇ ਆਗੂਆਂ ਅਤੇ ਵਰਕਰਾਂ ਨੂੰ ਨੱਥ ਪਾਉਣ ਦੀ ਕਾਰਵਾਈ। ਇਸ ਦੀਆਂ ਬਹੁਤ ਮਿਸਾਲਾਂ ਹਨ। ਜਿਵੇਂ ਦੱਖਣੀ ਚੌਬੀਸ ਪਰਗਨਾ ਅਤੇ ਡਾਇਮੰਡ ਹਾਰਬਰ ਵਿਚ ਮਮਤਾ ਨੇ ਖੁਦ ਸ਼ੌਕਤ ਮੁੱਲਾ ਅਤੇ ਅਬਦੁੱਲ ਇਸਲਾਮ ਵਰਗੇ ਆਪਣੇ ਆਗੂਆਂ ਨੂੰ ਮਜਬੂਰ ਕੀਤਾ ਕਿ ਉਹ ਜਨਤਾ ਤੋਂ ਜਬਰੀ ਉਗਰਾਹੀਆਂ ਰਕਮਾਂ ਮੋੜਨ। ਉਸ ਤਰਾਂ ਦੀਆਂ ਘਟਨਾਵਾਂ ਨੇ ਮਮਤਾ ਦੇ ਅਕਸ ਨੂੰ ਜਨਤਾ ਦੀਆਂ ਨਜ਼ਰਾਂ ਵਿਚ ਅਸਮਾਨ ਦੀਆਂ ਉਚਾਈਆਂ 'ਤੇ ਪਹੁੰਚਾ ਦਿੱਤਾ। ਅਸਲ ਵਿਚ 2019 ਦੀਆਂ ਲੋਕ ਸਭਾ ਚੋਣਾਂ ਵਿਚ ਜਦੋਂ ਨਤੀਜੇ ਆਸ ਤੋਂ ਉਲਟ ਨਿਕਲੇ ਸਨ ਤਾਂ ਮਮਤਾ ਹੈਰਾਨ ਹੋਈ ਸੀ। ਉਨਾਂ ਨੇ ਦੋ ਪਾਸੜ ਕਾਰਵਾਈ ਕਰਨੀ ਸ਼ੁਰੂ ਕਰ ਦਿੱਤੀ ਸੀ।

ਇਕ ਪਾਸੇ ਤਾਂ ਉਨਾਂ ਨੇ ਸਾਰੇ ਬੰਗਾਲ ਵਿਚ ਹੇਠਲੇ ਪੱਧਰ 'ਤੇ ਫੈਲੇ ਭ੍ਰਿਸ਼ਟਾਚਾਰ ਨੂੰ ਸੀਮਤ ਕਰਨ ਦੀ ਮੁਹਿੰਮ ਚਲਾਈ ਤਾਂ ਕਿ ਆਮ ਲੋਕਾਂ ਵਿਚ ਪਾਰਟੀ ਖ਼ਿਲਾਫ਼ ਵਧ ਰਹੀ ਨਾਰਾਜ਼ਗੀ ਦੂਰ ਕੀਤੀ ਜਾ ਸਕੇ ਅਤੇ ਦੂਜੇ ਪਾਸੇ ਉਸ ਨੇ ਆਪਣੀ ਸਰਕਾਰ ਦੇ ਅਕਸ ਨੂੰ ਮਜ਼ਬੂਤ ਕਰਨ ਦਾ ਨਿਰਣਾ ਕੀਤਾ। ਰੂਪਾਸ੍ਰੀ (ਵਿਆਹੀਆਂ ਔਰਤਾਂ ਲਈ), ਕੰਨਿਆਸ੍ਰੀ (ਵਿਦਿਆਰਥਣਾਂ ਲਈ) ਅਤੇ ਸਬੂਜ ਸਾਥੀ (ਕਿਸਾਨਾਂ ਲਈ) ਵਰਗੀਆਂ ਸਕੀਮਾਂ ਪਹਿਲਾਂ ਤੋਂ ਹੀ ਚੱਲ ਰਹੀਆਂ ਸਨ। ਇਹ ਸਕੀਮਾਂ ਬੰਗਾਲ ਦੇ ਔਰਤ ਸਮਾਜ ਅਤੇ ਗ਼ਰੀਬ ਕਿਸਾਨਾਂ ਨੂੰ ਚੋਖਾ ਪ੍ਰਭਾਵਿਤ ਕਰਨ ਵਾਲੀਆਂ ਸਨ। ਮਮਤਾ ਬੈਨਰਜੀ ਨੇ ਇਸ ਵਿਚ 'ਦੁਆਰੇ ਸਰਕਾਰ' ਅਤੇ 'ਦੀਦੀ ਕੇ ਬੋਲੋ' ਨੂੰ ਹੋਰ ਜੋੜਿਆ। ਦੁਆਰੇ ਸਰਕਾਰ ਕਾਰਨ ਲੋਕਾਂ ਨੂੰ ਲੱਗਾ ਕਿ ਸਰਕਾਰ ਉਨਾਂ ਦੀ ਦਹਿਲੀਜ਼ ਤੱਕ ਪਹੁੰਚ ਸਕਦੀ ਹੈ ਅਤੇ ਦੀਦੀ ਕੇ ਬੋਲੋ ਰਾਹੀਂ ਉਹ ਇਕ ਕੇਂਦਰੀਕ੍ਰਿਤ ਫੋਨ ਨੰਬਰ 'ਤੇ ਆਪਣੀਆਂ ਸ਼ਿਕਾਇਤਾਂ ਮੁੱਖ ਮੰਤਰੀ ਤੱਕ ਪਹੁੰਚਾਉਣ ਲੱਗੇ ਸਨ। ਇਸੇ ਤਰਾਂ ਸਰਕਾਰੀ ਸਕੂਲਾਂ ਵਿਚ ਬੱਚਿਆਂ ਨੂੰ ਹਫ਼ਤੇ ਵਿਚ ਦੋ ਦਿਨ ਆਂਡੇ ਮਿਲਣ ਲੱਗੇ। ਉਨਾਂ ਨੇ ਇਹ ਯਕੀਨੀ ਬਣਾਇਆ ਕਿ ਅਨੁਸੂਚਿਤ ਜਾਤਾਂ ਦੇ ਲੋਕਾਂ ਨੂੰ ਐਸ.ਸੀ. ਪ੍ਰਮਾਣ ਪੱਤਰ ਬਣਾ ਕੇ ਬਿਨਾਂ ਕਿਸੇ ਖਰਚੇ ਦੇ ਸਹੂਲਤਾਂ ਦਿੱਤੀਆਂ ਜਾਣ।

ਬੰਗਾਲ ਦੀਆਂ ਚੋਣਾਂ ਵਿਚ ਇਕ ਨਾ ਬੁੱਝੀ ਜਾ ਸਕਣ ਵਾਲੀ ਗੁੰਝਲ ਇਹ ਸੀ ਕਿ ਕਾਂਗਰਸ ਅਤੇ ਮਾਕਪਾ ਦੇ ਗੱਠਜੋੜ ਦਾ ਪ੍ਰਦਰਸ਼ਨ ਕਿਹੋ ਜਿਹਾ ਹੋਵੇਗਾ ? ਉਨਾਂ ਨੂੰ ਜੋ ਵੋਟਾਂ ਮਿਲਣਗੀਆਂ, ਉਨਾਂ ਨਾਲ ਕਿਸ ਦਾ ਨੁਕਸਾਨ ਹੋਵੇਗਾ ਅਤੇ ਕਿਸ ਦਾ ਫਾਇਦਾ ਹੋਵੇਗਾ ? ਇਹ ਗੱਠਜੋੜ ਦੋ ਤਰਾਂ ਦੀ ਭੂਮਿਕਾ ਨਿਭਾਅ ਸਕਦਾ ਸੀ। ਪਹਿਲਾ ਇਹ ਕਿ ਗੱਠਜੋੜ ਭਾਜਪਾ ਤੋਂ ਆਪਣੀਆਂ ਉਨਾਂ ਵੋਟਾਂ ਦਾ ਇਕ ਹਿੱਸਾ ਵਾਪਸ ਲੈ ਸਕਦਾ ਸੀ, ਜੋ ਲੋਕ ਸਭਾ ਚੋਣਾਂ ਵਿਚ ਇਨਾਂ ਪਾਰਟੀਆਂ ਦੇ ਹੱਥੋਂ ਕਿਰ ਗਈਆਂ ਸਨ। ਇਸ ਸੂਰਤ ਵਿਚ ਉਹ ਭਾਜਪਾ ਦਾ ਨੁਕਸਾਨ ਕਰ ਸਕਦਾ ਸੀ। ਦੂਜੀ ਸਥਿਤੀ ਇਹ ਹੋ ਸਕਦੀ ਸੀ ਕਿ ਇੰਡੀਅਨ ਸੈਕੂਲਰ ਫਰੰਟ ਵਰਗੀ ਪਾਰਟੀ ਨਾਲ ਮਿਲ ਕੇ ਇਹ ਗੱਠਜੋੜ ਮੁਸਲਮਾਨ ਵੋਟਾਂ ਵੰਡ ਦਿੰਦਾ ਅਤੇ ਇਸੇ ਤਰਾਂ ਮਮਤਾ ਬੈਨਰਜੀ ਦਾ ਨੁਕਸਾਨ ਕਰਦਾ। ਸਿੱਟੇ ਇਹ ਦੱਸਦੇ ਹਨ ਕਿ ਇਹ ਗੱਠਜੋੜ ਦੋਵਾਂ ਕੰਮਾਂ ਵਿਚ ਹੀ ਨਾਕਾਮ ਰਿਹਾ। ਨਾ ਤਾਂ ਉਸ ਨੇ ਭਾਜਪਾ ਤੋਂ ਆਪਣੀਆਂ ਵੋਟਾਂ ਵਾਪਸ ਲਈਆਂ ਅਤੇ ਨਾ ਹੀ ਮੁਸਲਮਾਨ ਵੋਟਰਾਂ ਵਿਚ ਉਸ ਪ੍ਰਤੀ ਕੋਈ ਆਕਰਸ਼ਣ ਪੈਦਾ ਹੋ ਸਕਿਆ। ਇਸ ਗਠਜੋੜ ਨੂੰ ਤਿਆਰ ਕਰਨ ਵਿਚ ਮਾਕਪਾ ਦੇ ਆਗੂ ਮੁਹੰਮਦ ਸਲੀਮ ਨੇ ਪ੍ਰਮੁੱਖ ਭੂਮਿਕਾ ਨਿਭਾਈ ਸੀ। ਉਹ ਖੁਦ ਆਪਣੀ ਚੋਣ ਬਹੁਤ ਵੱਡੇ ਅੰਤਰ ਨਾਲ ਹਾਰ ਗਏ ਹਨ।

ਇਕ ਹੋਰ ਗੱਲ ਸੀ ਜਿਸ ਨੂੰ ਅੰਗਰੇਜ਼ੀ ਵਿਚ 'ਬੰਗਾਲੀ ਅਕਸਪ੍ਰੈਸ਼ਨ' ਕਹਿੰਦੇ ਹਨ। ਇਸ ਦਾ ਮਤਲਬ ਇਹ ਹੁੰਦਾ ਹੈ ਕਿ ਬੰਗਾਲੀਆਂ ਦਾ ਆਪਣੀ ਭਾਸ਼ਾ, ਸੱਭਿਆਚਾਰ, ਪਹਿਰਾਵੇ, ਖਾਣ-ਪੀਣ ਅਤੇ ਬੰਗਾਲੀਅਤ ਨਾਲ ਬਹੁਤ ਪਿਆਰ ਹੈ। ਭਾਜਪਾ ਦੀ ਚੋਣ ਮੁਹਿੰਮ ਦਾ ਲਹਿਜਾ ਅਤੇ ਰਵੱਈਆ ਇਸ ਬੰਗਾਲੀਅਤ ਲਈ ਖੁੱਲਾ ਖ਼ਤਰਾ ਸੀ। ਇਸ ਦਾ ਉਲਟਾ ਅਸਰ ਪੈਣਾ ਸੁਭਾਵਿਕ ਹੀ ਸੀ। ਹਰ ਬੰਗਾਲੀ ਹਿੰਦੀ ਸਮਝਦਾ ਹੈ, ਹਿੰਦੀ ਫ਼ਿਲਮਾਂ ਵੀ ਵੇਖਦਾ ਹੈ, ਹਿੰਦੀ ਫਿਲਮਾਂ ਵਿਚ ਬੰਗਾਲੀਆਂ ਦਾ ਯੋਗਦਾਨ ਵੀ ਇਤਿਹਾਸਕ ਹੈ ਪਰ ਇਸ ਦਾ ਮਤਲਬ ਇਹ ਨਹੀਂ ਹੈ ਕਿ ਹਿੰਦੀ ਵਿਚ ਦਿੱਤੇ ਗਏ ਭਾਸ਼ਨ ਉਨਾਂ 'ਤੇ ਥੋਪ ਦਿੱਤੇ ਜਾਣ। ਭਾਜਪਾ ਨੇ ਜਿੱਦ ਕਰਕੇ ਇਹੋ ਕੀਤਾ। ਉਸ ਨੇ ਮਮਤਾ ਬੈਨਰਜੀ ਦੇ ਮੁਕਾਬਲੇ ਕੋਈ ਬੰਗਾਲੀ ਚਿਹਰਾ ਉਤਾਰਨਾ ਜ਼ਰੂਰੀ ਨਹੀਂ ਸਮਝਿਆ। ਜ਼ਾਹਰਾ ਤੌਰ 'ਤੇ ਭਾਜਪਾ ਨੂੰ ਇਸ ਦਾ ਖਮਿਆਜ਼ਾ ਭੁਗਤਣਾ ਹੀ ਪੈਣਾ ਸੀ।

# ਬੰਗਾਲ 'ਚ ਮਮਤਾ ਹਾਰੀ ਪਰ ਪਾਰਟੀ ਜਿੱਤੀ

**ਕੋਲਕਾਤਾ/ਏ.ਟੀ.ਨਿਊਜ਼ :** ਚਾਰ ਰਾਜਾਂ ਅਤੇ ਇਕ ਕੇਂਦਰ ਸ਼ਾਸਿਤ ਪ੍ਰਦੇਸ਼ ਦੇ ਚੋਣ ਨਤੀਜਿਆਂ ਦੇ ਰੁਝਾਨਾਂ ਦਾ ਭਾਰਤ ਦੀ ਸਿਆਸਤ ਉੱਤੇ ਕਈ ਪੱਖਾਂ ਤੋਂ ਅਸਰ ਪੈਣ ਦੀ ਸੰਭਾਵਨਾ ਹੈ। ਪੱਛਮੀ ਬੰਗਾਲ ਵਿਚ ਮਮਤਾ ਬੈਨਰਜੀ ਦੀ ਅਗਵਾਈ ਵਾਲੀ ਤ੍ਰਿਣਮੂਲ ਕਾਂਗਰਸ ਦੀ ਹੂੰਝਾ-ਫੇਰੂ ਜਿੱਤ ਨੇ ਭਾਜਪਾ ਦੀ ਚੋਣ ਰਣਨੀਤੀ, ਧਨ, ਸੰਗਠਨ, ਸਰਕਾਰੀ ਤੰਤਰ ਦੇ ਸਮੁੱਚੇ ਤਾਕਤਵਰ ਹੱਲੇ ਨੂੰ ਪਛਾੜ ਕੇ ਇਤਿਹਾਸ ਸਿਰਜਿਆ ਹੈ। 'ਦੋ ਸੌ ਪਾਰ' ਦਾ ਨਾਅਰਾ ਦੇਣ ਵਾਲੀ ਭਾਜਪਾ ਦੋ ਹਿੰਦਸਿਆਂ ਤੱਕ ਸਿਮਟ ਗਈ ਹੈ। ਭਾਜਪਾ ਵੱਲੋਂ ਜੈ ਸ਼੍ਰੀਰਾਮ ਅਤੇ ਹੋਰ ਬਹੁਤ ਸਾਰੇ ਹਿੰਦੂਤਵੀ ਨਾਅਰਿਆਂ ਨਾਲ ਪੱਛਮੀ ਬੰਗਾਲ ਅੰਦਰ ਹਿੰਦੂ ਵੋਟ ਬੈਂਕ ਨੂੰ ਇਕੱਠਾ ਕਰਨ ਦੀ ਕੋਸ਼ਿਸ਼ ਨੂੰ ਬੂਰ ਨਹੀਂ ਪਿਆ।

ਚੋਣ ਨਤੀਜੇ ਸਾਬਤ ਕਰ ਰਹੇ ਹਨ ਕਿ ਤਾਕਤਾਂ ਦਾ ਕੇਂਦਰੀਕਰਨ ਖੇਤਰਾਂ ਦੀਆਂ ਵੱਖਰੀਆਂ ਪਛਾਣਾਂ ਅਤੇ ਹੋਰ ਖੇਤਰੀ ਮੁੱਦਿਆਂ ਬਾਰੇ ਲੋਕਾਂ ਦੀਆਂ ਭਾਵਨਾਵਾਂ ਦੀ ਤਰਜਮਾਨੀ ਕਰਨ 'ਚ ਅਸਫ਼ਲ ਹੁੰਦਾ ਹੈ। ਵੱਖ ਵੱਖ ਸੱਭਿਆਚਾਰ, ਬੋਲੀਆਂ, ਧਰਮਾਂ ਵਾਲੇ ਮੁਲਕ ਨੂੰ ਸਹੀ ਰੂਪ 'ਚ ਫੈਡਰਲ ਢਾਂਚੇ ਦੀ ਜ਼ਰੂਰਤ ਹੈ। ਮਮਤਾ ਬੈਨਰਜੀ ਨੇ ਪੱਛਮੀ ਬੰਗਾਲ ਚੋਣ ਦੌਰਾਨ ਸਾਰੀਆਂ ਸਿਆਸੀ ਧਿਰਾਂ ਨੂੰ ਲਿਖੀ ਚਿੱਠੀ 'ਚ ਮਿਲ ਕੇ ਭਾਜਪਾ ਦਾ ਮੁਕਾਬਲਾ ਕਰਨ ਦਾ ਦਿੱਤਾ ਸੱਦਾ ਇਨ੍ਹਾਂ ਨਤੀਜਿਆਂ ਪਿੱਛੋਂ ਸਾਰਥਕ ਹੋ ਸਕਦਾ ਹੈ। ਜਾਣਕਾਰਾਂ ਦਾ ਮੰਨਣਾ ਹੈ ਕਿ ਮਮਤਾ ਬੈਨਰਜੀ ਅਜਿਹੀਆਂ ਧਿਰਾਂ ਨੂੰ ਇਕ ਮੰਚ ਉੱਤੇ ਲਿਆਉਣ ਲਈ ਵੱਡੀ ਭੂਮਿਕਾ ਨਿਭਾ ਸਕਦੀ ਹੈ। 4 ਰਾਜਾਂ ਅਤੇ 1 ਕੇਂਦਰ ਸ਼ਾਸਿਤ ਪ੍ਰਦੇਸ਼ 'ਚ ਹੋਈਆਂ ਵਿਧਾਨ ਸਭਾ ਚੋਣਾਂ ਦੇ ਆਏ ਨਤੀਜਿਆਂ ਵਿਚ ਪੱਛਮੀ ਬੰਗਾਲ 'ਚ ਤ੍ਰਿਣਮੂਲ ਕਾਂਗਰਸ ਨੇ ਧਮਾਕੇਦਾਰ ਜਿੱਤ ਹਾਸਲ ਕਰਦਿਆਂ ਸੂਬੇ ਵਿਚ ਤੀਜੀ ਵਾਰ ਸਰਕਾਰ ਬਣਾਉਣ ਦਾ ਰਾਹ ਪੱਧਰਾ ਕਰ ਲਿਆ। ਹਾਲਾਂਕਿ ਮਮਤਾ ਨੂੰ ਖ਼ੁਦ ਨੰਦੀਗ੍ਰਾਮ ਤੋਂ ਭਾਜਪਾ ਆਗੂ ਸੁਭੇਂਦੂ ਅਧਿਕਾਰੀ ਹੱਥੋਂ ਹਾਰ ਦਾ ਸਾਹਮਣਾ ਕਰਨਾ ਪਿਆ। ਚੋਣ ਕਮਿਸ਼ਨ ਮੁਤਾਬਿਕ ਪੱਛਮੀ ਬੰਗਾਲ ਦੀ ਸਭ ਤੋਂ ਚਰਚਿਤ ਸੀਟ ਨੰਦੀਗ੍ਰਾਮ ਤੋਂ ਮਮਤਾ ਨੂੰ ਖ਼ੁਦ ਹਾਰ ਦਾ ਸਾਹਮਣਾ ਕਰਨਾ ਪਿਆ। ਮਮਤਾ ਨੂੰ ਤ੍ਰਿਣਮੂਲ ਵਿਚੋਂ ਹੀ ਗਏ ਭਾਜਪਾ ਆਗੂ ਸੁਭੇਂਦੂ ਅਧਿਕਾਰੀ ਨੇ ਜ਼ਬਰਦਸਤ ਮੁਕਾਬਲੇ ਵਿਚ 1956 ਵੋਟਾਂ ਨਾਲ ਹਰਾਇਆ। ਪਹਿਲੇ 12 ਗੇੜਾਂ ਵਿਚ ਪਿੱਛੇ ਰਹਿਣ ਤੋਂ ਬਾਅਦ 13ਵੇਂ ਗੇੜ ਵਿਚ 3372 ਅਤੇ 15ਵੇਂ ਗੇੜ ਤੱਕ ਮਮਤਾ ਨੇ 8 ਹਜ਼ਾਰ ਵੋਟਾਂ ਦੀ ਬੜਤ ਹਾਸਲ ਕਰਨ ਵਿਚ ਸਫਲਤਾ ਪ੍ਰਾਪਤ ਕੀਤੀ ਪਰ 16ਵੇਂ ਗੇੜ ਦੇ ਅਖ਼ੀਰ ਵਿਚ 6 ਵੋਟਾਂ ਤੋਂ ਪਿੱਛੇ ਰਹਿਣ ਤੋਂ ਬਾਅਦ ਜਦੋਂ 17ਵੇਂ ਗੇੜ ਦੀ ਗਿਣਤੀ ਸ਼ੁਰੂ ਹੋਈ ਤਾਂ ਸਿਰਫ਼ 820 ਵੋਟਾਂ ਨਾਲ ਅੱਗੇ ਸੀ। ਫਿਰ ਇਕ ਵਾਰ ਤਾਂ 1200 ਵੋਟਾਂ ਨਾਲ ਮਮਤਾ ਦੇ ਇਸ ਸੀਟ 'ਤੇ ਜਿੱਤਣ ਦਾ ਦਾਅਵਾ ਵੀ ਕੀਤਾ ਗਿਆ ਪਰ ਇਸ ਤੋਂ ਬਾਅਦ ਭਾਜਪਾ ਨੇ ਸੁਭੇਂਦੂ ਅਧਿਕਾਰੀ ਦੀ ਜਿੱਤ ਦਾ ਦਾਅਵਾ ਕੀਤਾ। ਤ੍ਰਿਣਮੂਲ ਵਲੋਂ ਦੁਬਾਰਾ ਵੋਟਾਂ ਦੀ ਗਿਣਤੀ ਦੀ ਮੰਗ ਕੀਤੀ ਗਈ। ਰਿਟਰਨਿੰਗ ਅਫ਼ਸਰ ਨੇ ਇਹ ਮੰਗ ਮੰਨਣ ਤੋਂ ਇਨਕਾਰ ਕਰਦਿਆਂ ਭਾਜਪਾ ਉਮੀਦਵਾਰ ਨੂੰ ਜੇਤੂ ਕਰਾਰ ਦਿੱਤਾ। ਇਸ ਦੇ ਵਿਰੋਧ ਵਿਚ ਤ੍ਰਿਣਮੂਲ ਸਮਰਥਕਾਂ ਵਲੋਂ ਅਧਿਕਾਰੀ ਦੀ ਕਾਰ 'ਤੇ ਪਥਰਾਅ ਕੀਤਾ ਗਿਆ ।

ਮੁੱਖ ਮੰਤਰੀ ਬਣਨ ਲਈ ਉਂਝ ਤਾਂ ਵਿਧਾਨ ਸਭਾ ਜਾਂ ਵਿਧਾਨ ਪ੍ਰੀਸ਼ਦ (ਜਿਨ੍ਹਾਂ ਸੂਬਿਆਂ ਵਿਚ ਦੋ ਸਦਨ ਹਨ) ਦਾ ਮੈਂਬਰ ਹੋਣਾ ਜ਼ਰੂਰੀ ਹੈ। ਜੇਕਰ ਵਿਧਾਨ ਸਭਾ ਜਾਂ ਵਿਧਾਨ ਪ੍ਰੀਸ਼ਦ ਮੈਂਬਰ ਨਹੀਂ ਹੈ ਤਾਂ ਸਹੁੰ ਚੁੱਕਣ ਦੇ 6 ਮਹੀਨੇ ਦੇ ਅੰਦਰ ਮੈਂਬਰ ਬਣਨਾ ਜ਼ਰੂਰੀ ਹੁੰਦਾ ਹੈ। ਨਿਯਮਾਂ ਮੁਤਾਬਕ ਮੁੱਖ ਮੰਤਰੀ ਅਹੁਦੇ ਦੀ ਸਹੁੰ ਬਿਨਾਂ ਵਿਧਾਇਕ ਰਹਿੰਦੇ ਚੁੱਕੀ ਜਾ ਸਕਦੀ ਹੈ। ਇਸ ਤੋਂ ਬਾਅਦ ਮੁੱਖ ਮੰਤਰੀ ਨੂੰ 6 ਮਹੀਨੇ ਦਾ ਸਮਾਂ ਮਿਲਦਾ ਹੈ। ਇਸ ਤੈਅ ਸਮੇਂ ਸੀਮਾ ਅੰਦਰ ਉਨ੍ਹਾਂ ਦਾ ਵਿਧਾਨ ਸਭਾ ਜਾਂ ਵਿਧਾਨ ਪ੍ਰੀਸ਼ਦ ਦਾ ਮੈਂਬਰ ਬਣਨਾ ਜ਼ਰੂਰੀ ਹੈ। ਜੇਕਰ ਅਜਿਹਾ ਨਹੀਂ ਹੁੰਦਾ, ਤਾਂ ਮੁੱਖ ਮੰਤਰੀ ਅਹੁਦਾ ਛੱਡਣਾ ਪਵੇਗਾ।

ਮਮਤਾ ਦੀਦੀ ਨੇ ਦੋਸ਼ ਲਾਇਆ ਕਿ ਪਹਿਲਾਂ ਉਨ੍ਹਾਂ ਨੂੰ ਜਿੱਤਿਆ ਹੋਇਆ ਐਲਾਨ ਕੀਤਾ ਗਿਆ ਅਤੇ ਬਾਅਦ ਵਿਚ ਦਬਾਅ 'ਚ ਆ ਕੇ ਚੋਣ ਕਮਿਸ਼ਨ ਨੇ ਫ਼ੈਸਲਾ ਪਲਟ ਦਿੱਤਾ। ਮਮਤਾ ਨੇ ਕਿਹਾ ਕਿ ਮੈਂ ਜਨਾਦੇਸ਼ ਨੂੰ ਸਵੀਕਾਰ ਕਰਦੀ ਹਾਂ ਪਰ ਮੈਂ ਸੁਪਰੀਮ ਕੋਰਟ ਜਾਵਾਂਗੀ ਕਿਉਂਕਿ ਨਤੀਜਿਆਂ ਦੇ ਐਲਾਨ ਤੋਂ ਬਾਅਦ ਕੁਝ ਹੇਰ-ਫੇਰ ਕੀਤੀ ਗਈ ਹੈ । ਮਮਤਾ ਨੇ ਇਸ ਨੂੰ ਲੋਕਤੰਤਰ ਦੀ ਜਿੱਤ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਬੰਗਾਲ ਦੇ ਲੋਕਾਂ ਨੇ ਦੇਸ਼ ਨੂੰ ਬਚਾ ਲਿਆ। ਪੱਛਮੀ ਬੰਗਾਲ ਵਿਚ ਸਭ ਤੋਂ ਵੱਧ 8 ਗੇੜਾਂ ਵਿਚ ਹੋਈਆਂ ਚੋਣਾਂ ਤੋਂ ਬਾਅਦ ਮਮਤਾ ਬੈਨਰਜੀ ਨੇ ਕੋਵਿਡ ਨਾਲ ਜੰਗ ਨੂੰ ਸਰਕਾਰ ਦੀ ਤਰਜੀਹ ਦੱਸਦਿਆਂ ਕਿਹਾ ਕਿ ਜਿੱਤ ਦਾ ਜਸ਼ਨ ਅਜੇ ਨਹੀਂ ਮਨਾਇਆ ਜਾਵੇਗਾ ਜਦੋਂ ਕੋਰੋਨਾ ਖ਼ਤਮ ਹੋਵੇਗਾ ਜਸ਼ਨ ਉਦੋਂ ਹੀ ਕੀਤਾ ਜਾਵੇਗਾ। ਆਪਣੇ ਸੰਬੋਧਨ ਵਿਚ ਭਾਜਪਾ ਤੋਂ ਲੈ ਕੇ ਚੋਣ ਕਮਿਸ਼ਨ 'ਤੇ ਸ਼ਬਦੀ ਤੀਰ ਚਲਾਉਂਦਿਆਂ ਮਮਤਾ ਨੇ ਕਿਹਾ ਕਿ ਅਮਿਤ ਸ਼ਾਹ ਹਰ ਵਾਰ ਕਹਿ ਰਹੇ ਸਨ ਕਿ ਬੰਗਾਲ 'ਚ 200 ਪਾਰ ਕਰਨਗੇ ਪਰ ਬੰਗਾਲ ਵਿਚ ਡਬਲ ਸੈਂਚੁਰੀ ਦੀ ਸਰਕਾਰ ਚੱਲੇਗੀ ਨਾ ਕਿ ਡਬਲ ਇੰਜਣ ਦੀ। ਉਨ੍ਹਾਂ ਮੋਦੀ ਭਾਜਪਾ ਨੂੰ ਨਿਸ਼ਾਨਾ ਬਣਾਉਂਦਿਆਂ ਕਿਹਾ ਕਿ ਭਾਜਪਾ ਨੇ ਗੰਦੀ ਸਿਆਸਤ ਨਾਲ ਅਤੇ ਸੱਤਾ ਦੇ ਗਰੂਰ ਨਾਲ ਉਨ੍ਹਾਂ ਨੂੰ ਹਰਾਉਣ ਦੀ ਹਰ ਚਾਲ ਚੱਲੀ ਪਰ ਕਾਮਯਾਬ ਨਹੀਂ ਹੋਈ। ਮਮਤਾ ਬੈਨਰਜੀ ਨੇ ਜਿੱਤ ਤੋਂ ਬਾਅਦ ਬੰਗਾਲ ਦੇ ਹਰ ਵਿਅਕਤੀ ਨੂੰ ਮੁਫ਼ਤ ਕੋਰੋਨਾ ਰੋਕੂ ਵੈਕਸੀਨ ਦੇਣ ਦਾ ਐਲਾਨ ਕੀਤਾ।

ਆਸਾਮ ਵਿਚ ਭਾਜਪਾ ਮੁੜ ਸੱਤਾ 'ਚ ਕਾਬਜ਼ ਹੋਈ ਹੈ, ਜਦਕਿ ਤਾਮਿਲਨਾਡੂ ਵਿਚ ਐਮ. ਕੇ. ਸਟਾਲਿਨ ਦੀ ਡੀ. ਐਮ. ਕੇ. ਜੇਤੂ ਰਹੀ। ਕੇਰਲ ਵਿਚ ਮੁੜ ਖੱਬੇ ਪੱਖੀਆਂ ਦੀ ਸਰਕਾਰ ਬਣ ਰਹੀ ਹੈ। ਪੁੱਡੂਚੇਰੀ ਵਿਚ ਪਹਿਲੀ ਵਾਰ ਭਾਜਪਾ ਗੱਠਜੋੜ ਦੀ ਸਰਕਾਰ ਬਣਨ ਜਾ ਰਹੀ ਹੈ।

ਕੋਰੋਨਾ ਦੇ ਦੌਰ 'ਚ 4 ਰਾਜਾਂ ਤੇ 1 ਕੇਂਦਰ ਸ਼ਾਸਿਤ ਪ੍ਰਦੇਸ਼ ਵਿਚ 62 ਦਿਨ ਚੱਲੇ ਚੋਣ ਅਮਲ ਤੋਂ ਬਾਅਦ ਸਾਹਮਣੇ ਆਏ ਨਤੀਜਿਆਂ ਮੁਤਾਬਿਕ ਸਿਰਫ਼ ਤਾਮਿਲਨਾਡੂ ਨੇ ਹੀ ਸੱਤਾ 'ਚ ਬਦਲਾਅ ਦੀ ਚੋਣ ਕੀਤੀ ਜਦਕਿ ਬਾਕੀ 3 ਰਾਜਾਂ ਪੱਛਮੀ ਬੰਗਾਲ, ਆਸਾਮ ਅਤੇ ਕੇਰਲ ਵਿਚ ਲੋਕਾਂ ਨੇ ਸੱਤਾ 'ਤੇ ਕਾਬਜ਼ ਪਾਰਟੀ 'ਤੇ ਹੀ ਭਰੋਸਾ ਪ੍ਰਗਟਾਉਂਦਿਆਂ ਉਸ ਨੂੰ ਮੁੜ ਸਰਕਾਰ ਬਣਾਉਣ ਦੀ ਜ਼ਿੰਮੇਵਾਰੀ ਸੌਂਪੀ। ਨਤੀਜਿਆਂ ਮੁਤਾਬਿਕ ਸਭ ਤੋਂ ਵੱਧ ਸੁਰਖੀਆਂ ਵਿਚ ਰਹਿਣ ਵਾਲੇ ਰਾਜ ਪੱਛਮੀ ਬੰਗਾਲ ਦੀਆਂ 292 ਸੀਟਾਂ 'ਤੇ ਹੋਈਆਂ ਚੋਣਾਂ ਵਿਚ ਸੱਤਾਧਾਰੀ ਤ੍ਰਿਣਮੂਲ ਕਾਂਗਰਸ 213 ਸੀਟਾਂ 'ਤੇ ਅਤੇ ਭਾਜਪਾ 77 ਸੀਟਾਂ 'ਤੇ ਅੱਗੇ ਸੀ। ਤਾਮਿਲਨਾਡੂ ਦੀਆਂ 234 ਸੀਟਾਂ ਵਿਚੋਂ ਡੀ.ਐਮ.ਕੇ. ਗੱਠਜੋੜ 148 ਸੀਟਾਂ 'ਤੇ ਅਤੇ ਅੰਨਾ.ਡੀ.ਐਮ.ਕੇ. 90 ਸੀਟਾਂ 'ਤੇ ਸੀ। ਕੇਰਲ ਵਿਚ ਖੱਬੇਪੱਖੀ ਗੱਠਜੋੜ ਐਲ.ਡੀ.ਐਫ. ਨੇ 4 ਦਹਾਕਿਆਂ ਬਾਅਦ ਵਿਧਾਨ ਸਭਾ ਚੋਣਾਂ 'ਚ ਸੱਤਾ ਬਦਲਾਅ ਦੀ ਰਵਾਇਤ ਨੂੰ ਤੋੜਦਿਆਂ ਮੁੜ ਵਾਪਸੀ ਦੀ ਰਾਹ ਪੱਧਰੀ ਕੀਤੀ ਹੈ, ਜਿਸ ਵਿਚ ਸੱਤਾ ਧਿਰ ਐਲ.ਡੀ.ਐਫ. 94 'ਤੇ ਅਤੇ ਕਾਂਗਰਸ ਦੀ ਅਗਵਾਈ ਵਾਲੀ ਯੂ.ਡੀ. ਐਫ. 44 ਸੀਟਾਂ 'ਤੇ ਅੱਗੇ ਰਹੀ। ਆਸਾਮ ਵਿਚ ਭਾਜਪਾ ਲਗਾਤਾਰ ਦੂਜੀ ਵਾਰ ਆਪਣੀ ਸਰਕਾਰ ਬਣਾਉਣ ਵੱਲ ਵਧਦਿਆਂ 126 ਸੀਟਾਂ ਵਿਚੋਂ 75 'ਤੇ ਅੱਗੇ ਹੈ ਜਦਕਿ ਕਾਂਗਰਸ 47 ਸੀਟਾਂ 'ਤੇ ਅੱਗੇ ਹੈ। ਕੇਂਦਰੀ ਸ਼ਾਸਿਤ ਪ੍ਰਦੇਸ਼ ਪੁਡੂਚੇਰੀ ਦੀਆਂ 30 ਸੀਟਾਂ ਵਿਚੋਂ ਸਾਹਮਣੇ ਆਈਆਂ 22 ਸੀਟਾਂ ਵਿਚ ਭਾਜਪਾ ਦੀ ਰੁਝਾਨ ਦੀ ਅਗਵਾਈ ਵਾਲਾ ਗੱਠਜੋੜ 16 ਅਤੇ ਕਾਂਗਰਸ 7 ਸੀਟਾਂ 'ਤੇ ਅੱਗੇ ਸੀ।

### ਤਾਮਿਲਨਾਡੂ ਸਿਆਸਤ ਵਿਚ ਕੱਦਾਵਰ ਨੇਤਾ ਵਜੋਂ ਉੱਭਰੇ ਸਟਾਲਿਨ

ਤਾਮਿਲਨਾਡੂ ਵਿਚ ਸਥਾਪਿਤ ਨੇਤਾਵਾਂ ਕਰੁਣਾਨਿਧੀ ਅਤੇ ਜੈਲਲਿਤਾ ਦੀ ਗ਼ੈਰ-ਮੌਜੂਦਗੀ 'ਚ ਹੋਈਆਂ ਪਹਿਲੀਆਂ ਚੋਣਾਂ 'ਚ ਡੀ.ਐਮ.ਕੇ. ਇਕ ਵੱਡੀ ਪਾਰਟੀ ਅਤੇ ਐਮ.ਕੇ. ਸਟਾਲਿਨ ਇਕ ਵੱਡੇ ਆਗੂ ਵਜੋਂ ਉਭਰੇ ਹਨ। ਇਨ੍ਹਾਂ ਚੋਣਾਂ 'ਚ ਡੀ.ਐਮ.ਕੇ. ਦਾ ਕਾਂਗਰਸ ਨਾਲ ਤੇ ਅੰਨਾ. ਡੀ.ਐਮ.ਕੇ. ਦਾ ਭਾਜਪਾ ਨਾਲ ਗੱਠਜੋੜ ਸੀ। ਤਾਮਿਲਨਾਡੂ ਦੀ ਦ੍ਰਾਵਿੜ ਸਿਆਸਤ ਦੇ ਪਹਿਲੇ ਗ਼ੈਰ ਫ਼ਿਲਮੀ ਆਗੂ ਨੇ ਇਸ ਜਿੱਤ ਲਈ ਜਨਤਾ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਜਿੱਤ ਪਾਰਟੀ ਦੇ 50 ਸਾਲਾਂ ਦੇ ਕੰਮਾਂ ਦਾ ਨਤੀਜਾ ਹੈ। ਉਨ੍ਹਾਂ ਲੋਕਾਂ ਪ੍ਰਤੀ ਵਫ਼ਾਦਾਰ ਰਹਿਣ ਅਤੇ ਉਨ੍ਹਾਂ ਦੇ ਹਿਤਾਂ ਲਈ ਕੰਮ ਕਰਨ ਦਾ ਭਰੋਸਾ ਦਿਵਾਉਂਦਿਆਂ ਕਿਹਾ ਕਿ ਉਹ ਇਸ ਜਿੱਤ ਨੂੰ ਪਾਰਟੀ ਦੇ ਕੰਮ ਦੇ ਇਨਾਮ ਵਜੋਂ ਲੈ ਰਹੇ ਹਨ। ਕਾਂਗਰਸ ਦੇ ਆਗੂ ਰਾਹੁਲ ਗਾਂਧੀ ਨੇ ਸਟਾਲਿਨ ਨੂੰ ਵਧਾਈ ਦਿੰਦਿਆਂ ਕਿਹਾ ਕਿ ਤਾਮਿਲਨਾਡੂ ਦੇ ਲੋਕਾਂ ਨੇ ਬਦਲਾਅ ਲਈ ਵੋਟ ਦਿੱਤਾ ਹੈ ਤੇ ਉਨ੍ਹਾਂ ਦੀ ਅਗਵਾਈ ਵਿਚ ਅਸੀਂ ਇਹ ਕਰਾਂਗੇ। ਤਾਮਿਲਨਾਡੂ ਦੇ ਰੁਝਾਨਾਂ ਮੁਤਾਬਿਕ ਅਦਾਕਾਰ ਕਮਲ ਹਸਨ ਦੀ ਪਾਰਟੀ ਐਮ. ਐੱਨ.ਐਮ. ਵਿਚੋਂ ਸਿਰਫ਼ ਉਹ ਹੀ ਅੱਗੇ ਚੱਲ ਰਹੇ ਹਨ ਜਦਕਿ ਸਟਾਲਿਨ ਉਨ੍ਹਾਂ ਦੇ ਬੇਟੇ ਉਦਯਨਿਧੀ ਅਤੇ ਮੌਜੂਦਾ ਮੁੱਖ ਮੰਤਰੀ ਪਲਾਨੀਸਵਾਮੀ ਅੱਗੇ ਚੱਲ ਰਹੇ ਹਨ।

**ਆਸਾਮ 'ਚ ਮੁੜ ਭਾਜਪਾ ਦੀ ਸਰਕਾਰ**

ਆਸਾਮ ਵਿਚ ਭਾਜਪਾ ਨੇ ਕਾਂਗਰਸ ਦੀ ਅਗਵਾਈ ਵਾਲੇ 10 ਪਾਰਟੀਆਂ ਦੇ ਗੱਠਜੋੜ ਨੂੰ ਪਿੱਛੇ ਹਟਾਉਂਦਿਆਂ ਮੁੜ ਆਪਣੀ ਸਰਕਾਰ ਕਾਇਮ ਕਰਨ ਦਾ ਰਾਹ ਪੱਧਰਾ ਕਰ ਲਿਆ ਹੈ। ਇਹ ਪਹਿਲੀ ਵਾਰ ਹੈ ਕਿ ਕੋਈ ਗ਼ੈਰ ਕਾਂਗਰਸ ਸਰਕਾਰ ਲਗਾਤਾਰ ਦੂਜੀ ਵਾਰ ਸੱਤਾ ਵਿਚ ਆਈ ਹੈ।

**ਕੇਰਲਾ ਵਿਚ ਕਾਮਰੇਡ**

ਕੇਰਲ ਵਿਚ ਖੱਬੇਪੱਖੀ ਪਾਰਟੀਆਂ ਨੇ ਆਪਣੇ ਇਕਲੌਤੇ ਰਾਜ ਦੀ ਸੱਤਾ ਮੁੜ ਹਾਸਲ ਕਰ ਲਈ ਹੈ। ਪਿਨਰਾਈ ਵਿਜਯਾਨ ਦੀ ਅਗਵਾਈ ਵਾਲੀ ਐਲ.ਡੀ.ਐਫ. ਨੇ ਵਿਧਾਨ ਸਭਾ ਚੋਣਾਂ ਵਿਚ 4 ਦਹਾਕਿਆਂ ਦੀ ਪ੍ਰੰਪਰਾ ਤੋੜਦਿਆਂ ਲਗਾਤਾਰ ਦੂਜੀ ਵਾਰ ਸੱਤਾ ਹਾਸਲ ਕੀਤੀ ਹੈ। ਕੋਰੋਨਾ ਦੇ ਸਮੇਂ ਵਿਜਯਨ ਦੀ ਕੁਸ਼ਲ ਪ੍ਰਸ਼ਾਸਕ ਦੀ ਅਗਵਾਈ ਨੂੰ ਇਸ ਦਾ ਮੁੱਖ ਕਾਰਨ ਮੰਨਿਆ ਜਾ ਰਿਹਾ ਹੈ। ਭਾਜਪਾ ਨੇ ਵੀ 5 ਛੋਟੀਆਂ ਪਾਰਟੀਆਂ ਨਾਲ ਮਿਲ ਕੇ ਚੋਣ ਲੜੀ ਸੀ ਪਰ ਭਾਜਪਾ ਵਲੋਂ 2016 ਵਿਚ ਜਿੱਤੀ ਇਕਲੌਤੀ ਸੀਟ 'ਤੇ ਵੀ ਐਲ. ਡੀ.ਐਫ. ਦਾ ਕਬਜ਼ਾ ਹੋ ਗਿਆ ਹੈ। ਕੇਰਲ ਦੇ ਵਿੱਤ ਮੰਤਰੀ ਥਾਮਸ ਇਸਾਕ ਨੇ ਟਵੀਟ ਕਰਦਿਆਂ ਇਹ ਜਾਣਕਾਰੀ ਦਿੰਦਿਆਂ ਕਿਹਾ ਕਿ ਕੇਰਲ ਭਾਰਤ ਵਿਚ ਅਜਿਹਾ ਇਕਲੌਤਾ ਸੂਬਾ ਬਣ ਗਿਆ ਹੈ ਜਿੱਥੇ ਭਾਜਪਾ ਦੀ ਕੋਈ ਨੁਮਾਇੰਦਗੀ ਨਹੀਂ ਹੈ।

### ਪੁੱਡੂਚੇਰੀ ਵਿਚ ਪਹਿਲੀ ਵਾਰ ਭਾਜਪਾ ਗੱਠਜੋੜ ਦੀ ਸਰਕਾਰ

ਕੇਂਦਰ ਸ਼ਾਸਿਤ ਸੂਬੇ ਪੁਡੂਚੇਰੀ ਵਿਚ ਪਹਿਲੀ ਵਾਰ ਭਾਜਪਾ ਗੱਠਜੋੜ ਦੀ ਸਰਕਾਰ ਬਣ ਰਹੀ ਹੈ। ਏ.ਆਈ.ਐੱਨ.ਆਰ.ਸੀ. ਦੇ ਬੈਨਰ ਹੇਠ ਭਾਜਪਾ ਅਤੇ ਗੱਠਜੋੜ ਭਾਈਵਾਲ 15 ਸੀਟਾਂ 'ਤੇ ਅੱਗੇ ਹਨ ਜਦਕਿ ਕਾਂਗਰਸ 7 'ਤੇ। ਜ਼ਿਕਰਯੋਗ ਹੈ ਕਿ ਫਰਵਰੀ ਵਿਚ ਕਾਂਗਰਸ ਦੀ ਅਗਵਾਈ ਵਾਲੀ ਸਰਕਾਰ ਡਿੱਗ ਗਈ ਸੀ। 2 ਮੰਤਰੀਆਂ ਦੇ ਭਾਜਪਾ ਵਿਚ ਸ਼ਾਮਿਲ ਹੋਣ ਅਤੇ ਕੁਝ ਵਿਧਾਇਕਾਂ ਦੇ ਅਸਤੀਫ਼ੇ ਤੋਂ ਬਾਅਦ ਕਾਂਗਰਸ ਦੀ ਸਰਕਾਰ ਜਦ ਬਹੁਮਤ ਸਾਬਿਤ ਨਹੀਂ ਕਰ ਪਾਈ ਤਾਂ ਉਥੇ ਰਾਸ਼ਟਰਪਤੀ ਰਾਜ ਲਾਗੂ ਕਰ ਦਿੱਤਾ ਗਿਆ ਸੀ। ਬਾਕੀ ਸਫ਼ਾ 31 'ਤੇ



## ਪ੍ਰਧਾਨ ਮੰਤਰੀ ਅਤੇ ਹੋਰਾਂ ਵਲੋਂ ਵਧਾਈ

**ਨਵੀਂ ਦਿੱਲੀ/ਏ.ਟੀ.ਨਿਊਜ਼ :** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪੱਛਮੀ ਬੰਗਾਲ ਚੋਣਾਂ 'ਚ ਜਿੱਤ ਲਈ ਮਮਤਾ ਬੈਨਰਜੀ ਨੂੰ ਵਧਾਈ ਦਿੱਤੀ। ਪ੍ਰਧਾਨ ਮੰਤਰੀ ਨੇ ਕਿਹਾ ਕਿ ਕੇਂਦਰ ਪੱਛਮੀ ਬੰਗਾਲ ਦੇ ਲੋਕਾਂ ਦੀਆਂ ਇੱਛਾਵਾਂ ਨੂੰ ਪੂਰਾ ਕਰਨ ਅਤੇ ਕੋਰੋਨਾ ਮਹਾਂਮਾਰੀ ਨਾਲ ਨਜਿੱਠਣ ਲਈ ਸੂਬਾ ਸਰਕਾਰ ਨੂੰ ਹਰ ਸੰਭਵ ਸਹਾਇਤਾ ਦਿੰਦਾ ਰਹੇਗਾ।

- ਤ੍ਰਿਣਮੂਲ ਨੂੰ ਭਾਰੀ ਬਹੁਮਤ
- ਨਹੀਂ ਚੱਲਿਆ ਮੋਦੀ ਦਾ ਜਾਦੂ
- ਕਾਂਗਰਸ ਤੇ ਖੱਬੇਪੱਖੀ ਨਿਹੰਗ ਦੇ ਬਾਟੇ ਵਾਂਗ ਮਾਂਜੇ ਗਏ
- ਨੰਦੀਗ੍ਰਾਮ ਤੋਂ ਸੁਭੇਂਦੂ ਨੇ ਮਮਤਾ ਨੂੰ 1956 ਵੋਟਾਂ ਨਾਲ ਹਰਾਇਆ
- ਆਸਾਮ ਵਿਚ ਮੁੜ ਭਾਜਪਾ ਸਰਕਾਰ
- ਤਾਮਿਲਨਾਡੂ 'ਚ 10 ਸਾਲ ਬਾਅਦ ਡੀ.ਐਮ.ਕੇ. ਦੀ ਵਾਪਸੀ
- ਕੇਰਲ ਫਿਰ ਖੱਬੇਪੱਖੀ ਜੇਤੂ



By Speed Post/Email

भारत निर्वाचन आयोग
ELECTION COMMISSION OF INDIA

No.464/INST/2021/EPS
To

Dated: 2nd May, 2021

The Chief Secretaries of
all States/UTs

**Subject: Prohibition on victory celebrations in view of Counting of votes- Strict Compliance- Regarding.**

Sir/Madam,

It has been brought to the attention of the Commission through media that at certain locations in some states, public celebrations in the context of today's counting are being carried out which is in contravention of the directions issued by the Election Commission vide letter dated 28th April, 2021 and 1st May, 2021. Such activities must be prohibited urgently.

2. The Commission has viewed it very seriously and again directed that all necessary actions must be taken to ensure the strict compliance of its directions wherein all such activities have already been prohibited in view of pandemic.

3. The Commission has further directed that the responsible SHO(s) and other officers must be placed under suspension immediately and criminal/disciplinary actions must be initiated against them.

Yours faithfully,

(SANJEEV KUMAR PRASAD)
UNDER SECRETARY

Copy to: Chief Electoral Officers of all States/UTs

### ਹੁਣ ਕਿਸੇ ਪਾਰਟੀ ਲਈ ਚੋਣ ਰਣਨੀਤੀ ਨਹੀਂ ਬਣਾਵਾਂਗਾ-ਪ੍ਰਸ਼ਾਂਤ ਕਿਸ਼ੋਰ

**ਕੋਲਕਾਤਾ/ਏ.ਟੀ.ਨਿਊਜ਼:** ਪੱਛਮੀ ਬੰਗਾਲ ਵਿਚ ਤ੍ਰਿਣਮੂਲ ਕਾਂਗਰਸ ਨੂੰ ਸ਼ਾਨਦਾਰ ਜਿੱਤ ਦਿਵਾਉਣ ਵਿਚ ਮੁੱਖ ਭੂਮਿਕਾ ਨਿਭਾਉਣ ਵਾਲੇ ਚੋਣ ਨੀਤੀ ਘਾੜੇ ਪ੍ਰਸ਼ਾਂਤ ਕਿਸ਼ੋਰ ਨੇ ਆਪਣਾ ਕੰਮ ਛੱਡਣ ਦਾ ਐਲਾਨ ਕੀਤਾ ਹੈ ਅਤੇ ਉਨ੍ਹਾਂ ਚੋਣ ਕਮਿਸ਼ਨ 'ਤੇ ਭਾਜਪਾ ਦੀ ਕਠਪੁਤਲੀ ਹੋਣ ਦਾ ਦੋਸ਼ ਲਗਾਇਆ। ਤ੍ਰਿਣਮੂਲ ਦੀ ਪੱਛਮੀ ਬੰਗਾਲ 'ਚ ਜਿੱਤ ਤੋਂ ਬਾਅਦ ਇਕ ਟੀ.ਵੀ. ਚੈਨਲ ਨਾਲ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਮੈਂ ਇਹ ਕੰਮ ਛੱਡ ਰਿਹਾ ਹਾਂ। ਉਨ੍ਹਾਂ ਕਿਹਾ ਕਿ ਮੈਂ ਇਸ ਤੋਂ ਵੱਧ ਪੱਖਪਾਤੀ ਚੋਣ ਕਮਿਸ਼ਨ ਕਦੇ ਨਹੀਂ ਵੇਖਿਆ, ਇਸ ਨੇ ਭਾਜਪਾ ਨੂੰ ਧਰਮ ਵਰਤਣ ਦੇਣ ਤੋਂ ਲੈ ਕੇ ਵੋਟਿੰਗ ਪ੍ਰੋਗਰਾਮ ਤੇ ਨਿਯਮਾਂ ਵਿਚ ਢਿੱਲ ਦੇਣ ਤੱਕ ਉਨ੍ਹਾਂ ਦੀ ਮਦਦ ਲਈ ਸਭ ਕੁਝ ਕੀਤਾ।

# ਪੰਜਾਬੀਓ, ਵੋਟ ਦੇ ਅਧਿਕਾਰ ਦੀ ਵਰਤੋਂ ਕਰਨੀ ਬੰਗਾਲੀਆਂ ਤੋਂ ਸਿੱਖੋ !

## ਪੰਜਾਬ ਦੀ ਇਹ ਰਾਜਨੀਤਿਕ ਹੋਣੀ ਦਾ ਭਵਿੱਖ ਸਾਲ 2022 ਹੀ ਤਹਿ ਕਰੇਗਾ




**ਜਗਰੂਪ ਸਿੰਘ ਜਰਖੜ**

+91-9814300722


ਇਤਿਹਾਸ ਗਵਾਹ ਹੈ ਕਿ ਜਿੱਤ ਉਸ ਦੀ ਹੁੰਦੀ ਹੈ ਜਿਸ ਦੀ ਗੱਲ ਸੁਣੀ ਜਾਂਦੀ ਹੈ ਗੱਲ ਉਸ ਦੀ ਸੁਣੀ ਜਾਂਦੀ ਹੈ ਜੋ ਸੱਤਾ ਦੇ ਤਾਨਾਸ਼ਾਹੀ ਅਤੇ ਭ੍ਰਿਸ਼ਟਾਚਾਰ ਸਿਸਟਮ ਵਿੱਚ ਵੀ ਆਪਣੀ ਜ਼ਮੀਰ ਨੂੰ ਕਾਇਮ ਰੱਖਦਾ ਹੋਇਆ ਆਪਣੇ ਵੋਟ ਦੇ ਅਧਿਕਾਰ ਦੀ ਤਾਕਤ ਨਾਲ ਇਨਕਲਾਬ ਅਤੇ ਪਰਿਵਰਤਨ ਲਿਆਉਂਦਾ ਹੈ। ਅਜਿਹਾ ਇਨਕਲਾਬ ਅਤੇ ਪਰਿਵਰਤਨ ਦੇਸ਼ ਦੀ ਰਾਜਨੀਤੀ ਵਿੱਚ ਬੰਗਾਲ ਦੇ ਲੋਕਾਂ ਨੇ ਉਸ ਵੇਲੇ ਲਿਆਂਦਾ ਹੈ ਜਦੋਂ ਦੇਸ਼ ਦਾ ਤਾਨਾਸ਼ਾਹੀ ਸ਼ਾਸਕ ਅਤੇ ਰਾਜਸੀ ਸੱਤਾ ਦੇ ਹੰਕਾਰ ਅਤੇ ਭ੍ਰਿਸ਼ਟਾਚਾਰ ਦੇ ਵਿੱਚ ਡੁੱਬੀ ਉਸ ਦੀ ਟੀਮ ਬੰਗਾਲ ਦੇ ਲੋਕਾਂ ਦਾ ਕੁਝ ਟਕਿਆਂ ਦਾ ਮੁੱਲ ਪਾ ਕੇ ਬੰਗਾਲ ਦੀ ਸੱਤਾ ਦਾ ਹੁਕਮਰਾਨ ਬਣਨਾ ਚਾਹੁੰਦੇ ਸੀ, ਪਰ ਬੰਗਾਲ ਦੇ ਬਹਾਦਰ ਵੋਟਰਾਂ ਅਤੇ ਬੱਬਰ ਸ਼ੇਰਨੀ ਮਮਤਾ ਬੈਨਰਜੀ ਨੇ ਤੀਸਰੀ ਵਾਰ ਵੱਡੇ ਬਹੁਮਤ ਨਾਲ ਬੰਗਾਲ ਵਿਧਾਨ ਸਭਾ ਜਿੱਤ ਕੇ ਇਕ ਅਜਿਹਾ ਇਤਿਹਾਸ ਸਿਰਜਿਆ ਹੈ ਕਿ ਹਿੰਦੂਤਵੀਆਂ ਦੀਆਂ ਧਰਮ ਦੀ ਆੜ ਹੇਠ ਦੇਸ਼ ਦੀ ਸਿਆਸਤ ਨੂੰ ਭਗਵਾਂ ਕਰਨ ਦੀ ਰੰਗਤ ਨੂੰ ਕਾਫ਼ੀ ਪਿੱਛਾ ਸੁੱਟ ਦਿੱਤਾ ਹੈ। ਇਸ ਇਤਿਹਾਸਕ ਜਿੱਤ ਨਾਲ ਹੁਣ ਬੰਗਾਲੀਆਂ ਦੀ ਗੱਲ ਦੇਸ਼ ਦੇ ਵਿਚ ਸੁਣੀ ਜਾਵੇਗੀ ਪਰ ਅਸਲ ਗੱਲ ਇਹ ਹੈ ਕਿ ਕੀ ਪੰਜਾਬ ਦੇ ਵੋਟਰ ਬੰਗਾਲ ਦੇ ਜਾਗਦੀ ਜ਼ਮੀਰ ਵਾਲੇ ਵੋਟਰਾਂ ਤੋਂ ਕੋਈ ਸਬਕ ਲੈਣਗੇ ? ਜਾਂ ਪਹਿਲਾਂ ਦੀ ਤਰਾਂ ਹੀ ਆਪਣੀ ਮਰੀ ਹੋਈ ਜ਼ਮੀਰ ਨਾਲ ਵੋਟਾਂ ਦੀ ਵਰਤੋਂ ਕਰਦੇ ਹੋਏ ਰਾਜਨੀਤਕ ਚੋਰਾਂ ਅਤੇ ਪੰਥਕ ਲੁਟੇਰਿਆਂ ਦੇ ਹੀ ਵੱਸ ਪਏ ਰਹਿਣਗੇ। ਬਸ ਹੁਣ ਪੰਜਾਬ ਦੀ ਰਾਜਨੀਤਿਕ ਹੋਣੀ ਦਾ ਭਵਿੱਖ ਇਸ ਗੱਲ ’ਤੇ ਹੀ ਖੜਾ ਹੈ ? ਜੇਕਰ ਇਤਿਹਾਸ ’ਤੇ ਝਾਤ ਮਾਰੀਏ ਤਾਂ ਭਾਰਤ ਦੀ ਅਜ਼ਾਦੀ



ਵਿੱਚ ਸਭ ਤੋਂ ਵੱਡਾ ਰੋਲ ਪੰਜਾਬੀਆਂ ਅਤੇ ਬੰਗਾਲੀਆਂ ਦਾ ਰਿਹਾ ਹੈ ਕਿਉਂਕਿ ਇਨਾਂ ਦੋਹਾਂ ਖਿੱਤਿਆਂ ਨੇ ਹੀ ਅੰਗਰੇਜ਼ਾਂ ਨੂੰ ਗੁਲਾਮੀ ਦੇ ਦੌਰ ਵਿੱਚ ਪੜਨੇ ਪਾਈ ਰੱਖਿਆ ਸੀ। ਇਹ ਦੋਵੇਂ ਸੂਬੇ ਅੰਗਰੇਜ਼ਾਂ ਨੂੰ ਅੰਤ ਤੱਕ ਰੜਕਦੇ ਰਹੇ। ਅਖੀਰ 1947 ਵਿੱਚ ਵੰਡ ਭਾਰਤ ਦੀ ਨਹੀਂ ਸਗੋਂ ਅਸਲ ਵਿੱਚ ਗੋਰੇ ਵੰਡ ਤਾਂ ਪੰਜਾਬ ਅਤੇ ਬੰਗਾਲ ਦੀ ਹੀ ਕਰਕੇ ਗਏ ਹਨ। ਦੇਸ਼ ਦੀ ਵੰਡ ਤੋਂ ਬਾਅਦ ਵੀ ਦੇਸ਼ ਦੇ ਵੱਖ-ਵੱਖ ਹੁਕਮਰਾਨਾਂ ਨੇ ਬੰਗਾਲ, ਪੰਜਾਬ, ਕਸ਼ਮੀਰ ਆਦਿ ਸਰਹੱਦੀ ਸੂਬਿਆਂ ਨੂੰ ਇਨਸਾਫ਼ ਦੇਣ ਦੀ ਬਜਾਏ ਧੱਕੇਸ਼ਾਹੀਆਂ ਜਿਆਦਾ ਕੀਤੀਆਂ ਹਨ। ਪਰ ਇਨਾਂ ਧੱਕੇਸ਼ਾਹੀਆਂ ਦੇ ਬਾਵਜੂਦ ਬੰਗਾਲ ਦੇ ਲੋਕਾਂ ਨੇ ਆਪਣੀ ਬੰਗਾਲੀਅਤ ਮਰਨ ਨਹੀਂ ਦਿੱਤੀ, ਲੋਕਾਂ ਨੇ ਹਮੇਸ਼ਾ ਇਨਸਾਫ਼ ਦੇਣ ਵਾਲੇ, ਵਿਕਾਸ ਕਰਨ ਵਾਲੇ ਅਤੇ ਸਾਦਗੀ ਵਿੱਚ ਰਹਿਣ ਵਾਲੇ ਲੀਡਰ ਨੂੰ ਹੀ ਚੁਣਿਆ ਹੈ। ਆਪਣੀ ਸਾਦਗੀ ਤਹਿਤ ਹੀ ਜਯੋਤੀ ਬਾਸੂ ਬੰਗਾਲ ਦੇ ਵਿੱਚ 25 ਸਾਲ ਰਾਜ ਕਰ ਗਿਆ ਸੀ, ਕਾਮਰੇਡਾਂ ਨੂੰ 34 ਸਾਲ ਬੰਗਾਲ ਦੇ ਵੋਟਰਾਂ ਨੇ ਰਾਜ ਕਰਨ ਦਾ ਮੌਕਾ ਦਿੱਤਾ।

ਬਿਨਾਂ ਸ਼ੱਕ ਬੰਗਾਲ ਦੇ ਲੋਕਾਂ ਨੇ ਮੁਲਕ ਦੀ ਸਿਆਸਤ ਵਿਚ ਇਕ ਨਿਵੇਕਲਾ ਇਤਿਹਾਸ ਸਿਰਜਿਆ ਜਿਸ ਨਾਲ ਸਿਆਸਤ ਦੇ ਲੁਟੇਰਿਆਂ ਅਤੇ ਹਿੰਦੂਤਵੀ ਕੱਟੜਪੰਥੀਆਂ ਨੂੰ ਮੂੰਹ ਦੀ ਖਾਣੀ ਪਈ ਹੈ। ਪਰ ਦੂਜੇ ਪਾਸੇ ਪੰਜਾਬ ਦੀਆਂ 2 ਰਵਾਇਤੀ ਪਾਰਟੀਆਂ ਅਕਾਲੀ-ਕਾਂਗਰਸ ਜੋ ਅਜ਼ਾਦੀ ਤੋਂ ਬਾਅਦ ਪੰਜਾਬ ਦੀ ਸੱਤਾ ’ਤੇ ਕਾਬਜ਼ ਹਨ ਜਿਨਾਂ ਨੇ ਪਿਛਲੇ 70 ਸਾਲ ਤੋਂ ਪੰਜਾਬ, ਪੰਜਾਬੀ, ਪੰਜਾਬੀਅਤ ਦਾ ਬੁਰੀ ਤਰਾਂ ਘਾਣ ਕੀਤਾ। ਬਾਦਲ ਪਰਿਵਾਰ ਪੰਥ ਦੇ ਨਾਮ ’ਤੇ ਪੰਜਾਬ ਨੂੰ ਲੁੱਟ ਕੇ ਅਬਦਾਲੀ ਮੱਸੇ ਰੰਗੜ ਵਰਗਿਆਂ ਨੂੰ ਵੀ ਮਾਤ ਦੇ ਗਿਆ ਹੈ। ਇਹ ਰਾਜਨੀਤਿਕ ਲੁਟੇਰੇ ਪੰਜਾਬ ਦੀ ਫ਼ਸਲ, ਪੰਜਾਬ ਦੀ ਨਸਲ, ਪੰਜਾਬ ਦੀ ਜਵਾਨੀ, ਪੰਜਾਬ ਦੀ ਕਿਸਾਨੀ, ਪੰਜਾਬ ਦਾ ਵਪਾਰੀ, ਪੰਜਾਬ ਦਾ ਖਿਡਾਰੀ ਬਾਕੀ ਸਭ ਵਰਗਾਂ ਨੂੰ ਲੁੱਟ ਕੇ ਖਾ ਗਏ। ਫਿਰ ਵੀ ਪੰਜਾਬ ਦੇ ਲੋਕ ਵਾਰ ਵਾਰ ਇਨਾਂ ਲੁਟੇਰੇ ਲੀਡਰਾਂ ਨੂੰ ਹੀ ਚੁਣਦੇ ਹਨ। ਵਾਰ ਵਾਰ ਬਾਦਲਾਂ ਅਤੇ ਕੈਪਟਨ ਨੂੰ ਚੁਣਨ ਦਾ ਇੱਕੋ ਇੱਕ ਕਾਰਨ ਨਿਕਲਦਾ ਹੈ ਕਿ ਪੰਜਾਬ ਦੇ ਲੋਕਾਂ ਦੀ ਮਰੀ ਜ਼ਮੀਰ, ਗਰੀਬੀ, ਅਨਪੜਤਾ ਅਤੇ ਵਿਕਾਊ ਵੋਟ ਕਾਰਨ ਇਹ ਹਰ ਵਾਰ ਚੁਣੇ ਜਾਂਦੇ ਹਨ। ਪਰ ਅੰਕੜਿਆਂ ਮੁਤਾਬਕ ਬੰਗਾਲ ਵਿਚ ਕੇਰਲਾ, ਦਿੱਲੀ ਆਦਿ ਸੂਬਿਆਂ ਵਿਚ ਸਾਡੇ ਨਾਲੋਂ ਵੱਧ ਅਨਪੜਤਾ, ਵੱਧ ਗ਼ਰੀਬੀ ਹੈ ਪਰ ਵੋਟ ਪਾਉਣ ਦੇ ਅਧਿਕਾਰ ਮੌਕੇ ਉਹ ਲੋਕ ਆਪਣਾ ਦਿਮਾਗੀ ਸੰਤੁਲਨ ਨਹੀਂ ਗਵਾਉਂਦੇ, ਕਿਸੇ ਲਾਲਚ ਤਹਿਤ ਵੋਟ ਨਹੀਂ ਪਾਉਂਦੇ, ਆਪਣੀ ਜ਼ਮੀਰ ਨੂੰ ਡਾਵਾਂਡੋਲ ਨਹੀਂ ਹੋਣ ਦਿੰਦੇ, ਆਪਣੀ ਵੋਟ ਦੀ ਅਹਿਮੀਅਤ ਨੂੰ ਸਮਝਦੇ ਹੋਏ ਵੋਟ ਪਾਉਂਦੇ ਹਨ। ਪਰ ਪੰਜਾਬ ਦੇ ਵੋਟਰ ਗਜ਼ਨੀ ਦੇ ਬਾਜ਼ਾਰਾਂ ਵਾਂਗ ਵੋਟਾਂ ਵਾਲੇ ਦਿਨ ਸ਼ਰਾਬ ਦੀ ਬੋਤਲ 500 ਅਤੇ 1000 ਰੁਪਏ ਦੇ ਨੋਟ ਅਤੇ ਟਕੇ ਟਕੇ ’ਤੇ ਵਿਕਦੇ ਹਨ ਜਿਸ ਦਾ ਪੰਜਾਬ ਦੇ ਰਾਜਨੀਤਕ ਲੁਟੇਰੇ ਭਰਪੂਰ ਲਾਹਾ ਲੈਂਦੇ ਹਨ, ਇਹੀ ਵੱਡਾ ਕਾਰਨ ਹੈ ਬੰਗਾਲੀਆਂ ਅਤੇ ਪੰਜਾਬੀਆਂ ਵਿੱਚ ਵੋਟ ਦੇ ਅਧਿਕਾਰ ਦੀ ਵਰਤੋਂ ਕਰਨ ਦਾ।

ਪੰਜਾਬੀਓ ਇਤਿਹਾਸ ਦਾ ਫ਼ੈਸਲਾ ਹਮੇਸ਼ਾ ਉਸ ਦੇ ਹੱਕ ਵਿੱਚ ਗਿਆ ਜੋ ਖ਼ੁਦ ਆਪਣੇ ਆਪ ਵਿਚ ਸ਼ਕਤੀਸ਼ਾਲੀ ਹੁੰਦਾ ਹੈ। ਸਾਨੂੰ ਤਾਂ ਸਾਡੇ ਗੁਰੂਆਂ ਨੇ ਹੀ ਹਮੇਸ਼ਾ ਗੁਰਬਾਣੀ ਨਾਲ ਜੁੜਨ, ਸੱਚ ਤੇ ਖੜਨ ਅਤੇ ਇਨਸਾਫ਼ ਕਰਨ ਦੀ ਪ੍ਰੇਰਨਾ ਦਿੱਤੀ ਹੈ ਇਸ ਦੇਸ਼ ਦੇ ਵਿੱਚ ਇਨਕਲਾਬ, ਤਬਦੀਲੀਆਂ ਅਤੇ ਪਰਿਵਰਤਨ ਦੀਆਂ ਲਹਿਰਾਂ ਹਮੇਸ਼ਾ ਪੰਜਾਬੀਆਂ ਨੇ ਹੀ ਚਲਾਈਆਂ ਹਨ। ਪੰਜਾਬੀਓ, ਦਲੇਰਾਂ ਨੂੰ ਇਹ ਕਹਿਣ ਦੀ ਲੋੜ ਨਹੀਂ ਪੈਂਦੀ ਕਿ ਅਸੀਂ ਡਰਦੇ ਨਹੀਂ ਕਿਸੇ ਤੋਂ, ਅਜਿਹੀਆਂ ਗੱਲਾਂ ਤਾਂ ਕਾਫਰ ਤੇ ਕਾਇਰ ਲੋਕ ਕਰਦੇ ਹੁੰਦੇ ਹਨ। ਆਓ ਗੁਰੂਆਂ ਦਿੱਤੀ ਹੋਈ ਦਲੇਰੀ ਤੇ ਪਹਿਰਾ ਦਿੰਦੇ ਹੋਏ ਪੰਜਾਬ ਨੂੰ ਕਈ ਦਹਾਕਿਆਂ ਤੋਂ ਚਿੰਬੜੇ ਹੋਏ ਅਕਾਲੀ-ਕਾਂਗਰਸੀ ਅਤੇ ਭਾਜਪਾਈਆਂ ਦੇ ਰੂਪ ਵਿੱਚ ਡਰੱਗ ਮਾਫੀਆ, ਰੇਤ ਮਾਫੀਆ ਅਤੇ ਰਾਜਨੀਤਕ ਲੁਟੇਰਿਆਂ ਨੂੰ ਭਜਾਉਣ ਦਾ ਪ੍ਰਣ ਕਰੀਏ। ਪਰਿਵਰਤਨ ਹਮੇਸ਼ਾ ਤਾਕਤ ਨਾਲ ਹੀ ਆਉਂਦਾ ਹੈ, ਫੇਰ ਆਪਣੀ ਤਾਕਤ ਤਾਂ ਵੋਟ ਹੀ ਹੈ। ਇਸ ਵੋਟ ਦੀ ਤਾਕਤ ਦੇ ਜ਼ਰੀਏ ਹੀ ਬੰਗਾਲੀਆਂ ਨੇ ਭਾਜਪਾਈ ਲੁਟੇਰਿਆਂ ਨੂੰ ਬੰਗਾਲ ਵਿੱਚ ਭਾਜ ਪਾਈ ਹੈ। ਆਓ ਆਪਾਂ ਵੀ ਬੰਗਾਲੀਆਂ ਤੋਂ ਸਬਕ ਸਿੱਖਦੇ ਹੋਏ ਆਪਣੀ ਜ਼ਮੀਰ ਤੇ ਪਹਿਰਾ ਦਿੰਦੇ ਹੋਏ 2022 ਦੀਆਂ ਵਿਧਾਨ ਸਭਾ ਵੋਟਾਂ ਵਿੱਚ ਇੱਕ ਨਵਾਂ ਇਤਿਹਾਸ ਸਿਰਜੀਏ, ਪੰਜਾਬ ਦਾ ਭਲਾ ਕਰਨ ਵਾਲੇ ਲੀਡਰਾਂ ਨੂੰ ਚੁਣੀਏ, ਮੈਨੂੰ ਤਾਂ ਇਸਦੇ ਵਿੱਚ ਹੀ ਪੰਜਾਬ ਦਾ ਭਲਾ ਲੱਗਦਾ ਹੈ ਬਾਕੀ ਪੰਜਾਬੀਓ ਤੁਹਾਡੀ ਮਰਜ਼ੀ, ਨਹੀਂ ਤਾਂ ਫੇਰ ਪੰਜਾਬ ਦਾ ਤਾਂ ਰੱਬ ਹੀ ਰਾਖਾ!

---

# ਕਿਸਾਨ ਸੰਘਰਸ਼: ਆਪਸ ਵਿੱਚ ਖਹਿ ਕੇ ਤਾਕਤ ਜਾਇਆ ਨਾ ਕੀਤੀ ਜਾਵੇ




**ਸੁਖਰਾਜ ਸਿੰਘ ਧਨੌਲਾ**

ਮੋ: 97810-48055


ਪਿਛਲੇ ਕਈ ਮਹੀਨਿਆਂ ਤੋਂ ਕੇਂਦਰ ਸਰਕਾਰ ਵੱਲੋਂ ਬਣਾਏ ਖੇਤੀ ਸਬੰਧੀ ਕਾਨੂੰਨਾਂ ਨੂੰ ਰੱਦ ਕਰਵਾਉਣ ਲਈ ਚੱਲ ਰਿਹਾ ਕਿਸਾਨ ਸੰਘਰਸ਼ ਅਨੇਕਾਂ ਤਰਾਂ ਦੇ ਪੜਾਵਾਂ ਨੂੰ ਪਾਰ ਕਰਦਾ ਹੋਇਆ ਹਰ ਰੋਜ਼ ਕਿਸੇ ਨਾ ਕਿਸੇ ਔਕੜ ਨੂੰ ਟੱਕਰਦਾ ਹੋਇਆ ਕੁਦਰਤ ਦੇ ਵਰਤਾਰੇ ਨਾਲ ਫਿਰ ਤੋਂ ਆਪਣੀ ਲੀਹ ’ਤੇ ਚੜ ਜਾਂਦਾ ਹੈ। ਇਸ ਸੰਘਰਸ਼ ਨੂੰ ਤਾਰਪੀਡੋ ਕਰਨ ਲਈ ਹੁਣ ਤੱਕ ਅਨੇਕਾਂ ਤਰਾਂ ਦੀਆਂ ਚੱਲੀਆਂ ਚਾਲਾਂ ਨੂੰ ਪਛਾੜਦੇ ਹੋਏ ਸੰਘਰਸ਼ ਨੂੰ ਏਕੇ ਤੇ ਸਬਰ ਨਾਲ ਅੱਗੇ ਲਿਜਾਇਆ ਜਾ ਰਿਹਾ ਹੈ। 26 ਜਨਵਰੀ 2020, ਨੂੰ ਜੋ ਕੁੱਝ ਵੀ ਹੋਇਆ ਉਸ ਨਾਲ ਸੰਘਰਸ਼ ਨੂੰ ਅਜਿਹੀ ਵੱਡੀ ਢਾਅ ਲੱਗੀ ਕਿ ਅਜੇ ਤੱਕ ਅੰਦੋਲਨ ਕਿਤੇ ਨਾ ਕਿਤੇ ਉਸ ਦਿਨ ਵਾਲੇ ਵਰਤਾਰੇ ਨੂੰ ਭੁਗਤ ਰਿਹਾ ਹੈ। ਪਰ ਹੁਣ ਇਹ ਸਭ ਕੁੱਝ ਵਾਪਰ ਚੁੱਕਿਆ ਹੈ, ਜੇਕਰ ਵਾਰ-ਵਾਰ ਇਸ ਦਿਨ ਵਾਪਰੀਆਂ ਘਟਨਾਵਾਂ ਨੂੰ ਚੇਤੇ ਕੀਤਾ ਜਾਂਦਾ ਰਹੇਗਾ ਤਾਂ ਫਿਰ ਅੰਦੋਲਨ ਨੂੰ ਅੱਗੇ ਲਿਜਾਉਣ ਦੀ ਥਾਂ ਪਿਛਾਂਹ ਵੱਲ ਧੱਕਿਆ ਜਾ ਸਕਦਾ ਹੈ।

ਜੇਕਰ ਹੁਣ ਮੌਜੂਦਾ ਸਮੇਂ ਦੀ ਗੱਲ ਕਰੀਏ ਤਾਂ ਇਸ ਵਕਤ ਇੱਕ ਤਾਂ ਕੋਰੋਨਾ ਮਹਾਂਮਾਰੀ ਦਾ ਦੌਰ ਚੱਲ ਰਿਹਾ ਹੈ ਤੇ ਦੂਸਰਾ ਕਿਸਾਨ ਆਗੂਆਂ ਆਪਸੀ ਖਿੱਚੋਤਾਣ ਤੋਂ ਇਲਾਵਾ ਕਈ ਨੌਜਵਾਨਾਂ ਵਿਚਲੇ ਚਰਚਿਤ ਚਿਹਰਿਆਂ ਨਾਲ ਖਹਿਬਾਜ਼ੀ ਦਿਨੋਂ-ਦਿਨ ਵਧਦੀ ਹੋਈ ਨਜ਼ਰ ਆ ਰਹੀ ਹੈ। ਜਿਸਦਾ ਮਾਰੂ ਅਸਰ ਅੰਦੋਲਨ ’ਤੇ ਪੈਣਾ ਸੁਭਾਵਿਕ ਹੈ। ਕੋਰੋਨਾ ਕਰਕੇ ਦੇਸ਼ ਅੰਦਰ ਪੂਰੀ ਤਰਾਂ ਹਲਚਲ ਹੋਈ ਪਈ ਹੈ, ਜਿਸ ਕਰਕੇ ਕੇਂਦਰ ਸਰਕਾਰ ਦੇ ਵਜ਼ੀਰ ਕੋਰੋਨਾ ਫੈਲਣ ਪਿੱਛੇ ਸਭ ਤੋਂ ਵਧੇਰੇ ਖ਼ਤਰਾ ਕਿਸਾਨਾਂ ਦੇ ਇਸ ਅੰਦੋਲਨ ਨੂੰ ਮੰਨ ਰਹੇ ਹਨ। ਅਜਿਹੇ ਮਾਹੌਲ ਵਿੱਚ ਜੇਕਰ ਆਗੂ ਆਪਸ ਵਿੱਚ ਉਲਝਦੇ ਹੋਏ ਇੱਕ-ਦੂਜੇ ਖ਼ਿਲਾਫ਼ ਸ਼ਬਦੀ ਨਿਸ਼ਾਨੇ ਸਾਧਦੇ ਰਹਿਣਗੇ ਤਾਂ ਫਿਰ ਨਤੀਜੇ ਸਹੀ ਨਹੀਂ ਨਿਕਲਗੇ। ਇਸ ਤੋਂ ਇਲਾਵਾ ਇੱਥੇ ਨੌਜਵਾਨਾਂ ਅਤੇ ਕਈ ਕਿਸਾਨ ਆਗੂਆਂ ਵਿਚਕਾਰ ਤਾਂ ਏਨੇ ਜਿਆਦਾ ਮਤਭੇਦ ਉੱਭਰ ਗਏ ਹਨ ਕਿ ਜਿਨਾਂ ਨੂੰ ਠੱਲ ਪਾਉਣ ਦੀ ਸਖ਼ਤ ਜ਼ਰੂਰਤ ਹੈ। ਪਰ ਇੱਥੇ ਕਈ ਨਾਮਵਰ ਆਗੂ ਜਿਹੜੇ ਵਧੇਰੇ ਅਗਾਂਹਵਧੂ ਸੋਚ ਵਾਲੇ ਸਮਝੇ ਜਾਂਦੇ ਹਨ, ਉਹ ਇਨਾਂ ਮਤਭੇਦਾਂ ਵਾਲੇ ਮਸਲਿਆਂ ਨੂੰ ਵਿਰਾਮ ਲਗਾਉਣ ਲਈ ਉਪਰਾਲੇ ਕਰਨ ਦੀ ਥਾਂ ਚੁੱਪ ਧਾਰੀ ਬੈਠੇ ਹਨ।

ਜੇਕਰ ਨਵੰਬਰ ਮਹੀਨੇ ਦੀ ਗੱਲ ਕਰੀਏ ਜਦੋਂ ਕਿਸਾਨ ਦਿੱਲੀ ਵੱਲ ਗਏ ਸੀ ਤਾਂ ਉਦੋਂ ਸਭ ਇੱਕ ਮਾਲਾ ਵਿੱਚ ਪਰੋਏ ਹੋਏ ਮਣਕਿਆਂ ਵਾਂਗ ਦਿਖੇ ਸਨ, ਪਰ ਜਿਉਂ-ਜਿਉਂ ਦਿੱਲੀ ਦੇ ਬਾਰਡਰਾਂ ’ਤੇ ਪਹੁੰਚ ਕੇ ਸਮਾਂ ਬੀਤਦਾ ਗਿਆ ਤਾਂ ਤਿਉਂ-ਤਿਉਂ ਅੰਦੋਲਨ ਨੂੰ ਅਲੱਗ-ਅਲੱਗ ਧੜਿਆਂ ਵਿੱਚ ਵੰਡ ਕੇ ਦੇਖਣਾ ਸ਼ੁਰੂ ਕਰ ਦਿੱਤਾ ਗਿਆ। ਜਿਹੜੇ ਨਾਅਰੇ ਪਹਿਲਾਂ ਮਿਲਜੁਲ ਕੇ ਲਗਾਏ ਜਾਂਦੇ ਸਨ ਉਹ ਤਾਂ ਹੁਣ ਬਿਲਕੁਲ ਹੀ ਬਦਲੇ ਹੋਏ ਦਿਖਾਏ ਦੇ ਰਹੇ ਹਨ। ਹੁਣ ਤਾਂ ਕੋਈ ਨੌਜਵਾਨਾਂ ਨੂੰ ਗ਼ਲਤ ਦੱਸੀ ਜਾਂਦਾ, ਕੋਈ ਕਿਸਾਨ ਆਗੂਆਂ ਵੱਲ ਉਂਗਲ ਕਰੀ ਬੈਠਾ ਤੇ ਕੋਈ ਇਸ ਸੰਘਰਸ਼ ਨੂੰ ਇੱਕ ਵਰਗ ਦਾ ਬਣਾ ਰਿਹਾ ਹੈ। ਮਸਲਾ ਇੱਥੋਂ ਤੱਕ ਪਹੁੰਚ ਗਿਆ ਕਿ ਹੁਣ ਤਾਂ ਸਟੇਜਾਂ ਤੋਂ ਵੀ ਇੱਕ-ਦੂਜੇ ਨੂੰ ਵਿਰੋਧੀ ਗਰਦਾਨਣਾ ਸ਼ੁਰੂ ਕਰ ਦਿੱਤਾ ਹੈ। ਇੱਥੇ ਬੜੀ ਸੰਜਮ ਨਾਲ ਕੰਮ ਕਰਨ ਦੀ ਲੋੜ ਹੈ। ਨੌਜਵਾਨਾਂ ਨੂੰ ਵੀ ਥੋੜਾ ਠੰਡੇ ਹੋ ਕੇ ਅੱਗੇ ਵਧਣਾ ਚਾਹੀਦਾ ਹੈ ਅਤੇ ਆਗੂਆਂ ਨੂੰ ਵੀ ਨੌਜਵਾਨਾਂ ਨਾਲ ਵਿਚਾਰਾਂ ਸਾਂਝੀਆਂ ਕਰਨੀਆਂ ਚਾਹੀਦੀਆਂ ਹਨ। ਇਹ ਗੱਲ ਤਾਂ ਚਿੱਟੇ ਦਿਨ ਵਾਂਗ ਸਾਫ਼ ਹੈ ਕਿ ਅੰਦੋਲਨ ਨੂੰ ਜਿੱਤ ਵੱਲ ਲਿਜਾਣ ਵਾਸਤੇ ਸ਼ਾਂਤਮਈ ਰਹਿਣਾ ਬਹੁਤ ਜ਼ਰੂਰੀ ਹੈ। ਸ਼ਾਂਤਮਈ ਤਰੀਕੇ ਨਾਲ ਆਪਣੀ ਗੱਲ ਰੱਖਣ ਦੀ ਆਗਿਆ ਸਾਡੇ ਦੇਸ਼ ਦਾ ਸੰਵਿਧਾਨ ਸਾਨੂੰ ਦਿੰਦਾ ਹੈ। ਜੇਕਰ ਇੱਥੇ ਕੋਈ ਜ਼ਲਦਬਾਜ਼ੀ ’ਚ ਫ਼ੈਸਲਾ ਲਿਆ ਜਾਂਦਾ ਹੈ ਤਾਂ ਉਹ ਅੰਦੋਲਨ ’ਤੇ ਭਾਰੀ ਵੀ ਪੈ ਸਕਦਾ ਹੈ।

ਜਿੱਥੇ ਆਗੂਆਂ ਦੀ ਸੂਝ-ਬੂਝ ਅੰਦੋਲਨ ਨੂੰ ਬਾਖ਼ੂਬੀ ਚਲਾ ਰਹੀ ਹੈ, ਉੱਥੇ ਹੀ ਇਸ ਸੰਘਰਸ਼ ਵਿੱਚ ਨੌਜਵਾਨਾਂ ਦੀ ਸ਼ਮੂਲੀਅਤ ਨੂੰ ਵੀ ਅੱਖੋਂ-ਪਰੋਖੇ ਨਹੀਂ ਕੀਤਾ ਜਾ ਸਕਦਾ ਹੈ, ਕਿਉਂਕਿ ਜੇਕਰ ਗਹੁ ਨਾਲ ਦੇਖਿਆ ਜਾਵੇ ਤਾਂ ਜਦੋਂ ਨਵੰਬਰ ਮਹੀਨੇ ਦਿੱਲੀ ਵੱਲ ਨੂੰ ਕੂਚ ਕੀਤਾ ਸੀ ਤਾਂ ਨੌਜਵਾਨਾਂ ਨੇ ਹਰਿਆਣਾ ਸਰਕਾਰ ਵੱਲੋਂ ਲਾਈਆਂ ਰੋਕਾਂ ਨੂੰ ਤੋੜ ਕੇ ਰਸਤਿਆਂ ਨੂੰ ਸਾਫ਼ ਕੀਤਾ ਗਿਆ ਸੀ। ਗੱਲ ਇਹ ਵੀ ਹੈ ਕਿ ਨੌਜਵਾਨਾਂ ਦੀ ਕਾਹਲ ਨਾਲ ਅੰਦੋਲਨ ਜਿੱਤਿਆ ਵੀ ਨਹੀਂ ਸਕਦਾ ਹੈ। ਇੱਕ ਬੜੀ ਵੱਡੀ ਸਾਂਝੀ ਉਸਾਰੂ ਰਣਨੀਤੀ ਉਸਾਰਣ ਦੀ ਲੋੜ ਹੈ। ਜਿਸ ਨਾਲ ਸਰਕਾਰ ’ਤੇ ਦਬਾਅ ਵੀ ਵਧੇ ਅਤੇ ਅੰਦੋਲਨ ਨੂੰ ਵੀ ਕਿਸੇ ਪ੍ਰਕਾਰ ਦੀ ਢਾਅ ਨਾ ਲੱਗੇ।

ਇਸ ਕਿਸਾਨ ਅੰਦੋਲਨ ਦੀ ਬੜੀ ਖ਼ੁਸ਼ਕਿਸਮਤੀ ਹੈ ਕਿ ਇੱਥੇ ਜੋਸ਼ ਵੀ ਹੈ ਅਤੇ ਹੋਸ਼ ਵੀ ਹੈ। ਲੋੜ ਇੱਥੇ ਇਸ ਤਾਕਤ ਨੂੰ ਸੰਭਾਲ ਕੇ ਅੱਗੇ ਵਧਣ ਦੀ ਹੈ। ਜੇਕਰ ਜਿਵੇਂ ਹੁਣ ਸਭ ਕੁੱਝ ਚੱਲ ਰਿਹਾ ਹੈ। ਜੇ ਇਸੇ ਤਰਾਂ ਚੱਲਦਾ ਰਿਹਾ ਤਾਂ ਲੋਕਾਂ ਪੱਲੇ ਵੱਡੀ ਮਾਯੂਸੀ ਪੈ ਸਕਦੀ ਹੈ, ਜਿਹੜੇ ਲੋਕ ਇਸ ਸੰਘਰਸ਼ ਨਾਲ ਦਿਲੋਂ ਜੁੜ ਕੇ ਆਪਣਾ ਘਰ-ਬਾਰ ਛੱਡ ਕੇ ਪਹਿਲੇ ਦਿਨ ਤੋਂ ਦਿੱਲੀ ਦੀਆਂ ਬਾਰੂਹਾਂ ’ਤੇ ਡਟੇ ਹੋਏ ਹਨ ਉਹਨਾਂ ਪੱਲੇ ਨਿਰਾਸ਼ਾ ਪੈਣੀ ਤੇ ਮਜ਼ਾਕ ਦਾ ਪਾਤਰ ਬਣਨਾ ਤੈਅ ਹੈ। ਫਿਰ ਹਾਰ ਦਾ ਠੀਕਰਾ ਇੱਕ ਦੂਜੇ ਸਿਰ ਭੰਨਣਾ ਸ਼ੁਰੂ ਕਰ ਦਿੱਤਾ ਜਾਵੇਗਾ। ਪਹਿਲੀ ਗੱਲ ਤਾਂ ਸਾਰੇ ਲੋਕਾਂ ਨੂੰ ਇਹ ਸੋਚ ਕੇ ਚੱਲਣਾ ਚਾਹੀਦਾ ਹੈ ਕਿ ਇਹ ਸੰਘਰਸ਼ ਪੂਰੇ ਹਿੰਦੋਸਤਾਨ ਦੇ ਲੋਕਾਂ ਦਾ ਹੈ, ਇੱਥੇ ਜੇਕਰ ਇੱਕ ਸੂਬੇ, ਧਰਮ, ਜਾਤ-ਪਾਤ ਜਾਂ ਹੋਰ ਕਿਸੇ ਇੱਕ ਵਰਗ ਦੀ ਗੱਲ ਕੀਤੀ ਜਾਵੇਗੀ ਤਾਂ ਇਹ ਵਰਤਾਰਾ ਲੋਕਾਂ ਨੂੰ ਆਪਸ ਵਿੱਚ ਤੋੜਨ ਵਾਲਾ ਸਾਬਿਤ ਹੋਵੇਗਾ। ਕਈ ਵਾਰ ਸਟੇਜਾਂ ’ਤੇ ਅਜਿਹੇ ਭਾਸ਼ਣ ਸੁਣਨ ਨੂੰ ਮਿਲਦੇ ਹਨ ਜਿਸ ਨਾਲ ਕੁਝ ਸੂਬਿਆਂ ਦੇ ਲੋਕ ਨਾਰਾਜ਼ ਹੋ ਜਾਂਦੇ ਹਨ।

ਸੰਘਰਸ਼ ਨੂੰ ਇਸ ਸਮੇਂ ਏਕੇ ਵਿੱਚ ਪਰੋਣ ਦੀ ਲੋੜ ਹੈ। ਇਸਨੂੰ ਜੇਕਰ ਨਜ਼ਰਅੰਦਾਜ ਕੀਤਾ ਜਾਵੇਗਾ ਤਾਂ ਸਰਕਾਰ ’ਤੇ ਦਬਾਅ ਬਣਾਉਣਾ ਬਹੁਤ ਮੁਸ਼ਕਿਲ ਹੋਵੇਗਾ। ਕਿਸਾਨ ਆਗੂਆਂ ਨੂੰ ਵੀ ਆਪਣੀ ਅਤੇ ਆਪਣੇ ਆਹੁਦਿਆਂ, ਕੇਡਰਾਂ ਦੀ ਹੈਂਕੜ ਛੱਡ ਕੇ ਸਭ ਨੂੰ ਨਾਲ ਲੈ ਕੇ ਚੱਲਣ ਦੀ ਲੋੜ ਹੈ। ਨੌਜਵਾਨਾਂ ਨੂੰ ਵੀ ਚਾਹੀਦਾ ਹੈ ਕਿ ਉਹ ਆਗੂਆਂ ਨੂੰ ਘੇਰ-ਘੇਰ ਕੇ ਅਗਲੀਆਂ ਵਿਉਂਤਬੰਦੀਆਂ ਜਲਦੀ ਬਣਾਉਣ ਵਾਸਤੇ ਦਬਾਅ ਪਾਉਣ ਦੀ ਥਾਂ ’ਤੇ ਉਨਾਂ ਦੇ ਨਾਲ ਰਾਏ ਮਸ਼ਵਰਾ ਕਰਕੇ ਦਿਲ ਵਿੱਚ ਉਨਾਂ ਪ੍ਰਤੀ ਆਦਰ-ਸਤਿਕਾਰ ਲੈ ਕੇ ਚੱਲਣ ਤਾਂ ਜੁ ਜਿੰਨਾਂ ਲੋਕਾਂ ਦੀਆਂ ਇਸ ਅੰਦੋਲਨ ’ਤੇ ਜਿਹੜੀਆਂ ਆਸਾਂ ਤੇ ਉਮੀਦਾਂ ਬਣੀਆਂ ਹੋਈਆਂ ਹਨ, ਉਨਾਂ ’ਤੇ ਖਰਾ ਉਤਰਿਆ ਜਾ ਸਕੇ ਅਤੇ ਲੋਕ ਏਕਤਾ ਨੂੰ ਮਜ਼ਬੂਤ ਕੀਤਾ ਜਾਵੇ।

---

## ਓਹ ਜਾਣਦਾ ਏ

ਮੈਂ ਕੀ ਖਾਣਾ, ਮੈਂ ਕੀ ਪਾਉਣਾ,
ਮੈਂ ਕੀ ਸੁਣਨਾ, ਮੈਂ ਕੀ ਗਾਉਣਾ,
ਮੈਂ ਨਹੀਂ ਜਾਣਦਾ, ਪਰ ਓਹ ਜਾਣਦਾ ਏ।
ਮੈਂ ਕਦੋਂ ਜੰਮਣਾ, ਮੈਂ ਕਦੋਂ ਮਰਨਾ,
ਮੈਂ ਕਿਵੇਂ ਜਿੱਤਣਾ, ਕਿਵੇਂ ਹਰਨਾ,
ਮੈਂ ਨਹੀਂ ਜਾਣਦਾ, ਪਰ ਓਹ ਜਾਣਦਾ ਏ।
ਕਿਸ ਨਾ ਟੁੱਟਣਾ, ਕਿਸ ਨਾ ਜੁੜਨਾ,
ਮੈਂ ਕਿਧਰ ਜਾਣਾ, ਮੈਂ ਕਿਧਰ ਮੁੜਨਾ।
ਮੈਂ ਨਹੀਂ ਜਾਣਦਾ, ਪਰ ਓਹ ਜਾਣਦਾ ਏ।
ਓ ਪੰਧ ਕਿਹੜਾ ਓ ਮੁਕਾਮ ਕਿਹੜਾ,
ਜਿੱਥੇ ਮੁਕ ਜਾਣਾ ਆਵਾਗਵਣ ਗੇੜਾ,
ਮੈਂ ਨਹੀਂ ਜਾਣਦਾ, ਪਰ ਓਹ ਜਾਣਦਾ ਏ।
ਆਖ਼ਰੀ ਦਿਨ ਕਿੱਥੇ ਓ ਰਾਤ ਕਿੱਥੇ,
ਹੋਣੀ ਕਿਸ ਨਾਲ ਆਖ਼ਰੀ ਬਾਤ ਕਿੱਥੇ।
ਮੈਂ ਨਹੀਂ ਜਾਣਦਾ, ਪਰ ਓਹ ਜਾਣਦਾ ਏ।
‘ਆਫ਼ਤਾਬ’ ਨੂੰ ਦੂਰ ਕਰਨਾ ਜਾਂ ਚੂਰ ਕਰਨਾ,
ਜਾਂ ਜੱਗ ਆਇਆ ਖ਼ੁਦਾ ਮਨਜ਼ੂਰ ਕਰਨਾ।
ਮੈਂ ਨਹੀਂ ਜਾਣਦਾ, ਪਰ ਓਹ ਜਾਣਦਾ ਏ।

**ਗੁਰਪ੍ਰੀਤ ਸਿੰਘ ਆਫ਼ਤਾਬ**

# ਕੋਰੋਨਾ ਦਾ ਕਹਿਰ: (Crona) Covid-19



**ਜਸਵੀਰ ਉੱਭੀ**

1-646-206-9014

ਪਹਿਲਾਂ ਚੀਨ, ਫਿਰ ਇਟਲੀ, ਫਿਰ ਇੰਗਲੈਂਡ, ਅਮਰੀਕਾ, ਬਰਾਜ਼ੀਲ, ਹੋਰ ਤੇ ਹੋਰ ਹੁਦ ਭਾਰਤ। ਅਸੀਂ ਬਹੁਤਿਆਂ ਨੇ ਕੋਰੋਨਾ ਦਾ ਨਾਂ 2019 ਜਾਂ 2020 ਦੇ ਸ਼ੁਰੂ ਵਿਚ ਸੁਣਿਆ ਹੋਵੇਗਾ ਪਰ ਸਾਇੰਸ ਦੀ ਦੁਨੀਆ ਵਿੱਚ ਕੋਰੋਨਾ ਦਾ ਨਾਂ 1965 ਵਿਚ ਦਰਜ ਹੋਇਆ, ਜਾਨੀ ਪਹਿਲੀ ਵਾਰ ਮਨੁੱਖੀ ਜੰਨ ਸੰਖਿਆ ਵਿਚ ਇਹ ਵਾਇਰਸ ਪਾਇਆ ਗਿਆ। ਬਾਅਦ ਵਿਚ ਸਾਇੰਸਦਾਨਾਂ ਨੇ ਵੇਖਿਆ ਕਿ ਇਹ ਵਾਇਰਸ ਦੇ ਗਰੁੱਪ ਦੇ ਵਾਇਰਸ ਮਨੁੱਖਾਂ ਅਤੇ ਪਸ਼ੂ-ਜਾਨਵਰਾਂ ਵਿਚ ਪਾਏ ਗਏ। ਬਹੁਤ ਸ਼ਕਤੀਸ਼ਾਲੀ ਖੁਰਦਬੀਨ (**Powerful Microscope**) ਦੀ ਸਹਾਇਤਾ ਨਾਲ ਵੇਖਿਆ ਤਾਂ ਇਸ ਦੀ ਸ਼ਕਲ ਕਰਾਊਨ (ਮੁਕਟ)(**Crown**) ਵਾਂਗ ਸੀ। ਇਸ ਤੋਂ ਇਸ ਦਾ ਨਾਂ ਕੋਰੋਨਾ (**Corona**) ਰੱਖ ਦਿੱਤਾ ਗਿਆ।

7 ਤਰਾਂ ਦੇ ਕੋਰੋਨਾ ਵਾਇਰਸ ਮਨੁੱਖੀ ਜਨ-ਸੰਖਿਆ ਨੂੰ ਪ੍ਰਭਾਵਿਤ (**Infect**) ਕਰ ਸਕਦੇ ਹਨ। 2002 ਵਿਚ ਸਰ-ਕਰੋਨਾ (**SAR Corona**) ਚੀਨ ਵਿਚ ਸ਼ੁਰੂ ਹੋਇਆ। ਫਿਰ 2004 ਵਿਚ ਜੋ ਪ੍ਰਭਾਵਿਤ (**Infect**) ਹੋਏ, ਉਨਾਂ ਨੂੰ ਬੁਖਾਰ, ਸਿਰਦਰਦ, ਸਾਹ ਲੇਣ ਦੀ ਤਕਲੀਫ਼ ਆਦਿ ਦੀਆਂ ਘਟਨਾਵਾਂ ਦੇ ਚਿੰਨ ਸਾਹਮਣੇ ਆਏ। 2012 ਵਿਚ ਸਾਊਦੀ ਅਰਬ ਵਿੱਚ ਫਿਰ ਸ਼ੁਰੂ ਹੋਇਆ। (**MERS**) ਇਹ ਘੱਟ ਛੂਤ ਵਾਲਾ ਸੀ ਪਰ ਜ਼ਿਆਦਾ ਘਾਤਕ ਸੀ। ਇਸ ਨਾਲ ਸਾਹ ਦੀ ਕਸਰ ਦੇ ਨਾਲ ਨਾਲ ਗੁਰਦਿਆਂ ਤੇ ਵੀ ਅਸਰ ਹੁੰਦਾ ਸੀ। (**MERS Middle East Respiratory Syndrome**) ਕਰੋਨਾ ਵਾਇਰਸ ਗਰੁੱਪ ਵਿੱਚ ਕਾਫ਼ੀ ਵਾਇਰਸ ਹਨ। ਕੁਝ ਨਜ਼ਲਾ-ਜ਼ੁਕਾਮ (**Common Cold**) ਕਰਦੇ ਹਨ।

2019 ਵਿਚ **SAR-COV2** ਵਾਇਰਸ ਚੀਨ ਵਿਚ ਸ਼ੁਰੂ ਹੋਇਆ ਤੇ ਸਾਰੀ ਦੁਨੀਆ ਵਿਚ ਜੰਗਲ ਦੀ ਅੱਗ ਵਾਂਗ ਗਿਆ। ਇਹ ਵਾਇਰਸ ਜੋ ਬਿਮਾਰੀ ਕਰਦਾ ਹੈ, ਬੀਮਾਰੀ ਦਾ ਨਾਂ (**Covid-19**) ਰੱਖਿਆ ਗਿਆ। 19 ਦਾ ਮਤਲਬ 2019 ਵਿਚ ਸ਼ੁਰੂ ਹੋਇਆ। (**SARS (Severe Acute Respiratory Syndrome)**

(**Covid-19**) ਦੀ ਬੀਮਾਰੀ ਜਲਦੀ ਨਾਲ ਮਹਾਂਮਾਰੀ ਦਾ ਰੂਪ ਧਾਰਨ ਕਰਦੀ ਹੋਈ, ਮੁਲਕਾਂ ਦੇ ਅਰਥਚਾਰੇ, ਭਾਈਚਾਰੇ, ਆਵਾਜਾਈ, ਫੈਕਟਰੀਆਂ, ਹਸਪਤਾਲਾਂ ਉੱਪਰ ਮੰਦਭਾਗਾ ਅਸਰ ਹੋਇਆ ਅਤੇ ਹੋ ਰਿਹਾ ਹੈ। ਇਸ ਨੇ ਸਰਕਾਰਾਂ ਹਿਲਾ ਦਿੱਤੀਆਂ। ਜੇ ਇਹ ਬਿਮਾਰੀ ਨਾ ਆਉਂਦੀ ਤਾਂ ਸ਼ਾਇਦ ਅਮਰੀਕਾ ਦਾ ਪ੍ਰੈਜ਼ੀਡੈਂਟ ਅੱਜ ਵੀ ਡੋਨਾਲਡ ਟਰੰਪ ਹੀ ਹੁੰਦਾ। ਸੋਸ਼ਲ ਮੀਡੀਆ ਜੋ ਜਨਤਾ ਨੂੰ ਜਾਗਰੂਕ ਕਰਦਾ ਹੈ ਨਾਲ ਹੀ ਗਲਤਫਹਿਮੀਆਂ ਵੀ ਪੈਦਾ ਕਰਦਾ ਹੈ। ਯੂਰਪ ਦੇ ਲੋਕਾਂ ਵਿਚ ਕੌਮੀ ਪਿਆਰ (ਨੈਸ਼ਨਿਜ਼ਮ) ਜ਼ਿਆਦਾ ਹੈ। ਇਥੋਂ ਦੇ ਲੋਕੀਂ ਆਪਣੀ ਸਰਕਾਰ ਦੀ ਗੱਲ ਮੰਨ ਲੈਂਦੇ ਹਨ। ਚੀਨ ਵਿਚ ਸਰਕਾਰ ਦਾ ਕੰਟਰੋਲ ਜ਼ਿਆਦਾ ਹੈ। ਅਮਰੀਕਾ ਵਿਚ ਆਜ਼ਾਦੀ ਕਾਰਨ ਲੋਕਾਂ ਦਾ ਦਿਮਾਗ ਤੇ ਭੂਗੋਲਿਕ ਹਾਲਾਤ ਵੱਖ ਹਨ।

ਗੱਲ ਕਰੀਏ ਆਪਣੇ ਭਾਰਤ ਦੀ, ਸਾਡੇ ਮੁਲਕ ਵਿਚ ਹਾਲਾਤ ਵੱਖ ਹਨ। ਹਰ ਕੋਈ ਗੌਰਮਿੰਟ ਦੀ ਗੱਲ ਉਪਰ



ਸ਼ੱਕ ਕਰਦਾ ਹੈ। ਕੁਝ ਲੋਕ ਸਰਕਾਰ ਦੇ ਅੰਨੇਵਾਹ ਪੁਜਾਰੀ ਹਨ। ਨਾ ਗੌਰਮਿੰਟ ਘੱਟ ਹੈ ਨਾ ਅਸੀਂ ਭਾਰਤੀ । ਪਹਿਲੀ (3✿✂⇨➢-੧੯) ਲਹਿਰ ਦੌਰਾਨ ਸਖਤੀ ਨਾਲ ਕਾਬੂ ਵਿਚ ਰੱਖਿਆ। ਆਰਥਿਕਤਾ ਉੱਪਰ ਬਹੁਤ ਅਸਰ ਹੋਇਆ। ਮਿਡਲ ਕਲਾਸ ਨੂੰ ਜ਼ਿਆਦਾ ਦੁੱਖ ਪਹੁੰਚਿਆ। ਸਾਰੀ ਦੁਨੀਆਂ ਵਿਚ ਭਾਰਤ ਦੀ ਸ਼ਲਾਘਾ ਹੋਈ ਕਿ ਕਿਵੇਂ ਜਮਹੂਰੀਅਤ ਹੋਣ ਦੇ ਬਾਵਜੂਦ ਕਾਬੂ ਰੱਖਿਆ। ਹੁਣ ਦੂਸਰੀ ਲਹਿਰ ਦੌਰਾਨ ਮੰਦਭਾਗੀ ਛਾ ਗਈ। ਕੁਝ ਲੋਕ ਸਰਕਾਰ ਉੱਪਰ ਯਕੀਨ ਨਹੀਂ ਕਰਦੇ, ਅਜੇ ਵੀ ਸੋਚਦੇ ਹਨ ਕਿ ਇਹ ਕੋਰੋਨਾ ਨਾਂ ਦੀ ਬੀਮਾਰੀ ਨਹੀਂ ਝੂਠ ਹੈ, ਬੜੀ ਤੇਜ਼ੀ ਨਾਲ ਵੈਕਸੀਨ ਤਿਆਰ ਕੀਤੀਆਂ ਗਈਆਂ, ਫਿਰ ਵੀ ਲਗਵਾਉਣ ਤੋਂ ਗੁਰੇਜ਼ ਕਰਦੇ ਹਨ।

ਇਹ ਬੀਮਾਰੀ ਦੂਸਰੀਆਂ ਛੂਤ ਦੀਆਂ ਬੀਮਾਰੀਆਂ ਵਾਂਗ ਸੰਘਣੀ ਵਸੋਂ ਵਾਲੇ ਮੁਲਕਾਂ ਅਤੇ ਸ਼ਹਿਰਾਂ ਵਿਚ ਤੇਜੀ ਨਾਲ ਫੈਲਦੀ ਹੈ। ਜੇ ਮਾੜੀ ਕਿਸਮਤ ਨਾਲ ਮਰ ਜਾਂਦੇ ਹਨ, ਉਹ ਕਈ ਵਾਰ ਦੂਸਰੀਆਂ ਘਾਤਕ ਬੀਮਾਰੀਆਂ ਦੇ ਸ਼ਿਕਾਰ ਵੀ ਹੁੰਦੇ ਹਨ। ਹਾਲਾਂਕਿ ਪ੍ਰਤੀਸ਼ਤ ਮਰਨ ਦੀ ਗਿਣਤੀ ਘੱਟ ਹੈ। ਜਾਨੀ ਹਰੇਕ ਇਨਸਾਨ ਜੋ ਕੋਰੋਨਾ ਦਾ ਸ਼ਿਕਾਰ ਹੋਵੇਗਾ, ਮਰੇਗਾ ਨਹੀਂ। ਡਰ ਬਹੁਤ ਜ਼ਿਆਦਾ ਹੈ, ਕਿਉਂਕਿ ਪਤਾ ਨਹੀਂ ਕਿਸ ਦਾ ਨੰਬਰ ਲੱਗ ਜਾਣਾ ਹੈ। 'ਮੌਤ ਬੁਰੀ ਜਾਂ ਮੌਤ ਦਾ ਡਰ?' ਮੌਤ ਦਾ ਡਰ ! ਆਪਣੇ ਧੀਆਂ, ਪੁੱਤਰ ਅਤੇ ਰਿਸ਼ਤੇਦਾਰ ਵੀ ਬੀਮਾਰੇ ਵਾਲੇ ਦੇ ਕੋਲ ਆਉਣ ਤੋਂ ਡਰਦੇ ਹਨ। ਕੀ ਹੋਵੇਗਾ? ਹੌਲੀ ਸਹਿਜੇ ਬੀਮਾਰੀ ਤੇ ਕਾਬੂ ਹੋ ਜਾਵੇਗਾ। ਪਰ ਹੋਇਆ ਨੁਕਸਾਨ ਵਾਪਸ ਨਹੀਂ ਆਵੇਗਾ। ਸਾਰਿਆਂ ਨੂੰ ਇਸ ਬੀਮਾਰੀ 'ਤੇ ਕਾਬੂ ਪਾਉਣ ਵਿਚ ਯੋਗਦਾਨ ਦੇਣ ਦੀ ਜ਼ਰੂਰਤ ਹੈ। ਵੈਕਸੀਨ ਲਗਵਾਉਣੀ ਚਾਹੀਦੀ ਹੈ, ਜੋ ਨਵੀਆਂ ਕਿਸਮਾਂ (**Variant**) ਬਣ ਰਹੀਆਂ ਹਨ। ਹੌਲੀ ਹੌਲੀ ਹੋਰ ਨਵੀਆਂ ਵੈਕਸੀਨਾਂ ਵੀ ਆ ਜਾਣਗੀਆਂ। ਆਸ ਨਾਲ ਸਭ ਕੁਝ ਠੀਕ ਹੋ ਜਾਵੇਗਾ।

ਕੋਰੋਨਾ ਤੋਂ ਬਿਨਾਂ ਹੋਰ ਵੀ ਬਹੁਤ ਵਾਇਰਸ ਹਨ ਜੋ ਪਸ਼ੂ, ਜਾਨਵਰਾਂ ਅਤੇ ਮਨੁੱਖੀ ਜਨ ਸੰਖਿਆ ਨੂੰ ਬੀਮਾਰੀਆਂ ਲਾਉਂਦੇ ਹਨ ਪਰ ਉਹ ਕੋਰੋਨਾ ਵਾਂਗ ਤੇਜੀ ਨਾਲ ਨਹੀਂ ਫੈਲਦੇ। ਅੱਜ ਦੇ ਹਾਲਾਤਾਂ ਮੁਤਾਬਿਕ ਵੈਕਸੀਨ ਲਗਵਾ ਕੇ ਬਚਾਓ ਵਿਚ ਹੀ ਬਚਾਓ ਹੈ। ਯਾਦ ਰੱਖਣਯੋਗ ਕਿ ਸਾਰੇ ਵਾਇਰਸ ਮਨੁੱਖਤਾ ਵਿਰੋਧੀ ਨਹੀਂ ਹੁੰਦੇ।

# 5ਜੀ ਅਤੇ ਉਸ ਨਾਲ ਜੁੜੀਆਂ ਅਫਵਾਹਾਂ

**ਹਰਜੋਤ ਸਿੰਘ**

ਅਫ਼ਵਾਹ ਬਾਰੇ ਗੱਲ ਕਰਨ ਤੋਂ ਪਹਿਲਾਂ ਦੱਸਦਿਆਂ ਜਦੋਂ ਨੰਗਲ ਡੈਮ ਬਣਿਆ ਤਾਂ ਅਫਵਾਹ ਉੱਡੀ ਸੀ ਅਖਬਾਰਾਂ ਤੇ 'ਸਿਆਣੇ ਲੋਕਾਂ' ਨੇ ਪ੍ਰਮੋਟ ਵੀ ਕੀਤੀ ਪਾਣੀ ਵਿਚੋਂ ਬਿਜਲੀ ਉੱਥੇ ਹੀ ਕੱਢ ਲਈ ਜਾਂਦੀ ਹੈ ਇਸ 'ਫੋਕੇ ਪਾਣੀ' ਨੇ ਕਿਥੇ ਫ਼ਸਲ ਉਗਾਉਣੀ ਹੈ। ਲੋਕਾਂ ਨੇ ਉਸ ਤੇ ਵੀ ਵਿਸ਼ਵਾਸ਼ ਕੀਤਾ ਸੀ।

**5ਜੀ (ਪ7) ਕੀ ਹੈ ?**

5ਜੀ ਪੰਜਵੀਂ ਪੀੜੀ ਦਾ ਰੇਡੀਏਸ਼ਨ ਸਪੈਕਟ੍ਰਮ ਹੈ , ਜੋ ਕਿ ਸੰਚਾਰ ਮਾਧਿਅਮ ਦੇ ਤੌਰ 'ਤੇ ਵਰਤਿਆ ਜਾਣਾ ਹੈ। ਰੇਡੀਏਸ਼ਨ ਇੱਕ ਤਰਾਂ ਦੀਆਂ ਤਰੰਗਾਂ ਹੁੰਦੀਆਂ ਜਿਵੇਂ ਕਿ ਰੋਸ਼ਨੀ ਜਾਂ ਪ੍ਰਕਾਸ਼ ਵੀ ਇੱਕ ਤਰੰਗ ਹੈ, ਸੂਰਜ ਤੋਂ ਹੋਰ ਵੀ ਕਿੰਨੇ ਹੀ ਤਰਾਂ ਦੀਆਂ ਤਰੰਗਾਂ ਸਾਡੇ ਵੱਲ ਆਉਂਦੀਆਂ ਹਨ ਜੋ ਦਿਸਦੀਆਂ ਨਹੀਂ। ਇਹ ਤਰੰਗਾਂ ਬਨਾਉਟੀ ਤਰੀਕੇ ਨਾਲ ਵੀ ਬਣਾਈਆਂ ਜਾਂਦੀਆਂ ਹਨ ਜਿਸ ਨਾਲ ਅਸੀਂ ਅੱਜ ਅਨੇਕਾਂ ਤਰਾਂ ਦੇ ਕੰਮ ਕਰਦੇ ਹਾਂ ਜਿਵੇਂ ਮਾਇਕਰੋਵੇਵ, ਐਕਸਰੇ ਵਗੈਰਾ।

ਜਿਹੜੀਆਂ ਤਰੰਗਾਂ ਡਾਟਾ ਟਰਾਂਸਫਰ ਲਈ ਵਰਤੀਆਂ ਜਾਂਦੀਆਂ ਹਨ ਉਨਾਂ ਨੂੰ ਰੇਡੀਓ ਵੇਵਜ ਕਹਿੰਦੇ ਹਨ। ਟੀਵੀ, ਰੇਡੀਓ, ਸੈਟੇਲਾਈਟ, ਮੋਬਾਈਲ ਆਦਿ ਇਸੇ ਸਹਾਰੇ ਚਲਦੇ ਹਨ। ਇਨਾਂ ਤਰੰਗਾਂ ਨੂੰ ਇਨਾਂ ਦੇ ਡਾਟਾ ਟਰਾਂਸਫਰ ਸਪੀਡ ਦੇ ਅਧਾਰ ਤੇ ਜਨਰੇਸ਼ਨ ਵਿਚ ਵੰਡਿਆ ਗਿਆ ਹੈ। ਸਭ ਤੋਂ ਘੱਟ ਸਪੀਡ ਸਭ ਤੋਂ ਛੋਟੀ ਜਨਰੇਸ਼ਨ। ਘੱਟ ਸਪੀਡ ਦਾ ਕਾਰਨ ਇਨਾਂ ਦੀ ਫਰੀਕੈਂਸੀ ਹੁੰਦਾ। ਭਾਵ ਇਹ ਇੱਕ ਸਕਿੰਟ ਵਿੱਚ ਕਿੰਨੇ ਚੱਕਰ (ਉੱਪਰ-ਥੱਲੇ) ਪੂਰਾ ਕਰਦੀਆਂ ਹਨ। ਜਿੰਨੀ ਛੇਤੀ ਕਰਨਗੀਆਂ ਓਨੀ ਵੱਧ ਫ਼੍ਰੀਕੁਐਂਸੀ ਤੇ ਓਨਾ ਜ਼ਿਆਦਾ ਡਾਟਾ ਸਪੀਡ।

5ਜੀ ਹੁਣ ਤੱਕ ਦੀ ਸਭ ਤੋਂ ਵੱਧ ਫ਼੍ਰੀਕੁਐਂਸੀ ਵਾਲੀ ਸਪੈਕਟ੍ਰਮ ਹੈ, ਇਸ ਲਈ ਸਭ ਤੋਂ ਵੱਧ ਤੇਜ਼ ਡਾਟਾ ਟਰਾਂਸਫਰ, ਇਹ ਸਮਝੋ ਕਿ ਇਹ ਐਨਾ ਤੇਜ਼ ਹੋਏਗਾ ਕਿ ਇੱਕ ਸਕਿੰਟ ਵਿੱਚ 10ਜੀਬੀ ਡਾਟਾ ਡਾਊਨਲੋਡ ਹੋ ਸਕੇਗਾ। ਪ੍ਰੰਤੂ ਜਿੰਨੀ ਜਿਆਦਾ ਫ਼੍ਰੀਕੁਐਂਸੀ ਓਨੀ ਨਜ਼ਦੀਕ ਟਾਵਰ, ਇੰਝ 5ਜੀ ਦੇ ਟਾਵਰ ਬਹੁਤ ਨੇੜੇ ਨੇੜੇ ਹੋਣਗੇ, ਹਰ ਇੱਕ ਘਰ, ਬੈਂਚ ਦੇ ਨੇੜੇ ਕਿਉਂਕਿ ਇਹ ਕੰਧਾਂ ਤੇ ਹੋਰ ਰੁਕਾਵਟਾਂ ਨੂੰ ਪਾਰ ਨਹੀਂ ਕਰ ਸਕਦੀ। ਬਿਲਕੁਲ ਉਵੇਂ ਜਿਵੇਂ ਵਾਈ ਫਾਈ ਦੀ ਰੇਂਜ਼ ਖਤਮ ਹੋ ਜਾਂਦੀ ਹੈ।

**ਕੀ ਇਹ ਖ਼ਤਰਨਾਕ ਹੈ ?**

5ਜੀ ਦੀ ਫ਼੍ਰੀਕੁਐਂਸੀ 4ਜੀ ਨਾਲੋਂ ਕਰੀਬ 30-40 ਗੁਣਾ ਤੱਕ ਵੱਧ ਹੈ, ਪਰ ਐਨੇ ਵਿਚ ਹੀ ਹੈ 100 ਗੁਣਾ ਵਧ ਦਾ ਕੁਨੈਕਸ਼ਨ ਦੇ ਸਕਦੀ ਹੈ। ਨੈੱਟ ਰੇਡੀਏਸ਼ਨ ਕਰੀਬ ਕਰੀਬ ਓਨੀ ਹੀ ਰਹੇਗੀ।

ਜਿਵੇਂ ਮੈਂ ਉੱਪਰ ਦੱਸਿਆ ਕਿ ਇਹ ਰੇਡੀਓ ਵੇਵਜ ਹਨ, ਇਨਾਂ ਨੂੰ ਸਿਰਫ ਇਸੇ ਲਈ ਸੰਚਾਰ ਲਈ ਵਰਤਿਆ ਜਾਂਦਾ ਕਿਉਂਕ ਇਹ ਸਾਡੇ ਸਰੀਰ ਦੇ ਸੈਲਾਂ ਨੂੰ ਕੋਈ ਨੁਕਸਾਨ ਨਹੀਂ




ਕਰਦੀਆਂ, ਉਨਾਂ ਨੂੰ ਤੋੜਦੀਆਂ ਨਹੀਂ। ਨਾ ਹੀ ਡੀਐਨਏ ਤੱਕ ਪਹੁੰਚ ਸਕਦੀਆਂ ਹਨ ਅਤੇ ਨਾ ਹੀ ਗਰਮੀ ਕਰਦੀਆਂ ਹਨ। ਇਸ ਲਈ ਇਨਾਂ ਨੂੰ **non-ionised Áå¶ non-thermal** ਕਿਹਾ ਜਾਂਦਾ ਹੈ। ਇਸ ਲਈ ਦੁਨੀਆਂ ਭਰ ਵਿਚ ਹਰ ਵਿਗਿਆਨੀ ਦਾ ਇਹੋ ਮੰਨਣਾ ਹੈ ਕਿ ਇਨਾਂ ਦਾ ਕੋਈ ਖ਼ਤਰਾ ਨਹੀਂ ਹੈ, ਨਾ ਹੋ ਕੋਈ ਮੈਡੀਕਲ ਸਟੱਡੀ ਅਜਿਹਾ ਕੁਝ ਦੱਸ ਸਕੀ ਹੈ। ਕਿਉਂਕਿ ਇਹ ਭਰਮ ਸਿਰਫ 5ਜੀ ਨੂੰ ਲੈ ਕੇ ਨਹੀਂ ਸਗੋਂ ਹਰ ਜਨਰੇਸ਼ਨ ਦੇ ਸਪੈਕਟ੍ਰਮ ਉੱਪਰ ਉੱਠੇ ਸੀ ਤੇ ਕਿਤੇ ਵੀ ਇਹ ਸਾਬਿਤ ਨਹੀਂ ਹੋ ਸਕਿਆ।

**ਅਫਵਾਹਾਂ ਕੀ ਹਨ ?**

ਪਹਿਲੀ ਮੁੱਖ ਅਫਵਾਹ ਇਹ ਉੱਡੀ ਕਿ ਇਹਦੇ ਨਾਲ ਪੰਛੀ ਮਰ ਰਹੇ ਹਨ, ਮਗਰੋਂ ਇਸ ਨੂੰ ਕੋਰੋਨਾ ਦਾ ਇੱਕ ਕਾਰਨ ਦੱਸ ਕੇ ਅਫਵਾਹ ਉਡਾਈ ਗਈ।

**ਅਫਵਾਹਾਂ ਕਿਉਂ ਹਨ ?**

ਅਫਵਾਹ ਨਵੀਂ ਤਕਨੀਕ ਬਾਰੇ ਹਮੇਸ਼ਾ ਉੱਡਦੀ ਰਹੇਗੀ, ਲੋਕ ਨਵੇਂ ਨੂੰ ਅਪਨਾਉਣ ਤੋਂ ਪਹਿਲਾਂ ਡਰਦੇ ਹਨ। ਇੰਟਰਨੈੱਟ ਤੋਂ ਅੱਜ ਵੀ ਸਾਡੇ ਲੋਕ ਡਰਦੇ ਹਨ। ਅਮਰੀਕਾ ਇਸੇ ਕਰਕੇ ਪੂਰੀ ਦੁਨੀਆਂ 'ਤੇ ਰਾਜ ਕਰ ਰਿਹਾ।

ਅਫਵਾਹਾਂ ਪਿੱਛੇ ਮੁੱਖ ਕਾਰਨ ਵੱਡੇ ਮੁਲਕਾਂ ਤੇ ਵੱਡੀਆਂ ਕੰਪਨੀਆਂ ਦੀ ਆਪਸੀ ਖਹਿਬਾਜ਼ੀ ਹੈ। ਇਸ ਵਿੱਚ ਮੁੱਖ ਕੰਪਨੀਆਂ ਜੋ ਰੇਸ ਵਿੱਚ ਹਨ ਉਹ ਹਨ ਹੁਵਾਈ, ਨੋਕੀਆ, ਐਰਿਕਸ਼ਨ ਤੇ ਸੈਮਸੰਗ।

ਹੁਵਾਈ ਰੇਸ ਵਿੱਚ ਸਭ ਤੋਂ ਅੱਗੇ ਹੈ, ਉਸਦੀ ਤਕਨੀਕ ਪਰਖੀ ਹੋਈ ਹੈ, ਉਹ ਕੁਝ ਮੁਲਕਾਂ ਵਿੱਚ ਆਪਣਾ ਕੰਮ ਸ਼ੁਰੂ ਕਰਨ ਲਈ ਤਿਆਰ ਸੀ ਪਰ ਅਮਰੀਕਾ ਨੇ ਪੰਗਾ ਪਾ ਦਿੱਤਾ। ਕਾਰਨ ਹੁਵਾਈ ਇੱਕ ਚੀਨੀ ਕੰਪਨੀ ਹੈ, ਅਮਰੀਕਾ ਕਦੇ ਨਹੀਂ ਚਾਹੁੰਦਾ ਕਿ ਚੀਨੀ ਕੰਪਨੀ ਇਸ ਸੈਕਟਰ ਵਿਚ ਬੇਤਾਜ ਬਾਦਸ਼ਾਹ ਹੋਵੇ, ਨਹੀਂ ਤਾਂ ਇੰਟਰਨੇਟ ਦਾ ਪੂਰਾ ਕੰਟਰੋਲ ਅਮਰੀਕਾ ਤੋਂ ਸ਼ਿਫਟ ਹੋ ਕੇ ਚੀਨ ਕੋਲ ਚਲਾ ਜਾਏਗਾ। ਅੱਜ ਦੇ ਵੇਲੇ ਇੰਟਰਨੈੱਟ ਦੀ ਹਰ ਵੱਡੀ ਕੰਪਨੀ ਅਮਰੀਕੀ ਹੈ ਚਾਹੇ ਉਹ ਵੈਬਸਾਈਟ ਹੋਵੇ, ਫੇਸਬੁੱਕ, ਗੂਗਲ, ਚਿਪਸੈੱਟ ਬਣਾਉਣ ਵਾਲੀ ਹੋਵੇ, ਵਿੰਡੋਜ ਸਾਫਟਵੇਅਰ, ਲੈਪਟਾਪ ਵਗੈਰਾ ਜਾਂ ਅਮਰੀਕਾ ਵੱਲੋਂ ਸਪਾਂਸਰ ਦੱਖਣੀ ਕੋਰੀਆ ਕੰਪਨੀਆਂ ਜਿਵੇਂ ਸੈਮਸੰਗ (ਤੁਸੀਂ ਸਮਝ ਗਏ ਹੋਵੋਗੇ ਟਿੱਕ ਟਾਕ ਵਰਗੀਆਂ ਐਪਸ ਕਿਉਂ ਬੰਦ ਹੋਈਆਂ) (ਸਿਰਫ ਸੋਚੋ ਅਮਰੀਕਾ ਕਿੰਨਾ ਤਾਕਤਵਰ ਹੈ) ਦੁਨੀਆਂ ਦੇ ਕਿਸੇ ਕੋਨੇ ਵਿੱਚ ਕੰਪਿਊਟਰ/ਮੋਬਾਈਲ ਉੱਤੇ ਇੱਕ ਟੱਚ ਵੀ ਕੀਤਾ ਜਾਂਦਾ ਉਹ ਵੀ ਅਮਰੀਕਾ ਹੋ ਕੇ ਹੀ ਜਾਂਦਾ।

ਸੋ ਅਮਰੀਕਾ ਨੇ ਹੁਵਾਈ ਕੰਪਨੀ 'ਤੇ ਪਾਬੰਦੀ ਲਗਾ ਦਿੱਤੀ, ਉਹਦੇ ਹੋਰ ਸਹਿਯੋਗੀ ਮੁਲਕਾਂ ਨੇ ਵੀ, ਇਹਦੇ ਖ਼ਿਲਾਫ਼ ਇੰਟਰਨੈਸ਼ਨਲ ਕੋਰਟ ਕੇਸ ਚੱਲ ਰਹੇ ਹਨ।

ਦੱਖਣੀ ਕੋਰੀਆ 5ਜੀ ਚਾਲੂ ਕਰ ਚੁੱਕਾ ਹੈ, ਹੋਰ ਕੋਈ ਦੇਸ਼ ਪਿੱਛੇ ਨਹੀਂ ਰਹਿਣਾ ਚਾਹੁੰਦਾ, ਇਸ ਲਈ ਸਭ ਨੇ ਹੋਰ ਕੰਪਨੀਆਂ ਕੋਲੋਂ ਸੇਵਾਵਾਂ ਲੈਣੀਆਂ ਸ਼ੁਰੂ ਕਰ ਦਿੱਤੀਆਂ। ਟੈਸਟਿੰਗ ਤੇ ਕਮਰਸ਼ੀਅਲ ਪੱਧਰ ਉੱਤੇ।

ਇੰਝ ਇਹ ਲੜਾਈ ਸ਼ੁਰੂ ਹੋਈ। ਸਭ ਤੋਂ ਪਹਿਲੀ ਅਫਵਾਹ ਇੰਟਰਨੈੱਟ ਤੋਂ ਇੱਕ ਟਵਿੱਟਰ ਖਾਤੇ ਤੋਂ ਆਈ। ਆਮ ਤੌਰ ਤੇ ਇਹ ਟਵਿੱਟਰ ਖਾਤਾ ਰਸ਼ੀਅਨ ਸਮਰਥਕ ਪੋਸਟਾਂ ਕਰਦਾ ਹੈ। ਮਗਰੋਂ ਇਹਦੇ ਨਾਲ ਸਬੰਧਤ ਹੋਰ ਉਸ ਵਰਗੇ ਖਾਤਿਆਂ ਤੇ ਵੈਬਸਾਈਟ ਨੇ ਜਿਨਾਂ ਦਾ ਮੁੱਖ ਕੰਮ ਹੀ ਅਫਵਾਹਾਂ ਨੂੰ ਹਵਾ ਦੇਣਾ ਰਿਹਾ ਇਹੋ ਜਿਹੀਆਂ ਰਿਪੋਰਟਾਂ ਕਰਨੀਆਂ ਸ਼ੁਰੂ ਕੀਤੀਆਂ।

ਕੋਰੋਨਾ ਨਾਲ ਜੋੜਨ ਮਗਰੋਂ ਕਈ ਦੇਸ਼ਾਂ ਵਿਚ ਇਹ ਅਫਵਾਹ ਫੈਲਣ ਲੱਗੀ। ਸਭ ਤੋਂ ਵੱਡਾ ਸ਼ਿਕਾਰ ਆਸਟ੍ਰੇਲੀਆ ਹੋਇਆ, ਕਿਉਂਕਿ ਉਹ 5ਜੀ ਸ਼ੁਰੂ ਕਰਨ ਲੱਗਾ ਸੀ। ਦੇਖਦੇ ਹੀ ਦੇਖਦੇ ਆਸਟ੍ਰੇਲੀਆ ਵਿੱਚ ਲੋਕਾਂ ਦੇ ਫੇਸਬੁੱਕ ਤੇ ਵਟਸਐਪ ਇਨਾਂ ਮੈਸੇਜ ਨਾਲ ਭਰ ਗਏ। ਕਿਉਂਕਿ ਉਹ ਹੁਵਾਈ ਤੋਂ ਅਲੱਗ ਕੰਪਨੀ ਤੋਂ ਸ਼ੁਰੂ ਕਰਨਾ ਚਾਹੁੰਦਾ ਸੀ। ਇਸਦਾ ਵਿਰੋਧ ਹੋਇਆ ਇਵੇਂ ਹੀ ਹੋਰ ਕਈ ਮੁਲਕਾਂ ਵਿੱਚ ਵੀ।

ਅਫਵਾਹਾਂ ਦਾ ਮੁੱਖ ਮਕਸਦ 5ਜੀ ਤਕਨੀਕ ਦੇ ਕੰਮ ਨੂੰ ਰੋਕਣਾ ਹੈ ਤਾਂ ਜੋ ਬਾਕੀ ਕੰਪਨੀਆਂ ਨੂੰ ਮੌਕਾ ਮਿਲ ਸਕੇ। ਹੁਵਾਈ ਆਪਣੇ ਕੇਸ ਲੜ ਕੇ ਮੌਕਾ ਹਾਸਿਲ ਕਰ ਸਕੇ। ਇਨਾਂ ਕੰਪਨੀਆਂ ਦੇ ਪ੍ਰੋਮੋਟਰ ਅਰਬਪਤੀ ਲੋਕ ਹਨ ਜਿਨਾਂ ਲਈ ਇਹ ਕੰਮ ਸੌਖਾ। 5ਜੀ ਤੋਂ ਬਿਲਕੁਲ ਐਲਨ ਹਸਕ ਸਿੱਧਾ ਬ੍ਰਾਡਬੈਂਡ ਲੈ ਕੇ ਆ ਰਿਹਾ ਸੈਟੇਲਾਈਟ ਰਾਹੀਂ। ਫਿਰ ਟਾਵਰ ਦੀ ਲੋੜ ਨਹੀਂ ਰਹਿਣੀ, ਨਾ 5ਜੀ ਦੀ। ਇਸ ਲਈ ਹੋ ਸਕਦਾ ਕਿ ਉਹ ਵੀ ਇਸ ਰੇਸ ਵਿਚ ਹੋਵੇ ਕਿਉਂਕਿ ਇਸ ਵੇਲੇ ਦੁਨੀਆਂ ਦੇ ਸਭ ਤੋਂ ਅਮੀਰ ਲੋਕਾਂ ਵਿਚੋਂ ਹੈ, ਉਹ ਚਾਹੇਗਾ ਸਿੱਧਾ ਬੁਰਕ ਉਹ ਭਰੇ। ਆਖਿਰਕਾਰ ਉਹ ਵੀ ਅਮਰੀਕੀ ਹੈ।

ਸੋ ਜੋ ਅਫਵਾਹਾਂ ਸਾਡੇ ਕੋਲ ਆਈਆਂ ਹਨ ਇਹ ਦੋ ਕੁ ਸਾਲ ਤੋਂ ਅੰਗਰੇਜ਼ੀ ਵਿੱਚ ਸੀ ਹੁਣ ਇਹ ਹਿੰਦੀ ਤੋਂ ਪੰਜਾਬੀ ਹੋ ਗਈਆਂ ਹਨ।

ਸਭ ਤੋਂ ਪਹਿਲਾਂ ਆਸਟ੍ਰੇਲੀਆ ਵਿੱਚ ਸ਼ੁਰੂ ਹੋਈਆਂ।

ਦੁਨੀਆਂ ਦੀ ਹਰ ਵੱਡੀ ਅਫਵਾਹ ਦਾ ਕਾਰਨ ਰਾਜਨੀਤਿਕ ਜਾਂ ਕਾਰਪੋਰੇਟ ਤੇ ਦੇਸ਼ਾਂ ਦੀ ਆਪਸੀ ਖਹਿਬਾਜ਼ੀ ਹੀ ਹੁੰਦਾ ਜੋ ਕਿ ਅਧਾਰਹੀਣ ਤੇ ਬਿਨਾਂ ਤੱਥਾਂ ਤੋਂ ਹੁੰਦੀ ਹੈ।

**5ਜੀ ਕੀ ਬਦਲੇਗੀ ?**

ਸਭ ਕੁਝ ਬਦਲ ਦੇਵੇਗੀ, ਤੇਜ਼ ਇੰਟਰਨੈਟ ਨਾਲ ਹਰ ਮਸ਼ੀਨ ਬੋਲਣ ਲੱਗੇਗੀ, ਗੱਲਾਂ ਕਰੇਗੀ, ਕਾਰ ਬਿਨਾਂ ਡਰਾਈਵਰ ਤੋਂ ਚੱਲ ਸਕੇਗੀ, ਤੁਹਾਡਾ ਫਰਿੱਜ ਤੁਹਾਨੂੰ ਦੱਸੇਗਾ ਕਿ ਸਬਜ਼ੀ/ਦੁੱਧ ਖਤਮ ਹੈ। ਮਾਈਕਰੋਵੇਵ ਉਬਲਣ ਤੋਂ ਪਹਿਲਾਂ ਬੰਦ ਹੋ ਜਾਏਗਾ।

ਪ੍ਰਿੰਟਰ ਸਿਰਫ ਕਾਗਜ ਨਹੀਂ ਸਗੋਂ ਚੀਜ਼ਾਂ ਵੀ ਬਣਾ ਦਿਆ ਕਰਨਗੇ, ਇਹ ਰੋਬੋਟ ਵਰਗੇ ਦਿਸਣਗੇ। ਵੀਡੀਓ ਕਾਲ 3ਡੀ ਹੋ ਜਾਏਗੀ ਬਿਲਕੁਲ ਜਿਵੇਂ ਸਿਨੇਮੇ ਵਿੱਚ ਫਿਲਮ ਵੇਖਦੇ ਹੋ 3ਡੀ ਵਿੱਚ, ਤੇ ਹੋਰ ਵੀ ਕਿੰਨਾ ਕੁਝ ਬਦਲ ਜਾਏਗਾ।

ਅਖੀਰ ਗੱਲ ਇਹੋ ਕਿ ਹੁਣ ਤੱਕ ਦੀ ਸਾਇੰਸ ਦੀ ਖੋਜ ਤੇ ਗਿਆਨ ਮੁਤਾਬਿਕ ਪਜੀ ਕੋਰੋਨਾ ਜਾਂ ਕਿਸੇ ਵੀ ਹੋਰ ਸ਼ਾਇਦ ਇਫ਼ੈਕਟ ਲਈ ਜਿੰਮੇਵਾਰ ਨਹੀਂ, ਇਹ ਅਫਵਾਹਾਂ ਹਮੇਸ਼ਾ ਤੋਂ ਹੀ ਹਰ ਤਕਨੀਕ ਨਾਲ ਉਡਦੀਆਂ ਰਹੀਆਂ ਹਨ, ਅਸਲ ਕਾਰਨ ਕੁਝ ਦੇਸ਼ਾਂ ਤੇ ਉਨਾਂ ਦੀਆਂ ਕੰਪਨੀਆਂ ਤੇ ਪ੍ਰਮੋਟਰਾਂ ਦੀ ਆਪਸੀ ਖਹਿਬਾਜ਼ੀ ਹੈ।

5ਜੀ ਦੇ ਤਾਵਲ 4ਜੀ ਨਾਲੋਂ ਬੇਹੱਦ ਨਿੱਕੇ ਵਾਈ ਫਾਈ ਰੂਟਰ ਵਰਗੇ ਹਰ 100 ਮੀਟਰ ਦੇ ਘੇਰੇ ਵਿਚ ਹੋਣਗੇ ਕਿਉਂਕਿ ਇਹ ਕੰਧਾਂ ਤੇ ਹੋਰ ਚੀਜ਼ਾਂ ਵਿਚੋਂ ਨਹੀਂ ਲੰਘ ਸਕਦੀ।




# ਰੁੱਖਾਂ ਦੀ ਸੰਭਾਲ ਸਮੇਂ ਦੀ ਮੁੱਖ ਲੋੜ

**ਅਗਿਆਤ, ਤਾਰਾਗੜ**

ਰੁੱਖ ਸਾਡੇ ਲਈ ਭੋਜਨ ਤੇ ਪਾਣੀ ਵਾਂਗ ਹੀ ਮਹੱਤਵਪੂਰਨ ਹਨ। ਰੁੱਖਾਂ ਬਿਨਾਂ ਸਾਡਾ ਜੀਵਨ ਬਹੁਤ ਹੀ ਮੁਸ਼ਕਲ ਬਣ ਜਾਵੇਗਾ ਜਾਂ ਅਸੀਂ ਇੰਝ ਕਹਿ ਸਕਦੇ ਹਾਂ ਕਿ ਰੁੱਖਾਂ ਬਿਨਾਂ ਸਾਡਾ ਜੀਵਨ ਇੱਕ ਦਿਨ ਖਤਮ ਹੋ ਜਾਵੇਗਾ ਕਿਉਂਕਿ ਸਾਨੂੰ ਤੰਦਰੁਸਤ ਤੇ ਸੁਖੀ ਜੀਵਨ ਦੇਣ ਵਿੱਚ ਇਨਾਂ ਦਾ ਬਹੁਤ ਵੱਡਾ ਯੋਗਦਾਨ ਹੈ। ਇਹ ਸਾਡਾ ਜੀਵਨ ਜਿਉਣ ਦਾ ਸਹਾਰਾ ਹਨ। ਰੁੱਖ ਵਾਤਾਵਰਣ ਨੂੰ ਮਨੁੱਖੀ ਜੀਵਨ ਦੇ ਅਨੁਕੂਲ ਬਣਾਉਂਦੇ ਹਨ। ਇਹ ਮਨੁੱਖ ਨੂੰ ਆਕਸੀਜਨ ਦੇ ਕੇ ਕਾਰਬਨ ਡਾਈਆਕਸਾਈਡ ਗੈਸ ਆਪ ਲੈਂਦੇ ਹਨ। ਰੁੱਖ ਮਨੁੱਖ ਨੂੰ ਕੁਦਰਤ ਵੱਲੋਂ ਦਿੱਤਾ ਸਭ ਤੋਂ ਵੱਡਾ ਤੋਹਫਾ ਹਨ। ਇਸ ਲਈ ਸਾਨੂੰ ਰੁੱਖਾਂ ਨਾਲ ਪਿਆਰ ਕਰਨਾ ਚਾਹੀਦਾ ਹੈ ਤੇ ਇਨਾਂ ਦੀ ਸੰਭਾਲ ਕਰਨੀ ਚਾਹੀਦੀ ਹੈ।

ਰੁੱਖ ਧਰਤੀ ਦਾ ਸਿੰਗਾਰ ਹੁੰਦੇ ਹਨ, ਜਿਵੇਂ ਕੋਈ ਸੋਹਣੀ ਮੁਟਿਆਰ ਆਪਣੇ ਹੁਸਨ ਨੂੰ ਚਾਰ ਚੰਨ ਲਾਉਣ ਲਈ ਗਹਿਣਿਆਂ ਨਾਲ ਸ਼ਿੰਗਾਰ ਕਰਦੀ ਹੈ, ਉਸੇ ਤਰਾਂ ਧਰਤੀ ਤੇ ਠੰਢੀਆਂ ਛਾਵਾਂ ਦਿੰਦੇ, ਫਲਾਂ ਨਾਲ ਲੱਦੇ ਰੁੱਖ ਵੀ ਧਰਤੀ ਦਾ ਸ਼ਿੰਗਾਰ ਹਨ। ਰੁੱਖਾਂ ਦੀਆਂ ਠੰਢੀਆਂ ਛਾਵਾਂ ਅਤੇ ਪੰਛੀਆਂ ਦਾ ਚਹਿਚਹਾਉਣਾ ਮਨੁੱਖ ਦੇ ਦਿਲ ਨੂੰ ਸਕੂਨ ਦਿੰਦਾ ਹੈ।

ਅਫਸੋਸ ਅੱਜ ਦਾ ਮਨੁੱਖ ਲਾਲਚ ਵੱਸ ਜੋ ਧਰਤੀ ਤੋਂ ਰੁੱਖਾਂ ਨੂੰ ਖਤਮ ਕਰ ਰਿਹਾ ਹੈ। ਉਹ ਵਾਤਾਵਰਨ ਨੂੰ ਬਚਾਉਣ ਦਾ ਆਪ ਹੋਕਾ ਦਿੰਦਾ ਹੈ, ਪਰ ਵਾਤਾਵਰਨ ਨੂੰ ਬਚਾਉਣ ਵਾਲੇ ਰੁੱਖਾਂ ਨੂੰ ਕੱਟ ਰਿਹਾ ਹੈ। ਵਾਤਾਵਰਨ ਨੂੰ ਬਚਾਉਣ ਲਈ ਥਾਂ-ਥਾਂ ਰੈਲੀਆਂ ਸੈਮੀਨਰ ਕੀਤੇ ਜਾ ਰਹੇ ਹਨ, ਪਰ ਅਮਲ ਕੋਈ ਕਰ ਨਹੀਂ ਰਿਹਾ। ਸਮਾਜ ਸੇਵੀ ਸੰਸਥਾਵਾਂ ਇਸ ਮੁੱਦੇ ’ਤੇ ਗੰਭੀਰ ਹਨ। ਸਕੂਲਾਂ, ਕਾਲਜਾਂ ਵਿੱਚ ਵੀ ਇਸ ਵਿਸ਼ੇ ’ਤੇ ਜਾਗਰੂਕਤਾ ਸੈਮੀਨਰ ਲਗਾਏ ਜਾ ਰਹੇ ਹਨ, ਪਰ ਫਿਰ ਵੀ ਲੱਖਾਂ ਦਰੱਖਤ ਪੁੱਟੇ ਜਾ ਰਹੇ ਹਨ।

ਉਨਾਂ ਦੀ ਜਗਾਂ ਕੋਈ ਨਵੇਂ ਦਰੱਖਤ ਨਹੀਂ ਲਗਾਏ ਜਾ ਰਹੇ, ਜੇਕਰ ਲਗਾਏ ਜਾਂਦੇ ਹਨ ਤਾਂ ਸਿਰਫ ਵਣ ਮਹਾਂਉਤਸਵ ਦੌਰਾਨ, ਜਿਨਾਂ ਦੀ ਬਾਅਦ ਵਿੱਚ ਸੰਭਾਲ ਨਹੀਂ ਕੀਤੀ ਜਾਂਦੀ।

ਇਹ ਸਭ ਵਾਪਰਨ ਦਾ ਕਾਰਨ ਅੱਜ ਦੇ ਮਨੁੱਖ ਦਾ ਪਦਾਰਥਵਾਦੀ ਹੋਣਾ ਤੇ ਪੈਸੇ ਦੀ ਦੌੜ ਵਿੱਚ ਹੋਣ ਨਾਲ ਮਨੁੱਖ ਦੇ ਜੀਵਨ ਵਿੱਚ ਨੈਤਿਕਤਾ ਦਾ ਖਤਮ ਹੋ ਜਾਣਾ ਹੈ। ਇੰਝ ਜਾਪਦਾ ਜਿਵੇਂ ਮਨੁੱਖ ਇੱਕ ਰੁੱਖ ਸੌ ਸੁੱਖ ਦਾ ਸੰਦੇਸ਼ ਦਿੰਦਾ ਹੋਇਆ ਖੁਦ ਉਸ ਤੋਂ ਅਨਜਾਣ ਹੋ ਗਿਆ ਹੋਵੇ ਅਤੇ ਜਿਸ ਟਾਹਣੇ ’ਤੇ ਬੈਠਾ ਹੈ, ਉਸੇ ਟਾਹਣੇ ਨੂੰ ਕੱਟ ਰਿਹਾ ਹੈ। ਮਨੁੱਖ ਖੁਦ ਆਪਣੇ ਜੀਵਨ ਵਿੱਚ ਜ਼ਹਿਰ ਘੋਲ ਰਿਹਾ ਹੈ।

ਸੜਕਾਂ, ਮਕਾਨਾਂ, ਉਦਯੋਗਿਕ ਕੇਂਦਰਾਂ ਦੀ ਉਸਾਰੀ ਲਈ ਬਿਨਾਂ ਕਿਸੇ ਨੀਤੀ ਅਤੇ ਯੋਜਨਾ ਦੇ ਰੁੱਖ ਪੁੱਟੇ ਜਾ ਰਹੇ ਹਨ। ਵਿਕਾਸ ਦੇ ਨਾਂ ’ਤੇ ਵਿਨਾਸ਼ ਹੋ ਰਿਹਾ ਹੈ। ਹੁਣ ਪੰਜਾਬ ਦੀਆਂ ਸੜਕਾਂ ਨੂੰ ਚਾਰ ਮਾਰਗੀ ਬਣਾਉਣ



ਲਈ 100 ਸਾਲ ਪੁਰਾਣੇ ਦਰੱਖਤ ਪੁੱਟੇ ਗਏ ਹਨ। ਬੇਸ਼ੱਕ ਸੜਕਾਂ, ਉਦਯੋਗ ਸਮੇਂ ਦੀ ਮੰਗ ਤੇ ਵਿਕਾਸ ਲਈ ਜਰੂਰੀ ਹਨ, ਪਰ ਵਿਕਾਸ ਕਿਸੇ ਯੋਜਨਾਂ ਅਨੁਸਾਰ ਹੋਣਾ ਚਾਹੀਦਾ ਹੈ ਜੋ ਰੁੱਖ ਪੁੱਟੇ ਜਾਂਦੇ ਹਨ ਉਸ ਤੋਂ ਵੱਧ ਗਿਣਤੀ ਵਿੱਚ ਲੱਗਣੇ ਚਾਹੀਦੇ ਹਨ ਤੇ ਉਨਾਂ ਦੀ ਸੰਭਾਲ ਵੀ ਹੋਣੀ ਚਾਹੀਦੀ ਹੈ।

ਲੋੜ ਹੈ ਕਿ ਹਰ ਮਨੁੱਖ ਇਨਾਂ ਦੀ ਸੰਭਾਲ ਲਈ ਯਤਨ ਕਰੇ ਤੇ ਦੂਸਰੇ ਲੋਕਾਂ ਨੂੰ ਸੰਭਾਲ ਲਈ ਪ੍ਰੇਰਿਤ ਕਰੇ। ਆਪਣੇ ਬੱਚਿਆਂ ਨੂੰ ਬਚਪਨ ਤੋਂ ਹੀ ਦਰੱਖਤਾਂ ਦੀ ਮਹੱਤਤਾ ਤੇ ਸੰਭਾਲ ਸਬੰਧੀ ਜਾਗਰੂਕ ਕਰਨਾ ਚਾਹੀਦਾ ਹੈ। ਵੱਖ-ਵੱਖ ਦਿਨ, ਤਿਉਹਾਰ ‘ਤੇ ਵੱਧ ਤੋਂ ਵੱਧ ਰੁੱਖ ਲਗਾ ਕੇ ਮਨਾਉਣੇ ਚਾਹੀਦੇ ਹਨ ਅਤੇ ਇਨਾਂ ਦੀ ਸੰਭਾਲ ਕਰਨ ਦਾ ਪ੍ਰਣ ਲੈਣਾ ਚਾਹੀਦਾ ਹੈ। ਧਰਤੀ ਤੇ ਮਨੁੱਖ ਨੂੰ ਸਭ ਤੋਂ ਬੁੱਧੀਜੀਵੀ ਪ੍ਰਾਣੀ ਸਮਝਿਆ ਜਾਂਦਾ ਹੈ। ਇਸ ਲਈ ਮਨੁੱਖ ਦਾ ਫਰਜ਼ ਹੈ ਕਿ ਉਹ ਆਪਣੀ ਜਿੰਮੇਵਾਰੀ ਨੂੰ ਸਮਝਦੇ ਹੋਏ ਵਾਤਾਵਰਨ ਤੇ ਧਰਤੀ ਨੂੰ ਬਚਾਉਣ ਲਈ ਕੋਸ਼ਿਸ ਕਰੇ।

# ਪ੍ਰਦੂਸ਼ਿਤ ਹਵਾ ਬਣ ਰਹੀ ਮੌਤ ਦਾ ਅਸਲ ਕਾਰਨ



**ਅਵਿਨਾਸ਼ ਚੰਚਲ**

ਗ੍ਰੀਨਪੀਸ ਅਤੇ ਏਅਰਵਿਜੁਅਲ ਨੇ ਮਿਲ ਕੇ ‘ਵਰਲਡ ਏਅਰ ਕਵਾਲਿਟੀ ਰਿਪੋਰਟ’ ਨਾਮ ਨਾਲ ਹਵਾ ਪ੍ਰਦੂਸ਼ਣ ਉੱਤੇ ਇੱਕ ਨਵੀਂ ਰਿਪੋਰਟ ਜਾਰੀ ਕੀਤੀ ਹੈ। ਇਸ ਰਿਪੋਰਟ ਵਿੱਚ ਪੀਐਮ 2.5 ਦੇ ਪ੍ਰਦੂਸ਼ਣ ਪੱਧਰ ਦੇ ਡਾਟਾ ਨੂੰ ਸਾਹਮਣੇ ਲਿਆਇਆ ਗਿਆ ਹੈ। ਇਸ ਰਿਪੋਰਟ ਵਿੱਚ ਸਾਹਮਣੇ ਆਇਆ ਹੈ ਕਿ ਦੁਨੀਆ ਦੇ 20 ਸਭ ਤੋਂ ਪ੍ਰਦੂਸ਼ਿਤ ਸ਼ਹਿਰਾਂ ਵਿੱਚ 15 ਸ਼ਹਿਰ ਭਾਰਤ ਵਿੱਚ ਹਨ। ਇਸ ਰਿਪੋਰਟ ਵਿੱਚ ਸ਼ਾਮਿਲ 3000 ਸ਼ਹਿਰਾਂ ਦੇ ਪੀਐਮ 2.5 ਡਾਟਾ ਨੂੰ ਵੇਖ ਕੇ ਪਤਾ ਲੱਗਦਾ ਹੈ ਕਿ ਪੂਰੀ ਦੁਨੀਆ ਦੇ ਲੋਕਾਂ ਦੀ ਸਿਹਤ ਤੇ ਹਵਾ ਪ੍ਰਦੂਸ਼ਣ ਕਾਰਨ ਖਤਰਾ ਮੰਡਰਾ ਰਿਹਾ ਹੈ। ਗੁਰੂ ਗ੍ਰਾਮ ਅਤੇ ਗਾਜੀਆਬਾਦ ਦੁਨੀਆ ਦੇ ਸਭ ਤੋਂ ਪ੍ਰਦੂਸ਼ਿਤ ਸ਼ਹਿਰ ਹਨ। ਉਥੇ ਹੀ, ਫਰੀਦਾਬਾਦ, ਭਿਵਾੜੀ ਅਤੇ ਨੋਏਡਾ ਦੁਨੀਆ ਦੇ ਛੇ ਸਭ ਤੋਂ ਪ੍ਰਦੂਸ਼ਿਤ ਸ਼ਹਿਰਾਂ ਵਿੱਚ ਹਨ, ਜਦੋਂ ਕਿ ਦਿੱਲੀ ਦੁਨੀਆ ਵਿੱਚ 11ਵਾਂ ਸਭ ਤੋਂ ਪ੍ਰਦੂਸ਼ਿਤ ਸ਼ਹਿਰ ਹੈ। ਪਰ ਜੇਕਰ ਦੁਨੀਆ ਭਰ ਦੇ ਦੇਸ਼ਾਂ ਦੀਆਂ ਰਾਜਧਾਨੀਆਂ ਦੀ ਗੱਲ ਕਰੀਏ ਤਾਂ ਉਨਾਂ ਵਿੱਚ ਸਭਤੋਂ ਜ਼ਿਆਦਾ ਪ੍ਰਦੂਸ਼ਿਤ ਦਿੱਲੀ ਹੈ। ਇਹ ਪਹਿਲੀ ਵਾਰ ਨਹੀਂ ਹੈ, ਜਦੋਂ ਦੁਨੀਆਭਰ ਵਿੱਚ ਸਭ ਤੋਂ ਜਿਆਦਾ ਹਵਾ ਪ੍ਰਦੂਸ਼ਣ ਵਾਲੇ ਸ਼ਹਿਰਾਂ ਦੀ ਸੂਚੀ ਵਿੱਚ ਭਾਰਤ ਦੇ ਕਈ ਸ਼ਹਿਰ ਸਿਖਰ ਵਿੱਚ ਸ਼ਾਮਿਲ ਹੋਏ ਹਨ। ਇਸ ਦੇ ਕਈ ਮਤਲਬ ਹਨ। ਇੱਕ ਪਾਸੇ ਤਾਂ ਭਾਰਤ ਨੂੰ ਨਿਯੰਤੰਰਨ ਪੱਧਰ ਤੇ ਅਕਸ਼ੇ ਊਰਜਾ ਵਰਗੇ ਕਦਮ ਲਈ ਸਰਾਹਿਆ ਜਾ ਰਿਹਾ ਹੈ, ਪ੍ਰਧਾਨ ਮੰਤਰੀ ਵਾਤਾਵਰਣ ਬਚਾਉਣ ਲਈ ਸਨਮਾਨਿਤ ਕੀਤੇ ਜਾ ਰਹੇ ਹਨ, ਤਾਂ ਦੂਜੇ ਪਾਸੇ ਦੇਸ਼ ਦੇ ਜਿਆਦਾਤਰ ਸ਼ਹਿਰ ਖ਼ਰਾਬ ਹਵਾ ਵਿੱਚ ਸਾਹ ਲੈਣ ਨੂੰ ਮਜਬੂਰ ਹਨ। ਨਿਰਸੰਦੇਹ ਇਸ ਨਾਲ ਨਾ ਤਾਂ ਦੇਸ਼ ਦੀ ਅੰਤਰਰਾਸ਼ਟਰੀ ਛਵੀ ਬਿਹਤਰ ਹੁੰਦੀ ਹੈ, ਅਤੇ ਨਾ ਦੇਸ਼ ਦੇ ਆਮ ਲੋਕਾਂ ਲਈ ਇਹ ਚੰਗੀ ਹਾਲਤ ਹੈ। ਦੇਸ਼ ਦੇ ਲੋਕਾਂ ਅਤੇ ਸਰਕਾਰ ਨੂੰ ਸਮਝਣਾ ਪਵੇਗਾ ਕਿ ਹਵਾ ਪ੍ਰਦੂਸ਼ਣ ਸਾਡੇ ਭਵਿੱਖ ਅਤੇ ਜੀਵਿਕਾ ਨੂੰ ਗੰਭੀਰ ਖਤਰੇ ਵਿੱਚ ਪਾ ਰਿਹਾ ਹੈ। ਇੱਕ ਅਨੁਮਾਨ ਦੇ ਮੁਤਾਬਕ ਮਨੁੱਖ ਮੌਤ ਦੇ ਨਾਲ-ਨਾਲ 225 ਖਰਬ ਡਾਲਰ ਦਾ ਘਾਟਾ ਮਜਦੂਰੀ ਦੇ ਖੇਤਰ ਵਿੱਚ ਹੋ ਰਿਹਾ ਹੈ ਅਤੇ ਉਸ ਤੋਂ ਵੀ ਜ਼ਿਆਦਾ ਸਿਹਤ ਤੇ ਖਰਚ ਕਰਨਾ ਪੈ ਰਿਹਾ ਹੈ। ਹਵਾ ਪ੍ਰਦੂਸ਼ਣ ਦਾ ਸਾਡੀ ਸਿਹਤ ਅਤੇ ਜੇਬ ਦੋਵਾਂ ਉੱਤੇ ਪ੍ਰਭਾਵ ਪੈ ਰਿਹਾ ਹੈ। ਇਸ ਰਿਪੋਰਟ ਨੇ ਇੱਕ ਵਾਰ ਫਿਰ ਸਾਬਤ ਕੀਤਾ ਹੈ ਕਿ ਹਵਾ ਪ੍ਰਦੂਸ਼ਣ ਨਾਲ ਨਿਪਟਣ ਦੀ ਸਾਡੀ ਕੋਸ਼ਿਸ਼ ਦਰੁਸਤ ਨਹੀਂ ਹੈ ਅਤੇ ਸਾਨੂੰ ਪਹਿਲਾਂ ਤੋਂ ਜ਼ਿਆਦਾ ਪ੍ਰਭਾਵੀ ਕਦਮ ਚੁੱਕਣ ਦੀ ਜ਼ਰੂਰਤ ਹੈ। ਜੇਕਰ ਅਸੀਂ ਭਾਰਤੀਆਂ ਨੂੰ ਸਾਫ਼ ਹਵਾ ਵਿੱਚ ਸਾਹ ਲੈਂਦੇ ਵੇਖਣਾ ਚਾਹੁੰਦੇ ਹਾਂ, ਤਾਂ ਸਾਨੂੰ ਐਨਸੀਏਪੀ, ਜੀਆਰਏਪੀ ਵਰਗੀ ਯੋਜਨਾਵਾਂ ਨੂੰ ਹੋਰ ਵੀ ਪ੍ਰਭਾਵੀ, ਵਿਆਪਕ ਅਤੇ ਕਾਨੂੰਨੀ ਸੀਮਾਵਾਂ ਦੇ ਅੰਦਰ ਜ਼ਮੀਨੀ ਪੱਧਰ ਉੱਤੇ ਲਾਗੂ ਕਰਨਾ ਪਵੇਗਾ। ਕੇਂਦਰ ਸਰਕਾਰ ਨੇ ਹਵਾ ਪ੍ਰਦੂਸ਼ਣ ਨਾਲ ਨਿਪਟਣ ਲਈ ਇੱਕ ਰਾਸ਼ਟਰੀ ਸਵੱਛ ਹਵਾ ਕਾਰਜ ਯੋਜਨਾ ਦੀ ਘੋਸ਼ਣਾ ਤਾਂ ਕਰ ਦਿੱਤੀ ਹੈ, ਪਰ ਉਸ ਵਿੱਚ ਵੀ ਕਈ ਕਮੀਆਂ ਹਨ। ਅੱਵਲ ਉਸ ਵਿੱਚ ਬਹੁਤ ਘੱਟ ਸ਼ਹਿਰਾਂ ਨੂੰ ਹੀ ਸ਼ਾਮਿਲ ਕੀਤਾ ਗਿਆ ਹੈ, ਜਦੋਂ ਕਿ ਹਾਲ ਵਿੱਚ ਆਈ ਗ੍ਰੀਨਪੀਸ ਇੰਡੀਆ ਦੀ ਰਿਪੋਰਟ ‘ਏਅਰੋਪੋਕਲਿਪਸ 3’ ਵਿੱਚ ਇਹ ਗੱਲ ਸਾਹਮਣੇ ਆ ਚੁੱਕੀ ਹੈ ਕਿ ਸਭ ਤੋਂ ਪ੍ਰਦੂਸ਼ਿਤ ਸ਼ਹਿਰਾਂ ਦੀ ਗਿਣਤੀ ਭਾਰਤ ਵਿੱਚ 241 ਹੋ ਚੁੱਕੀ ਹੈ ਜਦੋਂਕਿ ਸ਼ੁਰੂਆਤ ਵਿੱਚ ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਅਤੇ ਵਾਤਾਵਰਣ ਮੰਤਰਾਲਾ ਵੱਲੋਂ ਰਾਸ਼ਟਰੀ ਸਵੱਛ ਹਵਾ ਕਾਰਜ ਯੋਜਨਾ (ਐਨਸੀਏਪੀ) ਦੇ ਅਨੁਸਾਰ ਸਿਰਫ 102 ਸ਼ਹਿਰਾਂ ਨੂੰ ਹੀ ਨਿਸ਼ਾਨਦੇਹ ਕੀਤਾ ਗਿਆ ਸੀ। ਇੱਕ ਮੁਸ਼ਕਿਲ ਇਨਾਂ ਯੋਜਨਾਵਾਂ ਨੂੰ ਜ਼ਮੀਨੀ ਪੱਧਰ ਉੱਤੇ ਸਖਤੀ ਨਾਲ ਲਾਗੂ ਕਰਨ ਦੀ ਕਮੀ ਵਿੱਚ ਵੀ ਝਲਕਦੀ ਹੈ। ਕਾਫ਼ੀ ਸਾਲਾਂ ਤੋਂ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸ਼ੋਧ ਪੱਤਰ ਅਤੇ ਤੱਥ ਇਸ ਪਾਸੇ ਇਸ਼ਾਰਾ ਕਰ ਰਹੇ ਹਨ ਕਿ ਹਵਾ ਪ੍ਰਦੂਸ਼ਣ ਲੋਕਾਂ ਦੀ ਜਾਨ ਅਤੇ ਮਾਲ ਦਾ ਵੱਡੇ ਪੈਮਾਨੇ ਤੇ ਨੁਕਸਾਨ ਕਰ ਰਿਹਾ ਹੈ। ਪਰ ਫਿਰ ਵੀ ਅਸੀਂ ਅੱਜ ਤੱਕ ਇਸ ਸਮੱਸਿਆ ਨਾਲ ਨਿਪਟਣ ਲਈ ਕੋਈ ਮੁੰਕਮਲ ਕਦਮ ਨਹੀਂ ਚੁੱਕ ਸਕੇ ਹਾਂ। ਹੁਣ ਸਵਾਲ ਉੱਠਦਾ ਹੈ ਕਿ ਕੀ ਇਸ ਰਿਪੋਰਟ ਨੂੰ ਸਾਡੀ ਸਰਕਾਰ ਗੰਭੀਰਤਾ ਨਾਲ ਲਵੇਗੀ ਅਤੇ ਇੱਕ ਮਜਬੂਤ ਰਾਜਨੀਤਕ ਇੱਛਾ ਸ਼ਕਤੀ ਦਾ ਪ੍ਰਦਰਸ਼ਨ ਕਰਦੇ ਹੋਏ ਹਵਾ ਪ੍ਰਦੂਸ਼ਣ ਦੇ ਕਾਰਨਾਂ ਤੇ ਲਗਾਮ ਲਗਾਏਗੀ ? ਕੀ ਗੰਦੇ ਊਰਜਾ ਸਰੋਤਾਂ ਤੋਂ ਤੌਬਾ ਕਰਨ ਦੀ ਹਿੰਮਤ ਦਿਖਾਵੇਗੀ ? ਹਵਾ ਪ੍ਰਦੂਸ਼ਣ ਦੀ ਸਮੱਸਿਆ ਭਾਵੇਂ ਵਿਕਰਾਲ ਰੂਪ ਲੈ ਚੁੱਕੀ ਹੈ, ਪਰ ਰਾਹਤ ਦੀ ਗੱਲ ਇਹ ਹੈ ਕਿ ਇਸ ਨੂੰ ਘੱਟ ਕਰਨ ਜਾਂ ਇਸ ਨਾਲ ਨਿਪਟਣ ਦੇ ਉਪਾਅ ਵੀ ਸਾਡੇ ਸਾਹਮਣੇ ਹਨ । ਥਰਮਲ ਪਾਵਰ ਪਲਾਂਟ ਦੇ ਉਤਸਰਜਨ ਨੂੰ ਘੱਟ ਕਰਕੇ, ਉਦਯੋਗਕ ਇਕਾਈਆਂ ਦੇ ਉਤਸਰਜਨ ਮਾਨਕਾਂ ਨੂੰ ਮਜਬੂਤ ਬਣਾ ਕੇ ਅਤੇ ਘਰਾਂ ਵਿੱਚ ਘੱਟ ਜੀਵਾਸ਼ਮ ਇੰਧਨ ਜਲਾ ਕੇ, ਇੱਟ ਭੱਠਿਆਂ ਨੂੰ ਜਿਗ-ਜੈਗ ਤਕਨੀਕ ਵਿੱਚ ਸ਼ਿਫਟ ਕਰਕੇ ਅਤੇ ਵਾਹਨਾਂ ਲਈ ਸਖਤ ਉਤਸਰਜਨ ਮਾਣਕ ਲਾਗੂ ਕਰਕੇ ਪ੍ਰਦੂਸ਼ਣ ਨੂੰ ਘੱਟ ਕੀਤਾ ਜਾ ਸਕਦਾ ਹੈ। ਉਥੇ ਹੀ ਦੂਜੇ ਪਾਸੇ ਆਮ ਨਾਗਰਿਕ ਵੀ ਕੂੜਾ ਨਾ ਸਾੜ ਕੇ, ਜਨਤਕ ਵਾਹਨਾਂ ਦੀ ਜ਼ਿਆਦਾ ਵਰਤੋਂ ਕਰਕੇ ਹਵਾ ਪ੍ਰਦੂਸ਼ਣ ਨੂੰ ਘੱਟ ਕਰਨ ਵਿੱਚ ਆਪਣਾ ਵਿਅਕਤੀਗਤ ਯੋਗਦਾਨ ਦੇ ਸਕਦੇ ਹਾਂ ਕਿਉਂਕਿ ਅੱਜ ਦੇਸ਼ ਦੀ ਹਵਾ ਸਾਫ਼ ਕਰਕੇ ਲੱਖਾਂ ਲੋਕਾਂ ਦੀ ਜਾਨ ਬਚਾਈ ਜਾ ਸਕਦੀ ਹੈ, ਉਥੇ ਹੀ ਦੇਸ਼ ਦੇ ਲੋਕਾਂ ਦੀ ਸਿਹਤ ਤੇ ਖਰਚ ਹੋਣ ਵਾਲੇ ਅਰਬਾਂ ਰੁਪਏ ਨੂੰ ਵੀ ਬਰਬਾਦ ਹੋਣ ਤੋਂ ਬਚਾਇਆ ਜਾ ਸਕਦਾ ਹੈ। ਜੇਕਰ ਅਜਿਹਾ ਸੰਭਵ ਹੋਇਆ ਤਾਂ ਉਸਤੋਂ ਵੱਡੀ ਦੇਸ਼ ਭਗਤੀ ਹੋਰ ਕੁੱਝ ਨਹੀਂ ਹੋਵੇਗੀ। ਕਹਿਣਾ ਨਹੀਂ ਪਵੇਗਾ ਕਿ ਇਸ ਨਾਲ ਅੰਤਰਰਾਸ਼ਟਰੀ ਪੱਧਰ ਉੱਤੇ ਵੀ ਸਾਡੀ ਪਹਿਚਾਣ ਇੱਕ ਮਜਬੂਤ ਅਤੇ ਸਾਫ ਹਵਾ ਵਾਲੇ ਦੇਸ਼ ਦੀ ਬਣੇਗੀ।

# ਬਹੁਤੇ ਸੱਚ ਨੂੰ ਮਾਨਵ ਸਹਾਰ ਨਹੀਂ ਸਕੇਗਾ

**ਸਰਬਜੀਤ ਕੌਰ ਸਰਬ**

ਸਮੇਂ ਨਾਲ ਮਨੁੱਖ ਦਾ ਜੀਵਨ ਧਰਤੀ ਉੱਤੇ ਲਗਾਤਾਰ ਘੱਟਦਾ ਜਾ ਰਿਹਾ ਹੈ, ਜਿਸ ਦਾ ਅਸਲ ਕਾਰਨ ਮਨੁੱਖ ਦੀਆਂ ਵਾਧੂ ਲੋੜਾਂ ਹਨ। ਜਿਨਾਂ ਦੀ ਪੂਰਤੀ ਲਈ ਇਨਸਾਨ ਦਿਨ ਰਾਤ ਕੁਦਰਤ ਦੀਆਂ ਬਣਾਈਆਂ ਵਸਤਾਂ ਨੂੰ ਖਤਮ ਕਰ ਰਿਹਾ ਹੈ। ਅਜਿਹੀ ਸਥਿਤੀ ਵਿਚ ਅਦ੍ਰਿਸ਼ਟ ਬਿਮਾਰੀਆਂ ਨੇ ਹੀ ਮਨੁੱਖ ਨੂੰ ਘੇਰ ਲਿਆ ਹੈ, ਇਨਾਂ ਬਿਮਾਰੀਆਂ 'ਚੋਂ ਹੀ ਕੋਰੋਨਾ ਇਕ ਹੈ। ਇਸ ਦਾ ਕੋਰੋਨਾ ਮਹਾਂਮਾਰੀ ਦਾ ਆਗਾਜ਼ 2020 ਦੇ ਸ਼ੁਰੂਆਤੀ ਦੌਰ ਵਿੱਚ ਹੀ ਹੋ ਗਿਆ ਸੀ । ਸੰਸਾਰ ਭਰ ਵਿੱਚ ਇਸ ਮਹਾਂਮਾਰੀ ਨੇ ਮਨੁੱਖੀ ਜੀਵਨ ਵਿੱਚ ਅਜਿਹੀ ਤਬਾਹੀ ਮਚਾਈ ਕਿ ਆਉਣ ਵਾਲੇ ਕੁਝ ਸਾਲਾਂ ਤੱਕ ਮਨੁੱਖ ਇਸ ਦੇ ਡਰ ਨਾਲ ਮਾਨਸਿਕ ਤੌਰ 'ਤੇ ਕਮਜ਼ੋਰ ਮਹਿਸੂਸ ਕਰੇਗਾ । ਜੇਕਰ ਅਸੀਂ ਡੂੰਘਾਈ ਵਿਚ ਜਾ ਕੇ ਸੋਚੀਏ ਕਿ ਇਸ ਮਹਾਂਮਾਰੀ ਦੀ ਅਸਲ ਸ਼ੁਰੂਆਤ ਕਿਵੇਂ ਹੋਈ ਤਾਂ ਅਸੀਂ ਇਸ ਚੀਜ਼ ਤੋਂ ਕਦੇ ਮੁਨਕਰ ਨਹੀਂ ਹੋਵਾਂਗੇ ਕਿ ਇਸ ਦੀ ਸ਼ੁਰੂਆਤ ਵੀ ਇਨਸਾਨ ਦੀਆਂ ਆਪਣੀਆਂ ਗ਼ਲਤੀਆਂ ਦੇ ਕਾਰਨ ਨਹੀਂ ਹੋਈ ਹੈ । ਜਦੋਂ ਵੀ ਧਰਤੀ ਉੱਤੇ ਮਹਾਂਮਾਰੀ ਫੈਲਦੀ ਹੈ ਉਸ ਦਾ ਜ਼ਿੰਮੇਵਾਰ ਖੁਦ ਇਨਸਾਨ ਹੀ ਹੁੰਦਾ ਹੈ ਨਾ ਕਿ ਕੁਦਰਤ। ਇਨਸਾਨ ਦੀਆਂ ਵਧਦੀਆਂ ਲੋੜਾਂ ਨੇ ਕੁਦਰਤੀ ਸਰੋਤਾਂ ਨੂੰ ਖਤਮ ਕਰ ਦਿੱਤਾ ਹੈ । ਕੁਦਰਤੀ ਚੀਜ਼ਾਂ ਦੀ ਘਾਟ ਪ੍ਰਦੂਸ਼ਣ ਵਾਤਾਵਰਣ ਨੂੰ ਜਨਮ ਦਿੰਦੀ ਹੈ ਜੋ ਮਨੁੱਖਾਂ ਜਾਂ ਹੋਰ ਜੀਵਿਤ ਜੀਵਾਂ ਨੂੰ ਨੁਕਸਾਨ ਜਾਂ ਬੇਅਰਾਮੀ ਦਾ ਕਾਰਨ ਬਣਾਉਂਦੀ ਹੈ, ਜਾਂ ਜੋ ਵਾਤਾਵਰਣ ਨੂੰ ਨੁਕਸਾਨ ਪਹੁੰਚਾਉਂਦੀ ਹੈ। ਵਾਤਾਵਰਣ ਉਦੋਂ ਹੀ ਪ੍ਰਦੂਸ਼ਿਤ ਹੁੰਦਾ ਹੈ ਜਦੋਂ ਵਾਤਾਵਰਣ ਨੂੰ ਮਨੁੱਖੀ ਗਤੀਵਿਧੀਆਂ ਦੇ ਜ਼ਹਿਰੀਲੇ ਉਤਪਾਦਾਂ (ਜ਼ਹਿਰੀਲੀ ਗੈਸ ਨਿਕਾਸ) ਨੂੰ ਸਹੀ ਤਰੀਕੇ ਨਾਲ ਇਸ ਦੇ ਸਿਸਟਮ ਨੂੰ ਕਿਸੇ ਕਾਰਜਸ਼ੀਲ ਨੁਕਸਾਨ ਤੋਂ ਬਗੈਰ ਪ੍ਰਕਿਰਿਆ ਅਤੇ ਬੇਅਰਾਮੀ ਨਹੀਂ ਕਰ ਸਕਦਾ।

ਇਨਸਾਨ ਦੀ ਜੋ ਵੀ ਸਥਿਤੀ ਅੱਜ ਦੇ ਦੌਰ ਵਿੱਚ ਸਾਡੇ ਸਾਹਮਣੇ ਆ ਰਹੀ ਹੈ, ਉਸ ਦੇ ਜ਼ਿੰਮੇਵਾਰ ਵੀ ਅਸੀਂ ਹੀ ਹਾਂ। ਭਾਰਤ ਵਿੱਚ ਆਕਸੀਜਨ ਦੀ ਕਮੀ ਭਾਰਤੀ ਵਾਤਾਵਰਨ ਉੱਤੇ ਵੀ ਚਾਨਣਾ ਪਾਉਂਦੀ ਹੈ ਕੀ ਇੱਥੋਂ ਦਾ ਵਾਤਾਵਰਣ ਕਿੰਨਾ ਕੁ ਸਾਫ ਸੁਥਰਾ ਹੈ, ਜੇਕਰ ਗੱਲ ਭਾਰਤ ਦੀ ਰਾਜਧਾਨੀ ਦਿੱਲੀ ਦੀ ਕਰੀਏ ਤਾਂ ਦਿੱਲੀ ਦੀ ਜੋ ਤਸਵੀਰ ਸਾਡੇ ਸਾਹਮਣੇ ਆਉਂਦੀ ਹੈ ਉਸ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ



ਇੱਥੋਂ ਦੇ ਲੋਕਾਂ ਨੂੰ ਕਿੰਨੀਆਂ ਹੀ ਅਜਿਹੀਆਂ ਬੀਮਾਰੀਆਂ ਲੱਗੀਆਂ ਹੋਈਆਂ ਹਨ ਜਿਨਾਂ ਦੀ ਪਛਾਣ ਹੀ ਨਹੀਂ ਕੀਤੀ ਜਾ ਸਕਦੀ ਅਤੇ ਇਨਾਂ ਬਿਮਾਰੀਆਂ ਨੂੰ ਅੱਜ ਦੀ ਤਾਰੀਕ ਵਿੱਚ ਕੋਰੋਨਾ ਦੀ ਬਿਮਾਰੀ ਨਾਲ ਜੋੜ ਦਿੱਤਾ ਗਿਆ ਹੈ ਕਿਉਂਕਿ ਉਹ ਵੀ ਇਕ ਅਣਦਿਖ ਹਨ । ਇਸ ਸਭ ਦੇ ਕਾਰਨ ਹੀ ਰੁੱਖਾਂ ਦੀ ਆਮਦ ਦਿੱਲੀ ਵਿਚ ਬਹੁਤ ਹੀ ਘੱਟ ਹੈ ਕਿਉਂਕਿ ਅੱਤ ਦੀ ਗਰਮੀ ਅਤੇ ਤੇ ਦੂਸ਼ਿਤ ਪਾਣੀ ਹਵਾ ਨਾਲ ਪੌਦੇ ਵੀ ਸਾਹ ਨਹੀਂ ਲੈ ਸਕਦੇ। ਜੇਕਰ ਗੱਲ ਪੀ ਐਮ ਭਾਵ ਹਵਾ ਦੀ ਕੀਤੀ ਜਾਵੇ ਤਾਂ ਪੀਐਮ 2.5 ਦਾ ਪੱਧਰ ਸਿਹਤ ਲਈ ਕਾਫ਼ੀ ਖ਼ਤਰਨਾਕ ਹੈ ਪਰ ਸਿਰਫ਼ ਇਹੀ ਇੱਕੋ ਪ੍ਰਦੂਸ਼ਕ ਨਹੀਂ ਹੈ, ਜੋ ਸਿਹਤ ਨੂੰ ਨੁਕਸਾਨ ਪਹੁੰਚਾਉਂਦਾ ਹੈ। ਸਗੋਂ ਪੀਐਮ 10 ਥੋੜਾ ਮੋਟਾ ਕਣ ਹੈ ਪਰ ਇਹ ਨੱਕ ਤੇ ਗਲੇ ਰਾਹੀਂ ਫੇਫੜਿਆਂ ਵਿੱਚ ਚਲਾ ਜਾਂਦਾ ਹੈ ਤਾਂ ਇਸ ਨਾਲ ਅਸਥਮਾ ਹੋਣ ਦੀ ਸੰਭਾਵਨਾ ਵੱਧ ਜਾਂਦੀ ਹੈ

ਸਰੀ ਯੂਨੀਵਰਸਿਟੀ ਦੇ ਗਲੋਬਲ ਸੈਂਟਰ ਫ਼ਾਰ ਕਲੀਨ ਏਅਰ ਰਿਸਰਚ ਦੇ ਪ੍ਰਸ਼ਾਂਤ ਕੁਮਾਰ ਨੇ ਚਾਰ ਥਾਵਾਂ ਦਾ ਅਧਿਐਨ ਕੀਤਾ। ਇਸ ਅਧਿਐਨ ਦੇ ਅੰਕੜੇ ਦੱਸਦੇ ਹਨ ਕਿ ਦਿੱਲੀ ਵਿਚ ਪੀਐੱਮ 10 ਦਾ ਪੱਧਰ ਸਥਿਰ ਹੋਇਆ ਹੈ ਜਾਂ ਘਟਿਆ ਹੈ।ਪਰ ਪ੍ਰਸ਼ਾਂਤ ਮੁਤਾਬਕ ਪੀਐਮ 2.5 ਦੀ ਤਰਾਂ ਪੀਐਮ 10 ਦਾ ਮੌਜੂਦਾ ਪੱਧਰ ਅਜੇ ਵੀ ਕੌਮੀ ਪੱਧਰ ਅਤੇ ਡਬਲਯੂਐਚਓ ਦੇ ਦਿਸ਼ਾ-ਨਿਰਦੇਸ਼ਾਂ ਦੋਵਾਂ ਤੋਂ ਕਾਫ਼ੀ ਵੱਧ ਹੈ। ਉਨਾਂ ਕਿਹਾ ਕਿ ਸਾਫ਼ ਤੇ ਘੱਟ ਪ੍ਰਦੂਸ਼ਣ ਵਾਲੇ ਤੇਲ ਜਾਂ ਡੀਜ਼ਲ ਵੱਲ ਵਧਣਾ ਸਿਰਫ਼ ਅਧੂਰਾ ਹੱਲ ਹੈ ਕਿਉਂਕਿ ਪੀਐਮ 10 ਕਣ ਬਰੇਕ ਅਤੇ ਟਾਇਰ ਵੀਅਰ ਐਂਡ ਟੀਅਰ ਤੋਂ ਵੀ ਪੈਦਾ ਹੁੰਦੇ ਹਨ।ਪ੍ਰਸ਼ਾਂਤ ਕੁਮਾਰ ਦਾ ਕਹਿਣਾ ਹੈ 'ਇਸ ਦੇ ਨਾਲ ਹੀ, ਅਲਟਰਾਫਾਈਨ ਕਣਾਂ ਵੱਲ ਘੱਟ ਹੀ ਧਿਆਨ ਦਿੱਤਾ ਜਾਂਦਾ ਹੈ ਜੋ ਕਿ ਚੌੜਾਈ ਵਿੱਚ 100 ਨੈਨੋਮੀਟਰ ਤੋਂ ਵੀ ਘੱਟ ਹਨ। ਇਸ ਤੋਂ ਇਲਾਵਾ ਹੋਰ ਵੀ ਸੰਭਾਵਿਤ ਤੌਰ 'ਤੇ ਨੁਕਸਾਨਦੇਹ ਪਦਾਰਥ ਹਨ ਜੋ ਵਾਹਨ ਅਤੇ ਉਦਯੋਗਿਕ ਨਿਕਾਸ ਤੋਂ ਨਿਕਲਦੇ ਹਨ ਜਿਵੇਂ ਕਿ ਨਾਈਟਰੋਜਨ ਡਾਈਆਕਸਾਈਡ (©®2) ਅਤੇ ਓਜ਼ੋਨ ਵਰਗੀਆਂ ਗੈਸਾਂ।

ਵਿਗਿਆਨ ਅਤੇ ਵਾਤਾਵਰਣ ਕੇਂਦਰ ਦੀ ਅਨੁਮੀਤਾ ਰਾਏ ਚੌਧਰੀ ਦਾ ਕਹਿਣਾ ਹੈ, 'ਅਸੀਂ ਦਿੱਲੀ ਵਿੱਚ ਓਜ਼ੋਨ ਅਤੇ ਨਾਈਟਰੋਜਨ ਦੋਵੇਂ ਗੈਸਾਂ ਦੇ ਵਧਦੇ ਪੱਧਰ ਨੂੰ ਵੇਖਿਆ ਹੈ। ਓਜ਼ੋਨ ਗਰਮੀਆਂ ਵਿੱਚ ਇੱਕ ਉਭਰ ਰਹੀ ਸਮੱਸਿਆ ਹੈ।' ਵਿਸ਼ਵ ਭਰ ਦੇ ਵਿਗਿਆਨੀਆਂ ਵੱਲੋਂ ਵਾਤਾਵਰਣ ਪ੍ਰਦੂਸ਼ਣ ਨਾਲ 2001 ਤੋਂ 2020 ਤੱਕ 180 ਲੱਖ ਲੋਕਾਂ ਦੇ ਮਰਨ ਦੀ ਆਸ਼ੰਕਾ ਪ੍ਰਗਟਾਈ ਗਈ ਸੀ ।

ਵਾਤਾਵਰਣ ਵਿੱਚ ਆ ਰਹੇ ਬਦਲਾਅ ਦੇ ਪ੍ਰਭਾਵ ਪਹਿਲਾਂ ਹੀ ਸਾਡੇ ਸਾਹਮਣੇ ਹਨ ਜਿਸ ਨਾਲ ਕਿਧਰੇ ਹੜ ਅਤੇ ਕਿਧਰੇ ਸੋਕਾ ਪੈ ਰਿਹਾ ਹੈ। ਮਾਹਿਰਾਂ ਦਾ ਅਨੁਮਾਨ ਹੈ ਕਿ ਮੌਸਮੀ ਤਬਦੀਲੀਆਂ ਕਾਰਨ 2050 ਤੱਕ ਗਰਮੀਆਂ ਦਾ ਤਾਪਮਾਨ 3.2 ਡਿਗਰੀ ਸੈਂਟੀਗ੍ਰੇਡ ਅਤੇ 2080 ਤੱਕ 4.5 ਡਿਗਰੀ ਸੈਂਟੀਗ੍ਰੇਡ ਵੱਧ ਜਾਵੇਗਾ। ਸਾਇੰਸਦਾਨ ਮੰਨਦੇ ਹਨ ਕਿ ਵਾਤਾਵਰਣ ਦੇ ਗਰਮ ਹੋਣ ਕਾਰਨ ਓਜ਼ੋਨ ਪਰਤ ਕਮਜ਼ੋਰ ਹੋ ਜਾਵੇਗੀ ਕਿਉਂਕਿ ਜਿਉਂ ਹੀ ਜ਼ਮੀਨ ਦਾ ਤਾਪਮਾਨ ਵਧਦਾ ਹੈ ਤਾਂ ਸਟਰੈਟੋਫੇਅਰ (ਓਜ਼ੋਨ ਪਰਤ ਇਸ ਤੋਂ ਉਪਰਲੇ ਹਿੱਸੇ ਵਿੱਚ ਹੁੰਦੀ ਹੈ) ਠੰਢਾ ਹੋ ਜਾਂਦਾ ਹੈ, ਜਿਸ ਨਾਲ ਕੁਦਰਤੀ ਰੂਪ ਵਿੱਚ ਓਜ਼ੋਨ ਦੀ ਮੁਰੰਮਤ ਕਰਨ ਦੀ ਰਫ਼ਤਾਰ ਘਟ ਜਾਂਦੀ ਹੈ।

ਭਾਰਤ ਦੀ ਜ਼ਮੀਨ ਹੇਠਲੇ ਪਾਣੀ ਦਾ ਪੱਧਰ ਇਸ ਹੱਦ ਤੱਕ ਨੀਵਾਂ ਜਾ ਚੁੱਕਾ ਹੈ ਕਿ ਕੇਂਦਰੀ ਜ਼ਿਲਿਆਂ ਵਿੱਚ ਹਾਲਾਤ ਬਦ ਤੋਂ ਬਦਤਰ ਹੋ ਗਏ ਹਨ। ਦਰਿਆਵਾਂ ਦਾ ਪਾਣੀ ਪ੍ਰਦੂਸ਼ਿਤ ਹੋਣ ਕਾਰਨ ਜ਼ਮੀਨ ਹੇਠਲਾ ਪਾਣੀ ਪੀਣਯੋਗ ਨਹੀਂ ਰਿਹਾ। ਮਿੱਟੀ ਵਿੱਚ ਮਿੱਤਰ ਸੂਖਮ ਜੀਵ ਖ਼ਤਮ ਹੋਣ ਕਾਰਨ ਮਿੱਟੀ ਮੁਰਦਾ ਹਾਲਤ ਵਿੱਚ ਹੋ ਰਹੀ ਹੈ। ਇਸ ਸਮੇਂ ਪੰਜਾਬ ਦੀ ਮਿੱਟੀ ਵਿੱਚ ਔਸਤਨ 0.02 ਫ਼ੀਸਦੀ ਤੋਂ 0.25 ਫ਼ੀਸਦੀ ਜੈਵਿਕ ਮਾਦਾ ਰਹਿ ਗਿਆ ਹੈ ਜਦੋਂਕਿ ਜੈਵਿਕ ਖਾਦ ਦੇ ਸਹੀ ਢੰਗ ਨਾਲ ਕੰਮ ਕਰਨ ਲਈ ਮਿੱਟੀ ਵਿੱਚ ਜੈਵਿਕ ਮਾਦਾ ਦੀ ਮਾਤਰਾ ਘੱਟੋ-ਘੱਟ 0.45 ਫ਼ੀਸਦੀ ਹੋਣੀ ਜ਼ਰੂਰੀ ਹੈ। ਪੰਜਾਬ ਵਿੱਚ ਝੋਨੇ ਦੀ ਕਾਸ਼ਤ ਤਕਰੀਬਨ 29 ਲੱਖ ਹੈਕਟੇਅਰ ਰਕਬੇ ਵਿੱਚ ਕੀਤੀ ਜਾਂਦੀ ਹੈ ਜਿਸ ਤੋਂ ਤਕਰੀਬਨ 24 ਮਿਲੀਅਨ ਟਨ ਪਰਾਲੀ ਪੈਦਾ ਹੁੰਦੀ ਹੈ। ਝੋਨੇ ਦੀ ਕਟਾਈ ਤੋਂ ਬਾਅਦ ਕਣਕ ਦੀ ਬਿਜਾਈ ਵਿੱਚ ਘੱਟ ਸਮਾਂ ਹੋਣ ਕਾਰਨ ਇੰਨੀ ਵੱਡੀ ਮਾਤਰਾ ਵਿੱਚ ਪੈਦਾ ਹੋਈ ਪਰਾਲੀ ਨੂੰ ਕਿਸਾਨਾਂ ਦੁਆਰਾ ਅੱਗ ਲਗਾਉਣ ਨਾਲ ਤਕਰੀਬਨ 0.94 ਲੱਖ ਟਨ ਨਾਈਟਰੋਜਨ, 0.48 ਲੱਖ ਟਨ ਫਾਸਫੋਰਸ ਅਤੇ 2.6 ਲੱਖ ਟਨ ਪੁਟਾਸ਼ ਤੋਂ ਇਲਾਵਾ ਵੱਡੀ ਮਾਤਰਾ ਵਿੱਚ ਲਘੂ ਤੱਤਾਂ ਨੂੰ ਨਸ਼ਟ ਕਰ ਦਿੱਤਾ ਜਾਂਦਾ ਹੈ। ਪਰਾਲੀ ਨੂੰ ਅੱਗ ਲਗਾ ਕੇ ਸਾੜਨ ਨਾਲ ਤਕਰੀਬਨ 244 ਲੱਖ ਟਨ ਜ਼ਹਿਰੀਲੀਆਂ ਗੈਸਾਂ ਜਿਵੇਂ ਕਾਰਬਨ ਡਾਈਆਕਸਾਈਡ, ਕਾਰਬਨ ਮੋਨੋਆਕਸਾਈਡ, ਮੀਥੇਨ, ਨਾਈਟ੍ਰਸ ਆਕਸਾਈਡ ਆਦਿ ਪੈਦਾ ਹੁੰਦੀਆਂ ਹਨ ਜਿਸ ਕਾਰਨ ਮਨੁੱਖਾਂ ਵਿੱਚ ਖੰਘ, ਜ਼ੁਕਾਮ, ਤਪਦਿਕ, ਦਮਾ, ਐਲਰਜੀ, ਅੱਖਾਂ 'ਚ ਜਲਣ ਅਤੇ ਚਮੜੀ 'ਤੇ ਖਾਰਸ਼ ਆਦਿ ਬਿਮਾਰੀਆਂ ਲੱਗ ਜਾਂਦੀਆਂ ਹਨ। ਡਾਕਟਰਾਂ ਅਨੁਸਾਰ ਪਿਛਲੇ ਦਸਾਂ ਸਾਲਾਂ ਦੌਰਾਨ ਪੰਜਾਬ ਵਿੱਚ ਨਾੜ ਅਤੇ ਝੋਨੇ ਦੀ ਪਰਾਲੀ ਸਾੜਨ ਨਾਲ ਅੱਖਾਂ ਦੀ ਜਲਣ ਅਤੇ ਸਾਹ ਦੇ ਮਰੀਜ਼ਾਂ ਦੀ ਗਿਣਤੀ ਵਿੱਚ ਭਾਰੀ ਵਾਧਾ ਦਰਜ ਕੀਤਾ ਗਿਆ ਹੈ। ਇਨਾਂ ਬਿਮਾਰੀਆਂ ਨਾਲ ਮਨੁੱਖ ਦੀ ਉਮਰ ਘੱਟ ਰਹੀ ਹੈ। ਝੋਨੇ ਦੀ ਕਾਸ਼ਤ ਲਈ ਸਿੱਧੀ ਬਿਜਾਈ, ਸਿਸਟਮ ਆਫ ਰਾਈਸ ਇੰਟੈਨਸੀਫੀਕੇਸ਼ਨ ਅਪਨਾਉਣੀ ਚਾਹੀਦੀ ਹੈ ਤਾਂ ਜੋ ਸਿੰਚਾਈ ਲਈ ਘੱਟ ਪਾਣੀ ਦੀ ਵਰਤੋਂ ਕਰਕੇ ਵਧੇਰੇ ਪੈਦਾਵਾਰ ਲਈ ਜਾ ਸਕੇ ਅਤੇ ਝੋਨੇ ਦੇ ਖੇਤਾਂ ਵਿੱਚ ਲਗਾਤਾਰ ਖੜੇ ਪਾਣੀ ਕਾਰਨ ਮੀਥੇਨ ਗੈਸਾਂ ਦੇ ਵਿਸਰਜਣ ਨੂੰ ਵੀ ਘਟਾਇਆ ਜਾ ਸਕੇ। ਝੋਨੇ ਅਤੇ ਕਣਕ ਦੀ ਕਟਾਈ ਤੋਂ ਬਾਅਦ ਬਚੀ ਰਹਿੰਦ-ਖੂੰਹਦ ਨੂੰ ਅੱਗ ਲਗਾ ਕੇ ਸਾੜਨ ਦੀ ਬਜਾਏ ਜ਼ਮੀਨ ਵਿੱਚ ਵਾਹ ਕੇ ਜਿੱਥੇ ਜ਼ਮੀਨ ਦੀ ਉਪਜਾਊ ਸ਼ਕਤੀ ਨੂੰ ਵਧਾਇਆ ਜਾ ਸਕੇਗਾ ਉਥੇ ਰਹਿੰਦ-ਖੂੰਹਦ ਦੇ ਸੜਨ ਸਮੇਂ ਪੈਦਾ ਹੁੰਦੀ ਖ਼ਤਰਨਾਕ ਗੈਸਾਂ ਤੋਂ ਵੀ ਬਚਿਆ ਜਾ ਸਕਦਾ ਹੈ।

ਉਪਰੋਕਤ ਸੱਭ ਦਾ ਜ਼ਿੰਮੇਵਾਰ ਕੁਦਰਤ ਨਹੀਂ ਇਨਸਾਨ ਹੈ ਜੋ ਸੱਭ ਦੇਖ ਕੇ ਵੀ ਅਣਦੇਖਾ ਕਰ ਰਿਹਾ ਹੈ, ਗੱਲ ਕੌੜੀ ਲੱਗੂ ਪਰ ਸੱਚ ਹੈ, ਮਨੁੱਖ ਆਪਣੀ ਮੌਤ ਦਾ ਜ਼ਿੰਮੇਵਾਰ ਖੁਦ ਹੈ। ਸਰੀਰਕ ਮਿਹਨਤ ਨਹੀਂ ਕਰਨਾ ਚਾਹੁੰਦਾ, ਸਗੋਂ ਏਸੀ ਰੂਮ ਵਿਚ ਬੈਠ ਕੇ ਬਿਮਾਰੀਆਂ ਨੂੰ ਸੱਦਾ ਦੇ ਰਿਹਾ ਹੈ।

# ਮੌਜੂਦਾ ਸਮੇਂ ਦੀ ਅਹਿਮ ਲੋੜ, ਵਾਤਾਵਰਣ ਦੀ ਸਾਂਭ-ਸੰਭਾਲ

**ਮਨਪ੍ਰੀਤ ਸਿੰਘ ਪੰਨੂੰ**
**ਸ੍ਰੀ ਅਨੰਦਪੁਰ ਸਾਹਿਬ**
**( Email: arshinvs@yahoo.com)**

ਸੰਸਾਰ ਦੇ ਵਿਭਿੰਨ ਧਰਮ ਗ੍ਰੰਥਾਂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਵਿਲੱਖਣ ਅਤੇ ਅਹਿਮ ਸਥਾਨ ਹੈ। ਇਸ ਵਿਲੱਖਣਤਾ ਦਾ ਮੁੱਖ ਕਾਰਨ ਇਸ ਵਿੱਚ ਵਿਦਮਾਨ ਸਰਬ-ਸਾਂਝੇ ਅਰਥਾਤ 'ਸਰਬੱਤ ਦੇ ਭਲੇ' ਦੇ ਸੰਦੇਸ਼ ਦਾ ਹੋਣਾ ਹੈ ਜੋ ਮਨੁੱਖ ਨੂੰ ਸਰਬ-ਪੱਖੀ ਅਗਵਾਈ ਦੇ ਕੇ ਉਸ ਨੂੰ 'ਲੋਕ ਸੁਖੀਆ ਪ੍ਰਲੋਕ ਸੁਹੇਲੇ' ਮੁਤਾਬਕ ਲੌਕਿਕ ਤੇ ਪਰਲੌਕਿਕ - ਦੋਹੀਂ ਥਾਈਂ ਸਦੀਵੀ ਸੁਖ-ਸ਼ਾਂਤੀ ਪ੍ਰਦਾਨ ਕਰਨ ਵਿੱਚ ਸਹਾਈ ਹੁੰਦਾ ਹੈ ਅਤੇ ਗੁਰਬਾਣੀ ਦੀ ਅਗਵਾਈ ਵਿੱਚ ਜੀਵਨ ਬਤੀਤ ਕਰ ਰਿਹਾ ਵਿਅਕਤੀ ਆਪਣਾ ਹੀ ਨਹੀਂ, ਬਲਕਿ ਆਪਣੇ ਸੰਪਰਕ ਵਿੱਚ ਆਉਣ ਵਾਲੇ ਜੀਵਾਂ ਦਾ ਵੀ ਕਲਿਆਣ ਕਰਦਾ ਚਲਾ ਜਾਂਦਾ ਹੈ ।

ਸਮੁੱਚੀ ਗੁਰਬਾਣੀ ਦਾ ਪ੍ਰਮੁੱਖ ਆਸ਼ਾ ਤੇ ਉਦੇਸ਼ ਇਨਸਾਨ ਨੂੰ ਮੰਦੇ ਕਰਮਾਂ ਤੋਂ ਮੋੜ ਕੇ ਸ਼ੁਭ ਕਰਮਾਂ ਦੀ ਜੀਵਨ-ਜਾਚ ਦੇ ਧਾਰਨੀ ਬਣਾਉਣਾ ਹੈ । ਗੁਰਮਤਿ ਦਾ ਗਾਡੀ-ਰਾਹ ਕੱਚ ਤੋਂ ਸੱਚ, ਅਨੈਤਿਕਤਾ ਤੋਂ ਨੈਤਿਕਤਾ ਅਤੇ ਮਨਮੁਖਤਾ ਤੋਂ ਗੁਰਮੁਖਤਾ ਵੱਲ ਦਾ ਸਫ਼ਰ ਹੈ ਜੋ ਇਨਸਾਨ ਨੂੰ ਦੈਵੀ ਮੰਜ਼ਿਲਾਂ ਤੀਕ ਪਹੁੰਚਾਉਣ ਦਾ ਮਾਰਗ ਦਰਸ਼ਨ ਪੇਸ਼ ਕਰਦਾ ਹੈ । ਅੰਗ੍ਰੇਜ਼ੀ ਦੇ ਉਘੇ ਨਾਟਕਕਾਰ ਸ਼ੇਕਸ਼ਪੀਅਰ ਅਨੁਸਾਰ ਇਹ ਸੰਸਾਰ ਇੱਕ ਰੰਗ ਮੰਚ ਹੈ ਅਤੇ ਹਰੇਕ ਇਨਸਾਨ ਆਪਣੇ ਜਿੰਮੇ ਲੱਗੀ ਭੂਮਿਕਾ ਨੂੰ ਅਦਾ ਕਰਕੇ ਪਰਦੇ ਦੇ ਉਹਲੇ ਚਲਾ ਜਾਂਦਾ ਹੈ । ਪ੍ਰੰਤੂ ਇਸ ਸੰਸਾਰ ਰੂਪੀ ਮੰਚ ਉੱਪਰ ਵਿਚਰਦੇ ਹੋਏ ਮਨੁੱਖ ਨੂੰ ਜਿਥੇ ਮਾਨਵੀ ਕਦਰਾਂ-ਕੀਮਤਾਂ ਉੱਪਰ ਪਹਿਰਾ ਦੇਣਾ ਚਾਹੀਦਾ ਹੈ, ਉਥੇ ਪ੍ਰਮਾਤਮਾ ਵੱਲੋਂ ਸਾਜੀ ਗਈ ਕਾਇਨਾਤ ਦੀ ਸਾਂਭ-ਸੰਭਾਲ ਪ੍ਰਤੀ ਵੀ ਉਸਦਾ ਇੱਕ ਅਹਿਮ ਫ਼ਰਜ਼ ਬਣਦਾ ਹੈ ।

ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ (1469-1539 ਈਸਵੀ), ਜਿਨਾਂ ਦਾ ਵਧੇਰੇ ਜੀਵਨ ਦਰਿਆਵਾਂ ਦੇ ਅੰਗ-ਸੰਗ ਗੁਜ਼ਰਿਆ, ਆਪਣੀ ਪਵਿੱਤਰ ਬਾਣੀ (ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਹੈ) ਵਿੱਚ ਹਵਾ, ਪਾਣੀ ਅਤੇ ਧਰਤੀ ਨੂੰ ਕ੍ਰਮ-ਵਾਰ 'ਗੁਰੂ', 'ਪਿਤਾ' ਅਤੇ 'ਮਾਤਾ' ਦਾ ਦਰਜਾ ਦੇ ਕੇ ਇਨਾਂ ਕੁਦਰਤੀ ਬਖ਼ਸ਼ਿਸ਼ਾਂ ਦੀ ਅਹਿਮੀਅਤ ਨੂੰ ਇਸ ਪ੍ਰਕਾਰ ਦਰਸਾਉਂਦੇ ਹਨ:

**ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥**
**ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ ॥**

ਗੁਰਬਾਣੀ ਅਨੁਸਾਰ ਕੁਦਰਤ ਦਾ ਅੰਤ ਨਹੀਂ ਪਾਇਆ ਜਾ ਸਕਦਾ:

**ਕੁਦਰਤਿ ਕੀਮ ਨਾ ਜਾਣੀਐ ਵਡਾ ਵੇਪਰਵਾਹੁ ॥**
(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ ੭੨੪ )
**ਕੁਦਰਤਿ ਕਵਣ ਕਹਾ ਵੀਚਾਰੁ ॥**
**ਵਾਰਿਆ ਨ ਜਾਵਾ ਏਕ ਵਾਰ ॥**
(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ ੪)

ਬਹੁਰੰਗੀ ਕੁਦਰਤ ਪ੍ਰਮੇਸ਼ਰ ਦੀ ਇੱਕ ਖ਼ੂਬਸੂਰਤ ਅਤੇ ਦਿਲਕਸ਼ ਇਬਾਰਤ ਹੈ। ਕੁਦਰਤ ਭਾਵੇਂ ਮੂਲ ਰੂਪ ਵਿਚ ਅਰਬੀ ਦਾ ਸ਼ਬਦ ਹੈ ਪ੍ਰੰਤੂ ਅਨੇਕਾਂ ਹੋਰ ਸ਼ਬਦਾਂ ਵਾਂਗ ਹੁਣ ਇਹ ਪੰਜਾਬੀ ਬੋਲੀ ਦਾ ਅਨਿੱਖੜਵਾਂ ਪਦ ਬਣ ਚੁਕਾ ਹੈ। ਬੇਸ਼ੱਕ ਸਾਂਖਯ-ਸ਼ਾਸਤ੍ਰ ਵਿਚ ਵੀ ਕੁਦਰਤ ਦਾ ਉਲੇਖ ਮਿਲਦਾ ਹੈ ਪਰੰਤੂ ਜਿਸ ਦਾਰਸ਼ਨਿਕ ਪਰਿਪੇਖ ਵਿਚ ਕੁਦਰਤ ਸ਼ਬਦ ਦਾ ਪ੍ਰਯੋਗ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕੀਤਾ ਹੈ, ਉਹ ਨਿਰਸੰਦੇਹ ਆਪਣੇ ਆਪ ਵਿਚ ਇਕ ਵਿਲੱਖਣ ਅਤੇ ਨਿਵੇਕਲੀ ਗੱਲ ਸੀ। ਆਪ ਫ਼ੁਰਮਾਉਂਦੇ ਹਨ :

**ਬਲਿਹਾਰੀ ਕੁਦਰਤਿ ਵਸਿਆ ॥**
**ਤੇਰਾ ਅੰਤੁ ਨ ਜਾਈ ਲਖਿਆ ॥**
**(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ ੪੬੯)**

ਸਮੁਚੇ ਮਨੁੱਖੀ ਵਿਕਾਸ ਦੇ ਇਤਿਹਾਸ ਵਿੱਚ ਕੁਦਰਤ ਅਤੇ ਵਾਤਾਵਰਣ ਦਾ ਸਥਾਨ ਵਿਸ਼ੇਸ਼ ਮਹੱਤਵ ਦਾ ਧਾਰਨੀ ਰਿਹਾ ਹੈ । ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਬਾਣੀਕਾਰਾਂ ਦਾ ਪੈਗਾਮ ਇਹੀ ਰਿਹਾ ਹੈ ਕਿ ਮਨੁੱਖ ਜਾਤੀ ਹਵਾ, ਪਾਣੀ, ਧਰਤੀ ਤੇ ਵਾਤਾਵਰਣ ਦੇ ਹੋਰ ਪਹਿਲੂਆਂ ਨਾਲ ਬਹੁਤ ਨਜ਼ਦੀਕ ਤੋਂ ਜੁੜੀ ਹੋਈ ਹੈ । ਅੰਗ੍ਰੇਜ਼ੀ ਕਵੀ ਵਿਲਿਅਮ ਵਰਡਜ਼ਵਰਥ, ਜਿਸ ਨੂੰ ਕੁਦਰਤ ਦਾ ਸਭ ਤੋਂ ਵੱਡਾ ਕਵੀ ਮੰਨਿਆ ਜਾਂਦਾ ਹੈ, ਲਿਖਦਾ ਹੈ ਕਿ ਕੁਦਰਤ ਮਨੁੱਖ ਦੇ ਜੀਵਨ ਦੇ ਮੁੱਖ ਤਿੰਨ ਪੜਾਵਾਂ ਬਚਪਨ, ਜਵਾਨੀ ਅਤੇ ਬੁਢਾਪੇ ਵਿੱਚ ਆਪਣਾ ਮੁੱਖ ਰੋਲ ਅਦਾ ਕਰਦੀ ਹੈ । ਪ੍ਰਕ੍ਰਿਤੀ ਜਾਂ ਕੁਦਰਤ ਦਾ ਮਨੁੱਖ ਨਾਲ ਮਾਂ-ਪੁੱਤਰ ਦਾ ਰਿਸ਼ਤਾ ਹੈ । ਵਰਡਜ਼ਵਰਥ ਪ੍ਰਕ੍ਰਿਤੀ ਦਾ ਮਹੱਤਵ ਦੱਸਦੇ ਹੋਏ ਇਸ ਨੂੰ 'ਸਾਂਭਣ ਵਾਲੀ ਮਾਂ' **(Foster mother)** ਦਾ ਦਰਜਾ ਦੇ ਰਿਹਾ ਹੈ । ਪਾਣੀ ਮਨੁੱਖੀ ਜੀਵਨ ਲਈ ਹੀ ਨਹੀਂ, ਬਲਕਿ ਕੁੱਲ ਬ੍ਰਹਿਮੰਡ ਦੇ ਹਰੇਕ ਜਲਚਰ, ਥਲਚਰ ਜੀਵ-ਜੰਤੂਆਂ, ਪਸ਼ੂਆਂ-ਪੰਛੀਆਂ ਅਤੇ ਬਨਸਪਤਿ ਲਈ ਅਤੀ ਲੋੜੀਂਦਾ ਤੱਤ ਹੈ। ਸੋ ਪਾਣੀ ਦੀ ਅਹਿਮ ਜ਼ਰੂਰਤ ਅਤੇ ਮਹੱਤਵ ਨੂੰ ਵੇਖਦੇ ਹੋਏ ਹੀ ਆਦਿ ਕਾਲ ਤੋਂ ਸੰਸਾਰ ਦੀਆਂ ਸਮੂਹ ਸੱਭਿਅਤਾਵਾਂ ਪਾਣੀ ਦੇ ਸਰੋਤਾਂ ਜਾਂ ਨਦੀਆਂ-ਦਰਿਆਵਾਂ ਦੇ ਕਿਨਾਰਿਆਂ 'ਤੇ ਹੀ ਵੱਸੀਆਂ ਅਤੇ ਵਿਕਸਿਤ ਹੋਈਆਂ । ਸ੍ਰੀ ਗੁਰੂ ਨਾਨਕ ਦੇਵ ਜੀ ਦਾ ਰਾਗ ਆਸਾ ਦਾ ਨਿਮਨ ਫ਼ੁਰਮਾਨ ਜਿੱਥੇ ਕਾਦਰ ਦੀ ਸਾਜੀ ਹੋਈ ਬਹੁਰੰਗੀ ਕੁਦਰਤ ਦੀ ਬੇਅੰਤਤਾ ਨੂੰ ਦਰਸਾ ਰਿਹਾ ਹੈ, ਉਥੇ ਇਨਾਂ ਆਦਿ ਸ਼ਕਤੀਆਂ ਦੇ ਨਿਰੰਤਰ, ਇੱਕ ਰਸ ਅਤੇ ਨਿਯਮਬੱਧ ਵਰਤਾਰੇ ਦੀ ਵੀ ਗਵਾਹੀ ਦੇ ਰਿਹਾ ਹੈ :

**ਭੈ ਵਿਚਿ ਪਵਣੁ ਵਹੈ ਸਦਵਾਉ ॥ ਭੈ ਵਿਚਿ ਚਲਹਿ ਲਖ ਦਰੀਆਉ ॥**
**ਭੈ ਵਿਚਿ ਸੂਰਜੁ ਭੈ ਵਿਚਿ ਚੰਦੁ ॥ ਕੋਹ ਕਰੋੜੀ ਚਲਤ ਨ ਅੰਤੁ ॥**

ਸੂਰਜ ਦਾ ਰੋਜ਼ਾਨਾ ਸਵੇਰੇ ਆਪਣੇ ਵਕਤ ਨਾਲ ਚੜਨਾ ਅਤੇ ਸ਼ਾਮ ਨੂੰ ਡੁੱਬਣਾ, ਚੰਦ੍ਰਮਾ ਦਾ ਘਟਦੇ-ਵਧਦੇ ਰੂਪ ਵਿੱਚ ਆਪਣੀ ਚਾਲੇ ਚੱਲਦੇ ਜਾਣਾ (ਜਿਸ ਕਾਰਨ ਵਿਸ਼ਾਲ ਸਮੁੰਦਰਾਂ ਵਿੱਚ ਜਵਾਰ-ਭਾਟਾ ਆਦਿ ਦਾ ਉਪਜਣਾ), ਤਾਰਿਆਂ ਦਾ ਰੋਜ਼ਾਨਾ ਰਾਤ ਨੂੰ ਨੀਲੇ ਅੰਬਰ ਨੂੰ ਜਗਮਗਾਉਣਾ- ਸਭ ਕੁਦਰਤੀ ਵਰਤਾਰੇ ਹਨ, ਜੋ ਕੁਦਰਤ ਦੇ ਬਣੇ ਹੋਏ ਨਿਯਮ ਅਨੁਸਾਰ ਜੁਗਾਂ-ਜੁਗਾਂ ਤੋਂ ਇੱਕ-ਰਸ ਚੱਲਦੇ ਆ ਰਹੇ ਹਨ । ਕਦੀ ਵੀ ਇਨਾਂ ਸ਼ਕਤੀਆਂ ਨੇ ਕੁਦਰਤੀ ਨਿਯਮਾਂ ਦੀ ਉਲੰਘਣਾ ਜਾਂ ਢਿੱਲ-ਮੱਠ ਨਹੀਂ ਕੀਤੀ । ਜੇਕਰ ਇਹ ਵੀ ਮਨੁੱਖੀ ਫਿਤਰਤ ਵਾਂਗ ਗਾਹੇ-ਬਗਾਹੇ ਛੁੱਟੀਆਂ ਕਰਨ

**ਬਾਕੀ ਸਫ਼ਾ 31 'ਤੇ**

## ਰੁੱਖ

ਜਿਸ ਨਗਰੀ ਵਿੱਚ ਰੁੱਖ ਨੇ ਬਾਹਲੇ,
ਉਸ ਨਗਰੀ ਵਿੱਚ ਸੁੱਖ ਨੇ ਬਾਹਲੇ।
ਧੁੱਪ ਨਾ ਗਰਮ ਹਵਾਵਾਂ ਵੱਗਣ,
ਹਰ ਥਾਂ ਠੰਡੀਆਂ ਛਾਵਾਂ ਲੱਗਣ।
ਪਾਂਧੀ ਰਾਹਾਂ ਤੇ ਟਾਵੇਂ-ਟਾਵੇਂ,
ਤੁਰਨ ਰੁੱਖਾਂ ਦੀ ਛਾਵੇਂ-ਛਾਵੇਂ।
ਪੰਛੀ ਆਲਣਿਆਂ ਵਿੱਚ ਬੈਠਣ,
ਕੁਝ ਟਾਹਣੀਆਂ ਉੱਤੇ ਚਹਿਕਣ।
ਕਦੇ ਵੀ ਰੁੱਖਾਂ ਨੂੰ ਨਾ ਕੱਟੀਏ,
ਜੜਾਂ ਵਿੱਚੋਂ ਨਾ ਮਿੱਟੀ ਪੱਟੀਏ,
ਰੁੱਖਾਂ ਦੇ ਨਾਲ ਕਰੀਏ ਪਿਆਰ,
ਸੰਧੂ 'ਸਰ' ਕਹਿੰਦੇ ਵਾਰ-ਵਾਰ।

-ਸੁਰਜੀਤ ਸੰਧੂ


jus
HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE
THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE • 1-718-752-9293 | CALL TO SUBSCRIBE +1-800-246-6242
www.jusbroadcasting.com

# ਸਗਲ ਸ੍ਰਿਸਟ ਕੀ ਚਾਦਰ ਗੁਰੂ ਤੇਗ ਬਹਾਦਰ ਸਾਹਿਬ ਜੀ

**ਰਵਨਜੋਤ ਕੌਰ ਸਿੱਧੂ, ਜੱਬੋਵਾਲ**

ਹਿੰਦ ਦੀ ਚਾਦਰ ਸਿੱਖਾਂ ਦੇ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਨੂੰ ਕਿਹਾ ਜਾਂਦਾ ਹੈ। ਸ੍ਰੀ ਗੁਰੂ ਤੇਗ ਬਹਾਦਰ ਦਾ ਜਨਮ ਵੈਸਾਖ ਵਦੀ 5 ਸੰਮਤ 1678, ਮੁਤਾਬਕ 1 ਅਪ੍ਰੈਲ 1621 ਨੂੰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਘਰ ਸ੍ਰੀ ਮਾਤਾ ਨਾਨਕੀ ਦੀ ਕੁੱਖ ਤੋਂ ਸ੍ਰੀ ਅੰਮ੍ਰਿਤਸਰ ਸਾਹਿਬ ਗੁਰੂ ਕੇ ਮਹਿਲਾਂ ਵਿੱਚ ਹੋਇਆ। ਸ੍ਰੀ ਗੁਰੂ ਤੇਗ ਬਹਾਦਰ ਛੇਵੀਂ ਪਾਤਸ਼ਾਹੀ ਦੇ ਸਭ ਤੋਂ ਛੋਟੇ ਸਾਹਿਬਜ਼ਾਦੇ ਸਨ। ਸ੍ਰੀ ਗੁਰੂ ਤੇਗ ਬਹਾਦਰ ਦੀ ਹੋਣ ਦੀ ਖ਼ਬਰ ਸੁਣ ਕੇ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਨੇ ਗੁਰੂ ਜੀ ਦੇਖਣ ਗਏ। ਸ੍ਰੀ ਗੁਰੂ ਤੇਗ ਬਹਾਦਰ ਨੂੰ ਵੇਖਿਆਂ ਹੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਕਿਹਾ ਸਾਡਾ ਪੁੱਤਰ ਬੜਾ ਬਲੀ, ਸੂਰਬੀਰ ਹੋਵੇਗਾ। ਅਸੀਂ ਇਸ ਦਾ ਨਾਮ ਤਿਆਗ ਮੱਲ ਰੱਖਦੇ ਹਾਂ।

ਸ੍ਰੀ ਗੁਰੂ ਤੇਗ ਬਹਾਦਰ ਦੀ ਪੜਾਈ, ਸਿਖਲਾਈ ਮੀਰੀ-ਪੀਰੀ ਦੇ ਮਾਲਕ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਨਿਗਰਾਨੀ ਹੇਠ ਹੋਈ। ਸ੍ਰੀ ਗੁਰੂ ਤੇਗ ਬਹਾਦਰ ਨੂੰ ਗੁਰਬਾਣੀ ਤੇ ਧਰਮ-ਗ੍ਰੰਥਾਂ ਦੀ ਪੜਾਈ ਦੇ ਨਾਲ- ਨਾਲ ਸ਼ਸਤਰਾਂ ਦੀ ਵਰਤੋਂ ਅਤੇ ਹੋਰ ਸਵਾਰੀ ਦੀ ਸਿਖਲਾਈ ਵੀ ਕਰਵਾਈ ਗਈ। ਸ੍ਰੀ ਗੁਰੂ ਤੇਗ ਬਹਾਦਰ ਸੁੰਦਰ -ਜਵਾਨ, ਗੱਭਰੂ -ਬਲਵਾਨ, ਸੂਰਬੀਰ, ਵਿਦਵਾਨ, ਸ਼ਸਤਰਧਾਰੀ ਅਤੇ ਧਰਮ ਤੇ ਰਾਜਨੀਤੀ ਦੇ ਚੰਗੇ ਜਾਣੂੰ ਬਣੇ।

ਸੰਨ 1635 ਵਿੱਚ ਕਰਤਾਰਪੁਰ ਦੀ ਲੜਾਈ ਵਿੱਚ ਗੁਰੂ ਹਰਿਗੋਬਿੰਦ ਨੇ ਇਨਾਂ ਦੀ ਬਹਾਦਰੀ ਨੂੰ ਵੇਖਦਿਆਂ ਆਪ ਦਾ ਨਾਮ ਤੇਗ ਬਹਾਦਰ ਰੱਖ ਦਿੱਤਾ। ਜਿਸਦਾ ਅਰਥ ਤਲਵਾਰ ਦਾ ਧਨੀ ਹੈ।

ਸ੍ਰੀ ਗੁਰੂ ਤੇਗ ਬਹਾਦਰ ਦਾ ਵਿਆਹ ਕਰਤਾਰਪੁਰ (ਜਲੰਧਰ) ਵਾਸੀ ਸ੍ਰੀ ਲਾਲ ਚੰਦ ਖੱਤਰੀ ਦੀ ਸਪੁੱਤਰੀ ਸ੍ਰੀ ਮਾਤਾ ਗੁਜਰੀ ਜੀ ਨਾਲ 15 ਅੱਸੂ 1689 ਨੂੰ ਹੋਇਆ। ਜਿਨਾਂ ਦੀ ਕੁੱਖ ਤੋਂ ਸੰਮਤ 1723 ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਪੈਦਾ ਹੋਏ। ਵਿਆਹ ਦੇ 34 ਸਾਲਾਂ ਤੋਂ ਬਾਅਦ ਗੁਰੂ ਜੀ ਦੇ, ਘਰ ਨਿਵਾਸ ਵਿੱਚ ਗੁਰੂ ਗੋਬਿੰਦ ਸਿੰਘ ਦਾ ਆਗਮਨ ਹੋਇਆ

ਸ੍ਰੀ ਗੁਰੂ ਤੇਗ ਬਹਾਦਰ ਦਾ ਨਿੱਜੀ ਤੇ ਘਰੋਗੀ ਜੀਵਨ ਬੜਾ ਸਾਦਾ, ਸੁਖੀ ਸੀ, ਆਪ ਦਾ ਮਨ ਸੰਸਾਰ ਦੇ ਲਾਲਚਾਂ, ਮੋਹਾਂ, ਝਗੜਿਆਂ ਤੇ ਰਸਾਂ ਤੋਂ ਬੇਲਾਗ ਸੀ। ਸ੍ਰੀ ਗੁਰੂ ਤੇਗ ਬਹਾਦਰ ਨੇ ਆਪਣੀਆਂ ਖਾਹਿਸ਼ਾਂ ਤੇ ਰੁਚੀਆਂ ਨੂੰ ਪੂਰਨ ਤੌਰ ਤੇ ਵੱਸ ਵਿੱਚ ਕਰ ਲਿਆ ਸੀ। ਜਦੋਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਜੋਤੀ ਜੋਤਿ ਸਮਾਉਣ ਸਮੇਂ ਸ੍ਰੀ ਗੁਰੂ ਤੇਗ ਬਹਾਦਰ ਨੂੰ ਛੱਡ ਕੇ ਗੁਰੂ ਜੀ ਦੇ ਭਤੀਜੇ ਸ੍ਰੀ ਹਰਿਰਾਇ ਸਾਹਿਬ ਨੂੰ ਗੁਰਗੱਦੀ ਲਈ ਨੀਅਤ ਕੀਤਾ ਤਾਂ ਸ੍ਰੀ ਗੁਰੂ ਤੇਗ ਬਹਾਦਰ ਦੇ ਮਨ ਵਿੱਚ ਰਤੀ ਭਰ ਰੋਸ ਜਾਂ ਅਫ਼ਸੋਸ ਨਾ ਪੈਦਾ ਹੋਇਆ। ਗੁਰੂ ਤੇਗ ਬਹਾਦਰ ਦੇ ਮਨ ਵਿੱਚ ਇਹ ਖਿਆਲ ਨਾ ਉਪਜਿਆ ਕਿ ਗੁਰੂ ਗੱਦੀ ਸਾਨੂੰ ਮਿਲਣੀ ਚਾਹੀਦੀ ਸੀ। ਇਸੇ ਤਰਾਂ ਸੱਤਵੇਂ ਗੁਰੂ ਜੀ ਜੋਤੀ -ਜੋਤਿ ਸਮਾਏ ਅਤੇ ਉਨਾਂ ਨੇ ਗੁਰੂ ਗੱਦੀ ਲਈ ਸ੍ਰੀ ਗੁਰੂ ਤੇਗ ਬਹਾਦਰ ਨੂੰ ਨਾ ਚੁਣਿਆ, ਸਗੋਂ ਆਪਣੇ ਪੰਜਾਂ ਸਾਲਾਂ ਦੇ ਸਪੁੱਤਰ ਸ੍ਰੀ ਹਰਿਕਿਸ਼ਨ ਸਾਹਿਬ ਨੂੰ ਗੁਰਤਾ ਦਿੱਤੀ, ਤਾਂ ਸ੍ਰੀ ਗੁਰੂ ਤੇਗ ਬਹਾਦਰ ਜੇ ਮਨ ਵਿੱਚ ਕੋਈ ਰੋਸ ਜਾਂ ਅਫਸੋਸ ਜਾਂ ਲਾਲਚ ਪੈਦਾ ਨਾ ਹੋਇਆ।

ਸੰਮਤ 1709 ਵਿੱਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਜੋਤੀ-ਜੋਤਿ ਸਮਾਉਣ ਮਗਰੋਂ ਆਪ ਆਪਣੀ ਮਾਤਾ ਅਤੇ ਸੁਪਤਨੀ ਸਮੇਤ ਆਪਣੇ ਨਾਨਕੇ, ਪਿੰਡ ਬਕਾਲੇ ਜ਼ਿਲਾ ਅੰਮ੍ਰਿਤਸਰ ਜਾ ਟਿਕੇ ਅਤੇ ਵੀਹ ਇੱਕੀ ਵਰੇ ਓਥੇ ਰਹੇ। ਉੱਥੇ ਆਪ ਇੱਕ ਮਾਮੂਲੀ ਜਿਹੇ ਮਕਾਨ ਵਿੱਚ ਇਕਾਂਤ, ਸ਼ਾਂਤ ਤੇ ਟਿਕਾਉ ਵਾਲਾ ਜੀਵਨ ਬਤੀਤ ਕਰਦੇ ਸਨ। ਸ੍ਰੀ ਗੁਰੂ ਤੇਗ ਬਹਾਦਰ ਬਹੁਤਾ ਚਿਰ ਭੋਰੇ ਵਿੱਚ ਰਹਿ ਕੇ ਜਪ ਤਪ ਤੇ ਸਿਮਰਨ ਅਭਿਆਸ ਕਰਦੇ ਰਹਿੰਦੇ ਸਨ।

ਜਦੋਂ ਸ੍ਰੀ ਹਰਿਕਿਸ਼ਨ ਸਾਹਿਬ ਚੇਤ ਸੁਦੀ 14 (3 ਵੈਲਾਖ) ਸੰਮਤ 1721 ਨੂੰ ਦਿੱਲੀ ਵਿੱਚ ਜੋਤੀ-ਜੋਤਿ ਸਮਾਉਣ ਲੱਗੇ ਸੰਗਤਾਂ ਨੇ ਸ੍ਰੀ ਹਰਿਕਿਸ਼ਨ ਜੀ ਪਾਸੋਂ ਪੁੱਛਿਆ ਕਿ ਤੁਹਾਡੇ ਦੇ ਮਗਰੋਂ ਸਾਡੇ ਗੁਰੂ ਕੌਣ ਹੋਣਗੇ, ਤਾਂ ਸ੍ਰੀ ਹਰਿਕਿਸ਼ਨ ਜੀ ਨੇ ਪੰਜ ਪੈਸੇ ਤੇ ਨਰੇਲ ਹੱਥ ਵਿੱਚ ਲੈ ਕੇ ਬਾਂਹ ਉੱਚੀ ਕਰ ਕੇ ਤਿੰਨ ਵੇਰ ਘੁਮਾਈ ਅਤੇ ਕਿਹਾ ‘ਬਾਬਾ ਬਕਾਲਾ’। ਇਸ ਵਾਕ ਅਸਲ ਵਿੱਚ ਤਾਂ ਚੋਖੇ ਸਪੱਸ਼ਟ ਸਨ। ਜਿਸ ਮਹਾਂਪੁਰਸ਼ ਨੇ ਗੁਰ-ਗੱਦੀ ਸੰਭਾਲਣੀ ਹੈ ਉਹ ਸਾਡਾ ਬਾਬਾ ਲੱਗਦਾ ਹੈ ਅਤੇ ਬਕਾਲੇ ਰਹਿੰਦਾ ਹੈ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਸ੍ਰੀ ਗੁਰੂ ਹਰਿਕਿਸ਼ਨ ਜੀ ਦੇ, ਬਾਬਾ ਜੀ ਲੱਗਦੇ ਸਨ। ਜਦੋਂ ਇਸ ਗੱਲ ਦਾ ਬਕਾਲੇ ਪਤਾ ਲੱਗਿਆ ਤਾਂ ਹਰੇਕ ਕੋਈ ਗੁਰੂ ਗੱਦੀ ਦੀ ਚਾਹਵਾਨਾਂ ਆਪੋ ਆਪੇ ਮੂੰਹੋਂ ਆਖੇ ਕਿ ਮੈਂ ਸੋਢੀ ਬਾਬਾ ਹਾਂ ਅਤੇ ਹਰੇਕ ਬਕਾਲੇ ਮੰਜੀ ਡਾਹ ਬੈਠਾ।

ਚੇਤ ਸੰਮਤ 1722 (ਮਾਰਚ ਸੰਨ 1665) ਵਿੱਚ ਭਾਈ ਮੱਖਣ ਸ਼ਾਹ ਲੁਬਾਣਾ, ਗੁਰੂ ਜੀ ਦੇ ਦਰਸ਼ਨਾਂ ਲਈ ਬਕਾਲੇ ਪੁੱਜਾ। ਉਸ ਸਮੇਂ ਵੈਸਾਖੀ ਦਾ ਨੇੜ ਹੋਣ ਕਰਕੇ ਬਕਾਲੇ ਵਿੱਚ ਚੋਖੀਆਂ ਸੰਗਤਾਂ ਜੁੜੀਆਂ ਹੋਈਆਂ ਸਨ। ਵਪਾਰੀ ਲੱਖੀ ਸ਼ਾਹ ਲੁਬਾਣਾ ਦਾ ਜਦੋਂ ਜਹਾਜ਼ ਡੁੱਬਦਾ ਸੀ ਤਾਂ ਉਸਨੇ ਅਰਦਾਸ ਕੀਤੀ ਕਿ ਉਹ ਗੁਰੂ ਜੀ ਦੇ ਚਰਨਾਂ ਵਿੱਚ 500 ਮੋਹਰਾਂ ਭੇਟ ਕਰੇਗਾ। ਪਰ ਜਦੋਂ ਬਕਾਲੇ ਪੁੱਜਾ ਤਾਂ ਉਸ ਨੇ ਅਨੋਖੀ ਹੀ ਝਾਕੀ ਦੇਖੀ। ਕਈ ਸੋਢੀ ਮੰਜੀਆਂ ਡਾਹੀ ਗੁਰੂ ਬਣ ਬੈਠੇ ਸਨ। ਉਹਨਾਂ ਦੇ ਮਨਾਂ ਵਿੱਚ ਈਰਖਾ ਤੇ ਕ੍ਰੋਧ ਦੇ ਭਾਂਬੜ ਬਲ ਰਹੇ ਸਨ। ਉਹ ਲੋਭ ਲਾਲਚ ਦੇ ਚਿੱਕੜ ਵਿੱਚ ਧਸੇ ਫਸੇ ਸਨ। ਉਸਨੇ 22 ਮੰਜੀਆਂ ਤੇ ਗੁਰੂ ਬੈਠੇ ਹੋਏ ਵੇਖੇ ਜਿਸ ਕਾਰਨ ਮੱਖਣ ਸ਼ਾਹ ਲੁਬਾਣਾ ਨੇ ਹਰ ਇੱਕ ਅੱਗੇ 2-2 ਮੋਹਰਾਂ ਰੱਖੀਆਂ। ਹਰ ਕੋਈ 2-2 ਮੋਹਰਾਂ ਵੇਖ ਕੇ ਖੁਸ਼ ਹੋ ਗਏ, ਕਿਸੇ ਨੇ ਵੀ ਭੇਟ ਦੀ ਪੂਰੀ ਰਕਮ ਦੀ ਮੰਗ ਨਹੀ ਕੀਤੀ।

ਭਾਈ ਮੱਖਣ ਸ਼ਾਹ ਲੁਬਾਣਾ, ਇਹ ਦੇਖ ਕੇ ਬੜਾ ਨਿਰਾਸ਼ ਹੋਇਆ। ਉਸ ਨੇ ਲੋਕਾਂ ਤੋਂ ਪੁੱਛਿਆ ਕਿ ਏਥੇ ਕੋਈ ਹੋਰ ਸੋਢੀ ਵੀ ਰਹਿੰਦਾ ਹੈ? ਤਾਂ ਕਿਸੇ ਨੇ ਭਾਈ ਮੱਖਣ ਸ਼ਾਹ ਲੁਬਾਣਾ ਨੂੰ ਇਕਾਂਤ ਸ਼ਾਂਤ ਵਿੱਚ ਰਹਿ ਰਹੇ ਸ੍ਰੀ ਗੁਰੂ ਤੇਗ ਬਹਾਦਰ ਦੇ ਬਾਰੇ ਦੱਸਿਆ ਅਤੇ ਨਾਲ ਹੀ ਕਿਹਾ ਕਿ ਉਹ ਗੁਰੂ ਬਣਨ ਦੇ ਚਾਹਵਾਨ ਨਹੀਂ। ਭਾਈ ਮੱਖਣ ਸ਼ਾਹ ਲੁਬਾਣਾ ਜੀ ਓਥੇ ਗਏ ਅਤੇ ਭੋਰੇ ਵਿੱਚ ਬੈਠੇ ਭਜਨ ਬੰਦਗੀ ਕਰ ਰਹੇ ਗੁਰੂ ਜੀ ਦੇ ਦਰਸ਼ਨ ਲਈ ਬੇਨਤੀ ਕੀਤੀ, ਪਰ ਮਾਤਾ ਗੁਜਰੀ ਜੀ ਨੇ ਕਿਹਾ ‘ਮਹਾਰਾਜ ਕਿਸੇ ਨੂੰ ਨਹੀਂ ਮਿਲਦੇ। ਪਰ ਭਾਈ ਮੱਖਣ ਸ਼ਾਹ ਲੁਬਾਣਾ, ਜਾ ਗੁਰੂ ਜੀ ਵਾਸਤਾ ਪਾ ਕੇ ਭੌਰੇ ਦਾ ਬੂਹਾ ਖੁਲਵਾਇਆ। ਸ੍ਰੀ ਗੁਰੂ ਤੇਗ ਬਹਾਦਰ ਦੇ ਦਰਸ਼ਨ ਕਰਦਿਆਂ ਆਤਮਾ ਨੂੰ ਸਾਕੀ ਤੇ ਮਨ ਨੂੰ ਸੁਖ ਹੋ ਗਿਆ, ਭਾਈ ਜੀ ਨੇ ਗੁਰੂ ਜੀ ਪੱਕੀ ਤਸੱਲੀ ਕਰਨ ਦੀ ਖਾਤਰ ਦੋ ਮੋਹਰਾਂ ਰੱਖ ਕੇ ਮੱਥਾ ਟੇਕਿਆ। ਸ੍ਰੀ ਗੁਰੂ ਤੇਗ ਬਹਾਦਰ ਕਿਹਾ ‘ਭਾਈ ਸਿੱਖਾ, ਗੁਰੂ ਦੀ ਅਮਾਨਤ ਦਿੱਤੀ ਹੀ ਬਲੀ ਹੁੰਦੀ ਹੈ, ਹਜ਼ਾਰ ਵਿੱਚੋਂ ਕੇਵਲ ਦੋ ਦੇ ਰਿਹਾ। ਇਹ ਕਿਉਂ? ’ ਇਹ ਸੁਣ ਕੇ ਲੱਖੀ ਸ਼ਾਹ ਲੁਬਾਣਾ ਨੇ ਖੁਸ਼ ਹੋ ਕੇ ਕਿਹਾ ‘ਗੁਰੂ ਲਾਧੋ ਰੇ ਗੁਰੂ ਲਾਧੋ’ ਗੁਰੂ ਮਿਲ ਗਿਆ ਹੈ। ਇਸ ਪ੍ਰਕਾਰ ਤੇਗ ਬਹਾਦਰ ਨੂੰ ਗੁਰੂ ਮੰਨ ਲਿਆ ਗਿਆ।

ਗੁਰਗੱਦੀ ਤੇ ਬੈਠਣ ਤੋਂ ਬਾਅਦ ਗੁਰੂ ਜੀ ਨੂੰ ਅੰਮ੍ਰਿਤਸਰ ਵਿੱਚ ਦਾਖ਼ਲ ਨਹੀਂ ਹੋਣ ਦਿੱਤਾ ਗਿਆ ਇਸ ਤਰਾਂ ਗੁਰੂ ਜੀ ਨੇ ਹਰਮਿੰਦਰ ਸਾਹਿਬ ਕੋਲ ਨਿਵਾਸ ਕੀਤਾ। ਜਿੱਥੇ ਗੁਰਦੁਆਰਾ ਥੰਮ ਸਾਹਿਬ (ਥੜਾ ਸਾਹਿਬ) ਬਣਾਇਆ ਗਿਆ। ਫਿਰ ਗੁਰੂ ਜੀ ਨੇ ਧਰਮ ਪਚਾਰ ਲਈ ਯਾਤਰਾਵਾਂ ਕਰਨੀਆਂ ਸ਼ੁਰੂ ਕੀਤੀਆਂ। ਸਭ ਤੋਂ ਪਹਿਲਾਂ ਅੰਮ੍ਰਿਸਰ ਵਿੱਚ ਘੁੱਕੇ ਵਾਲੀ ਗਏ ਜਿਥੇ ਕੁਦਰਤੀ ਸੁੰਦਰਤਾ ਬਹੁਤ ਸੀ ਜਿਸ ਤੋਂ ਖੁਸ਼ ਹੋ ਕੇ ਇਸਦਾ ਨਾਮ ‘ਗੁਰੂ ਕਾ ਬਾਗ’ ਰੱਖ ਦਿੱਤਾ। ਫਿਰ ਗੁਰੂ ਜੀ ਤਰਨਤਾਰਨ, ਖਡੂਰ ਸਾਹਿਬ, ਗੋਇੰਦਵਾਲ ਤੋਂ ਮਾਲਵਾ ਪ੍ਰਦੇਸ਼ ਦੇ ਇਲਾਕੇ ਤਲਵੰਡੀ ਸਾਬੋ, ਮੋੜ ਮੰਡੀ, ਮਹਿਸਰਖਾਨਾ ਆਦਿ ਥਾਵਾਂ ਤੇ ਗਏ। ਬਿਲਾਸਪੁਰ ਦੇ ਰਾਜੇ ਭੀਮ ਚੰਦ ਦੀ ਰਾਣੀ ਜਲਾਲ ਦੇਵੀ ਤੋਂ 500 ਰੁ: ਵਿੱਚ ਜ਼ਮੀਨ ਖਰੀਦ ਕੇ ਚੱਕ ਨਾਨਕੀ ਨਾਂ ਦਾ ਸ਼ਹਿਰ ਵਸਾਇਆ ਜਿਸ ਨੂੰ ਫਿਰ ਮਾਖੋਵਾਲ ਕਿਹਾ ਜਾਣ ਲੱਗਾ। ਇਹ ਨਗਰ 16 ਜੂਨ 1665 ਵਿੱਚ ਵਸਾਇਆ ਗਿਆ। ਜੋ ਕਿ ਅਜੋਕਾ ਅਨੰਦਪੁਰ ਸਾਹਿਬ ਬਣ ਗਿਆ।

ਸੰਮਤ 1726(ਸੰਨ 1669) ਵਿੱਚ ਇੱਕ ਹੁਕਮ ਜਾਰੀ ਕੀਤਾ ਸੀ ਕਿ ਹਿੰਦੂਆਂ ਸਿੱਖਾਂ ਦੇ ਮੰਦਰਾਂ, ਧਰਮਸਾਲਾ ਅਤੇ ਪਾਠ ਸਾਲਾਂ ਨੂੰ ਢਾਹ ਦਿੱਤਾ ਜਾਵੇ ਅਤੇ ਮੰਦਰਾਂ ਦੇ ਥਾਂ ਮਸੀਤਾਂ ਬਣਾਈਆਂ ਜਾਣ। ਇਹ ਹੁਕਮ ਉਪਰ ਸਖਤੀ ਨਾਲ ਵਰਤੋਂ, ਆਰੰਭੀ ਗਈ। ਔਰੰਗਜ਼ੇਬ ਦੇ ਜ਼ੁਲਮ ਦਾ ਸ਼ਿਕਾਰ ਬਣੇ ਕਸ਼ਮੀਰੀ ਪੰਡਿਤਾਂ ਦੀ ਫ਼ਰਿਆਦ ਕਿਸੇ ਪਾਸੇ ਨਾ ਸੁਣੀ ਗਈ ਤਾਂ ਉਨਾਂ ਨੇ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਦੀ ਸ਼ਰਨ ਲੈਣ ਦਾ ਨਿਸ਼ਚੈ ਕੀਤਾ। 25 ਮਈ, 1675 ਦੇ ਦਿਨ 16 ਕਸ਼ਮੀਰੀ ਬ੍ਰਾਹਮਣਾਂ ਦਾ ਇਕ ਜੱਥਾ ਵੀ ਚੱਕ ਨਾਨਕੀ ਆਇਆ। ਉਹ ਇਕ ਮੋਹਤਬਰ ਸਿੱਖ ਆਗੂ ਭਾਈ ਕਿਰਪਾ ਰਾਮ ਦੱਤ ਨੂੰ ਵੀ ਅਪਣੇ ਨਾਲ ਲੈ ਕੇ ਆਏ ਸਨ। ਭਾਈ ਕਿਰਪਾ ਰਾਮ, ਕਸ਼ਮੀਰ ਵਿਚ ਸਿੱਖ ਧਰਮ ਦੇ ਸੱਭ ਤੋਂ ਵੱਡੇ ਪ੍ਰਚਾਰਕਾਂ ਵਿਚੋਂ ਇਕ ਸਨ। ਕਸ਼ਮੀਰੀ ਬ੍ਰਾਹਮਣ ਇਸ ਸਿੱਖ ਆਗੂ ਦੀ ਬਾਂਹ ਫੜ ਕੇ ਚੱਕ ਨਾਨਕੀ ਆਏ ਅਤੇ ਤਖ਼ਤ ਦਮਦਮਾ ਸਾਹਿਬ ਤੇ ਗੁਰੂ ਸਾਹਿਬ ਦੇ ਦਰਬਾਰ ਵਿਚ ਆ ਫ਼ਰਿਆਦੀ ਹੋਏ। ਕਸ਼ਮੀਰੀ ਬ੍ਰਾਹਮਣਾਂ ਨੇ ਗੁਰੂ ਸਾਹਿਬ ਨੂੰ ਦਸਿਆ ਕਿ ਅਸੀ ਕੇਦਾਰ ਨਾਥ, ਬਦਰੀ ਨਾਥ, ਪੁਰੀ, ਦੁਆਰਕਾ, ਕਾਂਚੀ, ਮਥਰਾ ਤੇ ਹੋਰ ਸਾਰੇ ਹਿੰਦੂ ਕੇਂਦਰਾਂ ਤੋਂ ਹੋ ਆਏ ਹਾਂ ਪਰ ਕਿਸੇ ਨੇ ਵੀ ਸਾਡੀ ਬਾਂਹ ਨਹੀਂ ਫੜੀ। ਅਸੀ, ਕਸ਼ਮੀਰ ਦੇ ਨਵੇਂ ਮੁਸਲਮਾਨ ਗਵਰਨਰ ਇਫ਼ਤਿਖ਼ਾਰ ਖ਼ਾਨ ਦੇ ਜ਼ੁਲਮ ਤੋਂ ਤੰਗ ਆ ਚੁੱਕੇ ਹਾਂ। ਉਹ ਹਰ ਰੋਜ਼ ਸੈਂਕੜੇ ਬ੍ਰਾਹਮਣਾਂ ਨੂੰ ਜਬਰੀ ਮੁਸਲਮਾਨ ਬਣਾ ਰਿਹਾ ਹੈ। ਅਸੀ ਔਰੰਗਜ਼ੇਬ ਦੇ ਹਿੰਦੂ-ਰਾਜਪੂਤ ਵਜ਼ੀਰਾਂ ਤਕ ਵੀ ਪਹੁੰਚ ਕੀਤੀ ਹੈ। ਉਨਾਂ ਨੇ ਵੀ ਅਪਣੀ ਬੇਬਸੀ ਜ਼ਾਹਰ ਕੀਤੀ ਹੈ। ਸਾਨੂੰ ਕੋਈ ਵੀ ਬਹੁੜੀ ਨਹੀਂ ਹੋਇਆ। ਹੁਣ ਸਾਡੀ ਆਖ਼ਰੀ ਆਸ ਸਿਰਫ਼ ਗੁਰੂ ਨਾਨਕ ਸਾਹਿਬ ਦਾ ਦਰ ਹੀ ਹੈ। ਗੁਰੂ ਤੇ.ਗ ਬਹਾਦਰ ਸਾਹਿਬ ਨੇ ਬ੍ਰਾਹਮਣਾਂ ਦੀ ਨਿੰਮੋਝੂਣਤਾ ਵੇਖ ਕੇ ਉਨਾਂ ਨੂੰ ਕਿਹਾ ਕਿ, ‘ਗੁਰੂ ਨਾਨਕ ਸਾਹਿਬ ਦੇ ਦਰ ਤੋਂ ਕਦੇ ਵੀ ਕੋਈ ਖ਼ਾਲੀ ਨਹੀਂ ਜਾਂਦਾ। ਵਾਹਿਗੁਰੂ ਤੁਹਾਡੀ ਮਦਦ ਕਰਨਗੇ। ਜਾਉ, ਸੂਬੇਦਾਰ ਨੂੰ ਆਖ ਦਿਉ ਕਿ ਜੇ ਉਹ ਗੁਰੂ ਤੇ.ਗ ਬਹਾਦਰ ਨੂੰ ਮੁਸਲਮਾਨ ਬਣਾ ਲਵੇ ਤਾਂ ਸਾਰੇ ਕਸ਼ਮੀਰੀ ਬ੍ਰਾਹਮਣ ਮੁਸਲਮਾਨ ਬਣ ਜਾਣਗੇ।’ ਗੁਰੂ ਸਾਹਿਬ ਦੀ ਗੱਲ ਸੁਣ ਕੇ ਬ੍ਰਾਹਮਣਾਂ ਦੀ ਜਾਨ ਵਿਚ ਜਾਨ ਆਈ। ਉਨਾਂ ਦੀ ਦਰਦ ਕਹਾਣੀ ਸੁਣ ਕੇ ਗੁਰੂ ਜੀ ਨੇ ‘ਜੋ ਸਰਣਿ ਆਵੈ ਤਿਸੁ ਕੰਠਿ ਲਾਵੈ’ ਮਹਾਂਵਾਕ ਅਨੁਸਾਰ ਉਨਾਂ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਬਾਬੇ ਨਾਨਕ ਦੇ ਦਰ ਤੋਂ ਮਾਯੂਸ ਨਹੀਂ ਪਰਤਣਗੇ। ਇਸ ਤੋਂ ਬਾਅਦ ਗੁਰੂ ਜੀ ਕਿਸੇ ਡੂੰਘੀ ਸੋਚ ਵਿੱਚ ਡੁੱਬ ਗਏ ਅਤੇ ਕੁਝ ਸਮੇਂ ਬਾਅਦ ਫ਼ੁਰਮਾਉਣ ਲੱਗੇ ਕਿ ਅਜੇ ਧਰਮ ਯੁੱਧ ਦਾ ਸਮਾਂ ਨਹੀਂ ਆਇਆ। ਇਸ ਸਮੇਂ ਕਿਸੇ ਮਹਾਨ ਆਤਮਾ ਦੀ ਸ਼ਹੀਦੀ ਦੀ ਲੋੜ ਹੈ। ਸਿਰਫ਼ ਕੁਰਬਾਨੀ ਨਾਲ ਹੀ ਡੁੱਬਦੇ ਧਰਮ ਨੂੰ ਬਚਾਇਆ ਜਾ ਸਕਦਾ ਹੈ। ਆਪ ਜੀ ਦੇ ਬਚਨ ਸੁਣ ਕੇ ਪੂਰੇ ਦਰਬਾਰ ਵਿੱਚ ਸੱਨਾਟਾ ਛਾ ਗਿਆ। ਆਪ ਜੀ ਦੇ ਸਪੁੱਤਰ ਬਾਲ ਗੋਬਿੰਦ ਰਾਇ ਜੀ ਨੇ ਆਪ ਜੀ ਤੋਂ ਇਸ ਖ਼ਾਮੋਸ਼ੀ ਦਾ ਕਾਰਨ ਪੁੱਛਿਆ ਤਾਂ ਗੁਰੂ ਜੀ ਨੇ ਜਵਾਬ ਦਿੱਤਾ ਕਿ ਅਤਿਆਚਾਰ ਦੇ ਭਾਂਬੜ ਬਹੁਤ ਉੱਚੇ ਚਲੇ ਗਏ ਹਨ। ਜਿਸ ਵਿੱਚ ਇਹ ਨਿਤਾਣੇ ਬਾਲਣ ਦੀ ਥਾਂ ਝੋਕੇ ਜਾ ਰਹੇ ਹਨ। ਹੁਣ ਕਿਸੇ ਮਹਾਂਪੁਰਖ ਦੇ ਬਲੀਦਾਨ ਦੀ ਲੋੜ ਹੈ ਜੋ ਆਪਣੇ ਪਵਿੱਤਰ ਖ਼ੂਨ ਦੇ ਛਿੱਟੇ ਮਾਰ ਕੇ ਬਲਦੇ ਹੋਏ ਭਾਂਬੜਾਂ ਨੂੰ ਸ਼ਾਂਤ ਕਰ ਸਕੇ। ਬਾਲ ਗੋਬਿੰਦ ਰਾਇ ਜੀ ਨੇ ਕਿਹਾ ਕਿ ਆਪ ਜੀ ਤੋਂ ਬਿਨਾਂ ਹੋਰ ਮਹਾਂਪੁਰਖ ਕੌਣ ਹੋ ਸਕਦਾ ਹੈ? ਆਪ ਆਪਣਾ ਬਲੀਦਾਨ ਦੇ ਕੇ ਇਨਾਂ ਦੇ ਡੁੱਬਦੇ ਹੋਏ ਧਰਮ ਦੀ ਰੱਖਿਆ ਕਰੋ। ਆਪਣੇ ਬਾਲ ਦੇ ਨਿੱਕੇ ਜਿਹੇ ਮੂੰਹੋਂ ਏਨੀ ਵੱਡੀ ਗੱਲ ਸੁਣ ਕੇ ਗੁਰੂ ਜੀ ਨੂੰ ਵਿਸ਼ਵਾਸ ਹੋ ਗਿਆ ਕਿ ਇਹ ਬਾਲਕ ਆਉਣ ਵਾਲੀ ਹਰ ਔਖੀ ਤੋਂ ਔਖੀ ਘੜੀ ਦਾ ਸਾਹਮਣਾ ਕਰਨ ਲਈ ਹਰ ਪੱਖੋਂ ਸਮਰੱਥ ਹੈ। ਆਪ ਜੀ ਨੇ ਹਿੰਦੂ ਧਰਮ ਦੀ ਰੱਖਿਆ ਲਈ ਕੁਰਬਾਨੀ ਦੇਣ ਦਾ ਫ਼ੈਸਲਾ ਕਰ ਲਿਆ। ਗੁਰੂ ਜੀ ਨੇ ਕਸ਼ਮੀਰੀ ਪੰਡਤਾਂ ਨੂੰ ਕਿਹਾ ਕਿ ਤੁਸੀਂ ਨਿਸ਼ਚਿੰਤ ਹੋ ਕੇ ਜਾਓ ਤੇ ਔਰੰਗਜ਼ੇਬ ਨੂੰ ਕਹਿ ਦਿਓ ਕਿ ਜਾਹ! ਪਹਿਲਾਂ ਸਾਡੇ ਗੁਰੂ ਤੇਗ ਬਹਾਦਰ ਸਾਹਿਬ ਨੂੰ ਮੁਸਲਮਾਨ ਬਣਾ ਲੈ। ਜੇ ਉਨਾਂ ਨੇ ਇਸਲਾਮ ਧਰਮ ਕਬੂਲ ਕਰ ਲਿਆ ਤਾਂ ਅਸੀਂ ਖ਼ੁਸ਼ੀ-ਖ਼ੁਸ਼ੀ ਮੁਸਲਮਾਨ ਬਣ ਜਾਵਾਂਗੇ।

ਕਸ਼ਮੀਰੀ ਪੰਡਤਾਂ ਨੇ ਕਸ਼ਮੀਰ ਜਾ ਕੇ ਸੂਬੇ ਸ਼ੇਰ ਅਫਗਾਨ ਨੂੰ ਗੁਰੂ ਜੀ ਦੀ ਆਗਿਆ ਮੂਜਬ ਕਹਿ ਦਿੱਤਾ । ਗੁਰੂ ਜੀ ਉਸ ਇਲਾਕੇ ਤੋਂ ਬਹਾਰ ਰਹਿੰਦੇ ਸਨ। ਇਸ ਲਈ ਸ਼ੇਰ ਅਫਗਾਨ ਨੇ ਸਾਰੀ ਗੱਲ ਬਾਦਸ਼ਾਹ ਔਰੰਗਜੇਬ ਤੱਕ ਪਹੁੰਚ ਦਿੱਤੀ। । ਬਾਦਸ਼ਾਹ ਅੱਗੇ ਹੀ ਗੁਰੂ ਜੀ ਦੇ ਉਪਦੇਸ਼ਾਂ ਤੇ ਪਚਾਰ ਨੂੰ ਮੁਗਲ ਰਾਜ ਲਈ ਹਾਨੀਕਾਰਕ ਸਮਝਦਾ ਸੀ। ਪਹਿਲਾਂ ਅੱਗੇ ਵੀ ਸ੍ਰੀ ਗੁਰੂ ਤੇਗ ਬਹਾਦਰ ਨੂੰ ਹਕੂਮਤ ਲਈ ਖ਼ਤਰਨਾਕ ਸਮਝ ਕੇ ਗ੍ਰਿਫਤਾਰ ਕੀਤਾ ਗਿਆ ਸੀ, ਪਰ ਰਾਜਾ ਰਾਮ ਸਿੰਘ ਨੇ ਵਿੱਚ ਪੈ ਕੇ ਛੁਡਾ ਦਿੱਤਾ ਸੀ 1665 ਵਿਚ ਮਾਲਵੇ ਦੇ ਵੱਖ-ਵੱਖ ਇਲਾਕਿਆਂ ਵਿਚ ਧਰਮ ਪ੍ਰਚਾਰ ਕਰਦੇ ਹੋਏ ਗੁਰੂ ਤੇ.ਗ ਬਹਾਦਰ ਸਾਹਿਬ, ਅਪ੍ਰੈਲ 1665 ਦੇ ਅਖ਼ੀਰ ਵਿਚ, ਧਮਤਾਨ (ਹੁਣ ਜ਼ਿਲਾ ਜੀਂਦ, ਹਰਿਆਣਾ) ਪੁੱਜੇ। ਧਮਤਾਨ ਵਿਚ ਭਾਈ ਦੱਗੋ ਸਿੱਖ ਪੰਥ ਦਾ ਮਸੰਦ ਸੀ। ਭਾਈ ਦੱਗੋ ਦਾ ਇਲਾਕੇ ਵਿਚ ਬੜਾ ਚੰਗਾ ਰਸੂਖ਼ ਸੀ। ਉਸ ਨੇ ਇਸ ਇਲਾਕੇ ਵਿਚ ਬਹੁਤ ਸਾਰੇ ਲੋਕਾਂ ਨੂੰ ਸਿੱਖੀ ਵਿਚ ਸ਼ਾਮਲ ਕਰਵਾਇਆ ਸੀ। 1665 ਤੱਕ ਧਮਤਾਨ ਉਨਾਂ ਇਲਾਕਿਆਂ ਵਿਚੋਂ ਇਕ ਬਣ ਚੁੱਕਾ ਸੀ ਜਿਨਾਂ ਦੇ ਵਧੇਰੇ ਵਾਸੀ ਸਿੱਖ ਪੰਥ ਦਾ ਹਿੱਸਾ ਸਨ। ਜਦੋਂ ਗੁਰੂ ਤੇ.ਗ ਬਹਾਦਰ ਸਾਹਿਬ ਉਥੇ ਪੁੱਜੇ ਤਾਂ ਸੈਂਕੜੇ ਸਿੱਖ ਆਪ ਜੀ ਦੇ ਦਰਸ਼ਨਾਂ ਵਾਸਤੇ ਆਏ। ਗੁਰੂ ਸਾਹਿਬ ਹਰ ਰੋਜ਼ ਦੀਵਾਨ ਸਜਾਇਆ ਕਰਦੇ ਸਨ। ਕੁੱਝ ਦਿਨ ਧਮਤਾਨ ਰਹਿਣ ਮਗਰੋਂ ਗੁਰੂ ਸਾਹਿਬ ਨੇ ਕੀਰਤਪੁਰ ਸਾਹਿਬ ਜਾਣ ਦੀ ਤਿਆਰੀ ਸ਼ੁਰੂ ਕਰ ਦਿਤੀ। 28 ਅਕਤੂਬਰ, 1665 ਤੱਕ ਆਪ ਏਥੇ ਰਹੇ।

ਇਸ ਤਰਾਂ ਗੁਰੂ ਜੀ ਬਾਲ ਗੋਬਿੰਦ ਰਾਇ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੁਰਗੱਦੀ ਦੇ ਦਸਵੇਂ ਵਾਰਿਸ ਥਾਪ ਕੇ ਆਪ ਕਸ਼ਮੀਰੀ ਪੰਡਿਤਾਂ ਦੀ ਰੱਖਿਆ ਲਈ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਜੈਤਾ ਜੀ ਅਤੇ ਭਾਈ ਦਿਆਲਾ ਜੀ ਆਦਿ ਸਿੱਖਾਂ ਨਾਲ ਦਿੱਲੀ ਵੱਲ ਕੁਰਬਾਨੀ ਦੇਣ ਚੱਲ ਪਏ।

ਜਦੋਂ ਗੁਰੂ ਜੀ ਨੂੰ ਇਸਲਾਮ ਦੇ ਨਸ਼ੇ ਵਿੱਚ ਧੁੱਤ ਔਰੰਗਜ਼ੇਬ ਦੇ ਸਾਹਮਣੇ ਲਿਆਂਦਾ ਗਿਆ ਬਾਕੀ ਸਫ਼ਾ 31 ’ਤੇ



## 9 ਮਈ 'ਮਾਂ ਦਿਵਸ 'ਤੇ ਵਿਸ਼ੇਸ਼'

# ਮਾਂ ਵਿਹੜੇ ਦੀ ਰਾਣੀ



**ਇਕਵਾਕ ਸਿੰਘ ਪੱਟੀ**

ਹੱਥਲੇ ਲੇਖ ਨੂੰ ਜੇ ਪ੍ਰੋ. ਮੋਹਨ ਸਿੰਘ ਦੀਆਂ ਲਿਖਤ ਕੁੱਝ ਸਤਰਾਂ ਤੋਂ ਸ਼ੁਰੂ ਨਾ ਕਰਾਂ ਤਾਂ ਇਸ ਲੇਖ ਨਾਲ ਨਾ-ਇਨਸਾਫੀ ਹੋਵੇਗੀ, ਪ੍ਰੋ. ਮੋਹਨ ਸਿੰਘ ਜੀ ਲਿਖਦੇ ਹਨ:

**ਮਾਂ ਵਰਗਾ ਘਣ-ਛਾਵਾਂ ਬੂਟਾ, ਮੈਨੂੰ ਨਜ਼ਰ ਨਾ ਆਏ।**

**ਲੈ ਕੇ ਜਿਸ ਤੋਂ ਛਾਂ ਉਧਾਰੀ, ਰੱਬ ਨੇ ਸੁਰਗ ਬਣਾਏ।**

**ਬਾਕੀ ਕੁੱਲ ਦੁਨੀਆਂ ਦੇ ਬੂਟੇ, ਜੜ ਸੁੱਕਿਆਂ ਮੁਰਝਾਂਦੇ, ਐਪਰ ਫੁੱਲਾਂ ਦੇ ਮੁਰਝਾਇਆਂ, ਇਹ ਬੂਟਾ ਸੁੱਕ ਜਾਏ।**

ਭਾਵੇਂ ਕਿ ਮਨੁੱਖ ਦਾ ਇੱਕ ਦਿਨ ਤਾਂ ਕੀ ਇੱਕ ਸਾਹ ਵੀ ਮਾਂ ਤੋਂ ਬਿਨਾਂ ਪੂਰਾ ਨਹੀਂ ਹੋ ਸਕਦਾ, ਪਰ ਫਿਰ ਵੀ ਇੱਕ ਖਾਸ ਤਰਾਂ ਮਾਂ ਨੂੰ ਯਾਦ ਕਰਨ ਲਈ, ਮਾਂ ਨੂੰ ਆਪਣੀ ਜਿੰਦਗੀ ਵਿੱਚੋਂ ਇੱਕ ਸਾਲ ਦਾ ਇੱਕ ਦਿਨ ਪੂਰੀ ਤਰਾਂ ਸਮਰਪਤ ਕਰਨ ਲਈ 'ਮਾਂ ਦਿਵਸ' ਬਣਾਇਆ ਗਿਆ, ਬਿਨਾਂ ਸ਼ੱਕ ਇੱਕ ਦਿਨ ਤਾਂ ਕੀ ਮਨੁੱਖ ਦਾ ਪੂਰਾ ਜੀਵਣ ਵੀ ਮਾਂ ਨੂੰ ਸਮਰਪਿਤ ਹੋ ਕੇ ਲੰਘ ਜਾਵੇ ਤਾਂ ਵੀ ਉਸਦਾ ਕਰਜ਼ ਨਹੀਂ ਚੁਕਾਇਆ ਜਾ ਸਕਦਾ। ਕਿਸੇ ਨੂੰ ਬਹੁਤ ਖੂਬ ਲਿਖਿਆ ਹੈ ਕਿ, ਜੁਗਾਂ ਜੁਗਾਂ ਤੱਕ ਜਿਊਂਦੀ ਰਹੇ, ਮਾਂ ਵਿਹੜੇ ਦੀ ਰਾਣੀ।' ਅਮਰੀਕਾ ਦੀ ਇਕ ਡਾਕਟਰੀ ਯੂਨੀਵਰਸਿਟੀ ਦੇ ਮਨੋਵਿਗਿਆਨ ਦੇ ਪ੍ਰੋਫ਼ੈਸਰ ਐਲਨ ਸ਼ੌਰ ਨੇ ਕਿਹਾ: ਉਸ ਤੋਂ ਪਹਿਲਾਂ ਇਕ ਬੱਚਾ ਆਪਣੀ ਮਾਂ ਨਾਲ ਪਿਆਰ ਕਰਨਾ ਸਿੱਖਦਾ ਹੈ ਤੇ ਫਿਰ ਇਹ ਪਿਆਰ ਇਕ ਨਮੂਨਾ ਬਣ ਜਾਂਦਾ ਹੈ ਜਿਸ ਦੇ ਅਧਾਰ 'ਤੇ ਉਹ ਬਾਕੀਆਂ ਨਾਲ ਪਿਆਰ ਕਰਨਾ ਸਿੱਖਦਾ ਹੈ।' ਖੈਰ! ਮਈ ਦੇ ਦੂਜੇ ਐਤਵਾਰ ਇਹ ਦਿਨ ਮਾਂ ਦਿਵਸ ਦੇ ਤੌਰ 'ਤੇ ਮਨਾਉਣਾ ਸ਼ੁਰੂ ਹੋਇਆ।

ਇਸ ਦਿਨ ਨੂੰ ਮਨਾਏ ਜਾਣ ਦੇ ਇਤਿਹਾਸ ਵੱਲ ਜਾਈਏ ਤਾਂ 10 ਮਈ 1908 ਨੂੰ ਗਰਾਟਨ 'ਚ 'ਸੰਤ ਐਂਡ੍ਰਿਊਸ ਮੈਥੋਡਿਸਟ' ਨਾਮੀ ਚਰਚ ਨੇ ਸਭ ਤੋਂ ਪਹਿਲਾਂ 'ਮਦਰਸ ਡੇ' ਮਨਾਇਆ। ਇਹ ਉਹ ਥਾਂ ਸੀ ਜਿਥੇ ਐਨ ਮੈਰੀ ਰੀਵਜ਼ ਜਾਰਵਿਸ 20 ਸਾਲ ਤਕ ਐਤਵਾਰ ਸਕੂਲ ਦੀਆਂ ਕਲਾਸਾਂ ਚਲਾਉਂਦੀ ਰਹੀ। 12 ਦਸੰਬਰ 1912 'ਚ 'ਦਿ ਮਦਰਸ ਡੇ ਇੰਟਰਨੈਸ਼ਨਲ ਐਸੋਸੀਏਸ਼ਨ' ਦਾ ਗਠਨ ਹੋਇਆ। ਇਹ ਸਭ ਦੇਖਦਿਆਂ 9 ਮਈ 1914 ਨੂੰ ਅਮਰੀਕੀ ਰਾਸ਼ਟਰਪਤੀ ਵੁਡਰੋ ਵਿਲਸਨ ਨੇ ਹਰ ਸਾਲ ਮਈ ਮਹੀਨੇ ਦੇ ਦੂਜੇ ਐਤਵਾਰ ਨੂੰ ਅਮਰੀਕਾ 'ਚ 'ਮਦਰਸ ਡੇ' ਨੂੰ ਰਾਸ਼ਟਰੀ ਦਿਨ ਐਲਾਨਿਆ। ਉਨਾਂ ਨੇ ਕਿਹਾ ਕਿ ਇਹ ਦਿਨ ਯੁੱਧ 'ਚ ਸ਼ਹੀਦ ਹੋਏ ਪੁੱਤਰਾਂ ਦੀਆਂ ਮਾਵਾਂ ਨੂੰ ਸਨਮਾਨ ਦੇਣ, ਦੇਸ਼ ਦੀਆਂ ਸਭ ਮਾਵਾਂ ਪ੍ਰਤੀ ਇੱਜ਼ਤ ਅਤੇ ਪਿਆਰ ਦੀ ਭਾਵਨਾ ਜਤਾਉਣ ਲਈ ਮਨਾਇਆ ਜਾਵੇਗਾ।

ਇੱਕ ਸੋਮੇ ਅਨੁਸਾਰ ਸਾਲ 1870 ਵਿੱਚ ਅਮਰੀਕੀ ਸਮਾਜ ਸੇਵਿਕਾ 'ਜੂਲੀਆ ਵਾਰਡ ਹੋਵੇ' ਨੇ ਪਹਿਲੀ ਵਾਰ ਇਸ ਦਾ ਨਾਮ 'ਅਮਰੀਕੀ ਸਿਵਲ ਵਾਰ' ਅਤੇ 'ਫ੍ਰੈਂਕੋ ਪਰਸ਼ੀਅਨ ਵਾਰ' ਦੀ ਬਰਬਾਦੀ ਦੇਖ ਕੇ ਲਿਆ। ਜੂਲੀਆ ਨੇ ਅੰਤਰਰਾਸ਼ਟਰੀ ਪੀਸ ਕਾਨਫਰੰਸ, ਜੋ ਲੰਡਨ ਅਤੇ ਪੈਰਿਸ 'ਚ ਹੋਈ ਸੀ, 'ਚ ਸ਼ਾਂਤੀ ਦਾ ਮੁੱਦਾ ਚੁੱਕਿਆ। ਉਨਾਂ ਨੇ ਇਕੱਲਿਆਂ ਹੀ ਸਭ ਔਰਤਾਂ ਨੂੰ ਯੁੱਧ ਦੇ ਵਿਰੋਧ 'ਚ ਖੜੇ ਹੋਣ ਦੀ ਪ੍ਰਾਰਥਨਾ ਕੀਤੀ। ਉਸੇ ਸਾਲ ਜੂਲੀਆ ਨੇ 'ਬੋਸਟਨ' 'ਚ ਇੱਕ ਜ਼ਬਰਦਸਤ ਭਾਸ਼ਣ ਦਿੱਤਾ ਜੋ ਅਸਲ 'ਚ ਸ਼ਾਂਤੀ ਲਈ 'ਮਦਰਸ ਡੇ' ਦਾ ਮੁੱਦਾ ਸੀ। ਇਹ ਕਈ ਭਾਸ਼ਾਵਾਂ ਵਿੱਚ ਛਾਪਿਆ ਤੇ ਵੰਡਿਆ ਗਿਆ। ਜੂਲੀਆ ਨੂੰ ਸ਼ਾਂਤੀ ਲਈ 'ਮਦਰਸ ਡੇ' ਦਾ ਵਿਚਾਰ 'ਐਨ ਮੈਰੀ ਰੀਵਜ਼ ਜਾਰਵਿਸ' ਤੋਂ ਮਿਲਿਆ ਸੀ, ਜਿਸ ਨੇ 1858 'ਚ ਸਾਫ-ਸਫਾਈ ਦੀ ਮੁਹਿੰਮ ਚਲਾਈ, ਜਿਸ ਨੂੰ ਉਸ ਨੇ 'ਮਦਰਸ ਫ੍ਰੈਂਡਸ਼ਿਪ ਡੇ' ਦਾ ਨਾਮ ਦਿੱਤਾ ਗਿਆ ਸੀ। ਫਿਰ ਸੰਨ 1900 'ਚ ਜਾਰਵਿਸ ਸਿਵਲ ਵਾਰ ਤੋਂ ਬਾਅਦ ਲੋਕਾਂ ਨੂੰ ਦੁਬਾਰਾ ਵਸਾਉਣ ਲੱਗ ਪਈ। ਪਿੱਛੋਂ ਜਾਰਵਿਸ ਦੀ ਬੇਟੀ ਐਨਾ ਜਾਰਵਿਸ ਨੇ ਇਸ ਦਿਨ ਨੂੰ ਅੱਜ ਦੇ ਯੁੱਗ 'ਚ ਮਨਾਏ ਜਾਣ ਵਾਲੇ 'ਮਦਰਸ ਡੇ' ਦੇ ਰੂਪ ਵਿੱਚ ਪਰਿਭਾਸ਼ਿਤ ਕੀਤਾ।




ਆਪਣੀ ਜਿੰਦਗੀ ਦੇ ਆਖੀਰਲੇ ਸਮੇਂ ਐਨ ਮੈਰੀ ਰੀਵਜ਼ ਜਾਰਵਿਸ ਬਹੁਤ ਬਿਮਾਰ ਰਹੀ ਅਤੇ ਆਖਿਰ 9 ਮਈ 1905 ਨੂੰ ਉਸ ਦਾ ਦਿਹਾਂਤ ਹੋ ਗਿਆ। ਉਸ ਦੀ ਬੇਟੀ ਐਨਾ ਨੇ ਉਨਾਂ ਦੀ ਬਹੁਤ ਸੇਵਾ ਕੀਤੀ, ਇਥੋਂ ਤੱਕ ਕਿ ਉਸ ਨੇ ਵਿਆਹ ਵੀ ਨਹੀਂ ਕਰਵਾਇਆ। ਐਨਾ ਸਮਾਜਿਕ ਵਰਤਾਰੇ ਤੋਂ ਮਹਿਸੂਸ ਕਰਦੀ ਸੀ ਕਿ ਅਕਸਰ ਬੱਚੇ ਮਾਂ ਦੇ ਜੀਵਨ ਕਾਲ 'ਚ ਉਸ ਨੂੰ ਨਜ਼ਰਅੰਦਾਜ਼ ਕਰ ਦਿੰਦੇ ਹਨ ਅਤੇ ਮਾਂ ਨੂੰ ਓਨਾ ਮਹੱਤਵ ਨਹੀਂ ਦਿੰਦੇ ਜਿਸ ਦੀ ਉਹ ਹੱਕਦਾਰ ਹੁੰਦੀ ਹੈ। ਐਨਾ ਆਪਣੀ ਮਾਂ ਨੂੰ ਬਹੁਤ ਪਿਆਰ ਕਰਦੀ ਸੀ। 1907 'ਚ ਐਨਾ ਨੇ ਆਪਣੇ ਦੋਸਤਾਂ ਨੂੰ ਦੱਸਿਆ ਕਿ ਉਹ ਆਪਣੀ ਮਾਂ ਦੀ ਚਲਾਈ ਮੁਹਿੰਮ ਨੂੰ ਆਪਣਾ ਜੀਵਨ ਸਮਰਪਿਤ ਕਰਨਾ ਚਾਹੁੰਦੀ ਹੈ ਅਤੇ ਇੱਕ 'ਮਦਰਸ ਡੇ' ਬਣਾਉਣਾ ਚਾਹੁੰਦੀ ਹੈ, ਜੋ ਜੀਵਤ ਅਤੇ ਮਰ ਚੁੱਕੀਆਂ ਸਭ ਮਾਵਾਂ ਦੀ ਯਾਦ 'ਚ ਹੋਵੇ। ਉਸ ਨੇ ਆਪਣੇ ਦੋਸਤਾਂ/ਨਜ਼ਦੀਕੀਆਂ ਨਾਲ ਰਲ ਕੇ ਇੱਕ ਲਹਿਰ ਚਲਾਈ, ਜਿਸ 'ਚ ਉਹ ਮੰਤਰੀਆਂ, ਵਪਾਰੀਆਂ ਅਤੇ ਕਾਂਗਰਸੀਆਂ ਭਾਵ ਅੰਤਰਰਾਸ਼ਟਰੀ ਮਹਿਲਾ ਪੀਸ ਕਾਂਗਰਸ ਦੇ ਮੈਂਬਰਾਂ ਨੂੰ ਲਗਾਤਾਰ ਪੱਤਰ-ਵਿਹਾਰ ਰਾਹੀਂ ਮਜਬੂਰ ਕਰਦੀ ਰਹੀ ਕਿ 'ਮਦਰਸ ਡੇ' ਨੂੰ ਨੈਸ਼ਨਲ ਡੇ ਮੰਨ ਕੇ ਛੁੱਟੀ ਐਲਾਨੀ ਜਾਵੇ। ਉਸ ਨੂੰ ਲੱਗਦਾ ਸੀ ਕਿ ਇੰਝ ਕਰਨ ਨਾਲ ਬੱਚਿਆਂ ਦੇ ਮਨ 'ਚ ਮਾਤਾ-ਪਿਤਾ ਲਈ ਇੱਜ਼ਤ ਵਧ ਜਾਵੇਗੀ।

ਅਜੋਕੇ ਦੌਰ ਸਮੇਂ ਵਿੱਚ ਦੁਨੀਆਂ ਭਰ ਵਿੱਚ ਇਹ ਦਿਨ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਜ਼ਿਕਰਯੋਗ ਹੈ ਕਿ ਪ੍ਰਸਿੱਧ ਮੈਗਜ਼ੀਨ ਬ੍ਰਿਟਿਸ਼ ਸਮੀਖਿਆ ਦੇ ਮਾਰਚ-ਅਪ੍ਰੈਲ, 2005 ਦੇ ਅੰਕ ਵਿਚ ਇਹ ਦੱਸਿਆ ਗਿਆ ਸੀ ਕਿ ਬ੍ਰਿਟਿਸ਼ ਕੌਂਸਲ ਨੇ ਅੰਗਰੇਜ਼ੀ ਦੇ 70 ਸਭ ਤੋਂ ਜ਼ਿਆਦਾ ਸੁੰਦਰ ਸ਼ਬਦਾਂ ਦੀ ਚੋਣ ਕਰਨ ਲਈ 40000 ਲੋਕਾਂ ਤੇ ਸਰਵੇ ਕੀਤਾ ਇਨਾਂ ਸ਼ਬਦਾਂ ਦੀ ਸੂਚੀ ਵਿਚ ਜੋ ਪਹਿਲਾ ਸ਼ਬਦ ਆਇਆ ਹੈ ਉਹ ਸੀ ਮਦਰ (ਮਾਂ)। ਦੋਸਤੋ! ਅੱਜ ਭੱਜ ਦੌੜ ਦੀ ਜਿੰਦਗੀ ਵਿੱਚ ਕਿਤੇ ਨਾ ਕਿਤੇ ਤਾਂ ਅਸੀਂ ਉਸ ਕਾਮੇ ਨੂੰ ਭੁੱਲ ਹੀ ਜਾਂਦੇ ਹਾਂ, ਜੋ ਸਾਡੇ ਜੰਮਣ ਤੋਂ ਪਹਿਲਾਂ ਤੋਂ ਲੈ ਕੇ ਹੁਣ ਤੱਕ ਅਤੇ ਅਗਾਂਹ ਵੀ ਬਿਨਾਂ ਕਿਸੇ ਸਵਾਰਥ ਸਾਡਾ ਧਿਆਨ, ਸਾਡੀ ਚਿੰਤਾ, ਸਾਡਾ ਫਿਕਰ ਕਰਦਾ ਹੈ ਭਾਵ ਸਾਡੀ ਮਾਂ। ਬੱਚਿਆਂ ਪ੍ਰਤੀ ਮਾਂ ਦੇ ਪਿਆਰ ਬਾਰੇ ਗੁਰਬਾਣੀ ਵੀ ਹਾਮੀ ਭਰਦੀ ਹੈ। 'ਸੁਤੁ ਅਪਰਾਧ ਕਰਤ ਹੈ ਜੇਤੇ॥ ਜਨਨੀ ਚੀਤਸਿ ਨ ਰਾਖਸਿ ਤੇਤੇ॥' ਬੱਚੇ ਭਾਵੇਂ ਜਿੰਨੀਆਂ ਮਰਜ਼ੀ ਗਲਤੀਆਂ ਕਰਦੇ ਰਹਿਣ ਪਰ ਮਾਂ ਆਪਣੇ ਬੱਚਿਆਂ ਲਈ ਹਮੇਸ਼ਾ ਦਇਆਵਾਨ ਰਹਿੰਦੀ ਹੋਈ ਬੱਚਿਆਂ ਦੀ ਹਰ ਗਲਤੀ ਨੂੰ ਭੁਲਾ ਦਿੰਦੀ ਹੈ।

ਇਹ ਉਹ ਕਾਮਾ ਹੈ ਜੋ ਕਦੇ ਥੱਕਦਾ ਨਹੀਂ, ਭਾਵੇਂ ਬਿਮਾਰ ਹੋਵੇ ਤਾਂ ਵੀ, ਤੇ ਨਾ ਹੀ ਇਹ ਆਪਣੇ ਘਰ ਪ੍ਰਤੀ ਅਤੇ ਆਪਣੇ ਬੱਚਿਆਂ ਪ੍ਰਤੀ ਜਿੰਮੇਵਾਰੀਆਂ ਨੂੰ ਨਿਭਾਉਣ ਵੇਲੇ ਨਾ ਦਿਨ ਦੇਖਦਾ ਹੈ ਨਾ ਰਾਤ। ਬੱਸ ਆਪਣਾ ਫਰਜ਼ ਪੂਰੀ ਸ਼ਿੱਦਤ ਨਾਲ ਨਿਰਸਵਾਰਥ ਹੋ ਕੇ ਨਿਭਾਉਂਦਾ ਹੈ। ਬਹੁਤ ਕੁੱਝ ਲਿਖ ਕੇ ਵੀ, ਕੁੱਝ ਨਹੀਂ ਲਿਖ ਸਕਾਂਗਾ। ਬੱਸ ਰੱਬ ਅੱਗੇ ਇਹੀ ਦੁਆ ਹੈ ਹੋ ਗਾਇਕ ਰਣਜੀਤ ਬਾਵਾ ਵੱਲੋਂ ਇੱਕ ਪੰਜਾਬੀ ਗੀਤ ਰਾਹੀਂ ਵੀ ਜ਼ਾਹਰ ਕੀਤੀ ਗਈ ਹੈ 'ਮੇਰੀ ਮਾਂ ਨੂੰ ਹਮੇਸ਼ਾ ਖੁਸ਼ ਰੱਖੇ ਕਰਤਾਰ'। ਸੋ ਦੋਸਤੋ! ਘੜੀ ਮਾਂ ਕੋਲ ਬੈਠ ਕੇ ਵੀ ਆਪਣੇ ਦਿਲ ਦਾ ਕੁੱਝ ਸਾਂਝਾ ਕਰਿਆ ਕਰੋ, ਇਹੀ ਹੈ ਉਸਦਾ ਮਿਹਨਤਾਨਾ ਜੋ ਉਹ ਦਿਲੋਂ ਚਾਹੁੰਦੀ ਹੈ, ਜੇ ਅਸੀਂ ਦੇ ਸਕੀਏ ਤਾਂ ਜ਼ਰੂਰ ਕੋਸ਼ਿਸ਼ ਕਰਕੇ ਦੇਖਣਾ। ਰੱਬ ਰਾਖਾ!

# ਪੰਜਾਬ ਪਾਕਿਸਤਾਨ, ਅੰਮ੍ਰਿਤਸਰ ਸਾਹਿਬ ਦੇ ਨਾਂ



**ਡਾ. ਗ਼ਜ਼ਨਫ਼ਰ**

9230030063

ਅੰਮ੍ਰਿਤਸਰ ਵਿਚ ਸਾਹ ਲੈਣਾ ਔਖਾ। ਆਕਸੀਜਨ ਦੀ ਘਾਟ। ਕੋਰੋਨਾ ਵਾਇਰਸ ਕਰ ਕੇ ਹਸਪਤਾਲਾਂ ਵਿਚ ਅੰਤਾਂ ਦਾ ਰਸ਼। ਹਸਪਤਾਲਾਂ ਨੇ ਨਵੇਂ ਮਰੀਜ਼ ਭਰਤੀ ਕਰਨ ਉੱਪਰ ਲਾਈ ਰੋਕ। ਟੀ ਵੀ ਉਪਰ ਡਰਾ ਦੇਣ ਵਾਲ਼ੀਆਂ ਖ਼ਬਰਾਂ ਸੁਣ ਕੇ ਚੌਧਰੀ ਬਸ਼ੀਰ ਅੰਤਾਂ ਦਾ ਪ੍ਰੇਸ਼ਾਨ ਸੀ। ਟੀ ਵੀ ਬੰਦ ਕਰ ਕੇ ਉਹ ਸੋਫ਼ੇ 'ਤੇ ਹੀ ਲੰਮਾ ਪੈ ਕੇ ਸੋਚਣ ਲੱਗ ਪਿਆ ਬਈ ਕਿੱਸਰਾਂ ਚਾਚੇ ਸੁਰਜੀਤ ਸਿੰਘ ਅਤੇ ਉਹਦੇ ਭਰਾਵਾਂ ਨੇ ਉਹਦੇ ਅੱਬਾ ਜੀ ਹੋਰਾਂ ਨੂੰ ਵੰਡ ਪੈਣ ਪਿੱਛੋਂ ਆਪਣੀ ਹਿਫ਼ਾਜ਼ਤ ਵਿਚ ਅੰਮ੍ਰਿਤਸਰੋਂ ਪਾਕਿਸਤਾਨ ਅਪੜਾਇਆ ਸੀ। ਉਹ ਭਾਵੇਂ ਉਸ ਸਮੇਂ ਦਸਾਂ ਵਰਿਆਂ ਦਾ ਸੀ ਪਰ ਉਹਦੀਆਂ ਅੱਖਾਂ ਅੱਗੇ ਸਭੇ ਮੰਜ਼ਰ ਘੁੰਮ ਰਹੇ ਸਨ। ਅੰਮ੍ਰਿਤਸਰ ਵਿੱਚ ਆਪਣਾ ਬਾਲਪੁਣਾ ਲੰਘਾਣ ਵਾਲ਼ੇ ਚੌਧਰੀ ਬਸ਼ੀਰ ਦੀਆਂ ਅੱਖਾਂ ਵਿਚ ਹੰਝੂਆਂ ਦਾ ਮੀਂਹ ਸੀ। ਮੁਹੱਬਤ ਵਰਗੇ ਸ਼ਹਿਰ ਅੰਮ੍ਰਿਤਸਰ ਸਾਹਿਬ ਵਿਚ ਮੌਤ ਦੇ ਨਾਚ ਬਾਰੇ ਸੁਣ ਕੇ ਉਹਨੇ ਸਾਰੀ ਦਿਹਾੜੀ ਰੋਟੀ ਕੋਈ ਨਾ ਖਾਧੀ। ਉਹਦੀਆਂ ਅੱਖਾਂ ਅੱਗੇ ਅੰਮ੍ਰਿਤਸਰ ਦੀਆਂ ਗਲ਼ੀਆਂ ਆ ਰਹੀਆਂ ਸਨ ਜਿਥੇ ਉਹਨੇ ਆਪਣੇ ਬਾਪੂ ਦੇ ਬੇਲੀ ਚਾਚੇ ਸੁਰਜੀਤ ਸਿੰਘ ਹੋਰਾਂ ਦੀ ਉਂਗਲ਼ ਫੜ ਕੇ ਚੱਲਣਾ ਸਿੱਖਿਆ ਸੀ। ਚਾਚੀ ਹਰਪ੍ਰੀਤ ਦੇ ਹੱਥ ਦੇ ਬਣੇ ਪਰਾਂਠੇ ਅਤੇ ਪੀਲ਼ੀ ਮਲ਼ਾਈ ਵਾਲ਼ਾ ਦੁੱਧ





ਚੇਤੇ ਆ ਰਹੀਆਂ ਸੀ। ਖ਼ੌਰੇ ਏਸ ਮੁਹੱਬਤ ਵਰਗੇ ਸ਼ਹਿਰ ਨੂੰ ਕੇਸ ਦੀ ਨਜ਼ਰ ਲੱਗ ਗਈ। ਉਹ ਅੰਮ੍ਰਿਤਸਰ ਦੇ ਖ਼ਿਆਲਾਂ ਵਿਚ ਡੁੱਬਿਆ ਸੀ ਅਤੇ ਉਹਦੀਆਂ ਅੱਖਾਂ ਹੰਝੂਆਂ ਕਰਕੇ ਗਿੱਲੀਆਂ ਸਨ। ਉਹਨੇ ਆਪਣੇ ਕਮਰੇ ਵਿਚ ਪਏ ਅੱਬਾ ਦੇ ਪੁਰਾਣੇ ਸੰਦੂਕ ਵਿਚੋਂ ਨੀਲੇ ਰੰਗ ਦੀ ਪੱਗ ਕੱਢੀ ਜਿਹੜੀ ਉਹਦੇ ਬਾਪ ਨੂੰ ਸੁਰਜੀਤ ਸਿੰਘ ਨੇ ਵੰਡ ਪਿੱਛੋਂ ਅੰਮ੍ਰਿਤਸਰੋਂ ਨਿਕਲਣ ਲੱਗਿਆਂ ਦਿੱਤੀ ਸੀ, ਉਸ ਪੱਗ ਨੂੰ ਉਹ ਚੁੰਮ ਰਿਹਾ ਸੀ ਤੇ ਨਾਲੇ ਹੀ ਉਹ ਰੱਬ ਕੋਲ਼ੋਂ ਸਭੇ ਮਰੀਜ਼ਾਂ ਦੀ ਸਿਹਤ ਲਈ ਅਰਦਾਸ ਕਰ ਰਿਹਾ ਸੀ।

ਅੰਮ੍ਰਿਤਸਰ ਤੋਂ ਕੁੱਝ ਕਿਲੋਮੀਟਰ ਦੂਰ ਲਹਿੰਦੇ ਪੰਜਾਬ ਵਿਚ ਸਰਹੱਦ ਦੇ ਬਿਲਕੁਲ ਨਾਲ਼ ਉਹਦੀ ਪੰਜਾਹ ਪੈਲ਼ੀਆਂ ਜ਼ਮੀਨ ਸੀ।

ਕਣਕ ਦੀ ਵਾਢੀ ਹੋ ਚੁੱਕੀ ਸੀ। ਪੰਜਾਹ ਪੈਲ਼ੀਆਂ ਦੇ ਮਾਲਿਕ ਚੌਧਰੀ ਬਸ਼ੀਰ ਨੇ ਆਪਣੇ ਤਿੰਨਾਂ ਪੁੱਤਰਾਂ ਨੂੰ ਸੱਦਿਆ ਤੇ ਬਿਠਾ ਕੇ ਆਖਿਆ, 'ਮੈਂ ਆਪਣੀ ਸਾਰੀ ਜ਼ਮੀਨ ਅੰਮ੍ਰਿਤਸਰ ਸਾਹਿਬ ਦੇ ਨਾਂ ਕਰ ਦਿੱਤੀ ਹੈ। ਮੈਂ ਆਪਣੀ ਸਾਰੀ ਜ਼ਮੀਨ ਵੇਚ ਕੇ ਅੰਮ੍ਰਿਤਸਰ ਦੇ ਹਸਪਤਾਲਾਂ ਲਈ ਆਕਸੀਜਨ ਖ਼ਰੀਦਣੀ ਹੈ।' ਚੌਧਰੀ ਬਸ਼ੀਰ ਦੀ ਗੱਲ ਸੁਣ ਕੇ ਉਹਦੇ ਪੁੱਤਰਾਂ ਦੇ ਮੂੰਹ ਉਪਰ ਹੈਰਾਨੀ ਸੀ। ਵੱਡੇ ਪੁੱਤਰ ਨੇ ਹਿੰਮਤ ਕਰ ਕੇ ਪੁੱਛਿਆ, 'ਫ਼ਿਰ ਘਰ ਦਾ ਖ਼ਰਚਾ ਕਿੱਸਰਾਂ ਚਲੇਗਾ ਅੱਬਾ ਜੀ?'

ਆਪਾਂ ਕਾਰਖ਼ਾਨੇ ਵਿਚ ਕੰਮ ਕਰਲਵਾਂਗੇ।' ਮਜ਼ਦੂਰੀ ਕਰ ਲਵਾਂਗੇ। ਪਰ ਅੰਮ੍ਰਿਤਸਰ ਦੇ ਵਾਸੀਆਂ ਲਈ ਹੋਰ ਕੁੱਝ ਨਹੀਂ ਤੇ ਆਕਸੀਜਨ ਦਾ ਪ੍ਰਬੰਧ ਕਰ ਕੇ ਆਪਣੇ ਮਨ ਨੂੰ ਸ਼ਾਂਤੀ ਦੇ ਸਕਾਂਗਾ,' ਚਾਚਾ ਸੁਰਜੀਤ ਅਤੇ ਚਾਚੀ ਹਰਪ੍ਰੀਤ ਦੇ ਟੱਬਰ ਅਤੇ ਉਥੇ ਵਸਣ ਵਾਲੇ ਦੂਜੇ ਅਣਗਿਣਤ ਪਿਆਰੇ ਲੋਕਾਂ ਦੀ ਆਕਸੀਜਨ ਦੀ ਘਾਟ ਪੂਰੀ ਹੋ ਸਕੇ ਦੀ। ਮੁਹੱਬਤ ਵਰਗੇ ਸ਼ਹਿਰ ਵਿਚ ਫ਼ਿਰ ਰੌਣਕਾਂ ਅਤੇ ਪਿਆਰ ਦੇ ਰੰਗ ਖਿਲਰ ਜਾਣਗੇ। ਮੈਂ ਆਪਣੀ ਸਾਰੀ ਜ਼ਮੀਨ ਹਮੇਸ਼ਾ ਲਈ ਅੰਮ੍ਰਿਤਸਰ ਸਾਹਿਬ ਦੇ ਨਾਂ ਕਰਦਾ ਹਾਂ ਤਾਂ ਜੋ ਮੁਹੱਬਤ ਵਰਗੇ ਸ਼ਹਿਰ ਵਿੱਚ ਫਿਰ ਇੱਕ ਵਾਰੀ ਰੰਗਾਂ, ਖ਼ੁਸ਼ੀਆਂ ਤੇ ਖ਼ੁਸ਼ਬੂਆਂ ਦੀ ਮੁਨਿਆਰੀ ਲੱਗ ਸਕੇ।' ਆਪਣੇ ਅਬੇ ਦੀਆਂ ਗੱਲਾਂ ਸੁਣ ਕੇ ਉਹਦੇ ਪੁੱਤਰ ਚੁੱਪ ਕਰ ਗਏ।ਅਗਲੇ ਦਿਨ ਹੀ ਚੌਧਰੀ ਬਸ਼ੀਰ ਨੇ ਪਟਵਾਰੀ ਰਾਹੀਂ ਸਾਰੀ ਜ਼ਮੀਨ ਵੇਚ ਦਿੱਤੀ ਆਕਸੀਜਨ ਦੀ ਚੋਖੀ ਮਾਤਰਾ ਸਿਲੰਡਰਾਂ ਦੀ ਸੂਰਤ ਵਿਚ ਭਾਰਤੀ ਹਾਈ ਕਮਿਸ਼ਨ ਦੀ ਖ਼ੁਸੂਸੀ ਇਜ਼ਾਜ਼ਤ ਮਗਰੋਂ ਵਾਹਗਿਉਂ ਅਟਾਰੀ ਰਾਹੀਂ ਅੰਮ੍ਰਿਤਸਰ ਅੱਪੜ ਚੁੱਕੀ ਸੀ। ਚੌਧਰੀ ਬਸ਼ੀਰ ਤੇ ਉਹਦੇ ਪੁੱਤਰ ਚੋਖੇ ਖ਼ੁਸ਼ ਸਨ, ਕਿਉਂ ਜੋ ਉਹ ਉਨਾਂ ਲੋਕਾਂ ਦੇ ਕੰਮ ਆ ਸਕੇ ਸਨ ਜਿਨਾਂ ਲੋਕਾਂ ਨੇ ਉਨਾਂ ਦੇ ਵਡੇਰਿਆਂ ਨੂੰ ਬੜੀਆਂ ਇੱਜ਼ਤਾਂ ਤੇ ਪਿਆਰ ਦਿੱਤਾ ਸੀ। ਪੰਜਾਹ ਪੈਲ਼ੀਆਂ ਵੇਚਣ ਮਗਰੋਂ ਚੌਧਰੀ ਬਸ਼ੀਰ ਦੇ ਤਿੰਨੋਂ ਪੁੱਤਰ ਉਹਦੇ ਹੁਕਮ ਉੱਪਰ ਲਾਹੌਰ ਅੱਪੜ ਚੁੱਕੇ ਸਨ ਤਾਂ ਜੋ ਉਹ ਕਿਸੇ ਕਾਰਖ਼ਾਨੇ ਵਿਚ ਕੰਮ ਕਰ ਕੇ ਰੋਜ਼ੀ ਰੋਟੀ ਦਾ ਪ੍ਰਬੰਧ ਕਰ ਸਕਣ।

# ਮਹਾਨ ਯੋਧਾ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ

**ਡਾਕਟਰ ਭੁਪਿੰਦਰ ਸਿੰਘ**

ਜੱਸਾ ਸਿੰਘ ਰਾਮਗੜ੍ਹੀਆ ਸਿੱਖ ਕੌਮ ਦਾ ਉਹ ਜਰਨੈਲ ਹੈ, ਜਿਸਨੇ ਸਿੱਖਾਂ ਦੀ ਖਿਲਰੀ ਤਾਕਤ ਨੂੰ ਇਕਮੁੱਠ ਕਰਕੇ ਸਿੱਖ ਕੌਮ ਵਿਚ ਜੋਸ਼ ਭਰ ਕੇ ਪੰਜਾਬ ਤੇ ਦਿੱਲੀ ਦੀ ਧਰਤੀ ’ਤੇ ਖਾਲਸਾਈ ਝੰਡੇ ਝੁਲਾ ਕੇ ਆਪਣੀ ਸਿੱਖ ਰਾਜ ਦੀ ਨੀਂਹ ਸਥਾਪਤ ਕੀਤੀ। ਜੱਸਾ ਸਿੰਘ ਰਾਮਗੜ੍ਹੀਆ ਦੀ ਅਗਵਾਈ ਵਿਚ ਸਿੱਖਾਂ ਨੇ ਜ਼ਾਲਮਾਂ ਨੂੰ ਦਿਨ ਵਿਚ ਤਾਰੇ ਦਿਖਾ ਦਿੱਤੇ। ਪੰਜਾਬ ‘ਤੇ ਹਮਲਾ ਕਰਨ ਵਾਲੇ ਕਹਿੰਦੇ ਕਹਾਉਂਦੇ ਜਰਵਾਣਿਆ ਦੇ ਗਰੂਰ ਨੂੰ ਮਿੱਟੀ ਵਿਚ ਮਿਲਾ ਕੇ ਰੱਖ ਦਿੱਤਾ ਸੀ। ਸਿੱਖ ਕੌਮ ਦੇ ਮਹਾਨ ਜਰਨੈਲ ਅਤੇ ਰਾਮਗੜ੍ਹੀਆ ਮਿਸਲ ਦੇ ਬਾਨੀ ਬਾਬਾ ਜੱਸਾ ਸਿੰਘ ਰਾਮਗੜ੍ਹੀਆ ਦਾ ਜਨਮ 5 ਮਈ 1723 ਈ. ਨੂੰ ਲਾਹੌਰ ਜ਼ਿਲੇ ਦੇ (ਈਚੋਗਿਲ) ਪਿੰਡ ਵਿਚ ਗਿਆਨੀ ਭਗਵਾਨ ਸਿੰਘ ਦੇ ਘਰ ਹੋਇਆ। ਇਸ ਦੇ ਦਾਦਾ ਹਰਦਾਸ ਸਿੰਘ ਨੇ ਗੁਰੂ ਗੋਬਿੰਦ ਸਿੰਘ ਜੀ ਤੋਂ ਅੰਮ੍ਰਿਤ ਦੀ ਦਾਤ ਲਈ ਸੀ ਅਤੇ ਬੰਦਾ ਸਿੰਘ ਬਹਾਦਰ ਦੀਆਂ ਮੁਗ਼ਲਾਂ ਨਾਲ ਹੋਈਆਂ ਲੜਾਈਆਂ ਵਿਚ ਹਿੱਸਾ ਲਿਆ ਸੀ। ਆਪ ਦੇ ਪਿਤਾ ਸ: ਭਗਵਾਨ ਸਿੰਘ ਇਕ ਬਹਾਦਰ ਯੋਧਾ ਹੋਣ ਦੇ ਨਾਲ-ਨਾਲ ਸੰਤ ਸੁਭਾਅ ਵਾਲੇ ਵਿਅਕਤੀ ਸਨ ਅਤੇ ਉਘੇ ਧਾਰਮਿਕ ਪ੍ਰਚਾਰਕ ਵੀ ਸਨ। ਇਸ ਕਰਕੇ ਉਨਾਂ ਨੂੰ ਗਿਆਨੀ ਭਗਵਾਨ ਸਿੰਘ ਆਖਿਆ ਜਾਂਦਾ ਸੀ। ਆਪ 5 ਭਰਾ ਸਨ ਜੱਸਾ ਸਿੰਘ, ਜੈ ਸਿੰਘ, ਖ਼ੁਸ਼ਹਾਲ ਸਿੰਘ, ਮਾਲੀ ਸਿੰਘ ਤੇ ਤਾਰਾ ਸਿੰਘ।

ਭਾਈ ਕਾਨ ਸਿੰਘ ਅਨੁਸਾਰ ਆਪਣੀ ਕੁੜੀ ਨੂੰ ਮਾਰਨ ਦੇ ਦੋਸ਼ ਵਿਚ ਇਸ ਨੂੰ ਪੰਥ ਤੋਂ ਛੇਕਿਆ ਗਿਆ। ਸੰਨ 1745ਈ. ਵਿਚ ਇਸ ਦੇ ਜਲੰਧਰ-ਦੁਆਬ ਦੇ ਫ਼ੌਜਦਾਰ ਅਦੀਨਾਬੇਗ ਪਾਸ ਨੌਕਰੀ ਕਰ ਲੈਣ ’ਤੇ ਪੰਥ ਵਿਚ ਇਸ ਪ੍ਰਤੀ ਗੁੱਸੇ ਦੀ ਲਹਿਰ ਦੌੜ ਗਈ। ਅਕਤੂਬਰ 1748 ਈ. ਵਿਚ ਜਦੋਂ ਦੀਵਾਲੀ ਦੇ ਮੌਕੇ ’ਤੇ ਅੰਮ੍ਰਿਤਸਰ ਵਿਚ ਸਰਬੱਤ ਖ਼ਾਲਸਾ ਜੁੜਿਆ ਤਾਂ ਲਾਹੌਰ ਦੇ ਸੂਬੇਦਾਰ ਮੀਰ ਮੰਨੂ ਨੇ ਸਿੱਖਾਂ ਨੂੰ ਖਦੇੜਨ ਲਈ ਅੰਮ੍ਰਿਤਸਰ ਉਤੇ ਹਮਲਾ ਕਰ ਦਿੱਤਾ। ਬਹੁਤੇ ਸਿੱਖ ਨੇੜਲੇ ਜੰਗਲ ਵੱਲ ਖਿਸਕ ਗਏ, ਪਰ ਲਗਭਗ 500 ਸਿੱਖਾਂ ਨੇ ਨਵੀਂ ਬਣੀ ਰਾਮ ਰੌਣੀ ਨਾਂ ਦੀ ਕੱਚੀ ਗੜ੍ਹੀ ਵਿਚ ਸ਼ਰਣ ਲੈ ਲਈ। ਮੁਗ਼ਲ ਸੈਨਾ ਨੇ ਚਾਰ ਮਹੀਨੇ ਘੇਰਾ ਪਾਈ ਰਖਿਆ, ਜਿਸ ਵਿਚ ਲਗਭਗ ਦੋ ਸੌ ਸਿੰਘ ਸ਼ਹੀਦ ਹੋ ਗਏ। ਬਾਕੀ ਬਚੇ ਅੰਦਰਲਿਆਂ ਸਿੰਘਾਂ ਨੇ ਸ. ਜੱਸਾ ਸਿੰਘ ਨੂੰ ਮਦਦ



ਲਈ ਕਿਹਾ। ਜੱਸਾ ਸਿੰਘ ਨੇ ਅਦੀਨਾਬੇਗ ਦੀ ਨੌਕਰੀ ਛਡ ਕੇ ਦੀਵਾਨ ਕੌੜਾ ਮੱਲ ਰਾਹੀਂ ਗੜ੍ਹੀ ਦਾ ਘੇਰਾ ਹਟਵਾਇਆ ਅਤੇ ਪੰਥ ਤੋਂ ਮਾਫ਼ੀ ਮੰਗੀ। ਨਵੰਬਰ, 1753 ਈ. ਵਿਚ ਮੀਰ ਮੰਨੂ ਦੀ ਮੌਤ ਤੋਂ ਬਾਅਦ ਪੰਜਾਬ ਵਿਚ ਅਰਾਜਕਤਾ ਪਸਰ ਗਈ। ‘ਰਾਮ ਰੌਣੀ’ ਗੜ੍ਹੀ ਨੂੰ ਫਿਰ ਤੋਂ ਉਸਾਰਨ ਦਾ ਕੰਮ ਜੱਸਾ ਸਿੰਘ ਨੂੰ ਸੌਂਪਿਆ ਗਿਆ। ਇਸ ਨੇ ਗੜ੍ਹੀ ਦਾ ਨਿਰਮਾਣ ਕਰਾ ਕੇ ਉਸ ਦਾ ਨਾਂ ‘ਰਾਮਗੜ੍ਹ’ ਰਖਿਆ। ਉਸ ਦਿਨ ਤੋਂ ਇਸ ਨੂੰ ‘ਰਾਮਗੜ੍ਹੀਆ’ ਕਿਹਾ ਜਾਣ ਲਗਾ।

ਜੱਸਾ ਸਿੰਘ ਰਾਮਗੜ੍ਹੀਆ ਨੇ ਪਹਿਲੀ ਲੜਾਈ 14 ਸਾਲ ਦੀ ਉਮਰ ਵਿਚ ਆਪਣੇ ਪਿਤਾ ਭਗਵਾਨ ਸਿੰਘ ਨਾਲ ਨਾਦਰ ਸ਼ਾਹ ਦੇ ਨਾਲ ਲੜੀ। ਇਸ ਲੜਾਈ ਵਿਚ 14 ਸਾਲਾ ਸ. ਜੱਸਾ ਸਿੰਘ ਰਾਮਗੜ੍ਹੀਏ ਨੇ ਯੁੱਧ ਕਲਾ ਦੇ ਉਹ ਜ਼ੌਹਰ ਦਿਖਾਏ, ਜਿਸਨੂੰ ਵੇਖ ਕੇ ਵੱਡੇ-ਵੱਡੇ ਜਰਨੈਲ ਹੈਰਾਨ ਰਹਿ ਗਏ ਪਰ ਇਸ ਲੜਾਈ ਵਿਚ ਉਨਾਂ ਦੇ ਪਿਤਾ ਸ: ਭਗਵਾਨ ਸਿੰਘ ਸ਼ਹੀਦ ਹੋ ਗਏ। ਗਿਆਨੀ ਭਗਵਾਨ ਸਿੰਘ ਦੀ ਕੁਰਬਾਨੀ ਤੇ ਜੱਸਾ ਸਿੰਘ ਦੀ ਬਹਾਦੁਰੀ ਤੋਂ ਖ਼ੁਸ਼ ਹੋ ਕੇ ਜਕਰੀਆ ਖਾਨ ਨੇ ਉਨਾਂ ਦੇ ਪੁੱਤਰ ਜੱਸਾ ਸਿੰਘ ਤੇ ਉਸਦੇ ਭਰਾਵਾਂ ਨੂੰ ਪੰਜ ਪਿੰਡ, ਵੱਲਾ, ਚੱਬਾ, ਤੁੰਗ, ਸੁਲਤਾਨਵਿੰਡ ਤੇ ਵੇਰਕਾ, ਜਗੀਰ ਵਜੋਂ ਦਿੱਤੇ।

ਤਰਨ ਤਾਰਨ ਵਿਖੇ ਸ੍ਰੀ ਗੁਰੂ ਅਰਜਨ ਦੇਵ ਜੀ ਵੇਲੇ ਸਰੋਵਰ ਦੀ ਪਰਿਕਰਮਾ ਨੂੰ ਪੱਕਾ ਕਰਨ ਲਈ ਇੱਟਾਂ ਤਿਆਰ ਕੀਤੀਆਂ ਗਈਆਂ ਸਨ ਪਰ ਇਨਾਂ ਇਟਾਂ ਨੂੰ ਨੂਰਦੀਨ ਦਾ ਪੁੱਤਰ ਅਮੀਰਦੀਨ ਜਬਰਦਸਤੀ ਚੁੱਕ ਕੇ ਲੈ ਗਿਆ ਤੇ ਨੂਰਦੀਨ ਦੀ ਸਰਾਂ ਬਣਵਾਈ। ਉਸ ਵੇਲੇ ਸਿੱਖਾਂ ਨੇ ਜਦ ਗੁਰੂ ਸਾਹਿਬ ਨੂੰ ਸ਼ਿਕਾਇਤ ਕੀਤੀ ਤਾਂ ਗੁਰੂ ਜੀ ਨੇ ਗੁਰਵਾਕ ਕੀਤਾ ਸੀ ਕਿ ਸਮਾਂ ਆਉਣ ’ਤੇ ਇਹ ਇੱਟਾਂ ਮੁੜਕੇ ਇਸ ਸਰੋਵਰ ’ਤੇ ਹੀ ਲਗਣਗੀਆਂ।

ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਨੇ ਨੂਰਦੀਨ ਦੀ ਸਰਾਂ ਢੁਵਾ ਕੇ ਮੁੜ ਸਰੋਵਰ ਦੀ ਪਰਿਕਰਮਾ ਪੱਕੀ ਕਰਵਾ ਕੇ ਗੁਰਵਾਕ ਨੂੰ ਪੂਰਾ ਕੀਤਾ ਸੀ। ਇਸੇ ਤਰਾਂ ਆਪ ਨੇ ਗੁਰਦੁਆਰਾ ਸ੍ਰੀ ਬਾਬਾ ਅਟੱਲ ਸਾਹਿਬ ਦੀ ਉਸਾਰੀ ਸ਼ੁਰੂ ਕੀਤੀ, ਜਿਸ ਨੂੰ ਬਾਅਦ ਵਿਚ ਆਪ ਜੀ ਦੇ ਸਪੁਤੱਰ ਬਾਬਾ ਜੋਧ ਸਿੰਘ ਜੀ ਨੇ ਪੂਰਾ ਕੀਤਾ। ਆਪ ਨੇ ਛੋਟਾ ਘੱਲੂਘਾਰਾ ਤੇ ਵੱਡਾ ਘੱਲੂਘਾਰਾ ਸਮੇਂ ਬਾਕੀ ਸਿੱਖ ਸਰਦਾਰਾਂ ਨਾਲ ਮਿਲਕੇ ਮੁਗਲਾਂ ਦੇ ਉਹ ਦੰਦ ਖੱਟੇ ਕੀਤੇ ਕਿ ਉਹ ਕਈ ਪੁਸ਼ਤਾਂ ਤੱਕ ਯਾਦ ਕਰਦੇ ਰਹੇ ਤੇ ਮੁੜ ਪੰਜਾਬ ਵੱਲ ਮੂੰਹ ਨਾ ਕੀਤਾ। ਆਪ ਜੀ ਦੀ ਬਹਾਦਰੀ ਦੇ ਕਿੱਸੇ ਤਾਂ ਦੁਸ਼ਮਣ ਵੀ ਆਪਣੇ ਇਤਹਾਸ ਵਿਚ ਲਿਖਣਾ ਨਹੀਂ ਭੁੱਲੇ। ਮੁਹਸਿਨ ਫਾਨੀ ਨੇ ਆਪਣੀ ਪੁਸਤਕਜੰਗਨਾਮੇ ਵਿਚ ਲਿਖਿਆ ਹੈ, ‘ਉਹ (ਸ. ਜੱਸਾ ਸਿੰਘ ਕਲਾਲ) ਦੇ ਨਾਲ ਇਕ ਸ. ਜੱਸਾ ਸਿੰਘ ਠੋਕਾ (ਤਰਖਾਣ) ਵੀ ਸੀ ਜੋ ਉਨਾਂ ਕੁੱਤਿਆਂ (ਸਿੱਖਾਂ) ਦੇ ਵਿਚਕਾਰ ਬਿਫਰੇ ਹੋਏ ਸ਼ੇਰ ਵਾਂਗ ਸੀ।

1783 ਨੂੰ ਸਿੱਖ ਫੌਜਾਂ ਨੇ ਦਿੱਲੀ ’ਤੇ ਹਮਲਾ ਕਰ ਦਿੱਤਾ, ਇਕ ਪਾਸਿਉਂ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਆਪਣੀਆਂ ਫੌਜਾਂ ਨਾਲ ਤੇ ਦੂਸਰੇ ਪਾਸੇ ਤੋਂ ਸ: ਜੱਸਾ ਸਿੰਘ ਆਹਲੂਵਾਲੀਆ ਤੇ ਸ: ਬਘੇਲ ਸਿੰਘ ਵੀ ਆਪਣੀਆਂ ਫੌਜਾਂ ਸਮੇਤ ਪਹੁੰਚ ਗਏ। ਸਾਰੀਆਂ ਸਿੱਖ ਫੌਜਾਂ ਨੇ 11 ਮਾਰਚ, 1783 ਨੂੰ ਦਿੱਲੀ ਦੇ ਲਾਲ ਕਿਲੇ ਵਿਚ ਦਾਖਲ ਹੋ ਕੇ ਕਿਲੇ ’ਤੇ ਕਬਜ਼ਾ ਕਰ ਲਿਆ ਅਤੇ ਇਸ ਉਤੇ ਕੇਸਰੀ ਨਿਸ਼ਾਨ ਸਾਹਿਬ ਲਹਿਰਾ ਕੇ ਸਿੱਖਾਂ ਦੀਆਂ ਜਿੱਤਾਂ ਦੇ ਝੰਡੇ ਗੱਡ ਦਿੱਤੇ। ਇਸ ਲਈ ਉਸ ਨੇ ਸਿੱਖਾਂ ਦਾ ਸੁਆਗਤ ਕੀਤਾ ਅਤੇ ਕੀਮਤੀ ਤੋਹਫ਼ੇ ਜੱਸਾ ਸਿੰਘ ਰਾਮਗੜ੍ਹੀਆ ਨੂੰ ਦਿੱਤੇ। ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਨੇ ਮੁਗਲ ਸਾਮਰਾਜ ਦਾ ਤਖਤ ਪੁੱਟ ਕੇ ਗੁਰੂ ਰਾਮਦਾਸ ਜੀ ਦੇ ਸਥਾਨ ’ਤੇ ਸ੍ਰੀ ਅੰਮ੍ਰਿਤਸਰ ਵਿਖੇ ਲਿਆ ਕੇ ਰੱਖ ਦਿੱਤਾ ਸੀ।

ਦਿੱਲੀ ਦੇ ਆਸ-ਪਾਸ ਦੇ ਮੁਸਲਮਾਨ ਨਵਾਬ ਜੱਸਾ ਸਿੰਘ ਰਾਮਗੜ੍ਹੀਆ ਦੀ ਸ਼ਰਨ ਵਿਚ ਆਏ। ਮੇਰਠ ਦੇ ਨਵਾਬ ਨੇ ਜੱਸਾ ਸਿੰਘ ਨੂੰ 10,000 ਰੁਪਏ ਨਜ਼ਰਾਨੇ ਵਿਚ ਦਿੱਤੇ, ਜਿਸ ਦੇ ਇਵਜ਼ ਵਿਚ ਜੱਸਾ ਸਿੰਘ ਨੇ ਉਸ ਦੇ ਇਲਾਕੇ ਉਸ ਨੂੰ ਵਾਪਸ ਦੇ ਦਿੱਤੇ। 1783 ਵਿਚ ਜੱਸਾ ਸਿੰਘ ਆਹਲੂਵਾਲੀਆ ਦੀ ਮੌਤ ਹੋ ਗਈ। ਜੱਸਾ ਸਿੰਘ ਰਾਮਗੜ੍ਹੀਆ ਪੰਜਾਬ ਵਾਪਸ ਆ ਗਿਆ ਅਤੇ ਆਪਣੇ ਖੁਸੇ ਹੋਏ ਇਲਾਕਿਆਂ ’ਤੇ ਦੋਬਾਰਾ ਕਬਜ਼ਾ ਕਰ ਲਿਆ। ਹੁਣ ਜੱਸਾ ਸਿੰਘ ਰਾਮਗੜ੍ਹੀਆ ਨੇ ਸ਼ੁਕਰਚਕੀਆ ਮਿਸਲ ਵੱਲ ਦੋਸਤੀ ਦਾ ਹੱਥ ਵਧਾਇਆ ਤੇ ਦੋਹਾਂ ਨੇ ਮਿਲ ਕੇ ਕਨਈਆ ਮਿਸਲ ਦੀ ਤਾਕਤ ਦਾ ਖ਼ਾਤਮਾ ਕਰ ਦਿੱਤਾ। ਰਾਮਗੜ੍ਹੀਆ ਕੋਲ ਆਪਣੀ ਚੜਤ ਦੇ ਦਿਨਾ ਵਿਚ ਬਾਰੀ ਦੋਆਬ ਵਿਚ ਬਟਾਲਾ, ਕਲਾਨੌਰ, ਦੀਨਾਨਗਰ, ਸ੍ਰੀ ਹਰਗੋਬਿੰਦਪੁਰ, ਸ਼ਾਹਪੁਰ ਕੰਡੀ, ਗੁਰਦਾਸਪੁਰ, ਕਾਦੀਆਂ, ਘੁਮਾਨ, ਮੱਤੇਵਾਲ, ਅਤੇ ਜਲੰਧਰ ਵਿਚ ਉੜਮੁੜ ਟਾਂਡਾ, ਮਿਆਣੀ, ਗੜ੍ਹਦੀਵਾਲ ਅਤੇ ਜ਼ਹੂਰਾ ਸਨ। ਪਹਾੜੀ ਇਲਾਕਿਆਂ ਵਿਚ ਇਸ ਮਿਸਲ ਕੋਲ ਕਾਂਗੜਾ, ਨੂਰਪੁਰ, ਮੰਡੀ ਸਨ ਅਤੇ ਚੰਬਾ ਦਾ ਹਿੰਦੂ ਰਾਜ ਉਸ ਨੂੰ ਨਜ਼ਰਾਨਾ ਪੇਸ਼ ਕਰਦਾ ਸੀ। 80 ਸਾਲ ਦੀ ਉਮਰ ਵਿਚ ਜੱਸਾ ਸਿੰਘ ਰਾਮਗੜ੍ਹੀਆ ਦਾ 1803 ਵਿਚ ਦੇਹਾਂਤ ਹੋ ਗਿਆ।

HOTHI FREIGHTLINES
HOTHI FREIGHTLINES
ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।
• California to Michigan, New Jersey Florida & Texas • Dedicated Load (ਪੱਕੇ ਲੋਡ)


○ ਪੈਸਿਆਂ ਦਾ ਭੁਗਤਾਨ ਆਪ ਸਾਨੂੰ ਲੋਡ ਡਲਿਵਰ ਕਰਕੇ ਪੇਪਰ ਦਿਉ ਅਤੇ ਆਪਣੇ ਪੈਸੇ ਲਉ।
○ ਸਾਡੇ ਡਿਸਪੈਚਰ ਪੰਜਾਬੀ ਅਤੇ ਇੰਗਲਿਸ਼ ਬੋਲਦੇ ਹਨ।
ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ
ਗੁਰਜੀਤ ਸਿੰਘ ਹੋਠੀ (408) 332-9355
248 South Hillview Dr Milpitas CA 95035

# ਬੇਅਦਬੀ ਮਸਲੇ ਸੰਬੰਧੀ ਕੈਪਟਨ ਦੇ ਦਾਅਵੇ ਫੋਕੇ ਸਾਬਿਤ ਹੋਏ

## ✪ ਹਾਈਕੋਰਟ ਦਾ ਫੈਸਲਾ, ਛੇ ਸਾਲਾਂ ਦੀ ਜਾਂਚ ਵਿਚ ਗਹਿਰੀਆਂ ਕਮੀਆਂ ਨੂੰ ਜਾਹਰ ਕੀਤਾ ✪ ਅਦਾਲਤੀ ਫੈਸਲੇ ਨੇ ਬੇਅਦਬੀ ਦੇ ਵਿਰੋਧ ਵਿਚ ਇਕੱਠੇ ਹੋਏ ਸਿੱਖਾਂ ਉੱਪਰ ਪੁਲਿਸ ਦੁਆਰਾ ਬੇਲੋੜੀ ਗੋਲੀ ਚਲਾਉਣ ਦੇ ਬਿਰਤਾਂਤ ਦੀ ਬਜਾਏ ਪੁਲਿਸ ਦੁਆਰਾ ਗੋਲੀ ਚਲਾਏ ਜਾਣ ਦੇ ਕਾਰਨਾਂ ਦਾ ਪੱਖ ਲਿਆ



ਰਣਜੀਤ ਸਿੰਘ ਕੁਕੀ

ਪੰਜਾਬ ਦੇ ਸੱਤਾਧਾਰੀ ਮੁੱਖ ਮੰਤਰੀ, ਜੋ ਕਿ ਇਸ ਸਮੇਂ ਕਾਂਗਰਸ ਸਰਕਾਰ ਦੀ ਅਗਵਾਈ ਕਰ ਰਹੇ ਹਨ, ਨੇ ਸੱਤਾ ਸੰਭਾਲਣ ਸਮੇਂ ਵੱਡੇ-ਵੱਡੇ ਦਾਅਵੇ ਕੀਤੇ ਕਿ ਉਹ ਦੂਜਿਆਂ ਤੋਂ ਵੱਖਰੇ ਨੇਤਾ ਹਨ ਅਤੇ ਆਮ ਸੰਭਾਵਨਾਵਾਂ ਤੋਂ ਪਾਰ ਜਾ ਕੇ ਕਾਰਵਾਈ ਕਰਨ ਦੀ ਸਮਰੱਥਾ ਰੱਖਦੇ ਹਨ ਅਤੇ ਪੰਜਾਬ ਦੇ ਲੋਕਾਂ, ਖਾਸ ਕਰਕੇ ਸਿੱਖਾਂ, ਲਈ ਕੋਈ ਵੱਡਾ ਬਦਲਾਅ ਲਿਆ ਸਕਦੇ ਹਨ।ਪਰ ਉਨਾਂ ਦੇ ਇਹ ਦਾਅਵੇ ਬਿਲਕੁਲ ਫੋਕੇ ਸਾਬਿਤ ਹੋਏ ਹਨ। ਜਿੱਥੋਂ ਤੱਕ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨਾਲ ਸਬੰਧਤ ਅਤਿ ਸੰਵੇਦਨਸ਼ੀਲ ਮੁੱਦੇ ਦਾ ਸਬੰਧ ਹੈ ਤਾਂ ਉਨਾਂ ਦੇ ਇਹ ਫੋਕੇ ਦਾਅਵੇ ਜੱਗ-ਜਾਹਿਰ ਹੋ ਗਏ ਹਨ।ਵਿਧਾਨ ਸਭਾ ਵਿਚ ਵੀ ਬਹੁਤ ਜੋਸ਼ ਨਾਲ ਇਹ ਦਾਅਵਾ ਕੀਤਾ ਕਿ ਬੇਅਦਬੀ ਦਾ ਮੁੱਦਾ ਬਹੁਤ ਹੀ ਮਹੱਤਵਪੂਰਨ ਮੁੱਦਾ ਹੈ ਅਤੇ ਉਸ ਦਾ ਕਰਤੱਵ ਬੇਅਦਬੀ ਅਤੇ ਗੋਲੀ ਕਾਂਡ ਨਾਲ ਸੰਬੰਧਿਤ ਘਟਨਾਵਾਂ ਦੇ ਦੋਸ਼ੀਆਂ ਨੂੰ ਸਜ਼ਾ ਦੁਆਉਣਾ ਹੈ।ਚਾਰ ਸਾਲ ਸੱਤਾ ਵਿਚ ਰਹਿਣ ਤੋਂ ਬਾਅਦ ਅਤੇ ਅਗਲੀਆਂ ਵਿਧਾਨ ਸਭਾ ਚੋਣਾਂ ਕੁਝ ਕੁ ਮਹੀਨੇ ਦੂਰ ਹੋਣ ਸਮੇਂ ਮੌਜੂਦਾ ਸੱਤਾਧਾਰੀ ਧਿਰ ਦਾ ਰਵੱਈਆ ਉਸ ਦੇ ਖੋਖਲੇਪਣ, ਦੂਰ-ਅੰਦੇਸ਼ੀ ਦੀ ਘਾਟ, ਮਾੜੇ ਸੰਚਾਰ ਕੌਸ਼ਲ, ਤਾਲਮੇਲ ਦੀ ਕਮੀ ਅਤੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਇਸ ਤੋਂ ਬਾਅਦ ਹੋਈਆਂ ਘਟਨਾਵਾਂ ਦੇ ਸਬੰਧ ਵਿਚ ਨਿਸ਼ਠਾ ਦੀ ਘਾਟ ਨੂੰ ਦਿਖਾਉਂਦਾ ਹੈ।

ਇਹੀ ਨਜ਼ਰੀਆ ਇਕ ਪੁਲਿਸ ਅਫਸਰ ਦੁਆਰਾ ਪਾਈ ਰਿੱਟ ਦੇ ਜਵਾਬ ਵਿਚ ਉੱਚ ਅਦਾਲਤ ਦੇ ਫੈਸਲੇ ਵਿਚੋਂ ਵੀ ਸਾਬਿਤ ਹੁੰਦਾ ਹੈ ਜਿਸ ਨੂੰ ਜਾਂਚ ਟੀਮ ਨੇ ਵਾਅਦਾ ਮੁਆਫ ਗਵਾਹ ਵਜੋਂ ਪੇਸ਼ ਕੀਤਾ।ਇਕਹਿਰੇ ਜੱਜ ਵਾਲਾ ਉੱਚ ਅਦਾਲਤ ਦਾ ਫੈਸਲਾ ਛੇ ਸਾਲਾਂ ਦੀ ਜਾਂਚ ਵਿਚ ਗਹਿਰੀਆਂ ਕਮੀਆਂ ਨੂੰ ਜਾਹਰ ਕਰਦਾ ਹੈ ਜਿਸ ਵਿਚੋਂ ਚਾਰ ਸਾਲ ਤਾਂ ਮੌਜੂਦਾ ਮੁੱਖ ਮੰਤਰੀ ਦੇ ਕਾਰਜਕਾਲ ਸਮੇਂ ਹੀ ਬੀਤੇ ਹਨ।ਉੱਚ ਅਦਾਲਤ ਨੇ ਆਪਣੇ ਫੈਸਲੇ ਵਿਚ ਸਾਰੀ ਜਾਂਚ ਨੂੰ ਕਾਲਪਨਿਕ ਕਿਹਾ ਹੈ ਜਿਸ ਉੱਪਰ ਗਹਿਰਾ ਸਿਆਸੀ ਰੰਗ ਚੜਿਆ ਹੋਇਆ ਹੈ ਅਤੇ ਇਸ ਨੂੰ ਸਾਬਿਤ ਕਰਨ ਲਈ ਲੋੜੀਂਦੇ ਕਾਨੂੰਨੀ ਸਬੂਤਾਂ ਦੀ ਕਮੀ ਹੈ ਜੋ ਕਿ ਜਾਂਚ ਅਧਿਕਾਰੀ ਦੇ ਦਾਅਵਿਆਂ ਨੂੰ ਪਰਿਪੱਕ ਕਰਦੇ ਹੋਣ। ਉੱਚ ਅਦਾਲਤ ਦਾ ਫੈਸਲਾ ਜਾਂਚ ਦੇ ਢੰਗਾਂ ਅਤੇ ਉੱਚ ਜਾਂਚ ਅਧਿਕਾਰੀ ਦੇ ਰਵੱਈਏ ਸੰਬੰਧੀ ਵੀ ਨਿਰਾਸ਼ਾਜਨਕ ਤਸਵੀਰ ਪੇਸ਼ ਕਰਦਾ ਹੈ ਜਿਸ ਨੂੰ ਕੁਝ ਸਿੱਖ ਜੱਥੇਬੰਦੀਆਂ ਦੁਆਰਾ ਹੀਰੋ ਬਣਾ ਕੇ ਪੇਸ਼ ਕੀਤਾ ਜਾ ਰਿਹਾ ਹੈ। ਇਹ ਉਹ ਹੀ ਜਥੇਬੰਦੀਆਂ ਹਨ ਜਿਨਾਂ ਨੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਇਸ ਤੋਂ ਬਾਅਦ ਵਾਪਰੀਆਂ ਘਟਨਾਵਾਂ ਨੂੰ ਲੈ ਕੇ ਸਿੱਖਾਂ ਦੇ ਜਜ਼ਬਾਤਾਂ ਅਤੇ ਭਾਵਨਾਵਾਂ ਨਾਲ ਖੇਡਿਆ।

ਹਾਲਾਂਕਿ ਉੱਚ ਅਦਾਲਤ ਦੇ ਸਾਹਮਣੇ ਕੋਟਕਪੁਰਾ ਗੋਲੀ ਕਾਂਡ ਨਾਲ ਸੰਬੰਧਿਤ ਮਾਮਲਾ ਹੀ ਸੀ, ਪਰ ਇਸ ਦਾ ਅਸਰ ਵਿਆਪਕ ਪੱਧਰ ’ਤੇ ਦੇਖਣ ਨੂੰ ਮਿਲ ਸਕਦਾ ਹੈ।ਉੱਚ ਅਦਾਲਤ ਦੇ ਫੈਸਲੇ ਵਿਚ ਸਾਬਕਾ ਅਕਾਲੀ ਸਰਕਾਰ ਨਾਲ ਸਬੰਧਤ ਸੱਤਾਧਾਰੀਆਂ ਨੂੰ ਦੋਸ਼ਮੁਕਤ ਘੋਸ਼ਿਤ ਕਰ ਦਿੱਤਾ ਗਿਆ ਹੈ ਪਰ ਇਸ ਦੇ ਨਾਲ ਹੀ ਜਾਂਚ ਦੀ ਨਿਰਪੱਖਤਾ ਉੱਪਰ ਵੀ ਗਹਿਰੇ ਸੁਆਲ ਉਠਾਏ ਹਨ ਅਤੇ ਇਸ ਨੂੰ ਰਾਜਨੀਤੀ ਤੋਂ ਪ੍ਰੇਰਿਤ ਦੱਸਿਆ ਹੈ।ਉੱਚ ਅਦਾਲਤ ਦੇ ਜੱਜ ਨੇ ਆਪਣੇ ਅਖ਼ਤਿਆਰ ਖੇਤਰ ਤੋਂ ਬਾਹਰ ਜਾ ਕੇ ਹੇਠਲੀ ਅਦਾਲਤ (ਟਰਾਇਲ ਕੋਰਟ) ਦੇ ਰੂਪ ਵਾਲਾ ਫੈਸਲਾ ਲਿਆ ਹੈ।ਇਸ ਫੈਸਲੇ ਨੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਵਿਰੋਧ ਵਿਚ ਇਕੱਠੇ ਹੋਏ ਸਿੱਖਾਂ ਉੱਪਰ ਪੁਲਿਸ ਦੁਆਰਾ ਬੇਲੋੜੀ ਗੋਲੀ ਚਲਾਉਣ ਦੇ ਬਿਰਤਾਂਤ ਦੀ ਬਜਾਏ ਪੁਲਿਸ ਦੁਆਰਾ ਗੋਲੀ ਚਲਾਏ ਜਾਣ ਦੇ ਕਾਰਨਾਂ ਦੇ ਬਿਰਤਾਂਤ ਦਾ ਪੱਖ ਲਿਆ।ਇਸ ਫੈਸਲੇ ਰਾਹੀਂ ਇਹ ਕਿਹਾ ਗਿਆ ਕਿ ਪੁਲਿਸ ਦੇ ਬਿਰਤਾਂਤ ਨੂੰ ਮਹੱਤਤਾ ਦਿੱਤੀ ਜਾਣੀ ਚਾਹੀਦੀ ਹੈ, ਨਾ ਕਿ ਆਮ ਬਿਰਤਾਂਤ ਨੂੰ ਜੋ ਕਿ ਅਸਲ ਵਿਚ ਉਸ ਸਮੇਂ ਦੀ ਸੱਤਾਧਾਰੀ ਧਿਰ ਦੇ ਸ਼ਾਸਨ ਉੱਪਰ ਸੁਆਲ ਉਠਾਉਂਦਾ ਹੈ।ਇੱਥੋਂ ਤੱਕ ਕਿ ਡੇਰਾ ਮੁਖੀ ਨਾਲ ਕਿਸੇ ਵੀ ਤਰਾਂ ਦੇ ਸਬੰਧਾਂ ਵਾਲੇ ਪੱਖ ਨੂੰ ਇਸ ਵਿਚੋਂ ਪੂਰੀ ਤਰਾਂ ਖਾਰਿਜ ਹੀ ਕਰ ਦਿੱਤਾ ਗਿਆ ਜਿੱਥੋਂ ਕਿ ਅਸਲ ਵਿਚ ਬੇਅਦਬੀ ਵਾਲੀ ਘਟਨਾ ਦਾ ਮੁੱਢ ਬੱਝਿਆ ਸੀ।ਆਪਣੇ ਕਰੜੇ ਫੈਸਲੇ ਵਿਚ ਉੱਚ ਅਦਾਲਤ ਦੇ ਜੱਜ ਨੇ ਰੋਮਨ ਸਾਮਰਾਜ





ਦਾ ਸੰਦਰਭ ਵੀ ਪੇਸ਼ ਕੀਤਾ ਅਤੇ ਕਿਹਾ ਕਿ ਸਾਬਕਾ ਮੁੱਖ ਮੰਤਰੀ ਅਤਿ-ਸੰਵੇਦਨਸ਼ੀਲ ਮੁੱਦੇ ਨਾਲ ਨਜਿੱਠਣ ਸਮੇਂ ਨੀਰੋ ਵਾਂਗ ਬੰਸਰੀ ਨਹੀਂ ਸੀ ਵਜਾ ਰਿਹਾ ਸਗੋਂ ਉਹ ਨਿਸ਼ਠਾ ਨਾਲ ਆਪਣਾ ਕਰਤੱਵ ਨਿਭਾ ਰਿਹਾ ਸੀ।ਉੱਚ ਅਦਾਲਤ ਦੇ ਫੈਸਲੇ ਵਿਚ ਬੇਅਦਬੀ ਵਰਗੀ ਅਤਿ ਦੁਖਦ ਘਟਨਾ ਅਤੇ ਇਸ ਨਾਲ ਸਬੰਧਤ ਘਟਨਾਵਾਂ, ਖਾਸ ਕਰਕੇ ਵਿਰੋਧ ਕਰ ਰਹੇ ਸਿੱਖਾਂ ਉੱਪਰ ਪੁਲਿਸ ਦੁਆਰਾ ਗੋਲੀਬਾਰੀ ਕਰਨਾ, ਨੂੰ ਆਮ ਅਪਰਾਧਿਕ ਘਟਨਾਵਾਂ ਕਿਹਾ ਹੈ। ਇਸ ਵਿਚ ਇਹ ਵੀ ਜੋੜਿਆ ਗਿਆ ਕਿ ਇਹ ਤਾਂ ਵਿਰੋਧ ਕਰ ਰਹੇ ਸਿੱਖਾਂ ਦੁਆਰਾ ਪੁਲਿਸ ਨੂੰ ਦਲਦਲ ਵਿਚ ਫਸਾਉਣ ਦਾ ਹੀ ਇਕ ਜ਼ਰੀਆ ਸੀ।ਉੱਚ ਅਦਾਲਤ ਦੇ ਫੈਸਲੇ ਵਿਚ ਸਾਰਾ ਧਿਆਨ ਜਾਂਚ ਅਧਿਕਾਰੀ ਉੱਪਰ ਹੀ ਕੇਂਦਰਿਤ ਰਿਹਾ ਜਿਸ ਵਿਚ ਉਸ ਉੱਪਰ ਆਪਣੇ ਰਾਜਨੀਤਿਕ ਹਿੱਤਾਂ ਨੂੰ ਸੁਰੱਖਿਅਤ ਰੱਖਣ ਅਤੇ ਉਸ ਸਮੇਂ ਦੀ ਸੱਤਾਧਾਰੀ ਧਿਰ ਦਾ ਸਾਥ ਲੈਣ ਦੀ ਨੀਅਤ ਨਾਲ ਸਬੂਤਾਂ ਨਾਲ ਛੇੜਛਾੜ ਕਰਨ ਦਾ ਦੋਸ਼ ਆਇਤ ਕੀਤਾ ਗਿਆ ਹੈ।ਜਾਂਚ ਅਧਿਕਾਰੀ ਨੇ ਇਸ ਫੈਸਲੇ ਤੋਂ ਬਾਅਦ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਅਤੇ ਉਹ ਆਪਣੇ ਆਪ ਨੂੰ ਰਾਜਨੀਤਿਕ ਸੱਤਾ ਦੀ ਖੇਡ ਦੇ ਸ਼ਿਕਾਰ ਵਜੋਂ ਪੇਸ਼ ਕਰ ਰਿਹਾ ਹੈ।ਪੰਜਾਬ ਦੇ ਸੱਤਾ ਗਲਿਆਰਿਆਂ ਵਿਚ 2015 ਵਿਚ ਹੋਈ ਬੇਅਦਬੀ ਦੀ ਘਟਨਾ ਅਜੇ ਵੀ ਰਾਜਨੀਤਿਕ ਰੰਜਿਸ਼ ਵਾਂਗ ਮੌਜੂਦ ਹੈ ਅਤੇ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿਚ ਇਹ ਮਹੱਤਵਪੂਰਨ ਮੁੱਦਾ ਬਣ ਕੇ ਉੱਭਰੇਗੀ।

ਉੱਚ ਅਦਾਲਤ ਦੇ ਫੈਸਲੇ ਵਿਚ ਇਹ ਵੀ ਕਿਹਾ ਗਿਆ ਕਿ ਜਾਂਚ ਜਨਤਕ ਰਾਏ ਤੋਂ ਵੀ ਪ੍ਰਭਾਵਿਤ ਹੈ, ਇੱਥੇ ਜਨਤਕ ਰਾਏ ਦਾ ਭਾਵ ਸਿੱਖਾਂ ਤੋਂ ਹੈ ਅਤੇ ਇਹ ਕਾਨੂੰਨ ਦਾ ਬਦਲ ਨਹੀਂ ਹੋ ਸਕਦਾ।ਹਾਲਾਂਕਿ ਰਾਮ ਮੰਦਿਰ ਨਾਲ ਸਬੰਧਤ ਕੇਸ ਦਾ ਮਹੱਤਵਪੂਰਨ ਫੈਸਲਾ ਦਿੰਦੇ ਹੋਏ ਸਰਵ-ਉੱਚ ਅਦਾਲਤ ਨੇ ਇਹ ਕਿਹਾ ਸੀ ਕਿ ਬਹੁ-ਗਿਣਤੀ ਨਾਲ ਸਬੰਧਤ ਜਨਤਕ ਰਾਏ ਨੂੰ ਅਣਗੌਲਿਆ ਨਹੀਂ ਕੀਤਾ ਜਾ ਸਕਦਾ। ਮਜਬੂਤ ਅਨੁਮਾਨਾਂ ਰਾਹੀਂ ਆਪਣੇ ਫੈਸਲਾ ਸੁਣਾਉਂਦੇ ਹੋਏ ਉੱਚ-ਅਦਾਲਤ ਨੇ ਕਿਹਾ ਕਿ ਪੁਲਿਸ ਨੂੰ ਸਖਤ ਕਦਮ ਚੁੱਕ ਕੇ ਕਿਸੇ ਵੀ ਜਲੂਸ ਨੂੰ ਰੋਕਣ ਦਾ ਪੂਰਾ ਅਧਿਕਾਰ ਹੈ। ਇਹ ਸਿੱਧੇ-ਸਿੱਧੇ ਇਸ ਗੱਲ ਵੱਲ ਇਸ਼ਾਰਾ ਕਰਦਾ ਹੈ ਕਿ ਬੇਅਦਬੀ ਨਾਲ ਸਬੰਧਤ ਘਟਨਾਵਾਂ ਸਮੇਂ ਹੋਈ ਗੋਲੀਬਾਰੀ ਵਿਚ ਪੁਲਿਸ ਨੂੰ ਦੋਸ਼ਮੁਕਤ ਕਹਿ ਦਿੱਤਾ ਗਿਆ ਹੈ।

ਉੱਚ ਅਦਾਲਤ ਦੇ ਫੈਸਲੇ ਵਿਚ ਮੌਜੂਦਾ ਮੁੱਖ ਮੰਤਰੀ ਨੂੰ ਇਕ ਹੋਰ ਜਾਂਚ ਟੀਮ ਬਣਾਉਣ ਅਤੇ ਮੈਜਿਸਟ੍ਰੇਟ ਨੂੰ ਰਿਪੋਰਟ ਪੇਸ਼ ਕਰਨ ਦੀ ਹਦਾਇਤ ਦਿੱਤੀ ਗਈ ਹੈ।ਨਵੀਂ ਜਾਂਚ ਟੀਮ ਅਜੇ ਗਠਿਤ ਕੀਤੀ ਜਾਣੀ ਹੈ ਜੋ ਕਿ ਪਿਛਲੇ 1 ਜੂਨ 2015 ਤੋਂ ਲੈ ਕੇ, ਜਦੋਂ ਬੁਰਜ ਜਵਾਹਰ ਸਿੰਘ ਵਾਲਾ ਪਿੰਡ ਵਿਚੋਂ ਬੀੜ ਚੋਰੀ ਹੋਈ ਸੀ, ਛੇ ਸਾਲਾਂ ਵਿਚ ਪੰਜਵੀਂ ਜਾਂਚ ਟੀਮ ਹੋਵੇਗੀ।ਉੱਚ ਅਦਾਲਤ ਦੇ ਫੈਸਲੇ ਵਿਚ ਗੋਲੀਬਾਰੀ ਨਾਲ ਸਬੰਧਤ ਸਾਰੀ ਜਾਂਚ ਨੂੰ ਮਨਸੂਖ਼ ਕਰਨ ਨੇ ਬੇਅਦਬੀ ਨਾਲ ਸਬੰਧਤ ਮੁੱਖ ਘਟਨਾਵਾਂ ਅਤੇ ਬਹਿਬਲ ਕਲਾਂ ਗੋਲੀ ਕਾਂਡ ਦੀ ਜਾਂਚ ਉੱਪਰ ਇਕ ਤਰਾਂ ਨਾਲ ਪਹਿਲਾਂ ਹੀ ਪ੍ਰਤਿਬੰਧ ਲਗਾ ਦਿੱਤਾ ਹੈ।ਉੱਚ ਅਦਾਲਤ ਦੇ ਫੈਸਲੇ ਨੇ ਜਾਂਚ ਅਤੇ ਜਾਂਚ ਅਧਿਕਾਰੀ ਦੀ ਮਹੱਤਤਾ ਨੂੰ ਘਟਾ ਦਿੱਤਾ ਹੈ।ਇਸ ਨੇ ਪੰਜਾਬ ਦੇ ਮੌਜੂਦਾ ਰਾਜਸ਼ਾਹੀ ਮੁੱਖ ਮੰਤਰੀ ਦੁਆਰਾ ਸੱਤਾ ਵਿਚ ਆਉਣ ਤੋਂ ਪਹਿਲਾਂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਦੋਸ਼ੀਆਂ ਨੂੰ ਸਜਾ ਦੁਆਉਣ ਦੇ ਦਾਅਵਿਆਂ ਦੀ ਵੀ ਪੋਲ ਖੋਲ ਦਿੱਤੀ ਹੈ।ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨੂੰ ਆਪਣੇ ਰਾਜਨੀਤਿਕ ਹਿੱਤਾਂ ਲਈ ਵਰਤਣ ਨੇ 2017 ਦੀਆਂ ਵਿਧਾਨ ਸਭਾ ਚੋਣਾਂ ਵਿਚ ਵੀ ਮਹੱਤਵਪੂਰਨ ਭੂਮਿਕਾ ਅਦਾ ਕੀਤੀ ਸੀ।ਇਸ ਤਰਾਂ ਦੀ ਦੁਖਦਾਈ ਘਟਨਾ ਨੂੰ ਰਾਜਨੀਤਿਕ ਹਿੱਤਾਂ ਲਈ ਵਰਤਣ ਨੇ ਸਿੱਖਾਂ ਦੀਆਂ ਭਾਵਨਾਵਾਂ ਦਾ ਕਤਲ ਕੀਤਾ। ਇਹ ਉਸ ਸਮੇਂ ਦੀ ਪ੍ਰਮੁੱਖ ਰਾਜਨੀਤਿਕ ਪਾਰਟੀ ਅਕਾਲੀ ਦਲ ਲਈ ਦਲਦਲ ਸਾਬਿਤ ਹੋਇਆ ਕਿਉਂਕਿ ਇਹ ਘਟਨਾ ਉਨਾਂ ਦੇ ਸ਼ਾਸ਼ਨ ਵਿਚ ਹੋਈ ਸੀ ਜਿਸ ਨੂੰ ਗੰਭੀਰਤਾ ਨਾਲ ਨਹੀਂ ਲਿਆ ਗਿਆ।ਇੱਥੋਂ ਤੱਕ ਕਿ ਅਕਾਲੀ ਦਲ ਨੇ ਇਸ ਵਿਚ ਵਿਦੇਸ਼ੀ ਹੱਥ ਹੋਣ ਦੇ ਆਸ਼ੰਕੇ ਵੀ ਪ੍ਰਗਟ ਕੀਤੇ।ਅਕਾਲੀ ਦਲ ਦੀ ਲੀਡਰਸ਼ਿਪ ਦੁਆਰਾ ਉੱਚ ਅਦਾਲਤ ਦੇ ਫੈਸਲੇ ਵਿਚ ਜਾਂਚ ਨੂੰ ਮਨਸੂਖ਼ ਕਰਨ ਨੂੰ ਲੈ ਕੇ ਪ੍ਰਸੰਨਤਾ ਜਾਹਰ ਕਰਨਾ ਵੀ ਮਹਿਜ਼ ਭਰਮ ਅਤੇ ਸੌੜੀ ਸੋਚ ਹੀ ਹੈ ਕਿਉਂਕਿ ਇਸ ਫੈਸਲੇ ਰਾਹੀਂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਉਸ ਦੀਆਂ ਬਾਅਦ ਦੀਆਂ ਘਟਨਾਵਾਂ ਵਿਚ ਉਨਾਂ ਦੇ ਰੋਲ ਅਤੇ ਪ੍ਰਸ਼ਾਸਨ ਦੀ ਅਸਫਲਤਾ ਤੋਂ ਛੁਟਕਾਰਾ ਨਹੀਂ ਮਿਲ ਸਕਦਾ। ਸਿੱਖਾਂ ਦਾ ਇਕ ਵੱਡਾ ਹਿੱਸਾ ਉੱਚ ਅਦਾਲਤ ਦੇ ਫੈਸਲੇ ਤੋਂ ਬਾਅਦ ਅਕਾਲੀ ਦਲ ਦੀ ਪ੍ਰਸੰਨਤਾ ਪ੍ਰਤੀ ਨਾ ਤਾਂ ਨਿਸ਼ਚਿੰਤ ਹੈ ਅਤੇ ਨਾ ਹੀ ਉਨਾਂ ਨੂੰ ਕੋਈ ਰਾਹਤ ਮਹਿਸੂਸ ਹੋਈ ਹੈ।ਬੇਅਦਬੀ ਦੀ ਘਟਨਾ ਸਮੇਂ ਅਤੇ ਹੁਣ ਉੱਚ ਅਦਾਲਤ ਦੇ ਫੈਸਲੇ ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਜੱਥੇਦਾਰਾਂ ਦੀ ਚੁੱਪੀ ਨੇ ਉਨਾਂ ਦੇ ਰੁਤਬੇ ਨੂੰ ਘਟਾਇਆ ਹੀ ਹੈ।ਇਸ ਦੇ ਨਾਲ ਹੀ ਬੇਅਦਬੀ ਦੀਆਂ ਘਟਨਾਵਾਂ ਸਮੇਂ ਡੇਰਾ ਮੁਖ਼ੀ ਨੂੰ ਮੁਆਫੀ ਦਿੱਤੇ ਜਾਣ ਨੂੰ ਉਭਾਰਨਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਚਾਰ-ਵਿਹਾਰ ਉੱਪਰ ਸੁਆਲ ਖੜੇ ਕਰਦਾ ਹੈ। ਭਾਰਤ ਦੀ ਉੱਚ ਅਦਾਲਤ ਨੇ ਆਪਣੇ ਇਕ ਮਹੱਤਵਪੂਰਨ ਫੈਸਲੇ ਵਿਚ ਧਰਮ ਨੂੰ ‘ਵਿਸ਼ਵਾਸ ਅਤੇ ਮਨੁੱਖੀ ਭਾਵਨਾ ਨਾਲ ਸੰਬੰਧਿਤ ਸਿਧਾਂਤ ਜਿਸਦਾ ਸੰਸਕਾਰਾਂ ਅਤੇ ਪੂਜਾ ਦੇ ਰੂਪ ਵਿਚ ਇਜ਼ਹਾਰ ਕੀਤਾ ਜਾਂਦਾ ਹੈ’ ਵਜੋਂ ਪ੍ਰਭਾਸ਼ਿਤ ਕੀਤਾ ਹੈ। ਸਿੱਖ ਗੁਰੂਆਂ ਨੇ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਦੀ ਉਪਾਧੀ ਦਿੱਤੀ ਹੈ।ਇਸ ਦੀ ਬੇਅਦਬੀ ਦੇ ਮੁੱਦੇ ਨੇ ਸਿੱਖਾਂ ਵਿਚ ਗਹਿਰਾ ਰੋਸ ਪੈਦਾ ਕਰ ਦਿੱਤਾ ਜੋ ਅਜੇ ਵੀ ਲੋਕਾਂ ਵਿਚ ਮੌਜੂਦ ਹੈ।ਇਸ ਨਾਲ ਸਬੰਧਤ ਜਾਂਚ ਨੂੰ ਮਨਸੂਖ਼ ਕਰਨਾ ਜ਼ਿੰਮੇਵਾਰੀ ਅਤੇ ਜਵਾਬਦੇਹੀ ਦੀ ਘਾਟ ਨੂੰ ਦਰਸਾਉਂਦਾ ਹੈ ਅਤੇ ਇਸ ਨਾਲ ਮੁੱਖ ਮੰਤਰੀ ਦੀ ਮਹਿਮਾ ਵੀ ਘਟੀ ਹੈ ਜਿਸ ਨੇ ਬਹੁਤ ਜੋਸ਼ ਨਾਲ ਇਸ ਪ੍ਰਤੀ ਕਾਰਵਾਈ ਕਰਨ ਦਾ ਭਰੋਸਾ ਦੁਆਇਆ ਸੀ ਅਤੇ ਇਸ ਨੂੰ ਆਪਣੇ ਰਾਜਨੀਤਿਕ ਹਿੱਤਾਂ ਲਈ ਵਰਤਿਆ ਵੀ। ਮੌਜੂਦਾ ਸਥਾਪਤੀ ਦੇ ਅੰਦਰੋਂ ਵੀ ਸਰਕਾਰ ਦੀ ਕਾਰਗੁਜ਼ਾਰੀ ਨੂੰ ਲੈ ਕੇ ਵਿਰੋਧ ਅਤੇ ਸਰੋਕਾਰ ਦੀਆਂ ਅਵਾਜ਼ਾਂ ਉੱਠਦੀਆਂ ਰਹੀਆਂ ਹਨ, ਪਰ 2018 ਵਿਚ ਵਿਧਾਨ ਸਭਾ ਵਿਚ ਇਸ ਮੁੱਦੇ ਨੂੰ ਲੈ ਕੇ ਹੋਏ ਭਾਰੀ ਹੱਲੇ-ਗੁੱਲੇ ਦੇ ਬਾਵਜੂਦ ਇਸ ਨੂੰ ਲਗਾਤਾਰ ਅਣਗੌਲਿਆ ਕੀਤਾ ਜਾਂਦਾ ਰਿਹਾ ਹੈ। ਇੱਥੋਂ ਤੱਕ ਕਿ ਸਥਾਪਤੀ ਦੁਆਰਾ ਪ੍ਰਚਾਰੇ ਜਾਂਚ ਕਮਿਸ਼ਨ, ਜਿਸ ਨੇ ਪਿਛਲੀ ਸਰਕਾਰ ਦੀ ਕਾਰਗੁਜ਼ਾਰੀ ਨੂੰ ਲੈ ਕੇ ਗਹਿਰੇ ਸੁਆਲ ਉਠਾਏ ਸਨ, ਉਸ ਨੂੰ ਉੱਚ ਅਦਾਲਤ ਦੇ ਇਕ ਫੈਸਲੇ ਨੇ ਬੇਮਤਲਬ ਕਰਾਰ ਦਿੱਤਾ ਹੈ ਕਿਉਂਕਿ ਇਸ ਨੇ ਸਾਬਕਾ ਮੁੱਖ ਮੰਤਰੀ ਨੂੰ ਇਕ ਤਰਾਂ ਨਾਲ ਦੋਸ਼ ਮੁਕਤ ਘੋਸ਼ਿਤ ਕਰ ਦਿੱਤਾ ਹੈ।ਅਜਿਹਾ ਹੀ ਅਕਾਲੀ ਦਲ ਦੁਆਰਾ ਗਠਿਤ ਕੀਤੇ ਜਾਂਚ ਕਮਿਸ਼ਨ ਨਾਲ ਹੋਇਆ ਸੀ ਜੋ ਕਦੇ ਵੀ ਸਾਹਮਣੇ ਨਹੀਂ ਆਇਆ ਅਤੇ ਨਿਆਂ ਇਕ ਭਰਮ ਹੀ ਬਣ ਕੇ ਰਹਿ ਗਿਆ।ਗੁਰੂ ਗ੍ਰੰਥ ਦੀ ਬੀੜ ਦਾ ਚੋਰੀ ਹੋਣਾ, ਬੇਅਦਬੀ ਅਤੇ ਰੋਸ ਜਾਹਰ ਕਰ ਰਹੇ ਸਿੱਖਾਂ ਉੱਪਰ ਪੁਲਿਸ ਦੁਆਰਾ ਗੋਲੀ ਚਲਾਉਣਾ ਜਿਹੇ ਮਸਲਿਆਂ ਨਾਲ ਸਬੰਧਤ ਚਾਰ ਜਾਂਚਾਂ ਕੀਤੀਆਂ ਗਈਆਂ। ਇਨਾਂ ਵਿਚੋਂ ਤਿੰਨ ਪੰਜਾਬ ਸਰਕਾਰ ਦੁਆਰਾ ਅਤੇ ਇਕ ਕੇਂਦਰੀ ਏਜੰਸੀ ਦੁਆਰਾ ਕਰਵਾਈ ਗਈ। ਇਨਾਂ ਸਾਰੀਆਂ ਜਾਂਚਾਂ ਵਿਚ ਵੱਖ-ਵੱਖ ਪੱਖ ਸਾਹਮਣੇ ਆਏ। ਅਕਾਲੀ ਸੱਤਾ ਦੁਆਰਾ ਕਰਵਾਈ ਜਾਂਚ ਵਿਚ ਸਾਰਾ ਦੋਸ਼ ਸਿੱਖਾਂ ਦੇ ਸਿਰ ਹੀ ਮੜਿਆ ਗਿਆ ਜਿਸ ਨੂੰ ਬਾਅਦ ਵਿਚ ਵਾਪਿਸ ਲੈ ਲਿਆ ਗਿਆ। ਇਸ ਤੋਂ ਅਗਲੇ ਕਮਿਸ਼ਨ ਦੀ ਜਾਂਚ ਵਿਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮੁੱਦੇ ਨੂੰ ਸੁਲਝਾ ਲੈਣ ਦਾ ਦਾਅਵਾ ਕੀਤਾ ਗਿਆ ਅਤੇ ਇਸ ਵਿਚ ਡੇਰਾ ਮੁਖੀ ਉੱਪਰ ਦੋਸ਼ ਲਗਾਇਆ ਗਿਆ।ਡੇਰੇ ਨਾਲ ਸਬੰਧਤ ਕੁਝ ਲੋਕਾਂ ਨੂੰ ਗ੍ਰਿਫਤਾਰ ਵੀ ਕੀਤਾ ਗਿਆ ਜਿਨਾਂ ਵਿਚੋਂ ਇਕ ਨੂੰ ਜੇਲ ਵਿਚ ਮਾਰ ਦਿੱਤਾ ਗਿਆ। ਗੁਰੂ ਗ੍ਰੰਥ ਸਾਹਿਬ ਦੇ ਪੇਜਾਂ ਦੇ ਮੁੜ ਮਿਲ ਜਾਣ ਦਾ ਦਾਅਵਾ ਵੀ ਕੀਤਾ ਗਿਆ ਜਿਸ ਨੂੰ ਕੇਂਦਰੀ ਏਜੰਸੀ ਨੇ ਬਾਅਦ ਵਿਚ ਪੂਰੀ ਤਰਾਂ ਰੱਦ ਕਰ ਦਿੱਤਾ ਅਤੇ ਸਾਰੇ ਦੋਸ਼ੀਆਂ ਨੂੰ ਬਰੀ ਕਰ ਦਿੱਤਾ।ਹੁਣ ਇਕ ਘਟਨਾ ਨਾਲ ਸਬੰਧਤ ਮੌਜੂਦਾ ਜਾਂਚ ਬਾਕੀ ਸਾਰੇ ਮੁੱਦਿਆਂ ਉੱਪਰ ਭਾਰੀ ਪਈ ਹੈ ਅਤੇ ਉੱਚ ਅਦਾਲਤ ਦੇ ਫੈਸਲੇ ਨਾਲ ਮੁੱਖ ਮਸਲੇ ਹਵਾ ਵਿਚ ਹੀ ਉੱਡ ਗਏ ਜਾਪਦੇ ਹਨ। ਹੁਣ ਅਗਲ਼ੀ ਜਾਂਚ ਦੇ ਲਈ ਜ਼ਮੀਨ ਤਿਆਰ ਕੀਤੀ ਜਾ ਰਹੀ ਹੈ ਪਰ ਮੁੱਖ ਮੁੱਦੇ ਨੂੰ ਛੂਹਿਆ ਵੀ ਨਹੀਂ ਗਿਆ।

ਗੁਰੂ ਗ੍ਰੰਥ ਸਾਹਿਬ ਦੀ ਬੀੜ ਚੋਰੀ ਹੋਣ ਅਤੇ ਇਸ ਨਾਲ ਸਬੰਧਤ ਘਟਨਾਵਾਂ ਪ੍ਰਤੀ ਸਥਾਪਤੀ ਦੀ ਘੋਰ ਅਣਗਹਿਲੀ ਅਤੇ ਅਸਫਲਤਾ ਨੇ ਮੌਜੂਦਾ ਸੱਤਾਧਾਰੀ ਧਿਰ ਅਤੇ ਇਸ ਦੇ ਮੁਖੀ ਦੀ ਛਵੀ ਨੂੰ ਧੁੰਦਲਾ ਕਰ ਦਿੱਤਾ ਹੈ। ਇਸ ਨੇ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਸਮੇਂ ਸੌੜੇ ਰਾਜਨੀਤਿਕ ਹਿੱਤਾਂ ਨੂੰ ਹਵਾ ਦੇਣ ਦੀ ਜ਼ਮੀਨ ਤਿਆਰ ਕਰ ਦਿੱਤੀ ਹੈ। ਸਿੱਖਾਂ ਦੀਆਂ ਭਾਵਨਾਵਾਂ ਅਤੇ ਉਮੀਦਾਂ ਉੱਪਰ ਖਰੇ ਉਤਰਨ ਲਈ ਅਕਾਲੀ ਦਲ ਨੂੰ ਵੀ ਆਪਣੀ ਅਣਗਹਿਲੀ ਪ੍ਰਤੀ ਜਵਾਬਦੇਹੀ ਤੈਅ ਕਰਨੀ ਪੈਣੀ ਹੈ।ਇਸ ਦੇ ਨਾਲ ਹੀ ਉਨਾਂ ਨੂੰ ਡੇਰਾ ਮੁਖੀ ਨੂੰ ਮੁਆਫੀ ਦਿੱਤੇ ਜਾਣ ਦੇ ਮੁੱਦੇ ਨੂੰ ਵੀ ਸਪੱਸ਼ਟ ਕਰਨਾ ਪੈਣਾ ਹੈ ਅਤੇ ਇਹ ਵੀ ਦੱਸਣਾ ਪੈਣਾ ਹੈ ਕਿ ਜੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਗੁਰਦੁਆਰੇ ਦੇ ਫੰਡ ਵਰਤ ਕੇ ਇਸ ਮਾਫੀ ਨੂੰ ਸਹੀ ਠਹਿਰਾ ਰਹੀ ਸੀ, ਉਸ ਨੇ ਬਾਅਦ ਵਿਚ ਆਪਣਾ ਹੱਥ ਪਿੱਛੇ ਕਿਉਂ ਖਿੱਚ ਲਿਆ ਅਤੇ ਬੇਅਦਬੀ ਦੇ ਮਸਲੇ ਉੱਤੇ ਚੁੱਪ ਕਿਉਂ ਧਾਰੀ ਰੱਖੀ ? ਪੰਥਕ ਜਥੇਬੰਦੀਆਂ ਵੀ ਇਸ ਮੁੱਦੇ ਵਿਚ ਸ਼ਾਮਿਲ ਰਹੀਆਂ ਹਨ, ਪਰ ਉਨਾਂ ਨੇ ਵੀ ਆਪਣੇ ਸੌੜੇ ਹਿੱਤਾਂ ਦੀ ਪੂਰਤੀ ਲਈ ਸਿੱਖਾਂ ਦੀਆਂ ਭਾਵਨਾਵਾਂ ਨੂੰ ਵਰਤਿਆ ਹੈ ਅਤੇ ਆਪਣੇ ਆਪ ਨੂੰ ਪੰਥ ਦੇ ਰਖਵਾਲੇ ਦੱਸਦੇ ਹੋਏ ਜੱਥੇਦਾਰ ਬਣ ਬੈਠੇ।ਬੇਅਦਬੀ ਅਤੇ ਇਸ ਨਾਲ ਸਬੰਧਤ ਘਟਨਾਵਾਂ ਦੀ ਜਾਂਚ ਨੂੰ ਬਿਲਕੁਲ ਹੀ ਮਨਸੂਖ਼ ਕੀਤੇ ਜਾਣ ਦੇ ਬਾਵਜੂਦ ਸਿੱਖਾਂ ਦੀਆਂ ਭਾਵਨਾਵਾਂ ਨੂੰ ਇਨਾਂ ਸ਼ਬਦਾਂ ਰਾਹੀਂ ਦਰਸਾਇਆ ਜਾ ਸਕਦਾ ਹੈ।

# ਸਾਡੇ ਜੀਵਨ ਵਿਚ ਹਾਸਾ ਕਿਉਂ ਜ਼ਰੂਰੀ

**ਪ੍ਰੋਫੈਸਰ ਪਰਮਜੀਤ ਸਿੰਘ**

ਇਹ ਇਕ ਕੌੜਾ ਸੱਚ ਹੈ ਕਿ ਸੰਸਾਰ ਦਾ ਹਰੇਕ ਜੀਵ ਖ਼ੁਸ਼ ਰਹਿਣਾ ਚਾਹੁੰਦਾ ਹੈ ਪਰ ਉਸ ਦੇ ਹਾਲਾਤ, ਉਸ ਦਾ ਸੁਭਾਅ ਤੇ ਉਸ ਦੀ ਸੋਚ ਉਸ ਨੂੰ ਖ਼ੁਸ਼ ਰਹਿਣ ਨਹੀਂ ਦਿੰਦੇ। ਸੰਸਾਰ ਦਾ ਹਰੇਕ ਵਿਅਕਤੀ ਜੇਕਰ 'ਆਪ ਖ਼ੁਸ਼ ਰਹੋ ਤੇ ਦੂਜਿਆਂ ਵਿਚ ਖ਼ੁਸ਼ੀਆਂ ਵੰਡੋ' ਦੇ ਸਿਧਾਂਤ 'ਤੇ ਅਮਲ ਕਰ ਲਏ ਤਾਂ ਸੰਸਾਰ ਦਾ ਮਣਾਮੂੰਹੀਂ ਦੁੱਖ-ਦਰਦ ਤੇ ਪ੍ਰੇਸ਼ਾਨੀਆਂ ਘੜੀ-ਪਲ ਵਿਚ ਕਾਫ਼ੂਰ ਹੋ ਸਕਦੀਆਂ ਹਨ। ਜਿਨਾਂ ਵਿਦਵਾਨਾਂ ਤੇ ਮਹਾਂਪੁਰਸ਼ਾਂ ਨੇ ਜ਼ਿੰਦਗੀ ਦੇ ਸੱਚ ਨੂੰ ਸਮਝਿਆ ਤੇ ਜਾਣਿਆ ਹੈ, ਉਨ੍ਹਾਂ ਨੇ ਦੁੱਖ ਤੇ ਸੁੱਖ ਨੂੰ ਇਕ ਸਮਾਨ ਜਾਣ ਕੇ ਅਡੋਲ ਭਾਵ ਨਾਲ ਦੋਵਾਂ ਨੂੰ ਹੰਢਾਉਣ ਦਾ ਉਪਦੇਸ਼ ਦਿੱਤਾ ਹੈ। ਇਹ ਸੱਚ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ ਕਿ ਜੇਕਰ ਜ਼ਿੰਦਗੀ ਵਿਚ ਚੰਗੇ ਜਾਂ ਸੁੱਖ ਭਰੇ ਦਿਨ ਨਹੀਂ ਰਹੇ ਤਾਂ ਮਾੜੇ ਜਾਂ ਦੁੱਖ ਭਰੇ ਦਿਨ ਵੀ ਸਦਾ ਨਹੀਂ ਰਹਿਣਗੇ। ਸੋ ਹਰ ਹਾਲਾਤ ਵਿਚ ਖ਼ੁਸ਼ ਰਹਿਣ ਵਾਲਾ ਤੇ ਹਰ ਦੁੱਖ-ਸੁੱਖ ਨੂੰ ਪਰਮਾਤਮਾ ਦਾ ਤੋਹਫ਼ਾ ਜਾਣ ਕੇ ਖਿੜੇ-ਮੱਥੇ ਕਬੂਲ ਕਰਨ ਵਾਲਾ ਸ਼ਖ਼ਸ ਹੀ ਇਸ ਦੁਨੀਆ ਵਿਚ ਸਫਲ ਜੀਵਨ ਜੀਅ ਜਿਉਂਦਾ ਹੈ, ਬਾਕੀ ਸਭ ਤਾਂ ਕੇਵਲ ਜੂਨ ਹੀ ਭੋਗਦੇ ਹਨ।

ਖ਼ੁਸ਼ੀ ਦਾ ਪ੍ਰਗਟਾਵਾ ਬਹੁਤੀ ਵਾਰ ਮਿੰਨਾ-ਮਿੰਨਾ ਤੇ ਕਈ ਵਾਰ ਖੁੱਲ ਕੇ ਹੱਸ ਕੇ ਕੀਤਾ ਜਾਂਦਾ ਹੈ। ਹਰ ਸ਼ਖ਼ਸ ਦਾ ਹੱਸਣ ਦਾ ਅੰਦਾਜ਼ ਆਪਣਾ ਹੈ ਤੇ ਵਿਲੱਖਣ ਹੈ। ਦਰਅਸਲ ਹਾਸਾ ਤਾਂ ਤਨ ਅਤੇ ਮਨ ਨੂੰ ਸਕੂਨ ਦੇਣ ਅਤੇ ਚਿੰਤਾ ਤੇ ਫ਼ਿਕਰ ਨੂੰ ਕਾਫ਼ੂਰ ਕਰਨ ਦਾ ਇਕ ਸਾਧਨ ਹੈ। ਦੁਨੀਆ ਭਰ ਵਿਚ ਜਿੱਥੇ ਵੱਖ-ਵੱਖ ਮੌਕਿਆਂ ਲਈ ਵਿਸ਼ੇਸ਼ ਦਿਨ ਨਿਰਧਾਰਤ ਕੀਤੇ ਗਏ ਹਨ, ਉੱਥੇ ਹੀ ਹਾਸੇ ਲਈ ਵੀ ਕੌਮਾਂਤਰੀ ਪੱਧਰ 'ਤੇ ਇਕ ਦਿਨ ਨਿਸ਼ਚਿਤ ਕੀਤਾ ਗਿਆ ਹੈ ਜਿਸ ਨੂੰ 'ਵਿਸ਼ਵ ਹਾਸਾ ਦਿਵਸ' ਵਜੋਂ ਹਰ ਸਾਲ ਮਈ ਮਹੀਨੇ ਦੇ ਪਹਿਲੇ ਐਤਵਾਰ ਵਾਲੇ ਦਿਨ ਮਨਾਇਆ ਜਾਂਦਾ ਹੈ ਜੋ ਕਿ ਇਸ ਵਾਰ 2 ਮਈ ਦਾ ਭਾਵ ਅੱਜ ਦਾ ਮੁਬਾਰਕ ਦਿਨ ਹੈ। ਜਿੱਥੋਂ ਤੱਕ ਇਸ ਦਿਨ ਨੂੰ ਮਨਾਉਣ ਦੀ ਸ਼ੁਰੂਆਤ ਦਾ ਸਬੰਧ ਹੈ ਤਾਂ ਭਾਰਤ ਵਿਚ ਸੰਨ 1998 ਵਿਚ ਇਸ ਦਿਵਸ ਨੂੰ ਮਨਾਉਣ ਦੀ ਆਰੰਭਤਾ ਡਾ. ਮਦਨ ਕਟਾਰੀਆ ਨੇ ਕੀਤੀ ਸੀ। ਉਸ ਨੇ ਸੰਨ 1995 ਵਿਚ 'ਲਾਫ਼ਟਰ ਯੋਗਾ' ਨਾਮਕ ਮੁਹਿੰਮ ਦਾ ਆਗਾਜ਼ ਕੀਤਾ ਸੀ ਤੇ ਹਾਸੇ ਨੂੰ ਸਰੀਰਕ ਤੰਦਰੁਸਤੀ ਅਤੇ ਮਾਨਸਿਕ ਤਣਾਅ ਤੋਂ ਮੁਕਤੀ ਦਾ ਵੱਡਾ ਸਾਧਨ ਦੱਸਦਿਆਂ ਹੋਇਆਂ ਲੋਕਾਂ ਨੂੰ ਵੱਖ-ਵੱਖ ਸਾਧਨਾਂ ਦੀ ਵਰਤੋਂ ਕਰਕੇ ਰੋਜ਼ਾਨਾ ਹੱਸਣ ਲਈ ਕੁਝ ਪਲ ਕੱਢਣ ਦੀ ਤਾਕੀਦ ਕੀਤੀ ਸੀ।



ਜਿੱਥੋਂ ਤੱਕ ਵਿਦੇਸ਼ਾਂ ਵਿਚ 'ਹਾਸਾ ਦਿਵਸ' ਮਨਾਉਣ ਦਾ ਸਬੰਧ ਹੈ ਤਾਂ ਕਿਹਾ ਜਾਂਦਾ ਹੈ ਕਿ ਅਮਰੀਕਾ ਦੇ ਲਾਸ ਏਂਜਲਸ ਵਿਚ ਇਹ ਦਿਵਸ ਸੰਨ 2005 ਤੋਂ ਮਨਾਇਆ ਜਾ ਰਿਹਾ ਹੈ। ਦੁਨੀਆ ਦੇ ਵੱਖ-ਵੱਖ ਮੁਲਕਾਂ ਵਿਚ ਬਣੇ 'ਲਾਫ਼ਟਰ ਕਲੱਬਾਂ' ਦੇ ਮੈਂਬਰ ਆਪਣੇ ਪਰਿਵਾਰਾਂ ਤੇ ਯਾਰਾਂ-ਦੋਸਤਾਂ ਸਣੇ ਇਸ ਦਿਨ ਸਥਾਨਕ, ਰਾਜ ਜਾਂ ਕੌਮੀ ਪੱਧਰ 'ਤੇ ਇਕੱਤਰਤਾਵਾਂ ਕਰਦੇ ਹਨ ਤੇ ਹਾਸਰਸ ਭਰਪੂਰ ਵੱਖ-ਵੱਖ ਵੰਨਗੀਆਂ ਦੇ ਸਮਾਗਮ ਆਯੋਜਿਤ ਕਰਦੇ ਹਨ। ਸੰਨ 2000 ਵਿਚ ਡੈਨਮਾਰਕ ਦੇ ਸ਼ਹਿਰ ਕੋਪਨਹੈਗਨ ਦੇ ਟਾਊਨ ਹਾਲ ਵਿਖੇ 'ਹੈਪੀਡੇਮਿਕ' ਭਾਵ ਹੱਸਣ ਦੀ ਮਹਾਂਮਾਰੀ ਸਿਰਲੇਖ ਹੇਠ ਦਸ ਹਜ਼ਾਰ ਤੋਂ ਵੱਧ ਲੋਕਾਂ ਦੇ ਇਕੱਠ ਨੇ ਹਾਸਰਸ ਭਰਪੂਰ ਸਮਾਗਮ ਕਰਕੇ ਵਿਸ਼ਵ ਹਾਸਾ ਦਿਵਸ ਮਨਾਇਆ ਸੀ ਜੋ ਕਿ ਉਸ ਵੇਲੇ ਗਿੰਨੀਜ਼ ਬੁੱਕ ਆਫ਼ ਵਰਲਡ ਰਿਕਾਰਡਜ਼ ਵਿਚ ਦਰਜ ਕੀਤਾ ਗਿਆ ਸੀ।

ਵਿਸ਼ਵ ਪ੍ਰਸਿੱਧ ਹਾਸਰਸ ਕਲਾਕਾਰ ਚਾਰਲੀ ਚੈਪਲਿਨ ਨੇ ਕਿਹਾ ਸੀ, 'ਹੱਸਣ ਤੋਂ ਬਿਨਾਂ ਗੁਜ਼ਾਰਿਆ ਦਿਨ ਵਿਅਰਥ ਹੀ ਹੁੰਦਾ ਹੈ। ਹਾਸਾ ਤਾਂ ਦੁੱਖ-ਦਰਦ ਤੋਂ ਨਿਜਾਤ ਦੁਆਉਣ ਵਾਲਾ ਇਕ ਕੀਮਤੀ ਟਾਨਿਕ ਹੈ।' ਇਸੇ ਤਰਾਂ ਹਿਆਮ ਅਬੀਬ ਦੇ ਬੋਲ ਹਨ, 'ਹਾਸਾ ਦਰਅਸਲ ਤੁਹਾਡੀ ਰੂਹ ਲਈ ਇਕ ਦਵਾਈ ਹੈ।' ਉਪਰੋਕਤ ਦੋਵੇਂ ਕਥਨ ਮੈਡੀਕਲ ਪੱਖੋਂ ਪੂਰੀ ਤਰਾਂ ਸੱਚ ਹਨ ਕਿਉਂਕਿ ਮੈਡੀਕਲ ਮਾਹਿਰਾਂ ਦਾ ਮੰਨਣਾ ਹੈ ਕਿ ਹੱਸਣ ਨਾਲ ਸਰੀਰ ਅੰਦਰ ਅਜਿਹੇ ਬਦਲਾਅ ਆਉਂਦੇ ਹਨ ਜੋ ਸਰੀਰ ਨੂੰ ਰੋਗਮੁਕਤ ਹੋਣ 'ਚ ਸਹਾਈ ਹੁੰਦੇ ਹਨ। ਮੈਡੀਕਲ ਸਾਇੰਸ ਮੰਨਦੀ ਹੈ ਕਿ ਸਰੀਰ ਅੰਦਰ ਮੌਜੂਦ ਰੋਗਾਂ ਨਾਲ ਲੜਨ ਦੀ ਪ੍ਰਣਾਲੀ ਵਿਚ 'ਟੀ ਸੈੱਲ' ਮੌਜੂਦ ਹੁੰਦੇ ਹਨ ਜੋ ਉਦੋਂ ਹੀ ਐਕਟਿਵ ਹੁੰਦੇ ਹਨ ਜਦੋਂ ਅਸੀਂ ਹੱਸਦੇ ਹਾਂ। ਇਸ ਤਰਾਂ ਸਾਡੇ ਸਰੀਰ ਅੰਦਰ 'ਐਂਡੋਰਫਿਨ' ਨਾਮਕ ਪੇਨ ਕਿਲਰ ਭਾਵ ਦਰਦ ਨਿਵਾਰਕ ਵੀ ਮੌਜੂਦ ਹੁੰਦਾ ਹੈ ਜੋ ਉਦੋਂ ਹੀ ਰਿਲੀਜ਼ ਹੁੰਦਾ ਹੈ ਜਦੋਂ ਅਸੀਂ ਖਿੜਖਿੜਾ ਕੇ ਹੱਸਦੇ ਹਾਂ। ਹਿਰਦਾ ਰੋਗ ਮਾਹਰਾਂ ਦਾ ਮੰਨਣਾ ਹੈ ਕਿ ਹੱਸਣਾ ਤਾਂ ਦਿਲ ਲਈ ਇਕ ਲਾਭਦਾਇਕ ਕਸਰਤ ਹੈ। ਖਿੜਖਿੜਾ ਕੇ ਹੱਸਣ ਨਾਲ ਨਾ ਕੇਵਲ ਦਿਲ ਪੰਪ ਕਰਦਾ ਹੈ ਸਗੋਂ ਕੈਲਰੀਜ਼ ਦੀ ਵੀ ਖਪਤ ਹੁੰਦੀ ਹੈ। ਹੱਸਣ ਸਮੇਂ ਪੇਟ ਤੇਜ਼ੀ ਨਾਲ ਅੱਗੇ ਪਿੱਛੇ ਹੁੰਦਾ ਹੈ ਇਸ ਤਰਾਂ ਸਾਡੀਆਂ ਐਬਜ਼ ਦੀ ਵੀ ਕਸਰਤ ਤੇ ਟੋਨਿੰਗ ਹੋ ਜਾਂਦੀ ਹੈ। ਸਰੀਰ ਅੰਦਰ ਮੌਜੂਦ ਤਣਾਅ ਪੈਦਾ ਕਰਨ ਵਾਲੇ ਹਾਰਮੋਨਜ਼ ਅਤੇ ਬਲੱਡ ਪ੍ਰੈਸ਼ਰ ਵਿਚ ਕਮੀ ਆ ਜਾਂਦੀ ਹੈ ਜਿਸ ਨਾਲ ਹਾਰਟ ਅਟੈਕ ਦਾ ਖ਼ਤਰਾ ਘਟ ਜਾਂਦਾ ਹੈ। ਮਾਹਰਾਂ ਦੀ ਰਾਇ ਹੈ ਕਿ ਹੱਸਣ ਨਾਲ ਖ਼ੂਨ ਵਿਚ ਆਕਸੀਜਨ ਦਾ ਪੱਧਰ ਵਧ ਜਾਂਦਾ ਹੈ ਜਿਸ ਨਾਲ ਸਰੀਰ ਵੱਧ ਚੁਸਤ-ਫੁਰਤ ਹੋ ਜਾਂਦਾ ਹੈ ਤੇ ਹੱਸਣ ਨਾਲ ਯਾਦ ਸ਼ਕਤੀ ਵਿਚ ਵੀ ਵਾਧਾ ਹੋ ਸਕਦਾ ਹੈ।

ਸੋ, ਮੁੱਕਦੀ ਗੱਲ ਇਹ ਹੈ ਕਿ ਜ਼ਿੰਦਗੀ ਵਿਚ ਹੱਸਣ ਨੂੰ ਪ੍ਰਮੁੱਖਤਾ ਦੇਣੀ ਹੀ ਚਾਹੀਦੀ ਹੈ ਤੇ ਹੱਸਣ ਲਈ ਹਾਸੇ ਵਾਲਾ ਸਾਹਿਤ ਪੜਨਾ, ਹਾਸੇ ਵਾਲੇ ਟੀ.ਵੀ. ਲੜੀਵਾਰ, ਫ਼ਿਲਮਾਂ ਜਾਂ ਵੀਡੀਓ ਵੇਖਣਾ, ਪਰਿਵਾਰ ਵਿਚ ਬੈਠ ਕੇ ਜ਼ਿੰਦਗੀ ਦੇ ਖ਼ੁਸ਼ੀਆਂ ਜਾਂ ਹਾਸੇ ਵਾਲੇ ਪਲ ਸਾਂਝੇ ਕਰਨਾ, ਚੁਟਕਲੇ ਪੜਨਾ, ਸੁਣਨਾ ਜਾਂ ਸੁਣਾਉਣਾ ਆਦਿ ਜਿਹੇ ਅਨੇਕਾਂ ਮਾਧਿਅਮ ਅਪਣਾਏ ਜਾ ਸਕਦੇ ਹਨ। ਦੁਨੀਆ ਭਰ ਦੇ 105 ਤੋਂ ਵੱਧ ਮੁਲਕਾਂ ਵਿਚ ਹਜ਼ਾਰਾਂ ਹੀ 'ਲਾਫ਼ਟਰ ਕਲੱਬ' ਬਣੇ ਹੋਏ ਹਨ, ਜਿਨਾਂ ਦੇ ਮੈਂਬਰ ਬਣਨਾ ਚਾਹੀਦਾ ਹੈ ਤੇ ਹੋ ਸਕੇ ਤਾਂ ਯੋਗਾ ਵਿਚ ਮੌਜੂਦ ਦਿਲ ਖੋਲ ਕੇ ਹੱਸਣ ਵਾਲੇ ਆਸਣ ਦਿਨ ਵਿਚ ਦੋ ਵਾਰ ਜ਼ਰੂਰ ਕਰਨੇ ਚਾਹੀਦੇ ਹਨ। ਚੇਤੇ ਰੱਖੋ ਦੁੱਖਾਂ ਤੇ ਕਸ਼ਟਾਂ ਵਿਚੋਂ ਬਾਹਰ ਕੱਢ ਕੇ ਇਕ ਹੀ ਚੀਜ਼ ਤੁਹਾਨੂੰ ਤੇ ਤੁਹਾਡੇ ਚਾਹੁਣ ਵਾਲਿਆਂ ਨੂੰ ਸਕੂਨ ਦੇ ਸਕਦੀ ਹੈ ਤੇ ਉਹ ਹੈ -ਹਾਸਾ। ਸੋ ਹੱਸਣ ਦੀ ਆਦਤ ਪਾਓ ਤੇ ਜ਼ਿੰਦਗੀ ਵਿਚੋਂ ਦੁੱਖਾਂ, ਕਲੇਸ਼ਾਂ ਤੇ ਰੋਗਾਂ ਨੂੰ ਭਜਾਓ।

# ਸਾਧ ਲਾਚੀਆਂ ਵਾਲਾ

**ਰਵਿੰਦਰ ਰੁਪਾਲ ਕੌਲਗੜ੍ਹ**

ਗੱਲ 1978 ਦੀ ਹੈ। ਵੱਡੇ ਭਰਾ ਦੇ ਵਿਆਹ ਤੋਂ ਬਾਅਦ ਸਾਡੀ ਚੰਗੀ ਭਲੀ ਚੱਲਦੀ ਹੋਈ ਪ੍ਰਚੂਨ ਦੀ ਦੁਕਾਨ ਬੰਦ ਹੋਣ ਕੰਢੇ ਪੁੱਜ ਗਈ ਸੀ। ਇਸ ਗੱਲ ਨੂੰ ਲੈ ਕੇ ਬੀਬੀ ਤੇ ਬਾਪੂ ਜੀ, ਦੋਵੇਂ ਫਿਕਰਮੰਦ ਰਹਿਣ ਲੱਗੇ। ਉਂ ਇਹੋ ਜਿਹੀ ਵੀ ਕੋਈ ਗੱਲ ਨਹੀਂ ਸੀ ਕਿ ਦੁਕਾਨ 'ਤੇ ਗਾਹਕ ਆਉਣੋਂ ਹੀ ਹਟ ਗਿਆ ਸੀ। ਗਾਹਕ ਸੁੱਖ ਨਾਲ ਬਥੇਰਾ ਆਉਂਦਾ ਸੀ ਪਰ ਸੌਦਿਆਂ ਦੀ ਘਾਟ ਕਾਰਨ ਉਸ ਨੂੰ ਖ਼ਾਲੀ ਹੱਥ ਮੁੜਨਾ ਪੈਂਦਾ। ਜਿਨਾਂ ਗਾਹਕਾਂ ਵੱਲ ਪਹਿਲੋਂ ਹੀ ਥੋੜੀ-ਬਹੁਤੀ ਉਧਾਰੀ ਖੜੀ ਸੀ, ਉਹ ਵੈਸੇ ਹੀ ਦੁਕਾਨ 'ਤੇ ਆਉਣੋਂ ਹਟ ਗਏ ਸਨ।ਅਸਲ ਵਿਚ ਹੋਇਆ ਇਹ ਸੀ ਕਿ ਕਿੰਨਾ ਸਾਰਾ ਪੈਸਾ ਵੀਰੇ ਦੇ ਵਿਆਹ 'ਤੇ ਲੱਗ ਗਿਆ ਸੀ। ਉਹ ਸਾਰਾ ਪੈਸਾ ਦੁਕਾਨ ਦੀ ਵੱਟਤ 'ਚੋਂ ਹੀ ਕੱਢਿਆ ਜਾਂਦਾ ਸੀ। ਜਦੋਂ ਵਿਆਹ ਐਨ ਸਿਰ ਉੱਤੇ ਸੀ, ਉਦੋਂ ਬਾਪੂ ਜੀ ਦਾ ਸ਼ਹਿਰ ਨੂੰ ਜਾਣਾ-ਆਉਣਾ ਘੱਟ ਹੋਣ ਕਰ ਕੇ ਦੁਕਾਨ 'ਚੋਂ ਹੀ ਦਾਲਾਂ, ਚਾਹ-ਪੱਤੀ, ਚੀਨੀ, ਗੁੜ, ਤੇਲ ਅਤੇ ਘਿਉ ਆਦਿ ਸਭ ਕੁਝ ਘਰੇ ਵਰਤਿਆ ਜਾਣ ਲੱਗਾ ਤੇ ਦੁਕਾਨ ਖ਼ਾਲੀ ਹੁੰਦੀ ਚਲੀ ਗਈ। ਹੁਣ ਸਾਰੀ ਦਿਹਾੜੀ ਬਾਪੂ ਜੀ ਦੁਕਾਨ ਉੱਤੇ ਵਿਰਲੇ ਬੈਠ ਕੇ ਮੱਖੀਆਂ ਮਾਰਦੇ ਰਹਿੰਦੇ ਤੇ ਸ਼ਾਮੀਂ ਮੂੰਹ ਲਟਕਾ ਕੇ ਵਾਪਸ ਘਰ ਆ ਜਾਂਦੇ। ਘਰ ਵਿਚ ਕਦੇ-ਕਦੇ ਦੁਕਾਨ ਨੂੰ ਬੰਦ ਕਰਨ ਦੀਆਂ ਸਲਾਹਾਂ ਹੁੰਦੀਆਂ ਅਤੇ ਕਦੇ ਖੰਨੇ, ਬਗਲੀ ਵਾਲੇ ਲਾਲਿਆ ਤੋਂ ਹੋਰ ਉਧਾਰ ਮਾਲ ਚੁੱਕਣ ਦੀਆਂ ਵਿਉਂਤਾਂ ਬਣਾਉਂਦੇ।

ਇਕ ਦਿਨ ਬੀਬੀ ਕਹਿਣ ਲੱਗੀ ਕਿ ਕਿਸੇ ਸਿਆਣੇ-ਸਿਉਣੇ ਤੋਂ ਹੀ ਪੁੱਛ ਕੇ ਦੇਖ ਲਓ ਪਰ ਬਾਪੂ ਜੀ ਸ਼ੁਰੂ ਤੋਂ ਹੀ ਤਰਕਸ਼ੀਲ ਸੋਚ ਦੇ ਧਾਰਨੀ ਹੋਣ ਕਰ ਕੇ ਧਾਗੇ-ਤਵੀਤਾਂ, ਮੜ੍ਹੀਆਂ-ਮਸਾਣੀਆਂ ਨੂੰ ਨਹੀਂ ਸਨ ਮੰਨਦੇ ਹੁੰਦੇ। ਨਾ ਹੀ ਕਿਸੇ ਦੀ ਅਜਿਹੀ ਸਲਾਹ ਮੰਨਦੇ ਸਨ। ਇਸ ਲਈ ਉਨਾਂ ਨੇ ਬੀਬੀ ਦੀ ਗੱਲ ਨੂੰ ਬਹੁਤਾ ਗੌਲਿਆ ਨਹੀਂ ਸੀ।

ਸਾਡੀ ਦੁਕਾਨ ਦੇ ਨਾਲ ਲੱਗਵਾਂ ਸਾਡਾ ਕਾਰਖਾਨਾ ਵੀ ਸੀ। ਕਾਰਖਾਨੇ 'ਚ ਜਿਹੜੇ ਜ਼ਿਮੀਂਦਾਰਾਂ ਦਾ ਕੰਮ ਆਉਂਦਾ ਹੁੰਦਾ ਸੀ ਉਹ ਪੈਸੇ ਨਕਦ ਨਹੀਂ ਸਨ ਦਿੰਦੇ। ਬਾਪੂ ਜੀ ਨੇ ਹਿੰਮਤ ਨਹੀਂ ਸੀ ਹਾਰੀ। ਉਹ ਉਸ ਕੰਮ ਨੂੰ ਵੀ ਬੜੀ ਰੀਝ ਨਾਲ ਤਿਆਰ ਕਰ ਕੇ ਦਿੰਦੇ। ਉਸ ਕੰਮ ਦੇ ਇਵਜ਼ਾਨੇ ਵਜੋਂ ਜ਼ਿਮੀਂਦਾਰਾਂ ਵੱਲੋਂ ਸਾਨੂੰ ਹਰੇਕ ਛਿਮਾਹੀ 'ਤੇ ਫ਼ਸਲ ਮੁਤਾਬਕ ਕਣਕ, ਜ਼ੀਰੀ, ਤੂੜੀ ਅਤੇ ਗੁੜ ਆਦਿ ਮਿਲ ਜਾਂਦਾ ਸੀ।

ਇਕ ਦਿਨ ਅਚਾਨਕ ਸਾਡੀ ਦੁਕਾਨ 'ਤੇ ਇਕ ਸਾਧ ਆ ਗਿਆ। ਕੁਦਰਤੀ ਉਸ ਦਿਨ ਮੈਂ ਵੀ ਬਾਪੂ ਜੀ ਦੇ ਕੋਲ ਹੀ ਬੈਠਾ ਹੋਇਆ ਸੀ। ਉਹ ਇੰਜ ਲੱਗ ਰਿਹਾ ਸੀ ਜਿਵੇਂ ਕੋਈ ਸੱਪ ਫੜਨ ਵਾਲਾ ਹੁੰਦੈ। ਉਹ ਬਾਪੂ ਜੀ ਨੂੰ ਕਹਿਣ ਲੱਗਾ, 'ਭਗਤਾ, ਤੇਰੇ ਕਾਰੋਬਾਰ ਵਿਚ ਬੜੇ ਵਾਧੇ ਹੋਣਗੇ ਜੇ ਕਿਤੇ ਅੱਜ ਤੂੰ ਦੋ ਰੁਪਏ ਦਾਨ ਕਰ ਦੇਵੇਂ।' ਬਾਪੂ ਜੀ ਕਾਰਖਾਨੇ ਦੇ ਬਾਹਰ ਬੈਠੇ ਆਪਣੇ ਕੰਮ 'ਚ ਰੁੱਝੇ ਹੋਏ ਸਨ। ਉਨਾਂ ਨੇ ਉਸ ਵੱਲ ਕੋਈ ਧਿਆਨ ਨਾ ਦਿੱਤਾ। ਮੈਂ ਵੀ ਸਾਧ ਦੇ ਮੂੰਹ ਵੱਲ ਦੇਖਦਾ ਰਿਹਾ। ਥੋੜੀ ਦੇਰ ਬਾਅਦ ਉਸ ਨੇ ਉਪਰੋਕਤ ਸ਼ਬਦ ਦੁਹਰਾਏ।

ਉਸ ਦੇ ਬੋਲ ਸੁਣ ਕੇ ਬਾਪੂ ਜੀ ਉਸ ਨੂੰ ਕਹਿਣ ਲੱਗੇ, 'ਬਾਬਾ ਜੀ, ਹਾਲੇ ਤਾਂ ਹੱਥ ਬੜਾ ਟੈਟ ਚੱਲਦੈ। ਹਾਲੇ ਦੋ ਰੁਪਏ ਤਾਂ ਬੜੀ ਦੂਰ ਦੀ ਗੱਲ ਐ, ਦਿਨ ਕਟੀ ਮਸਾਂ ਕਰ ਰਹੇ ਹਾਂ।' ਸਾਧ ਕਹਿਣ ਲੱਗਾ, 'ਕਿਉਂ ਭਗਤਾ, ਟੈਟ ਕਿਉਂ ਚੱਲਦੈ ਹੱਥ? ਨਾਲੇ ਹੱਥ ਤਾਂ ਆਪਾਂ ਮੋਕਲਾ ਕਰਨ ਜਾਣਦੇ ਆਂ। ਇੱਕੋ ਅਰਦਾਸ ਕਰਨੀ ਤੇਰੇ ਨਾਂ ਦੀ ਓਸ ਸੱਚੇ ਪਰਵਰਦਿਗਾਰ ਅੱਗੇ। ਫਿਰ ਸਭ ਕੁਝ ਆਪੇ ਸੁਖਾਲਾ ਹੋ ਜਾਊ। ਇਹ ਸਾਰਾ ਕੁਝ ਭਗਤਾ ਗਿਆਰਾਂ ਰੁਪਏ ਵਿਚ ਹੋ ਜਾਣੈ।'

ਗਿਆਰਾਂ ਰੁਪਏ ਸੁਣ ਕੇ ਬਾਪੂ ਜੀ ਥੋੜਾ ਤਿਲਮਿਲਾਏ। ਫਿਰ ਉਸ ਦੇ ਮੂੰਹ ਵੱਲ ਝਾਕਣ ਲੱਗੇ। ਮੈਥੋਂ ਦੋ ਰੁਪਏ ਤਾਂ ਤੈਨੂੰ ਦਿੱਤੇ ਨੀ ਜਾ ਰਹੇ, ਤੂੰ ਗਿਆਰਾਂ ਭਾਲਦੈਂ, ਕਿੱਥੋਂ ਦੇਵਾਂ? ਚੱਲ ਰਸਤਾ ਨਾਪ ਆਪਣਾ, ਖਹਿੜਾ ਛੱਡ। ਤੂੰ ਸਾਧ ਈ ਕਾਹਦਾ ਜਿਸ ਨੂੰ ਇਹ ਨਹੀਂ ਪਤਾ ਕਿ ਇਸ ਬੰਦੇ ਕੋਲ ਦੋ ਰੁਪਏ ਹੈਗੇ ਵੀ ਜਾਂ ਨਹੀਂ? ਇਸ ਗੱਲ ਦਾ ਉਸ ਉੱਪਰ ਕੋਈ ਅਸਰ ਨਹੀਂ ਸੀ ਹੋਇਆ। ਉਹ ਤਾਂ ਮਗਰ ਹੀ ਪੈ ਗਿਆ ਤੇ ਕਹਿਣ ਲੱਗਾ ਕਿ ਭਗਤਾ ਅਜਿਹੀ ਚੀਜ਼ ਕਰ ਕੇ ਦੇਵਾਂਗਾ ਕਿ ਕਾਰੋਬਾਰ ਤੈਥੋਂ ਸਾਂਭਿਆਂ ਨੀ ਸੰਭਲਣਾ।

ਭਾਈ ਮੈਂ ਤੇਰੀਆਂ ਗੱਲਾਂ ਵਿਚ ਨੀਂ ਆਉਣ ਵਾਲਾ। ਤੂੰ ਜਾਹ ਐਥੋਂ। ਕਾਹਨੂੰ ਟੈਮ ਖ਼ਰਾਬ ਕਰਦੈਂ। ਕਿਤੋਂ ਆਟਾ-ਦਾਲ ਮੰਗ ਜਾ ਕੇ। ਬਾਪੂ ਜੀ ਉਸ ਨੂੰ ਤੁਰਨ ਦੀ ਗੱਲ ਕਹਿ ਕੇ ਕੰਮ ਵਿਚ ਫਿਰ ਰੁੱਝ ਗਏ। ਉਹ ਤਾਂ ਐਨਾ ਢੀਠ ਸੀ ਕਿ ਬੈਠ ਗਿਆ ਜ਼ਮੀਨ ਉੱਤੇ ਆਪਣੀ ਝੋਲੀ ਫੈਲਾਅ ਕੇ ਤੇ ਬੋਲਿਆ, 'ਲਿਆ ਭਗਤਾ ਦੇਹ ਦੋ ਲੈਚੀਆਂ ਲਿਆ ਕੇ। ਮੈਂ ਕਰ ਕੇ ਦਿੰਨਾਂ, ਅੱਜ ਤੋਂ ਤੇਰਾ ਸਾਰਾ ਕੰਮ ਲੋਟ ਹੋ ਜਾਊ। ਟਾਟਾ, ਬਿਰਲਾ ਬਣਿਆ ਫਿਰੇਂਗਾ ਕਿਸੇ ਦਿਨ।'

ਬਾਪੂ ਜੀ ਥੋੜੀ ਨਰਮਾਈ ਜਿਹੀ ਵਿਚ ਬੋਲੇ, 'ਭਲਾ ਲੈਚੀਆਂ ਕੀ ਕਰਨਗੀਆਂ ਤੇਰੀਆਂ? ਲੈਚੀਆਂ ਤਾਂ ਬਥੇਰੀਆਂ ਪਈਆਂ ਨੇ ਅੰਦਰ। ਜੇ ਲੈਚੀਆਂ ਨੇ ਹੀ ਕੁਝ ਕਰਨਾ ਹੁੰਦਾ ਤਾਂ ਹੁਣ ਤਕ ਸਾਡੀਆਂ ਪੌ-ਬਾਰਾਂ ਨਾ ਹੋਈਆਂ ਹੁੰਦੀਆਂ।'

ਸਾਧ ਕਹਿਣ ਲੱਗਾ, 'ਭਗਤਾ ਅੰਦਰ ਜਿੰਨੀਆਂ ਮਰਜ਼ੀ



ਲੈਚੀਆਂ ਪਈਆਂ ਹੋਣ, ਉਨਾਂ ਨਾਲ ਕੁਝ ਨਹੀਂ ਹੋਣਾ। ਜਿਹੜੀਆਂ 'ਕੀਤੀਆਂ' ਹੁੰਦੀਆਂ ਨੇ, ਅਸਰ ਤਾਂ ਉਹੀ ਦਿਖਾਉਂਦੀਆਂ ਨੇ।' ਪਤਾ ਨਹੀਂ ਕਿਵੇਂ ਬਾਪੂ ਜੀ ਉਸ ਦੀ 'ਇਹ' ਗੱਲ ਮੰਨ ਗਏ। ਉਹ ਅੱਡੇ ਤੋਂ ਉੱਠੇ ਤੇ ਦੁਕਾਨ ਦੇ ਅੰਦਰ ਗਏ ਅਤੇ ਦੋ ਲੈਚੀਆਂ ਚੁੱਕ ਕੇ ਸਾਧ ਨੂੰ ਫੜਾਉਂਦੇ ਹੋਏ ਬੋਲੇ ਕਿ ਲੈ ਫੜ। ਮੈਨੂੰ ਹੈਰਾਨੀ ਹੋਈ ਜਾਵੇ ਕਿ ਹੁਣ ਹੋਵੇਗਾ ਕੀ?

ਲੈਚੀਆਂ ਫੜ ਕੇ ਉਸ ਨੇ ਆਪਣੇ ਰਬੜ ਦੇ ਪਾਏ ਬੂਟ ਖੋਲੇ ਅਤੇ ਚੌਕੜੀ ਮਾਰ ਕੇ ਬੈਠ ਗਿਆ। ਅੱਖਾਂ ਉਸ ਨੇ ਬੰਦ ਕਰ ਲਈਆਂ। ਦੋ ਕੁ ਮਿੰਟਾਂ ਬਾਅਦ ਉਸ ਨੇ ਉਹ ਲੈਚੀਆਂ ਕਾਗਜ਼ ਦੇ ਇਕ ਟੁਕੜੇ ਵਿਚ ਲਪੇਟ ਕੇ ਉਸ 'ਤੇ ਇਕ ਫੂਕ ਮਾਰੀ ਅਤੇ ਬਾਪੂ ਜੀ ਨੂੰ ਫੜਾਉਂਦੇ ਹੋਏ ਕਿਹਾ, 'ਭਗਤਾ! ਇਨਾਂ ਨੂੰ ਲਹਿਦਾ (ਅਲੱਗ) ਰੱਖਣਾ। ਦੂਜੀਆਂ ਵਿਚ ਨਾ ਰਲਾ ਦੇਣਾ। ਜੇ ਕਿਸੇ ਨੇ ਗ਼ਲਤੀ ਨਾਲ ਇਹੇ ਖਾ ਲਈਆਂ ਤਾਂ ਉਹ ਤਾਂ ਤੁਰੰਤ ਸਿਰ ਮਾਰ ਕੇ ਖੇਡਣ ਲੱਗ ਜਾਵੇਗਾ। ਫਿਰ ਮੇਰੀ ਕੋਈ ਜ਼ਿੰਮੇਵਾਰੀ ਨਹੀਂ। ਇਸਨੂੰ ਮੱਥੇ ਨਾਲ ਲਾ ਕੇ ਸੰਭਾਲ ਲਵੋ ਤੇ ਮੇਰੀ ਭੇਟਾ ਦਿਉ।'

ਜਦੋਂ ਉਹ ਭੇਟਾ ਮੰਗ ਰਿਹਾ ਸੀ ਤਾਂ ਬਾਪੂ ਜੀ ਨੇ ਉਸੇ ਵਕਤ ਉਸ ਦੇ ਸਾਹਮਣੇ ਹੀ ਉਸ ਕਾਗਜ਼ 'ਚੋਂ ਉਹੋ ਦੋਵੇਂ ਲੈਚੀਆਂ ਕੱਢੀਆਂ ਅਤੇ ਮੈਨੂੰ ਕਹਿਣ ਲੱਗੇ ਕਿ ਲੈ ਫੜ ਬਈ, ਇਨਾਂ ਨੂੰ ਹੁਣੇ ਖਾ ਇਸ ਦੇ ਸਾਹਮਣੇ ਹੀ। ਬਾਪੂ ਜੀ ਦੇ ਇਉਂ ਕਹਿਣ 'ਤੇ ਮੈਂ ਥੋੜਾ ਜਿਹਾ ਝਿਜਕਿਆ ਪਰ ਉਹ ਕਹਿੰਦੇ ਕਿ ਤੂੰ ਖਾ। ਮੈਂ ਬੈਠਾ ਤੇਰੇ ਕੋਲ। ਲੈਚੀਆਂ ਫੜ ਕੇ ਮੈਂ ਦੋਵੇਂ ਇਕੱਠੀਆਂ ਹੀ ਮੂੰਹ ਵਿਚ ਪਾ ਲਈਆਂ। ਫਿਰ ਡਰਦੇ-ਡਰਦੇ ਨੇ ਉਨਾਂ ਨੂੰ ਚਬਾਉਣਾ ਸ਼ੁਰੂ ਕਰ ਦਿੱਤਾ। ਦੋ ਮਿੰਟ ਲੰਘ ਗਏ, ਫਿਰ ਚਾਰ ਮਿੰਟ, ਪਰ ਮੈਨੂੰ ਕੁਝ ਨਹੀਂ ਸੀ ਹੋਇਆ। ਓਧਰ ਸਾਧ ਨੇ ਆਪਣੀ ਝੋਲੀ ਹੌਲੀ-ਹੌਲੀ ਇਕੱਠੀ ਕਰਨੀ ਸ਼ੁਰੂ ਕਰ ਲਈ ਅਤੇ ਆਪਣੇ ਬੂਟ ਵੀ ਪਾ ਲਏ। ਕੋਈ ਪੰਜ ਕੁ ਮਿੰਟਾਂ ਬਾਅਦ ਬਾਪੂ ਜੀ ਨੇ ਮੈਨੂੰ ਪੁੱਛਿਆ, 'ਹਾਂ ਬਈ, ਕੋਈ ਅਸਰ ਦਿਖਾਇਆ ਲੈਚੀਆਂ ਨੇ?' ਮੈਂ ਕਿਹਾ, 'ਨਹੀਂ ਜੀ, ਪਰ ਸਵਾਦ ਬਹੁਤ ਨੇ, ਭਾਵੇਂ ਹੋਰ ਦੇ ਦਿਉ।' ਇਉਂ ਕਹਿ ਕੇ ਮੈਂ ਸਾਧ ਵੱਲ ਦੇਖਿਆ। ਉਹ ਹੌਲੀ-ਹੌਲੀ ਖੜਾ ਹੋ ਰਿਹਾ ਸੀ। ਬਾਪੂ ਜੀ ਕਾਹਲੀ ਜਿਹੀ ਨਾਲ ਉੱਠ ਕੇ ਅੰਦਰ ਗਏ ਅਤੇ ਕਿਰਲੀਆਂ ਭਜਾਉਣ ਵਾਲਾ ਡੰਡਾ ਚੁੱਕ ਲਿਆਏ। ਕਹਿੰਦੇ ਖੜ ਜਾ ਜ਼ਰਾ। ਉਹ ਆਪਣੀ ਝੋਲੀ ਚੁੱਕ ਕੇ ਤੇਜ਼ ਕਦਮੀਂ ਉੱਥੋਂ ਭੱਜ ਲਿਆ। ਬਾਪੂ ਜੀ ਨੇ ਆਪਣੀ ਜਿੱਤ ਜਿਹੀ ਮਹਿਸੂਸ ਕਰਦੇ ਹੋਇਆਂ ਨੇ ਉਸ ਨੂੰ ਜ਼ੋਰ ਦੀ ਹਾਕ ਮਾਰੀ, 'ਭੱਜਿਆ ਕਿੱਥੇ ਜਾਨੈ ਹੁਣ? ਗਿਆਰਾਂ ਰੁਪਏ ਨੀ ਲੈਣੇ। ਉਦੋਂ ਤਕ ਉਹ ਨਾਲਾ ਵੀ ਟੱਪ ਗਿਆ ਸੀ। ਦੁਕਾਨ ਦਾ ਕੰਮ ਤਾਂ ਸਾਲ ਕੁ ਭਰ 'ਚ ਫਿਰ ਤੋਂ ਰਿੜਨਾ ਸ਼ੁਰੂ ਹੋ ਗਿਆ ਸੀ ਪਰ ਉਸ ਸਮੇਂ ਤੋਂ ਹੀ ਮੇਰੇ ਮਨ 'ਚੋਂ ਲੈਚੀਆਂ ਨੂੰ ਕਰਨ-ਕਰਾਉਣ ਵਾਲੀਆਂ ਗੱਲਾਂ ਅਤੇ ਹੋਰ ਕਈ ਤਰਾਂ ਦੇ ਵਹਿਮ-ਭਰਮ ਵੀ ਨਿਕਲ ਗਏ ਹਨ।

# ਜ਼ਫ਼ਰਨਾਮਾ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

## ਜ਼ਫ਼ਰਨਾਮੇ ਦੀ ਜੰਗ ਜਾਰੀ ਰਹੀ ਤੇ ਗੁਰੂ ਨਾਨਕ ਦੀ ਜੋਤਿ ਜਗਦੀ ਰਹੀ...!

ਗੁਰੂ ਜੀ ਨੇ ਬੰਦਾ ਸਿੰਘ ਬਹਾਦਰ ਨੂੰ ਪੰਜ ਤੀਰ, ਪੰਜ ਸਲਾਹਕਾਰ ਸਿੰਘ ਤੇ ਕੁਝ ਹੋਰ ਸਿੰਘ ਨਾਲ ਦੇ ਕੇ ਪੰਜਾਬ ਨੂੰ ਤੋਰਿਆ। ਸਭ ਤੋਂ ਪਹਿਲਾਂ ਮੁ.ਗਲ ਰਾਜ ਦੇ ਧਾਰਮਿਕ ਅਤੇ ਰਾਜਸੀ ਸ਼ਕਤੀ ਦੇ ਮਹੱਤਵਪੂਰਨ ਕੇਂਦਰ ਸਮਾਣੇ 'ਤੇ ਜਿੱਤ ਪ੍ਰਾਪਤ ਕੀਤੀ। ਕਿਉਂਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਸ਼ਹੀਦ ਕਰਨ ਵਾਲਾ ਜਲਾਦ ਜਲਾਲੂਦੀਨ ਅਤੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਾਰ ਸਿੰਘ ਅਤੇ ਬਾਬਾ ਫਤਿਹ ਸਿੰਘ ਨੂੰ ਸ਼ਹੀਦ ਕਰਨ ਵਾਲੇ ਜਲਾਦ ਸ਼ਾਮਲ ਬੇਗ ਅਤੇ ਬਾਸ਼ਲ ਬੇਗ ਇਸੇ ਸ਼ਹਿਰ ਸਮਾਣੇ ਦੇ ਵਸਨੀਕ ਸਨ। ਇਹ ਸ਼ਹਿਰ ਮੁਗਲਾਂ ਦਾ ਤਕੜਾ ਗੜ ਸੀ। ਇਸ ਤੋਂ ਬਾਅਦ ਸੋਨੀਪਤ, ਕੈਥਲ, ਘੜਾਮ, ਠਸਕਾ, ਸ਼ਾਹਬਾਦ, ਕਪੂਰੀ ਤੇ ਸਢੌਰਾ ਅਤੇ ਮੁ.ਗਲ ਸਲਤਨਤ ਦੇ ਵੱਡੇ ਸ਼ਹਿਰ ਬਨੂੜ 'ਤੇ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ।

ਫਿਰ ਸਰਹਿੰਦ-ਚੱਪੜਚਿੜੀ ਮੈਦਾਨ ਦੇ ਇਕ ਪਹਾੜੀ 'ਤੇ ਆਪਣੀਆਂ ਫੌਜਾਂ ਦੀ ਅਗਵਾਈ ਕਰਦਿਆਂ ਹੋਇਆਂ ਬੰਦਾ ਸਿੰਘ ਬਹਾਦਰ ਨੂੰ ਪਤਾ ਲੱਗਿਆ ਕਿ ਵਜ਼ੀਰ ਖ਼ਾਨ ਦੀਆਂ ਫੌਜਾਂ ਦੀ ਚੜ੍ਹਤ ਹੈ ਜਿਉਂ ਹੀ ਗੁਰੂ ਬਖ਼ਸ਼ੇ ਇਕ ਤੀਰ ਨੂੰ ਕੱਢਿਆ, ਘੋੜੇ ਨੇ ਆਪਣੀਆਂ ਅਗਲੀਆਂ ਲੱਤਾਂ ਪੂਰੀਆਂ ਉਤੇ ਚੁੱਕ ਕੇ ਐਸਾ ਲਲਕਾਰਾ ਮਾਰਿਆ ਤੇ ਬੰਦੇ ਨੂੰ ਐਸਾ ਹਲੂਣਾ ਮਿਲਿਆ ਕਿ ਜਿਸ ਤਰਾਂ ਗੁਰੂ ਦਾ ਬੰਦੇ ਨੂੰ 'ਆਪ ਖੁਦ ਮੈਦਾਨੇ ਜਾਣ ਦਾ' ਹੁਕਮ ਹੀ ਆ ਗਿਆ ਹੋਵੇ। ਬੰਦੇ ਨੇ ਖੁਦ ਮੈਦਾਨੇ ਜਾ ਕੇ ਗੁਰੂ ਦਾ ਤੀਰ ਛਡਿਆ, ਉਥੇ ਸਿੰਘਾਂ ਨੂੰ ਕੋਈ ਵੀ ਬਾਜ਼ ਨਜਰ ਆਉਂਦਾ ਤਾਂ ਉਨਾਂ ਨੂੰ ਸਾਹਿਬਜ਼ਾਦੇ ਯਾਦ ਆਉਂਦੇ, ਉਹ ਜੋਸ਼ ਨਾਲ ਭਰ ਜਾਂਦੇ। ਵਜ਼ੀਰ ਖਾਨ ਨੂੰ ਮਾਰ, ਸੁੱਚੇ ਨੰਦ ਨੂੰ ਸਜ਼ਾ ਦੇ, ਸਰਹਿੰਦ ਦੀ ਇੱਟ ਨਾਲ ਇੱਟ ਖੜਕਾ ਕੇ ਤਕੜੀ ਜਿੱਤ ਪ੍ਰਾਪਤ ਕੀਤੀ। ਇਸ ਤਰਾਂ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਬਦਲਾ ਲੈ ਕੇ ਸਿੱਖ ਰਾਜ ਦਾ ਝੰਡਾ ਸਥਾਪਿਤ ਕੀਤਾ, ਰਾਜਧਾਨੀ ਬਣਾਈ ਤੇ ਗੁਰੂ ਦਾ ਅੰਮ੍ਰਿਧਾਰੀ ਬੰਦਾ ਸਿੰਘ, ਬਹਾਦਰ-ਸਾਬਤ ਕਰ, ਖਾਲਸਾ ਪੰਥ ਦਾ ਪਹਿਲਾ ਬਾਦਸ਼ਾਹ ਸਥਾਪਿਤ ਹੋਇਆ ਅਤੇ ਗੁਰੂਆਂ ਦੇ ਨਾਂ ਤੇ ਸਿੱਕਾ ਚਲਾਇਆ।

ਆਨੰਦਪੁਰ ਸਾਹਿਬ- ਕੰਬਦੇ ਪਹਾੜੀ ਰਾਜਿਆਂ ਕੋਲੋਂ, ਜਾ ਮਾਮਲਾ ਗਰਮਾਇਆ

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥

ਖ਼ਾਲਸੇ ਦੀ ਪਰਖ

ਸੰਨ 1739, ਨਾਦਰਸ਼ਾਹ ਇਰਾਨ ਤੋਂ ਦਿੱਲੀ ਲੁੱਟਣ ਆਇਆ ਤੇ ਦਿੱਲੀ ਲੁੱਟ ਕੇ ਵਾਪਸ ਜਾਂਦੇ ਦੀ ਲੁੱਟ 'ਚੋਂ ਸਿੰਘਾਂ ਨੇ ਖੋ ਕੇ ਆਪਣਾ ਹਿੱਸਾ ਕੱਢ ਲਿਆ। ਉਹ ਜਕਰੀਆ ਖਾਂ ਲਾਹੌਰ ਦੇ governer ਨੂੰ ਜਾਂਦਾ ਹੋਇਆ ਤਾੜਨਾ ਕਰ ਗਿਆ ਜੇ ਇਹ ਕੌਮ ਇਸੇ ਤਰਾਂ ਹੀ ਦਲੇਰ ਰਹੀ ਤਾਂ ਇਕ ਦਿਨ ਪੰਜਾਬ ਦੇ ਰਾਜੇ ਹੋਣਗੇ।

ਜਕਰੀਆ ਖਾਂ ਨੂੰ ਆਪਣੀ ਚੌਧਰ ਜਾਂਦੀ ਦਿਸੀ। ਸੰਨ 1940 ਨੂੰ ਉਸ ਨੇ ਦਰਬਾਰ ਸਾਹਿਬ ਨੂੰ ਆਣ ਘੇਰਿਆ ਤੇ ਹਰ ਸਰਗਰਮੀ ਨੂੰ ਰੋਕਣ ਲਈ ਆਪਣਾ ਮਿਅਟਰੀ ਕਮਾਂਡਰ ਮੱਸੇ ਰੰਗੜ ਨੂੰ ਨਿਯੁਕਤ ਕਰ ਦਿਤਾ।

ਮੱਸੇ ਰੰਗੜ ਨੇ ਦਰਬਾਰ ਸਾਹਿਬ ਨੂੰ ਆਪਣੀਆਂ ਰੰਗ ਰਲੀਆਂ ਦਾ ਅੱਡਾ ਹੀ ਬਣ ਲਿਆ। ਫਿਰ ਦੋ ਖਾਲਸੇ 'ਸੁੱਖਾ ਸਿੰਘ ਤੇ ਮਹਿਤਾਬ ਸਿੰਘ' ਮਾਮਲਾ ਤਾਰਨ ਦੇ ਬਹਾਨੇ ਦਰਬਾਰ ਸਾਲਬਿ ਆਏ ਤੇ ਮੱਸੇ ਰੰਗੜ ਦੀ ਅੰਦਰ ਜਾ ਕਚਹਿਰੀ ਲਾਈ - ਇਹ ਕਚਹਿਰੀ ਭਾਵੇਂ ਦੋ ਮਿੰਟ ਹੀ ਲੱਗੀ ਹੋਵੇ, ਉਹਨੂੰ ਦਸਿਆ ਗਿਆ ਕਿ 'ਤੂੰ ਜਿਹੜੀ ਕਰਤੂਤ ਕਰ ਰਿਹਾ ਹੈਂ ਉਸ ਦੀ ਸਜ਼ਾ ਕੀ ਹੈ'। ਫਿਰ ਦਸਿਆ ਕਿ ਦਰਬਾਰ ਸਾਹਿਬ ਦੀ ਕੀ ਮਹਾਨਤਾ ਹੈ ਕਿ ਇਥੇ ਰੱਬ ਵਸਦਾ ਹੈ ਤੇ ਰੱਬ ਨੇ ਹੀ ਗੁਰੂਆਂ ਨੂੰ ਭੇਜਿਆ ਹੈ - 'ਦੁਨੀਆਂ ਤਾਰਨ ਲਈ'! ਅਗੇ ਹੋਰ ਵੀ ਦਸਿਆ ਕਿ ਗੁਰੂਆਂ ਨੇ ਕਿਸ ਤਰਾਂ ਦੁਨੀਆਂ ਤਾਰੀ।

ਖੋਜ ਸਤਿ - ਗੁਰੂ ਨਾਨਕ ਦੇਵ ਜੀ ਨੇ ਪ੍ਰਮਾਤਮਾ ਨੂੰ 'ਪਾਇਆ' ਤੇ ਦੁਨੀਆ ਦੀਆਂ ਚਾਰ ਉਦਾਸੀਆਂ ਕੀਤੀਆਂ - ਪ੍ਰਮਾਤਮਾ ਨੂੰ ਪਾਉਣ ਦਾ ਰਸਤਾ (ਨਾਮ-ਸਿਮਰਨ, ਸਿਫ਼ਤ-ਸਲਾਹ) ਦਸਣ ਲਈ। ਗੁਰੂ ਅਰਜਨ ਦੇਵ ਜੀ ਨੇ ਇਸ ਧੁਰ ਕੀ ਬਾਣੀ ਦਾ ਗ੍ਰੰਥ ਰਚਾਇਆ ਤੇ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਨਾਨਕ ਦੀ ਦਸਵੀਂ ਜੋਤਿ ਨੂੰ ਗ੍ਰੰਥ ਵਿਚ ਸਮਾ- ਅਭੇਦ ਕਰ, 'ਗੁਰੂ ਗਰੰਥ ਸਾਹਿਬ' ਬਣਾ ਦਿੱਤਾ ਤੇ ਸਾਰੇ ਸਿੱਖਾਂ ਨੂੰ ਇਸ ਦੇ ਲੜ ਲਾ ਦਿੱਤਾ। ਭਾਵ ਜੋ ਵੀ ਮਾਈ ਭਾਈ ਇਸ ਨੂੰ ਪੜੇ, ਸੁਣੇ, ਗਾਏਗਾ, ਪ੍ਰਮਾਤਮਾ ਨੂੰ ਮਿਲਣ ਦੇ ਰਾਹੇ ਪਏਗਾ।

ਇਹ ਸੁਣ, ਮੱਸਾ ਰੰਗੜ, ਸ਼ਰਾਬੀ, ਹੁਕੇ ਦੇ ਸੂਟੇ ਲਾਉਂਦਾ, ਹੱਕਾ ਬੱਕਾ ਰਹਿ ਗਿਆ ਤੇ ਉਹਨੂੰ ਕੋਈ ਵੀ ਜਵਾਬ ਨਾ ਔਹੜਿਆ ਤਾਂ ਫਿਰ 'ਵਾਹਿਗੁਰੂ ਜੀ ਕੇ ਖਾਲਸਿਆਂ' ਦੀਆਂ ਤਲਵਾਰਾਂ ਨੇ ਆਪਣਾ ਜੁਮਾ ਭਗਧਾਉਣ ਲਈ ਕੋਈ ਵਕਤ ਨਾ ਲਾਇਆ। ਉਨਾਂ ਰੰਗੜ ਦਾ ਸਿਰ ਵਾਲੋਂ ਚੁਕਿਆ, ਗੁਰੂ ਅੱਗੇ ਆਪਣੇ ਸੀਸ ਝੁਕਾਅ 'ਵਾਹਿਗੁਰੂ ਜੀ ਕੀ ਫਤਿਹ' ਜਾਣ ਸ਼ੁਕਰਾਨਾ ਕੀਤਾ। ਉਧਰ ਘੋੜੇ ਆਪਣਿਆਂ ਸਵਾਰਾਂ ਦਾ ਬੜੀ ਤਾਂਘ ਨਾਲ ਰਸਤਾ ਦੇਖ ਰਹੇ ਸਨ। ਉਨਾਂ 'ਤੇ ਪਲਾਕੀਆਂ ਮਾਰਦਿਆਂ ਹੀ ਘੋੜੇ ਹਵਾ ਹੋ ਗਏ। ਬੇਸ਼ੱਕ ਬਹੁਤ ਸਾਰੇ ਰਾਗੀ, ਢਾਡੀ, ਤੇ ਪ੍ਰਚਾਰਕ ਬੋਲਦੇ ਹਨ ਕਿ ਜਦੋਂ ਮਾਮਲੇ ਦੇ ਥੈਲੇ ਮੱਸੇ ਰੰਗੜ ਅੱਗੇ ਰੱਖੇ ਤਾਂ ਉਹ ਝੁਕ ਕੇ ਦੇਖਣ ਲੱਗਾ ਤਾਂ ਉਸ ਦੀ ਧੌਣ ਕਲਮ ਕਰ ਦਿੱਤੀ ਗਈ। ਪਰ ਮੈਂ ਕਹਿੰਦਾ ਹਾਂ ਕਿ ਉਸ ਨੂੰ ਆਪਣੀ ਸਫਾਈ ਦੇਣ ਦਾ ਮੌਕਾ ਦਿੱਤਾ ਗਿਆ ਸੀ ਤੇ ਦਿੱਤਾ ਜਾਣਾ ਵੀ ਚਾਹੀਦਾ ਸੀ। ਇਹ ਖਾਲਸਿਆਂ ਦਾ ਜੌਹਰ ਸਾਰੀ ਦੁਨੀਆਂ ਵਿਚ ਧੁੰਮ ਗਿਆ। ਹਿਸਟਰੀ ਮੁਤਾਬਕ ਇਸ ਜਲਵੇ ਦੀ ਕਈ ਵੇਰਾਂ ਵਰਤੋਂ ਵੀ ਕੀਤੀ ਗਈ ਜਿਸ ਤਰਾਂ : ਅਮਰੀਕਾ ਦਾ ਪ੍ਰਧਾਨ (President) ਜਿੰਮੀ ਕਾਰਟਰ ਨੇ ਇਸ ਕਾਰਵਾਈ (operation) ਨੂੰ ਧਿਆਨ ਵਿਚ ਰਖਦਿਆਂ ਹੋਇਆਂ, ਇਰਾਨ ਵਿਚ ਆਪਣੇ ਦੇਸ਼ੀ ਵਸਨੀਕ ਘਿਰੇ ਹੋਇਆਂ ਨੂੰ ਛੁਡਾਉਣ ਲਈ ਜੰਗੀ ਜਹਾਜ ਭੇਜੇ ਪਰ ਨਾ ਸ.ਫਲ ਹੋਣ ਤੇ, ਅਖਬਾਰ ਵਿਚ, ਪਛਤਾਉਂਦਿਆਂ ਬਿਆਨ ਦਿੱਤਾ ਕਿ ਜੇ 'ਇਕ ਜਹਾਜ (spair) ਹੋਰ ਭੇਜਿਆ ਹੁੰਦਾ ਤਾਂ ਉਸ ਨੂੰ ਸ.ਫਲਤਾ ਮਿਲ ਜਾਣੀ ਸੀ ਇਸ ਤਰਾਂ ਚਾਰ ਸਾਲ ਹੋਰ ਪ੍ਰਧਾਨ (President) ਬਣੇ ਰਹਿਣ ਵਾਸਤੇ ਮਿਲ ਜਾਣੇ ਸਨ।

ਪ੍ਰਧਾਨ (President) ਬਰਾਕ ਉਬਾਮਾ ਨੇ ਵੀ ਬਿਨ ਲਾਦਨ ਦਾ ਸਿਰ ਵੱਢ ਲਿਆਉਣ ਲਈ ਇਸੇ ਕਾਰਵਾਈ (operation) ਦੀ ਸੇਧ ਵਿਚ ਆਪਣੇ .ਫੌਜੀ ਭੇਜੇ, ਪਰ ਉਹਨੂੰ ਵੀ 100% ਕਾਮਯਾਬੀ ਨਾ ਮਿਲੀ, ਕਿਉਂਕਿ ਜਹਾਜ ਦਾ ਚਾਲਕ ਥਿੜਕ ਗਿਆ ਸੀ, ਤੇ ਜਹਾਜ ਉਤਾਰਦਿਆਂ ਜਹਾਜ ਦੀ ਪੂਛ ਟੁੱਟ ਗਈ ਸੀ। ਜੋ ਉਥੋਂ ਆਉਣ ਗਿਆਂ ਬੰਬ ਮਾਰ ਕੇ ਜਹਾਜ ਨੂੰ ਤਬਾਹ ਕਰਨਾ ਪਿਆ ਸੀ। ਵੈਸੇ ਵੀ ਉਹ ਬਿਨ ਲਾਦੇਨ ਨੂੰ ਦੂਰੋਂ ਹੀ ਮਾਰ ਸਕੇ ਤੇ ਉਹ ਨੂੰ ਆਪਣੀ ਸਫ਼ਾਈ ਦੇਣ ਦਾ ਮੌਕਾ ਨਾ ਦਿੱਤੇ ਏਧਰ ਖਾਲਸਿਆਂ ਦੇ ਘੋੜੇ ਇਕ ਗਜ਼ ਵੀ ਏਧਰ-ਉਧਰ ਨਾ ਹੋਏ ਤੇ ਦੜ ਵਟ ਕੇ ਆਪਣੇ ਸਵਾਰਾਂ ਦੀ ਤਾਂਘ ਵਿਚ ਰਹੇ।

ਗੁਰੂ ਜੀ ਦਾ 'ਕੌਲ-ਵਚਨ'

ਗੁਰੂ ਜੀ ਚਮਕੌਰ ਦੀ ਗੜੀ ਦੇ ਯੁੱਧ, ਬੇਸ਼ਮਾਰ ਦੁਸ਼ਮਨ ਦੀਆਂ ਫੌਜਾਂ 'ਚੋਂ ਬਚ ਨਿਕਲ ਆਏ। ਜਦੋਂ ਉਨਾਂ ਨੂੰ ਪਤਾ ਲੱਗਾ ਕਿ ਛੋਟੇ ਸਾਹਿਬਜਾਦਿਆਂ ਨੂੰ ਉਨਾਂ ਨੇ ਬਹੁਤ ਬੇ-ਰਹਿਮੀ ਨਾਲ ਮਾਰ ਦਿਤਾ ਹੈ ਤਾਂ ਉਨਾਂ ਇਕ ਕਾਈ ਦੇ ਬੂਟੇ ਨੂੰ ਜੜੋਂ ਪੁਟਦਿਆਂ ਕਿਹਾ ਕਿ 'ਹੁਣ ਤੁਰਕਾਂ ਦੀ ਜੜ ਇਸ ਬੂਟੇ ਦੀ ਜੜ ਵਾਂਗੂੰ ਪੁਟੀ ਜਾਵੇਗੀ।'



ਬੰਦਾ ਸਿੰਘ ਬਹਾਦਰ ਨੇ ਸਰਹੰਦ ਦੀ ਇੱਟ ਨਾਲ ਇੱਟ ਖੜਕਾ ਦਿੱਤੀ - ਵਜ਼ੀਰ ਖਾਂ ਬੁਰੀ ਤਰਾਂ ਮਾਰਿਆ ਗਿਆ, ਸੁੱਚਾ ਨੰਦ, ਪਹਾੜੀ ਰਾਜੇ ਅਤੇ ਗੁਰੂਆਂ ਦੇ ਸਾਰੇ ਦੁਸ਼ਮਨਾਂ ਨੂੰ ਲਤਾੜ ਕੇ ਖਾਲਸਾ ਰਾਜ ਦੀ ਨੀਂਹ ਰੱਖੀ।

11 ਮਾਰਚ, 1783 ਨੂੰ ਤਿੰਨ ਖਾਲਸੇ (ਜੱਸਾ ਸਿੰਘ ਰਾਮਗੜੀਆ, ਭਘੇਲ ਸਿੰਘ, ਜੱਸਾ ਸਿੰਘ ਆਹਲੂਵਾਲੀਆ) ਆਪਣੀਆਂ .ਫੌਜਾਂ ਨਾਲ ਜਦੋਂ ਦਿੱਲੀ ਜਿੱਤਣ ਆਏ ਤਾਂ ਜੱਸਾ ਸਿੰਘ ਰਾਮਗੜੀਏ ਦਾ ਸਿਰ.ਫ ਦਿੱਲੀ ਜਿੱਤਣ ਦਾ ਹੀ ਇਰਾਦਾ ਨਹੀਂ ਸੀ, ਸਗੋਂ ਤੁਰਕਾਂ (ਮੁਗਲ) ਰਾਜ ਦੀ ਜੜ ਪੁੱਟ, ਗੁਰੂ ਦਾ ਕੌਲ ਨਿਭਾਉਣਾ ਸੀ। ਉਸ ਨੇ ਦਿੱਲੀ ਵਿਚ ਲੁੱਟ ਮਚਾ ਦਿੱਤੀ, ਅੱਗਾਂ ਲਾ ਦਿੱਤੀਆਂ।

ਸਤਨਾਮ ਸਿੰਘ ਐਡਵੋਕੇਟ, ਇਤਿਹਾਸਕ ਡਾਇਰੈਕਟਰੀ ਵਿਚ ਲਿਖਦਾ ਹੈ ਕਿ ਜੱਸਾ ਸਿੰਘ ਨੇ ਮੁਗਲਪੁਰਾ ਖਤਮ ਕੀਤਾ। ਲੇਖਕ ਕਨਿੰਗਮ ਲਿਖਦਾ ਹੈ ਕਿ ਜੱਸਾ ਸਿੰਘ ਪਹਿਲ 'ਹ ਦਿੱਲੀ ਦੀਆਂ ਕੰਧਾਂ ਤੱਕ ਗਿਰਾਉਂਦਾ ਸੀ। ਹੁਣ ਅੰਦਰੋਂ ਵੀ ਗਿਰਾਉਣ ਲਈ ਮੁਗਲਾਂ ਦਾ ਪਿੱਛਾ ਕਰ ਰਿਹਾ ਸੀ। ਜਦੋਂ ਰਾਜਾ ਉਨਾਂ ਦੀ ਰਖਿਆ ਨਾ ਕਰ ਸਕਿਆ, ਉਹ ਭੱਜ ਕੇ ਲਾਲ ਕਿਲੇ ਜਾ ਵੜੇ। ਜੱਸਾ ਸਿੰਘ ਰਾਮਗੜੀਆ, ਆਪਣੀਆ ਫੌਜਾਂ ਨਾਲ ਉਨਾਂ ਪਿੱਛੇ ਹੀ ਲਾਲ ਕਿਲੇ ਜਾ ਵੜਿਆ। ਆਖਰ ਉਨਾਂ ਆਪ ਹੀ 'ਕਰ' ਉਗਰਾਹ ਕੇ ਜੱਸਾ ਸਿੰਘ ਨੂੰ ਦੇ ਦਿੱਤਾ। ਲਾਲ ਕਿਲੇ ਜੱਸਾ ਸਿੰਘ ਨੇ ਜੰਗੀ ਸਮਾਨ ਲੁੱਟਿਆ ਤੇ ਤਖਤ-ਏ-ਤਾਊਸ ਨੂੰ ਜੜੋਂ ਉਖਾੜ ਕੇ, ਲਿਆ ਕੇ ਤਖਤ ਦੇ ਪੈਰਾਂ 'ਚ ਰਖਿਆ ਤੇ ਫਿਰ ਰਾਮਗੜੀਆ ਬੁੰਗਾ ਅੰਮ੍ਰਿਤਸਰ ਵਿਖੇ ਲਗਾ ਦਿੱਤਾ। ਰਾਜੇ ਬਹੁਤ ਹੀ ਬੇਬਸ ਹੋ ਕੇ ਜੱਸਾ ਸਿੰਘ ਨੂੰ ਸੁਨੇਹਾ ਭੇਜਿਆ ਕਿ ਦਿੱਲੀ ਤਬਾਹ ਕਰਕੇ ਤੈਨੂੰ ਕੀ ਮਿਲੇਗਾ ਤੇ ਬੇਨਤੀ ਕੀਤੀ ਕਿ ਉਹ ਇਸ ਤਰਾਂ ਨਾ ਕਰੇ। ਰਾਜੇ ਸ਼ਾਹ ਆਲਮ ਨੂੰ ਨਹੀਂ ਪਤਾ ਸੀ ਕਿ ਉਹ ਮੁਗਲਾਂ ਦੀ ਜੜ ਪੁੱਟ ਕੇ ਆਪਣੇ ਗੁਰੂ ਦਾ ਕੌਲ ਨਿਭਾਅ ਰਿਹਾ ਸੀ। ਜੱਸਾ ਸਿੰਘ ਉੱਥੇ ਇਕ ਮਹੀਨਾ ਰਿਹਾ ਅਤੇ ਰਾਜੇ ਵਾਂਗੂ ਵਿਚਰਿਆ।

ਜੱਸਾ ਸਿੰਘ ਦਾ ਪਰਿਵਾਰ ਗੁਰੂ ਜੀ ਦੇ ਅੰਗ ਸੰਗ ਹੀ ਰਿਹਾ ਸੀ। ਜਿਸ ਤਰਾਂ ਜੱਸਾ ਸਿੰਘ ਦੇ ਦਾਦਾ ਹਰਦਾਸ ਸਿੰਘ ਬਾਰੇ ਗਿਆਨੀ ਗਿਆਨ ਸਿੰਘ ਜੀ ਨੇ 'ਸਰੀ ਗੁਰੂ ਪੰਥ ਪਰਕਾਸ਼ ਵਿਚ ਲਿਖਿਆ ਹੈ':

ਇਨ ਕਾ ਬੜਾ ਸਿੰਘ ਹਰਦਾਸ ।
ਰਹਿਓ ਗੁਰੂ ਗੋਬਿੰਦ ਸਿੰਘ ਪਾਸ ।
ਤਨ ਮਨ ਧਨ ਕਰ ਸੇਵਾ ਕਮਾਈ।
ਗੁਰੂ ਵਰ ਦੀਨੇ ਰਾਜ ਲੁਭਾਈ।
ਸਿੰਘ ਭਗਵਾਨ ਤਾਹਿ ਸੁਤ ਭਯੋ।
ਅਬਚਲ ਨਗਰ ਗੁਰੂ ਸੰਗ ਰਹਯੋ।

ਹਰਦਾਸ ਸਿੰਘ ਜੀ ਪਹਿਲਾਂ ਗੁਰੂ ਜੀ ਦੇ ਲਈ ਹਥਿਆਰ ਬਣਾਉਂਦੇ, ਫਿਰ ਦਰਬਾਰੀ ਅਤੇ .ਫੌਜ ਵਿਚ ਇਕ ਜੁਝਾਰੂ ਸਿਪਾਹੀ ਦੇ ਰੂਪ ਵਿਚ ਲੜਦੇ ਰਹੇ ਤੇ ਫਿਰ ਉਹ ਬੰਦਾ ਸਿੰਘ ਬਹਾਦਰ ਦੀ ਫੌਜ ਵਿਚ ਜਾ ਮਿਲੇ ਅਤੇ ਅੰਤ ਬੰਦਾ ਸਿੰਘ ਬਹਾਦਰ ਦੀ ਬਜਵਾੜੇ ਦੀ ਲੜਾਈ ਵਿਚ ਸ਼ਹੀਦੀ ਪਾ ਗਏ।

ਹਰਦਾਸ ਸਿੰਘ ਦਾ ਪੁੱਤਰ, (ਜੱਸਾ ਸਿੰਘ ਦਾ ਪਿਤਾ) ਗਿਆਨੀ ਭਗਵਾਨ ਸਿੰਘ ਜੀ, ਜੋ ਗੁਰੂ ਗਰੰਥ ਸਾਹਿਬ ਦੇ ਭਾਵ ਅਤੇ ਅਮਲ ਵਿਚ ਦ੍ਰਿੜ, ਆਪਣੇ ਸਮੇਂ ਦੇ ਮੰਨੇ ਹੋਏ ਧਾਰਮਿਕ ਪ੍ਰਚਾਰਕ ਸਨ, ਗੁਰੂ ਜੀ ਨਾਅ ਅਬਚਲ ਨਗਰ ਗਏ ਤੇ ਫਿਰ ਬੰਦਾ ਸਿੰਘ ਬਹਾਦਰ ਨਾਲ ਪੰਜਾਬ ਵਾਪਸ ਆਏ। ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਉਪਰੰਤ ਬਦੇਸ਼ੀ ਧਾੜਵੀ ਨਾਦਰਸ਼ਾਹ ਦੀਆਂ ਫੌਜਾਂ ਵਿਰੁਧ ਸੌ ਘੋੜ ਸਵਾਰਾਂ ਦੀ ਕਮਾਨ ਕਰਦਿਆਂ ਦਿਲੋਂ ਜਾਨ ਨਾਲ ਲੜਦਿਆਂ ਵਜ਼ੀਰਾਬਾਦ ਦੇ ਅਸਥਾਨ 'ਤੇ ਮਾਰੇ ਗਏ, ਜੱਸਾ ਸਿੰਘ ਵੀ ਨਾਲ ਸੀ।

ਜੱਸਾ ਸਿੰਘ ਨੂੰ ਸਿੱਖੀ ਦੇ ਮਾਰਗ, ਖੰਡੇ ਦੀ ਤਿੱਖੀ ਧਾਰ ਤੇ ਤੁਰਨ ਦੀ ਸਿੱਖਿਆ ਬਚਪਨ ਤੋਂ ਵਿਰਸੇ ਵਿਚ ਹੀ ਮਿਲੀ ਸੀ ਕਿਉਂਕਿ ਉਸ ਦੇ ਵਡਾਰੂਆਂ ਦਾ ਨਿਪੁੰਨਤਾ ਹਾਸਲ ਕਰਨ ਦਾ ਪਹਿਲਾ ਸਕੂਲ ਕਲਗੀਧਰ ਦਾ ਦਰਬਾਰ ਹੀ ਸੀ। ਇਸ ਤਰਾਂ ਜੱਸਾ ਸਿੰਘ ਦਾ ਆਪਣੇ ਭਰਾਵਾਂ ਸਮੇਤ, ਪਰਿਵਾਰ ਦਾ ਪੇਸ਼ਾ ਫ਼ੌਜੀ ਹੀ ਸੀ। ਜੱਸਾ ਸਿੰਘ ਨੇ ਪਹਾੜੀ ਰਾਜਿਆਂ ਨਾਲ ਗੁਰੂ ਜੀ ਦੇ ਯੁੱਧਾਂ ਬਾਰੇ ਆਪਣੇ ਦਾਦਾ ਜੀ ਕੋਲੋਂ ਬਹੁਤ ਕੁਝ ਸੁਣਿਆ ਹੋਏਗਾ,

ਇਸ ਲਈ ਜੱਸਾ ਸਿੰਘ ਨੇ ਉਤਰੀ ਭਾਰਤ ਦੇ ਪਹਾੜੀ ਰਾਜਿਆਂ ਨੂੰ 'ਇਤਿਹਾਸ ਵਿਚ ਪਹਿਲੀ ਵਾਰੀ' ਆਪਣੇ ਅਧੀਨ ਕੀਤਾ। ਅੰਗਰੇਜ ਇਤਿਹਾਸਕਾਰ ਕਨਿੰਗਮ ਅਨੁਸਾਰ ਸਭ ਤੋਂ ਪਹਿਲਾਂ ਜੱਸਾ ਸਿੰਘ ਨੇ ਕਾਂਗੜੇ ਉਤੇ ਹੀ ਹਮਲਾ ਕੀਤਾ। ਸ੍ਰੀ ਹਰਿਗੋਬਿੰਦਪੁਰ ਸਥਾਨ 'ਤੇ ਕਿਲਾ ਬਣਾਇਆ ਤੇ ਪੱਕਾ ਗੁਰਸਿੱਖ ਹੁੰਦਿਆਂ ਸ੍ਰੀ ਹਰਿਗੋਬਿੰਦਪੁਰ ਨੂੰ ਰਾਮਗੜੀਆ ਮਿਸਲ ਦੀ ਰਾਜਧਾਨੀ ਬਣਾਇਆ। ਉਸ ਨੇ ਅਜਿਹੇ ਕਾਰਨਾਮੇ ਕੀਤੇ ਜਿਨਾਂ ਨੇ ਖਾਲਸੇ ਦੀ ਆਨ ਅਤੇ ਸ਼ਾਨ ਵਿਚ ਵਾਧਾ ਕੀਤਾ। ਉਸ ਦੀ ਮਿਸਲ ਪਹਿਲੀਆਂ ਦੋ-ਤਿੰਨ ਮਿਸਲਾਂ ਵਿਚੋਂ ਗਿਣੀ ਜਾਂਦੀ ਰਹੀ ਸੀ। ਜੱਸਾ ਸਿੰਘ ਰਾਮਗੜੀਆ ਬੜਾ ਦੂਰ-ਦਰਸ਼ਕ ਅਤੇ ਸੂਝ-ਬੂਝ ਵਾਲਾ ਇਕ ਵਿਸ਼ੇਸ਼ ਨੀਤੀਵਾਨ, ਦਲ ਖਾਲਸਾ ਦਾ ਬੜਾ ਵੱਡਾ ਥੰਮ ਸੀ। ਭਾਵੇਂ ਜੱਸਾ ਸਿੰਘ ਆਹਲੂਵਾਲੀਆ ਦਲ ਖਾਲਸਾ ਦਾ ਮੁੱਖ ਆਗੂ ਨਿਯੁਕਤ ਸੀ ਪਰ ਜੱਸਾ ਸਿੰਘ ਰਾਮਗੜੀਆ ਉਸ ਨਾਲੋਂ ਕਿਸੇ ਗੱਲੋਂ ਪਿੱਛੇ ਨਹੀ ਸੀ ਰਿਹਾ। 1762 ਦੇ ਵੱਡੇ ਘੱਲੂਘਾਰੇ ਵਿਚ ਜਦੋਂ ਆਹਲੂਵਾਲੀਆ ਨੂੰ ਕਾਫ਼ੀ ਸੱਟਾਂ ਲੱਗੀਆਂ ਤਾਂ ਜੱਸਾ ਸਿੰਘ ਨੇ ਆਹਲੂਵਾਲੀਆ ਨੂੰ ਜੰਗ ਵਿਚੋਂ ਨਿਕਲ ਜਾਣ ਦੀ ਸਲਾਹ ਦੇ ਕੇ ਤੇ ਉਸ ਨੂੰ ਰਾਏ ਕਲੇ ਦੇ ਕੋਟ ਵਿਖੇ ਇਲਾਜ ਲਈ ਪਹੁੰਚਾ ਦਿੱਤਾ ਸੀ ਅਤੇ ਕਮਾਨ ਆਪ ਸੰਭਾਲ ਲਈ ਸੀ। ਉਹ ਅਬਦਾਲੀ ਦੀਆਂ ਨਜਰਾਂ ਵਿਚ ਸੱਭ ਤੋਂ ਜਿਆਦਾ ਰੜਕਦਾ ਸੀ। ਕਿਉਂਕਿ ਉਸ ਨੇ ਆਪ ਜੱਸਾ ਸਿੰਘ ਦੇ ਹੱਥ ਲੜਾਈ ਵਿਚ ਆਹਮੋਂ ਸਾਹਮਣੇ ਹੋ ਕੇ ਦੇਖੇ ਸਨ ਅਤੇ ਉਹ ਖ਼ੁਦ ਉਸ ਦੇ ਲੋਹੇ ਨੂੰ ਮੰਨਦਾ ਸੀ। ਜੱਸਾ ਸਿੰਘ ਰਾਮਗੜੀਆ ਇਕ ਲਾਸਾਨੀ ਜਰਨੈਲ ਸੀ। ਉਸ ਦੇ ਯੁੱਧ ਕਰਨ ਦੇ ਪੈਂਤੜੇ ਬੜੇ ਸਫਲ ਸਨ। ਉਹਨੇ ਅਬਦਾਲੀ ਦੀ ਸੈਨਾ ਨੂੰ ਖਦੇੜ ਕੇ ਹਜਾਰਾਂ ਸਿਪਾਹੀਆਂ ਨੂੰ ਕੈਦ ਕਰ ਲਿਆ ਸੀ। ਅਬਦਾਲੀ ਦੇ ਦਿਲ ਵਿਚ ਜੱਸਾ ਸਿੰਘ ਦੇ ਵਿਰੁਧ ਬੇ-ਇੰਤਾਹ ਗੁੱਸਾ ਉਪਜਿਆ। ਉਸ ਨੇ ਜੱਸਾ ਸਿੰਘ ਨੂੰ ਮੈਦਾਨੇ ਜੰਗ ਦੀ ਬਜਾਏ ਇਕੱਲੇ ਨੂੰ ਘੇਰ ਮਾਰਨ ਲਈ ਸੂਹੀਏ ਛੱਡੇ ਪਰ ਜੱਸਾ ਸਿੰਘ ਨੇ ਕੋਈ ਡਾਈ ਨਾ ਦਿੱਤੀ। ਉਹ ਉੱਤਰੀ ਭਾਰਤ ਦਾ ਅਠਾਰਵੀਂ ਸਦੀ ਦਾ ਇਕ ਪ੍ਰਸਿੱਧ ਯੋਧਾ ਅਤੇ ਰਣਜੇਤੂ ਸੀ ਤੇ ਉਸ ਨੂੰ ਇਕ ਮਹਾਨ ਹਸਤੀ ਸਮਝ ਕੇ ਸਹਾਇਤਾ ਲਈ ਬੁਲਾਇਆ ਜਾਂਦਾ ਰਿਹਾ ਸੀ। ਜੱਸਾ ਸਿੰਘ ਬਹੁਤ ਦੇਰ ਤਕ ਅੰਮ੍ਰਿਤਸਰ ਵਿਚ ਰਾਮਗੜ ਕਿਲੇ ਦਾ ਕਿਲੇਦਾਰ ਰਿਹਾ ਸੀ। ਉਸ ਨੇ ਇਸ ਇਲਾਕੇ ਨੂੰ ਕਈ ਵਾਰ ਉਸਾਰਿਆ। 'ਜਿਸ ਤਰਾਂ ਆਹਲੂਵਾਲੀਆ, ਆਹਲੂਵਾਲੀਆ ਪਿੰਡ ਤੋਂ, ਸ਼ੁਕਰਚਕੀਆ, ਸ਼ੁਕਰਚਕੀਆ ਪਿੰਡ ਤੋਂ ਤੇ ਰਾਮਗੜੀਆ, ਰਾਮਗੜ ਕਿਲੇ ਤੋਂ ਹੋ ਗਿਆ'। ਵੈਸੇ ਵੀ ਜਦੋਂ ਰਾਮਗੜ ਕਿਲੇ ਵਿਚ ਪੰਜ ਸੌ ਸਿੰਘ ਜਵਾਨ ਅਦੀਨਾ ਬੇਗ ਦੀਆਂ .ਫੌਜਾਂ ਵਲੋਂ ਘਿਰ ਗਏ, ਤੇ ਉਥੇ ਦੋ-ਸੌ ਭੁਖ ਨਾਲ ਮਰ ਗਏ ਤੇ ਫਿਰ ਜੱਸਾ ਸਿੰਘ ਆਪਣੀ ਜਾਨ-ਤਲੀ ਤੇ ਰੱਖ ਕੇ, ਆਪਣੀਆਂ .ਫੌਜਾਂ ਸਮੇਤ ਉਨਾਂ ਦੀ ਮਦਦ ਲਈ ਆ ਮਿਲਿਆ ਤੇ ਬਾਕੀਆਂ ਨੂੰ ਬਚਾਅ ਲਿਆ। ਜੱਸਾ ਸਿੰਘ ਦੀ ਇਸ ਕੁਰਬਾਨੀ ਉੱਤੇ ਸਾਰਾ ਸਿੱਖ ਪੰਥ ਉਸ ਦੇ ਸਦਕੇ ਜਾਂਦਾ ਸੀ ਤੇ ਰਾਮਗੜੀਆ ਖਿਤਾਬ ਪੱਕਾ ਹੀ ਹੋ ਗਿਆ ਤੇ ਉਸ ਨੂੰ ਕਿਲੇ ਦਾ ਕਿਲੇਦਾਰ ਥਾਪ ਦਿੱਤਾ ਗਿਆ। ਇਸ ਤੋਂ ਬਾਅਦ ਜੱਸਾ ਸਿੰਘ ਇਸ ਕਿਲੇ ਦੇ ਆਖਰੀ ਮੁਹਾਜ਼ ਤੱਕ ਇਸ ਦਾ ਇੰਚਾਰਜ ਰਿਹਾ। ਸਿੱਖੀ ਹੋਰ ਵਧੀ ਫੁੱਲੀ। ਉਸ ਤੇ ਲਾਈਆਂ ਗਈਆਂ ਊਜਾਂ ਤੇ ਤੁਹਮਤਾਂ ਪ੍ਰਸੰਸਾ ਵਿਚ ਬਦਲ ਗਈਆਂ।

(ਉਸ ਦੇ ਪਰਿਵਾਰ ਤੇ ਜੰਮਦੀ ਧੀ ਮਾਰਨ ਵਿਚ ਉਹ ਨਿਰਦੋਸ਼ ਸੀ। ਇਹ ਕੇਵਲ ਇਕ ਊਜ ਸੀ ਜੋ ਜੱਸਾ ਸਿੰਘ ਦੀ ਪ੍ਰਤਿਭਾ ਨੂੰ ਨੀਵਾਂ ਵਿਖਾਉਣ ਲਈ ਘੜੀ ਜਾਪੀ ਗਈ)। (ਇਸ ਤਰਾਂ ਹੀ ਇਹ ਵੀ ਕਿਹਾ, ਸੁਣਿਆਂ ਤੇ ਸੋਚਿਆ ਜਾਂਦਾ ਹੈ ਕਿ ਪਟਿਆਲੇ, ਰਣਜੀਤ ਸਿੰਘ ਦੀ ਮਾਂ ਜੰਮਦੀ ਘੜੇ ਵਿਚ ਦਬ ਦਿੱਤੀ ਗਈ ਸੀ। ਫਿਰ ਰਣਜੀਤ ਸਿੰਘ ਦੇ ਛੇ ਦੇ ਛੇ ਹੀ ਪੁੱਤਰ ਕਿਸ ਤਰਾਂ ਪੈਦਾ ਹੋ ਗਏ, ਉਹ ਵੀ ਦੋ ਵਰਾਂ ਜੋੜੇ-ਪਤਾ ਨਹੀ ਕਿੰਨੀਆਂ ਕੁ ਕੁੜੀਆਂ ਮਾਰੀਆਂ ਹੋਣ! 1807 ਵਿਚ ਇਹ ਜਾਣਿਆ ਗਿਆ ਸੀ ਕਿ ਰਾਣੀ ਮਹਿਤਾਬ ਕੌਰ ਨੂੰ ਕੁੜੀ ਹੋਈ ਸੀ ਪਰ ਰਣਜੀਤ ਸਿੰਘ ਦੇ ਜੰਗ ਤੋਂ ਆਉਣ ਤੇ ਦੋ ਮੁੰਡੇ ਦਿਖਾਏ ਗਏ। ਕੀ ਕੁੜੀ ਮਾਰ ਦਿੱਤੀ ਗਈ ਸੀ? ਜਿਸਦੀ ਕੋਈ ਉੱਘ-ਸੁੱਘ ਨਹੀ ਸੀ ਨਿਕਲੀ।) ਜਿੰਨੇ ਮੂੰਹ ਉੱਨੀਆਂ ਗੱਲਾਂ, ਚੜਦੇ ਸੂਰਜ ਨੂੰ ਨੀਵਾਂ ਦਿਖਾਉਣ ਲਈ। ਸਗੋਂ ਜੱਸਾ ਸਿੰਘ ਤਾਂ ਪੰਥ ਦੀ ਸਹਿਮਤੀ ਨਾਲ ਹੀ ਅਦੀਨਾਬੇਗ ਦੀਆਂ ਫੌਜਾਂ ਵਿਚ ਸ਼ਾਮਲ ਹੋਇਆ ਸੀ ਤੇ ਪੰਥ ਦੇ ਹੁਕਮਾਂ ਨਾਲ ਹੀ ਅਦੀਨਾਬੇਗ ਦੀਆਂ ਫੌਜਾਂ ਛੱਡ ਕੇ ਰਾਮਗੜ ਦੇ ਘਿਰੇ ਖਾਲਸੇ ਨਾਲ ਆ ਮਿਲਿਆ ਸੀ।

ਰਾਮਗੜੀਆ: (ਰਾਮਗੜ) ਗੁਰੂ ਰਾਮਦਾਸ ਦਾ ਕਿਲਾ ਤੇ ਕਿਲੇ ਦਾ ਸੇਵਾਦਾਰ ਭਾਵ ਹਰਿਮੰਦਰ ਸਾਹਿਬ ਉਤੇ ਬਦੇਸ਼ੀ ਹਮਲਿਆਂ ਵਿਰੁੱਧ ਪਹਿਰੇਦਾਰ। ਜੋ ਬਾਅਦ ਵਿਚ, 'ਖਾਲੀ ਹੱਥੀਂ ਸ਼ੇਰ ਮਰੋੜ'- ਗੁਰੂ ਦੇ ਜ਼ਫਰਨਾਮੇ ਦੇ ਇਕ ਯੋਧੇ ਸ: ਹਰੀ ਸਿੰਘ ਨਲੂਏ ਨੇ ਦਰਾਹ ਖੈਬਰ ਵਾਲਾ ਰਸਤਾ ਹੀ, ਹਮੇਸ਼ਾ ਲਈ, ਬਦੇਸ਼ੀ ਹਮਲਾਵਾਰਾਂ ਲਈ ਬੰਦ ਕਰਕੇ, ਉਥੇ ਹੀ ਜਮਰੌਦ ਦਾ ਕਿਲਾ ਉਸਾਰ ਕੇ ਅਤੇ ਕਿਲੇ ਵਿਚ ਖਾਲਸਾਈ ਝੰਡਾ ਝੁਲਾ ਕੇ ਆਪਣੀਆਂ ਫੌਜਾਂ ਨਾਲ ਆਪ ਪਹਿਰਾ ਦਿੱਤਾ। ਜੱਸਾ ਸਿੰਘ ਇਕ ਮੰਨਿਆ-ਦੰਨਿਆ ਫੌਜੀ ਜਰਨੈਲ ਸੀ। ਉਸ ਦੀ ਸ਼ਕਤੀ ਦੀ ਸਾਰੇ ਪੰਜਾਬ ਵਿਚ ਧਾਂਕ ਪਈ ਹੋਈ ਸੀ। ਕਾਜ਼ੀ ਨੂਰ ਮੁਹੰਮਦ, ਅਬਦਾਲੀ ਜੰਗਾਂ ਦਾ ਇਤਿਹਾਸਕਾਰ, ਨੇ ਜੱਸਾ ਸਿੰਘ ਨੂੰ ਜੰਗ ਦੇ ਮੈਦਾਨ ਵਿਚ ਦੇਖ ਕੇ, ਨਾਂ ਚਾਹੁੰਦੇ ਹੋਏ ਵੀ ਆਪਣੇ ਰਚੇ 'ਜੰਗਨਾਮੇ' ਵਿਚ, ਇਕ ਬੱਬਰ ਸ਼ੇਰ ਦੀ ਤਰਾਂ ਚਿਤਰਿਆ ਸੀ।

(ਚਲਦਾ...)

ਅਦਾਰਾ 'ਅੰਮ੍ਰਿਤਸਰ ਟਾਈਮਜ਼' ਵੱਲੋਂ ਆਪਣੇ ਪਾਠਕਾਂ ਲਈ ਸਿੱਖ ਧਰਮ ਦੇ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 400ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਲੇਖ ਲੜੀ ਸ਼ੁਰੂ ਕੀਤੀ ਗਈ ਹੈ। ਇਸ ਲੜੀ ਤਹਿਤ ਹਥਲਾ ਲੇਖ ਪਾਠਕਾਂ ਲਈ ਪੇਸ਼ ਕੀਤਾ ਜਾ ਰਿਹਾ ਹੈ - ਸੰਪਾਦਕ

# ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਹਿੰਦੂ-ਮੁਸਲਿਮ ਪ੍ਰੇਮੀ

ਪ੍ਰੋ. ਪਿਆਰਾ ਸਿੰਘ ਪਦਮ

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ (1621-1675 ਈ:) ਮਨੁੱਖ ਮਾਤਰ ਨਾਲ ਪਿਆਰ ਕਰਨ ਵਾਲੇ ਸਨ। ਉਨਾਂ ਦੀ ਨਜ਼ਰ ਵਿਚ ਹਿੰਦੂ ਮੁਸਲਿਮ ਦਾ ਕੋਈ ਭੇਦ ਨਹੀਂ ਸੀ, ਜਦੋਂ ਕਿ ਉਸ ਸਮੇਂ ਦੀ ਸਰਕਾਰ ਇਸ ਭੇਦ ਨੂੰ ਵੱਧ ਤੋਂ ਵੱਧ ਤੇਜ਼ ਕਰ ਰਹੀ ਸੀ। ਇਤਿਹਾਸ ਦੱਸਦਾ ਹੈ ਕਿ ਉਨਾਂ ਦੀ ਹਰਮਨ-ਪਿਆਰੀ ਸ਼ਖ਼ਸੀਅਤ ਸਭ ਦਾ ਸਤਿਕਾਰ ਲੈਂਦੀ ਰਹੀ। ਅਸੀਂ ਕੇਵਲ 5 ਗ਼ੈਰ-ਸਿੱਖ ਪ੍ਰੇਮੀਆਂ ਦੀ ਚਰਚਾ ਕਰ ਰਹੇ ਹਾਂ ਜੋ ਕਿ ਗੁਰੂ ਜੀ ਦੀ ਸ਼ਖ਼ਸੀਅਤ ਦੇ ਕਾਇਲ ਸਨ।

1. ਸੰਤ ਮਲੂਕ ਦਾਸ : ਸਾਧੂ ਮਲੂਕ ਦਾਸ ਦਾ ਜਨਮ ਵਿਸਾਖ ਵਦੀ ਪੰਚਮੀ 1661 ਈ. ਨੂੰ ਲਾਲਾ ਸੁੰਦਰ ਦਾਸ ਕੱਕੜ ਖੱਤਰੀ ਦੇ ਘਰ, ਕੜਾ ਮਾਣਕਪੁਰ (ਯੂ.ਪੀ.) ਵਿਚ ਹੋਇਆ। ਇਹ ਮੁੱਢ ਤੋਂ ਹੀ ਜਗਿਆਸੂ ਬਿਰਤੀ ਦਾ ਸੀ। ਗੁਰੂ ਹਰਿ ਰਾਇ ਸਾਹਿਬ ਨੂੰ ਕੀਰਤਪੁਰ ਆ ਕੇ ਮਿਲਿਆ ਸੀ। ਇਹ ਵੈਸ਼ਣਵ ਸਾਧੂ ਹੋਣ ਕਰਕੇ ਮਾਸ ਨਹੀਂ ਸੀ ਖਾਂਦਾ। ਇਹ ਗੱਲ 1722 ਈ. ਦੇ ਅਖ਼ੀਰ ਦੀ ਹੈ, ਜਦੋਂ ਗੁਰੂ ਤੇਗ ਬਹਾਦਰ ਜੀ ਕੜਾ ਮਾਣਕਪੁਰ ਆਏ ਤਾਂ ਬਿਰਧ ਸੰਤ ਮਲੂਕ ਦਾਸ ਨੂੰ ਆਪ ਨੇ ਆਦਰ ਨਾਲ ਪਾਲਕੀ ਭੇਜ ਕੇ ਮੰਗਵਾਇਆ। ਇਸ ਨੇ ਦੇਖਿਆ, ਗੁਰੂ ਜੀ ਪ੍ਰਮਾਰਥਕ ਪਾਸੇ ਦੇ ਹੁੰਦੇ ਹੋਏ ਵੀ ਸ਼ਿਕਾਰ ਖੇਡਦੇ ਹਨ ਤੇ ਕਈ ਜਾਨਵਰਾਂ ਨੂੰ ਨਾਲ ਬੰਨੀ ਫਿਰਦੇ ਹਨ। ਇਸ 'ਤੇ ਇਸ ਨੇ ਵੀ ਸ਼ੰਕਾ ਕੀਤੀ ਪ੍ਰੰਤੂ ਗੁਰੂ ਜੀ ਨੇ ਇਸ ਨੂੰ ਸੰਤੁਸ਼ਟ ਕਰ ਦਿੱਤਾ। ਮਲੂਕ ਦਾਸ ਦੀਆਂ 8-10 ਰਚਨਾਵਾਂ ਮਿਲਦੀਆਂ ਹਨ ਜਿਵੇਂ ਕਿ ਅਲਖ ਬਾਵਨੀ, ਗੁਰਪ੍ਰਤਾਪ, ਗਿਆਨਬੋਧ, ਪੁਰਸ਼ਬਿਲਾਸ, ਭਗਤ ਬਿਰਦਾਵਲੀ, ਭਗਤ ਬੱਛਾਵਲੀ, ਰਤਨਖਾਨ, ਸ਼ਬਦ, ਸਲੋਕ। ਇਸ ਦੇ ਨਾਂਅ 'ਤੇ ਮਲੂਕ ਪੰਥ ਵੀ ਚੱਲਿਆ ਸੀ, ਪਰ ਹੁਣ ਇਹ ਸੇਵਨ ਨਾਮ ਮਾਤਰ ਹੀ ਹੈ।

2. ਰਾਜਾ ਜੈ ਸਿੰਘ ਅੰਬੇਰ : ਇਤਿਹਾਸ ਤੋਂ ਪ੍ਰਗਟ ਹੈ ਕਿ ਅੰਬੇਰ ਦੇ ਕਛਵਾਹੇ ਰਾਜਪੂਤ ਮੁਗ਼ਲ ਸਰਕਾਰ ਨਾਲ ਮਿਲਵਰਤਨ ਕਰਨ ਵਾਲੇ ਸਨ ਤੇ ਉਦੈਪੁਰ ਵਾਲੇ ਨਾਮਿਲਵਰਤਨੀਏ। ਅੰਬੇਰਪਤੀ ਰਾਜਾ ਬਿਹਾਰੀ ਮੱਲ ਨੇ ਬਾਦਸ਼ਾਹ ਅਕਬਰ ਨੂੰ ਧੀ ਦਾ ਡੋਲਾ ਦਿੱਤਾ। ਬਿਹਾਰੀ ਮੱਲ ਦਾ ਪੁੱਤਰ ਭਗਵਾਨ ਦਾਸ ਚੰਗੇ ਅਸਰ-ਰਸੂਖ ਵਾਲਾ ਸੀ। ਇਸੇ ਭਗਵਾਨ ਦਾਸ ਦਾ ਭਤੀਜਾ ਰਾਜਾ ਮਾਨ ਸਿੰਘ ਸੀ ਜੋ ਅਕਬਰ ਦੇ ਸਮੇਂ ਦਾ ਪ੍ਰਸਿੱਧ ਜਰਨੈਲ ਹੋਇਆ। ਖ਼ੁਸਰੋ ਰਾਜਾ ਮਾਨ ਸਿੰਘ ਦਾ ਭਾਣਜਾ ਲਗਦਾ ਸੀ, ਜਿਸ ਦੀ ਰਾਜਪੂਤਾਂ ਨੇ ਹਮਾਇਤ ਕੀਤੀ। ਮਾਨ ਸਿੰਘ ਦਾ ਪੁੱਤਰ ਭਾਊ ਸਿੰਘ ਸੀ। ਭਾਊ ਸਿੰਘ ਦਾ ਪੁੱਤਰ ਮਹਾਂ ਸਿੰਘ। ਮਹਾਂ ਸਿੰਘ ਦਾ ਪੁੱਤਰ ਜੈ ਸਿੰਘ 1611-1667 ਈ: ਸੀ। ਜਿਸ ਨੇ ਮੁਗ਼ਲ ਰਾਜ ਲਈ ਬੇਅੰਤ ਘਾਲਾਂ ਕਾਲੀਆਂ। ਇਹ ਤੇ ਇਸ ਦੀ ਰਾਣੀ ਪੁਸ਼ਪਾ ਦੇਵੀ ਗੁਰੂਘਰ ਦੇ ਸ਼ਰਧਾਲੂ ਇਸ ਲਈ ਸਨ ਕਿ ਗੁਰੂ ਹਰਿਗੋਬਿੰਦ ਸਾਹਿਬ ਦੀ ਕ੍ਰਿਪਾ ਨਾਲ ਇਨਾਂ ਦੇ ਵਡੇਰੇ ਦੀ ਗਵਾਲੀਅਰ ਤੋਂ ਬੰਦ ਖਲਾਸੀ ਹੋਈ ਸੀ।

ਔਰੰਗਜ਼ੇਬ ਦਾ ਗੁਰੂ ਘਰ ਵੱਲ ਸਖ਼ਤ ਰਵੱਈਆ ਸੀ ਪਰ ਰਾਜਾ ਜੈ ਸਿੰਘ ਸਦਾ ਇਸ ਨੂੰ ਨਰਮ ਕਰਦਾ ਰਿਹਾ। ਗੁਰੂ ਹਰਿਰਾਇ ਦੇ ਭੇਜਣ 'ਤੇ ਰਾਮ ਰਾਇ ਆਇਆ ਤਾਂ ਇਨਾਂ ਪਾਸ ਰਹਿ ਗਿਆ, ਫਿਰ ਗੁਰੂ ਹਰਿਕ੍ਰਿਸ਼ਨ ਸਾਹਿਬ ਵੀ ਮਿਰਜ਼ਾ ਜੈ ਸਿੰਘ ਦੇ ਬੰਗਲੇ ਹੀ ਨਿਵਾਸ ਕਰਦੇ ਰਹੇ ਜਿਥੇ ਕਿ ਬੰਗਲਾ ਸਾਹਿਬ ਗੁਰਦੁਆਰਾ ਹੈ। ਜੈ ਸਿੰਘ ਦਾ ਦੀਵਾਨ ਪਰਸਰਾਮ ਹੀ ਉਨਾਂ ਨੂੰ ਕੀਰਤਪੁਰ ਤੋਂ ਲੈ ਕੇ ਆਇਆ ਸੀ। ਗੁਰੂ ਤੇਗ ਬਹਾਦਰ ਸਾਹਿਬ ਪ੍ਰਤੀ ਰਾਜਾ ਜੈ ਸਿੰਘ ਦੀ ਰਾਣੀ ਪੁਸ਼ਪਾ ਦੇਵੀ ਦੀ ਬਹੁਤ ਸ਼ਰਧਾ ਸੀ ਤੇ ਆਸਾਮ ਦੇ ਦੌਰੇ ਤੋਂ ਮੁੜਦੇ ਹੋਏ 1670 ਈ: ਵਿਚ ਉਚੇਚਾ ਗੁਰੂ ਤੇਗ ਬਹਾਦਰ ਜੀ, ਰਾਣੀ ਪੁਸ਼ਪਾ ਨੂੰ ਮਿਲੇ ਤੇ ਉਸ ਦੇ ਪਤੀ ਰਾਜਾ ਜੈ ਸਿੰਘ ਦੇ ਚਲਾਣੇ 'ਤੇ ਸੋਗ ਪ੍ਰਗਟ ਕੀਤਾ ਤੇ ਉਸ ਦੇ ਸਪੁੱਤਰ ਰਾਜਾ ਰਾਮ ਸਿੰਘ ਦਾ ਸੁਖ ਸੁਨੇਹਾ ਦਿੱਤਾ।

3. ਰਾਜਾ ਰਾਮ ਸਿੰਘ : ਰਾਜਾ ਰਾਮ ਸਿੰਘ, ਮਿਰਜ਼ਾ ਰਾਜਾ ਜੈ ਸਿੰਘ ਅੰਬੇਰ ਦਾ ਪੁੱਤਰ ਸੀ, ਜੋ ਆਸਾਮ ਦੀ ਮੁਹਿੰਮ 'ਤੇ 1668 ਵਿਚ ਗਿਆ ਤੇ ਪਟਨੇ ਤੋਂ ਗੁਰੂ ਤੇਗ ਬਹਾਦਰ ਜੀ ਨੂੰ ਇਸ ਲਈ ਨਾਲ ਲੈਂਦਾ ਗਿਆ ਤਾਂ ਕਿ ਉਸ ਦੀ ਫ਼ੌਜ ਕਾਮਰੂਪ ਦੇ ਕਾਲੇ ਜਾਦੂ ਜਾਂ ਟੂਣੇ ਟਾਮਣ ਕਾਰਨ ਸੰਕਟਾਂ ਦਾ ਸ਼ਿਕਾਰ ਨਾ ਹੋਵੇ। ਰਾਜਾ ਰਾਮ ਸਿੰਘ ਦਾ ਪੁੱਤਰ ਰਾਜਾ ਬਿਸ਼ਨ ਸਿੰਘ ਸੀ ਤੇ ਰਾਜਾ ਬਿਸ਼ਨ ਸਿੰਘ ਦਾ ਪੁੱਤਰ ਰਾਜਾ ਜੈ ਸਿੰਘ ਸਵਾਈ (1699-1743) ਸੀ। ਇਸ ਭੁਲੇਖੇ ਕਾਰਨ ਸਿੱਖ ਇਤਿਹਾਸਕਾਰਾਂ ਨੇ ਆਸਾਮ ਦੀ ਮੁਹਿੰਮ 'ਤੇ ਜਾਣ ਵਾਲੇ ਦਾ ਨਾਂ ਕਿਸੇ ਰਾਜਾ ਮਾਨ ਸਿੰਘ, ਕਿਸੇ ਬਿਸ਼ਨ ਸਿੰਘ ਵੀ ਲਿਖਿਆ ਹੈ ਜੋ ਭੁੱਲ ਹੈ। ਦਰਅਸਲ ਇਹ ਰਾਮ ਸਿੰਘ ਸੀ।

ਕੰਵਰ ਰਾਮ ਸਿੰਘ 1664 ਈ: ਵਿਚ ਮੁਗ਼ਲ ਸਰਕਾਰ ਦੀ ਨੌਕਰੀ ਵਿਚ ਆਇਆ ਤੇ 1666 ਵਿਚ ਇਸ ਨੂੰ ਰਾਜਾ ਦਾ ਖ਼ਿਤਾਬ ਮਿਲਿਆ। ਜਦੋਂ 1665 ਵਿਚ ਗੁਰੂ ਜੀ ਨੂੰ ਧਮਧਾਨ ਤੋਂ ਗ੍ਰਿਫ਼ਤਾਰ ਕਰ ਕੇ ਲਿਆਂਦਾ ਗਿਆ ਸੀ ਤਾਂ ਰਾਜਾ ਰਾਮ ਸਿੰਘ ਨੇ ਇਹ ਕਹਿ ਕੇ 'ਇਹ ਕੋਈ ਰਾਜਾ ਰਾਣਾ ਨਹੀਂ, ਇਹ ਬਾਬਾ ਨਾਨਕ ਦੀ ਗੱਦੀ ਦਾ ਫ਼ਕੀਰ ਹੈ। ਇਸ ਤੋਂ ਤੁਸੀਂ ਕਿਉਂ ਡਰਦੇ ਹੋ, ਮੈਂ ਜ਼ਿੰਮੇਵਾਰ ਹਾਂ' ਆਪ ਨੂੰ ਰਿਹਾਅ ਕਰਵਾਇਆ ਸੀ। ਜਦੋਂ ਬੜੀ ਕੂਟਨੀਤੀ ਨਾਲ ਸ਼ਿਵਾ ਜੀ ਤੇ ਸੰਭਾ ਜੀ ਨੂੰ ਮਈ 1666 ਵਿਚ ਆਗਰੇ ਲਿਆ ਕੇ ਕੈਦ ਕੀਤਾ ਗਿਆ ਤਾਂ ਰਾਜਾ ਰਾਮ ਸਿੰਘ ਨੂੰ ਇਨਾਂ ਦਾ ਨਿਗਰਾਨ ਥਾਪਿਆ ਗਿਆ। ਇਹ ਦੋਵੇਂ ਅਗਸਤ 1666 ਈ: ਨੂੰ ਫਲਾਂ ਦੀਆਂ ਟੋਕਰੀਆਂ ਵਿਚ ਬੈਠ ਕੇ ਖਿਸਕ ਗਏ। ਇਸ ਗੱਲ ਲਈ ਔਰੰਗਜ਼ੇਬ ਨੇ ਰਾਮ ਸਿੰਘ ਨੂੰ ਦੋਸ਼ੀ ਠਹਿਰਾਇਆ। ਬਾਦਸ਼ਾਹ ਨੇ ਇਸ ਦੇ ਸਾਰੇ ਮਨਸਬ ਖੋਹ ਲਏ ਤੇ ਦਰਬਾਰ ਵਿਚ ਆਉਣਾ ਜਾਣਾ ਬੰਦ ਕਰ ਦਿੱਤਾ। ਜਦ ਅਗਸਤ 1667 ਵਿਚ ਰਾਜਾ ਜੈ ਸਿੰਘ ਦਾ ਦਿਹਾਂਤ ਹੋ ਗਿਆ ਤਾਂ ਫਿਰ ਔਰੰਗਜ਼ੇਬ ਨੂੰ, ਇਸ ਨੂੰ ਬਹਾਲ ਕਰਨਾ ਪਿਆ। ਕਾਰਨ ਇਹ ਸੀ ਕਿ ਇਸ ਮੌਕੇ ਰਾਜਪੂਤ ਰਾਜਿਆਂ ਨੂੰ ਆਪਣੇ ਨਾਲ ਰੱਖਣਾ ਜ਼ਰੂਰੀ ਸੀ।

ਉਧਰ ਆਸਾਮ ਤੋਂ ਖ਼ਬਰ ਆਈ ਕਿ ਮੁਗ਼ਲ ਹਾਕਮ ਕਤਲ ਕਰ ਦਿੱਤਾ ਗਿਆ ਹੈ ਤੇ ਬਗਾਵਤ ਵਧ ਰਹੀ ਹੈ। 'ਮੁਆਬਹਿ ਆਲਮਗੀਰੀ' ਅਨੁਸਾਰ 27 ਦਸੰਬਰ 1667 ਨੂੰ ਰਾਜਾ ਰਾਮ ਸਿੰਘ ਨੂੰ ਹੁਕਮ ਹੋਇਆ ਕਿ ਆਸਾਮ ਦੀ ਮੁਹਿੰਮ 'ਤੇ ਜਾਵੇ ਤੇ 1668 ਦੇ ਸ਼ੁਰੂ ਵਿਚ ਉਹ ਫੌਜ ਲੈ ਕੇ ਤੁਰ ਗਿਆ। ਮਾਤਾ ਪੁਸ਼ਪਾ ਦੇਵੀ ਦੀ ਹਦਾਇਤ ਅਨੁਸਾਰ ਇਸ ਨੇ ਪਟਨੇ ਤੋਂ ਗੁਰੂ ਤੇਗ ਬਹਾਦਰ ਜੀ ਨੂੰ ਨਾਲ ਲਿਆ। ਢਾਕੇ ਪਹੁੰਚੇ ਤਾਂ ਬੰਗਾਲ ਦੇ ਸੂਬੇਦਾਰ ਨਵਾਬ ਸ਼ਾਇਸਤਾ ਖਾਂ ਨੇ ਰਾਜਾ ਰਾਮ ਸਿੰਘ ਦਾ ਬਹੁਤ ਨਿੱਘਾ ਸੁਆਗਤ ਕੀਤਾ। ਇਥੋਂ ਫਿਰ ਫੌਜ ਰੰਗਾਮਾਟੀ ਵੱਲ ਚਲੀ ਗਈ ਤੇ ਗੁਰੂ ਤੇਗ ਬਹਾਦਰ ਜੀ ਦੀ ਸ਼ਾਂਤੀਪੂਰਨ ਸ਼ਖ਼ਸੀਅਤ ਦੇ ਸਦਕਾ ਦੋਹਾਂ ਹਿੰਦੂ ਰਾਜਿਆਂ ਦਾ ਸਮਝੌਤਾ ਹੋ ਗਿਆ ਤੇ ਇਕ ਵਾਰ ਤਾਂ ਲੜਾਈ ਖ਼ਤਮ ਹੋ ਗਈ। ਔਰੰਗਜ਼ੇਬ ਦੀ ਕੂਟਨੀਤੀ ਇਹ ਸੀ ਕਿ ਜੇ ਰਾਜਾ ਰਾਮ ਸਿੰਘ ਆਸਾਮ ਦੀ ਮੁਹਿੰਮ 'ਤੇ ਮਾਰਿਆ ਗਿਆ ਤਾਂ ਵੀ ਚੰਗਾ ਹੈ ਜੇ ਇਹ ਜਿੱਤ ਕੇ ਆਇਆ ਤਾਂ ਮੁਗ਼ਲ ਸਰਕਾਰ ਲਈ ਲਾਭ ਹੋਵੇਗਾ, ਪਰ ਗੁਰੂ ਜੀ ਦੀ ਮੌਜੂਦਗੀ ਨੇ ਸਾਰੇ ਹਾਲਾਤ ਬਦਲ ਦਿੱਤੇ ਤੇ ਗੁਰੂ ਜੀ ਵੀ ਜਲਦੀ ਪੰਜਾਬ ਪਰਤ ਆਏ। ਰਾਜਾ ਰਾਮ ਸਿੰਘ 1676 ਵਿਚ ਰੰਗਾਮਾਟੀ ਤੋਂ ਮੁੜ ਸਕਿਆ।

4. ਨਵਾਬ ਸੈਫ਼ ਖਾਂ : ਨਵਾਬ ਸੈਫ਼ੁਦੀਨ ਮੁਹੰਮਦ ਖਾਂ, ਬਖਸ਼ੀ ਤਰਬੀਅਤ ਖਾਂ ਸ਼ਾਹਜਹਾਨੀ ਦਾ ਪੁੱਤਰ ਸੀ ਤੇ ਇਸ ਦਾ ਭਾਈ ਨਵਾਬ ਫਦਾਈ ਖਾਂ, ਔਰੰਗਜ਼ੇਬ ਦਾ ਮਤ੍ਰੇਆ ਭਰਾ ਲਗਦਾ ਸੀ। ਸੈਫ਼ ਖਾਂ ਧਾਰਮਿਕ ਬਿਰਤੀ ਵਾਲਾ ਨੇਕ ਪੁਰਸ਼ ਸੀ ਤੇ ਹਜ਼ਰਤ ਨਜ਼ਾਮੁੱਦੀਨ ਔਲੀਆ ਦਾ ਸ਼ਰਧਾਲੂ ਸੀ, ਜਿਸ ਨੂੰ ਫ਼ਾਰਸੀ ਤਵਾਰੀਖਦਾਨਾਂ ਨੇ 'ਫਕੀਰੁੱਲਾ' ਕਰਕੇ ਲਿਖਿਆ ਹੈ। ਔਰੰਗਜ਼ੇਬ ਵੀ ਇਸ ਦਾ ਚੰਗਾ ਆਦਰ ਕਰਦਾ ਸੀ ਤੇ ਇਸ ਦੀਆਂ ਬੇਪ੍ਰਵਾਹੀਆਂ ਦਾ ਕੋਈ ਖਿਆਲ ਨਹੀਂ ਸੀ ਕਰਦਾ। 1659 ਈ: ਵਿਚ ਆਗਰੇ ਦਾ ਸੂਬੇਦਾਰ ਲਾਇਆ ਗਿਆ। 1666 ਤੋਂ 1671 ਤੱਕ ਕਸ਼ਮੀਰ ਦਾ ਸੂਬੇਦਾਰ ਰਿਹਾ। 1671 ਵਿਚ ਕਸ਼ਮੀਰ ਇਫ਼ਤਾਰਖਾਰ ਖ਼ਾਨ ਨੂੰ ਹਾਕਮ ਬਣਾ ਕੇ ਇਸ ਲਈ ਭੇਜਿਆ ਗਿਆ, ਕਿਉਂਕਿ ਨਵਾਬ ਸੈਫ਼ ਖਾਂ ਔਰੰਗਜ਼ੇਬ ਦੀ ਜਬਰੀ ਤਬਲੀਗ ਵਾਲੀ ਨੀਤੀ ਨਾਲ ਸਹਿਮਤ ਨਹੀਂ ਸੀ। ਇਹ ਸਭ ਕੁਝ ਛੱਡ ਛੁਡਾ ਕੇ ਆ ਗਿਆ। ਮੁੜ 1676 ਵਿਚ ਬੁਲਾਇਆ ਗਿਆ ਤੇ 1683 ਤੱਕ ਕੰਮ ਕਰਦਾ ਰਿਹਾ। 1668 ਈ: ਵਿਚ ਇਸ ਨੇ ਕਿਲਾ ਬਹਾਦਰਗੜ ਵਾਲੀ ਥਾਂ 'ਤੇ 'ਸੈਫ਼ਾਬਾਦ' ਨਗਰ ਆਬਾਦ ਕੀਤਾ। ਜਦ ਗੁਰੂ ਤੇਗ ਬਹਾਦਰ ਇਧਰ ਆਏ ਤਾਂ ਨਵਾਬ ਪਾਸ ਸੈਫਾਬਾਦ ਕਾਫ਼ੀ ਅਰਸਾ ਰਹੇ। ਗੁਰੂ ਜੀ ਦੀ ਵੈਰਾਗਪੂਰਨ ਸ਼ਖ਼ਸੀਅਤ ਤੋਂ ਸੈਫ਼ ਖਾਂ ਬਹੁਤ ਪ੍ਰਭਾਵਿਤ ਹੋਇਆ।

5. ਨਵਾਬ ਸ਼ਾਇਸਤਾ ਖ਼ਾਂ : ਨਵਾਬ ਸ਼ਾਇਸਤਾ ਖਾਂ, ਅਮੀਰਉਲ ਉਮਰਾ, ਸ਼ਾਹਜਹਾਂ ਦੇ ਵਜ਼ੀਰ ਆਸਫ਼ ਖਾਂ ਦਾ ਪੁੱਤਰ ਸੀ। ਰਿਸ਼ਤੇਦਾਰੀ ਵਿਚੋਂ ਬੇਗ਼ਮ ਨੂਰਜਹਾਂ ਦਾ ਭਤੀਜਾ, ਬੇਗ਼ਮ ਤਾਜ ਮਹੱਲ ਦਾ ਭਾਈ ਤੇ ਔਰੰਗਜ਼ੇਬ ਦਾ ਮਾਮਾ ਲਗਦਾ ਸੀ। 1648 ਈ: ਵਿਚ ਬਿਹਾਰ ਦਾ, 1652 ਵਿਚ ਗੁਜਰਾਤ ਦਾ ਹਾਕਮ ਨਿਯਤ ਹੋਇਆ। 1659 ਵਿਚ ਦੱਖਣ ਦਾ ਸੂਬੇਦਾਰ ਤੇ 1664 ਵਿਚ ਢਾਕੇ ਦਾ ਸੂਬੇਦਾਰ ਬਣਾਇਆ ਗਿਆ। ਉਮਰ ਭਰ ਇਹ ਢਾਕੇ ਹੀ ਰਿਹਾ। ਔਰੰਗਜ਼ੇਬ ਇਸ 'ਤੇ ਬਹੁਤਾ ਖ਼ੁਸ਼ ਨਹੀਂ ਸੀ ਪਰ ਕੱਢ ਵੀ ਨਹੀਂ ਸੀ ਸਕਦਾ। ਇਸ ਦਾ ਵਰਤਾਉ ਗ਼ੈਰ-ਮੁਸਲਮਾਨਾਂ ਨਾਲ ਬੜਾ ਪ੍ਰੇਮ ਭਰਿਆ ਰਿਹਾ। ਬਾਦਸ਼ਾਹ ਦੀ ਨੀਤੀ ਕੱਟੜ ਤੇ ਹਿੰਦੂ ਵਿਰੋਧੀ ਸੀ, ਉਸ ਨੇ ਹਿੰਦੂ ਅਮਲਾ ਕੱਢ ਦੇਣ ਲਈ ਹੁਕਮ ਜਾਰੀ ਕੀਤੇ ਪਰ ਸ਼ਾਇਸਤਾ ਖ਼ਾਂ ਨੇ ਹਿੰਦੂ ਮੁਲਾਜ਼ਮਾਂ ਨੂੰ ਨਾ ਕੱਢਿਆ।




# ਅਜ਼ਾਦੀ ਤੋਂ ਪਹਿਲਾਂ ਦੀਆਂ ਵਸਤਾਂ ਸੰਭਾਲੀ ਬੈਠਾ ਹੈ ਅਜਾਇਬ ਸਿੰਘ



ਮਾਲਵਿੰਦਰ ਤਿਉਣਾ ਪੁਜਾਰੀਆਂ,
9878531625

ਬਠਿੰਡਾ ਜਿਲੇ ਵਿੱਚ ਬਠਿੰਡਾ ਮਾਨਸਾ ਰੋਡ ਉਪਰ ਕਰੀਬ ਵੀਹ ਕਿਲੋਮੀਟਰ ਦੂਰ ਚੜਦੇ ਵਾਲੇ ਪਾਸੇ ਵਸਿਆ ਹੋਇਆ ਹੈ ਪਿੰਡ ਭਾਈ ਬਖ਼ਤੌਰ। ਪੁਰਾਣੇ ਸਮਿਆਂ 'ਚ ਪਿੰਡ ਭਾਈ ਬਖ਼ਤੌਰ ਦੇ ਕਾਰੀਗਰ ਵੱਡੇ ਪੱਧਰ ਉਪਰ ਸਫ਼ਾ ਜੰਗ, ਟੱਕੂਏ, ਗੰਡਾਸੇ, ਖੁੰਡੇ ਬਣਾਇਆ ਕਰਦੇ ਸਨ। ਜਿਸ ਕਾਰਨ, ਇਸ ਪਿੰਡ ਦੀ ਮਸ਼ਹੂਰੀ ਦੂਰ=ਦੂਰ ਤੱਕ ਹੁੰਦੀ ਸੀ। ਇਸੇ ਗੱਲ ਨੂੰ ਤਤਕਾਲੀ ਸ਼੍ਰੋਮਣੀ ਕਵਿਸ਼ਰ ਬਾਬੂ ਰੱਜਬ ਅਲੀ ਨੇ ਆਪਣੀਆਂ ਲਿਖਤਾਂ ਵਿੱਚ ਵੀ ਬਿਆਨ ਕਰਦੇ ਹੋਏ ਪਿੰਡ ਭਾਈ ਬਖ਼ਤੌਰ ਸਬੰਧੀ ਲਿਖਿਆ ਸੀ :

ਭੰਗ ਰਿਖੀਕੇਸ਼, ਚਾਹ ਨਾ ਮਿਲੇ ਡੇਹਰਾਦੂਨ ਜੈਸੀ,
ਭੂਰੀ ਖੇਮਕਰਨ ਦੀ, ਕਸੂਰ ਚੂੜਾ ਦੰਦ ਦਾ।
ਸੰਗਤ ਪਿੱਪਲ, ਲੰਮੀ ਜੈਸੇ ਦਰਵਾਜ਼ੇ ਹੈ ਨਹੀਂ,
ਰੱਖਿਆ ਅਲਹਿਦਾ ਜਿਹਾ, ਤਰੀਕਾ ਉੱਚੀ ਕੰਧ ਦਾ।
ਸਫ਼ਾ ਜੰਗ ਭਾਈ ਬਖ਼ਤੌਰੇ, 'ਚ ਬਣਾਉਦੇ ਸੋਹਣੇ,
ਛੱਜਲੀ ਤੇ ਛੱਜ ਚੰਗਾ, ਹੁੰਦਾ ਜੋਗਾ ਨੰਦ ਦਾ।
ਤਿਉਂ ਜਣਿਆਂ ਦੇ ਛੰਦ, ਹਾਸ ਰਾਸ ਦਾ ਨਮੂਨਾ ਇੱਕੋ,
ਬਾਬੂ ਜੀ ਤੇ ਮਾਘੀ ਸਿਉਂ, ਮਰਾਝ ਵਾਲ਼ੇ ਚੰਦ ਦਾ।

ਅੱਜ ਕੱਲ ਪਿੰਡ ਭਾਈ ਬਖ਼ਤੌਰ ਅਤੇ ਇਸ ਦੇ ਆਸੇ-ਪਾਸੇ ਦੇ ਪਿੰਡਾਂ ਵਿੱਚ ਸਫ਼ਾ ਜੰਗ, ਟੱਕੂਏ ਅਤੇ ਖੁੰਡੇ ਬਣਾਉਣ ਦਾ ਕੰਮ ਆਪਣੇ ਅੰਤਿਮ ਸਾਹ ਲੈ ਰਿਹਾ ਹੈ। ਪਿੰਡ ਭਾਈ ਬਖ਼ਤੌਰ ਵਿੱਚ, ਕੇਵਲ ਦੋ ਚਾਰ ਮਿਸਤਰੀ ਹਨ ਜੋ ਅੱਜ ਵੀ ਅਜਿਹਾ ਕੰਮ ਕਰ ਰਹੇ ਹਨ। ਇਸ ਪਿੰਡ ਦੇ ਗੁਆਂਢੀ ਪਿੰਡ ਚਨਾਰਥਲ ਵਿਖੇ ਵੀ ਅੱਜ ਵੀ ਇੱਕ ਸ਼ਖ਼ਸ ਸਫ਼ਾਜੰਗ, ਗੰਡਾਸੇ, ਖੁੰਡੇ, ਕਹੀਆਂ, ਕਸੀਏ, ਕਸੋਲੀਆਂ ਆਦਿ ਤਿਆਰ ਕਰ ਰਿਹਾ ਹੈ। ਅਜਾਇਬ ਸਿੰਘ ਖੁਦ ਗੁੰਮਨਾਮੀ ਵਾਲੀ ਜਿੰਦਗੀ ਵਸਰ ਕਰ ਰਿਹਾ ਹੈ। ਉਹ ਪੁਰਾਣੇ ਸਮੇਂ ਵਿੱਚ ਵਰਤੀਆਂ ਜਾਂਦੀਆਂ ਘਰੇਲੂ ਵਸਤਾਂ ਇਕੱਠੀਆਂ ਕਰਨ ਵਾਲਾ ਸ਼ੌਕ ਵੀ ਪਾਲ ਰਿਹਾ ਹੈ।




ਅਜਾਇਬ ਸਿੰਘ ਨੇ ਆਪਣੀ ਜਿੰਦਗੀ ਵਿੱਚ ਜਿਆਦਾ ਸਮਾਂ ਖੇਤੀਬਾੜੀ ਦਾ ਕੰਮ ਕੀਤਾ ਹੈ। ਉਹ ਕਰੀਬ ਸੱਤ ਅੱਠ ਸਾਲ ਪਹਿਲਾਂ ਆਪਣੀ ਧੀ ਰਾਜਿੰਦਰ ਕੌਰ ਨੂੰ ਮਿਲਣ ਇੰਗਲੈਂਡ ਵਿੱਚ ਲਿਸਟਰ ਵਿਖੇ ਗਿਆ ਸੀ। ਉਥੇ ਉਸ ਨੇ ਪਹਿਲੀ ਵਾਰੀ ਵੱਖ ਵੱਖ ਮੁਲਕਾਂ ਦੇ ਸਿੱਕੇ, ਇੱਕ ਗੁਰੂਘਰ ਤੋਂ ਪਹਿਲੀ ਵਾਰੀ ਸ਼ੌਕ ਵਜੋਂ, ਮੁੱਲ ਖ਼ਰੀਦੇ ਸਨ। ਉਨੀਂ ਦਿਨੀਂ ਉਹਨੇ ਕਰੀਬ ਛੇ ਕਿਲੋਂ ਦੇ ਕਰੀਬ ਵਜਨ ਦੇ ਸਿੱਕੇ, ਜਿਨਾਂ ਵਿੱਚ ਕੀਨੀਆ, ਅਮਰੀਕਾ, ਇੰਗਲੈਂਡ, ਕੈਨੇਡਾ, ਦੁਬਈ ਆਦਿ ਮੁਲਕਾਂ ਦੇ ਸਿੱਕੇ ਵੀ ਸ਼ਾਮਿਲ ਸਨ, ਇਕੱਠੇ ਕਰ ਲਏ ਪਰ ਉਸ ਕੋਲ ਵਾਪਸੀ ਸਮੇਂ ਭਾਰ ਵੱਧ ਹੋ ਗਿਆ। ਜਿਸ ਕਾਰਨ, ਉਸ ਨੂੰ ਇਹ ਸਾਰੇ ਸਿੱਕੇ ਉਥੇ ਕਿਸੇ ਨੂੰ ਦੇ ਕੇ ਵੱਖ ਵੱਖ ਮੁਲਕਾਂ ਦੇ ਨੋਟ ਲੈਣੇ ਪਏ ਸਨ। ਇਸ ਤਰਾਂ ਉਸ ਨੂੰ ਪੁਰਾਣੇ ਸਿੱਕਿਆਂ ਤੋਂ ਸ਼ੁਰੂ ਹੋਇਆ ਸ਼ੌਕ ਅੱਜ ਇੱਕ ਜਨੂੰਨ ਦੀ ਹੱਦ ਤੱਕ, ਪਹੁੰਚ ਚੁੱਕਾ ਹੈ। ਉਹਨੇ ਪੁਰਾਣੇ ਸਮੇਂ ਵਿੱਚ ਘਰਾਂ ਵਿੱਚ ਵਰਤੇ ਜਾਣ ਵਾਲੇ ਵਰਤਨ, ਮਨੋਰੰਜਨ ਲਈ ਵਰਤੇ ਜਾਣ ਵਾਲੇ ਗਰਾਮੋਫ਼ੋਨ,ਟੇਪ ਰਿਕਾਰਡਾਂ, ਡੈੱਕ, ਬੀ.ਸੀ. ਆਰਾਂ, ਕੈਸਟਾਂ ਅਤੇ ਤਵੇਂ ਵੱਡੀ ਗਿਣਤੀ ਵਿੱਚ ਇਕੱਠੇ ਕੀਤੇ ਹੋਏ ਹਨ। ਇਸੇ ਤਰਾਂ ਹੀ ਕੱਪੜਾ ਬੁਣਨ ਵਿੱਚ ਵਰਤੀਆਂ ਜਾਂਦੀਆਂ ਵਸਤਾਂ ਵੀ ਹਨ। ਇਸ ਸਮੇਂ, ਉਹ ਲੱਕੜ ਦੇ ਖੇਤੀਬਾੜੀ ਦੇ ਕੰਮਾਂ ਵਿੱਚ ਵਰਤ ਜਾਂਦੇ ਸੰਦਾਂ ਦੇ ਮਾਡਲ ਤਿਆਰ ਕਰਦਾ ਹੈ ਤਾਂ ਕੇ ਆਉਣ ਵਾਲੀਆਂ ਪੀੜੀਆਂ ਨੂੰ, ਉਨਾਂ ਸੰਦਾਂ ਅਤੇ ਵਸਤਾਂ ਤੋਂ ਜਾਣੂ ਕਰਵਾਇਆ ਜਾ ਸਕੇ। ਉਹ ਸਫ਼ਾ ਜੰਗ, ਟੱਕੂਏ, ਕਹੀਆਂ, ਕਹੇ, ਖੂੰਡੇ, ਖੂੰਡੀਆਂ, ਗੰਡਾਸਾ, ਗੰਡਾਸੀਆਂ ਅਤੇ ਲੱਕੜੀ ਦੀਆਂ ਬੰਦੂਕਾਂ ਦੇ ਮਾਡਲ ਵੀ ਤਿਆਰ ਕਰ ਰਿਹਾ ਹੈ।

ਪੰਜਾਬ ਵਿੱਚ ਪੰਜਾਬੀ ਸੱਭਿਆਚਾਰ ਨੂੰ ਸੰਭਾਲਣ ਦਾ ਹੋਕਾ ਦੇ ਕੇ ਸਭਿਆਚਾਰਕ ਮੇਲੇ ਲਗਾਉਣ ਅਤੇ ਮੋਟਾ ਫੰਡ ਇੱਕਠਾ ਕਰਨ ਵਾਲੇ ਅਖੌਤੀ ਸਭਿਆਚਾਰਕ ਵਾਰਸਾਂ ਦੇ ਸੋਸ਼ਣ ਦਾ ਸ਼ਿਕਾਰ ਹੋ ਚੁੱਕਾ ਅਜਾਇਬ ਸਿੰਘ ਹੁਣ ਕਿਸੇ ਵੀ ਵਿਰਾਸਤੀ ਮੇਲੇ ਵਿੱਚ ਨਹੀਂ ਜਾਂਦਾ। ਆਪਣੇ ਘਰ ਆਉਣ ਵਾਲੇ ਸਭਿਆਚਾਰ ਦੇ ਆਸ਼ਕਾਂ ਦੀ ਆਓ ਭਗਤ ਕਰਨ ਵਿੱਚ ਹੀ ਆਪਣਾ ਮਾਣ ਸਮਝਦਾ ਹੈ। ਉਸ ਨੇ ਆਪਣੇ ਘਰ ਦੀ ਇੱਕ ਵੱਡੀ ਸਬਾਤ ਵਿੱਚ ਸਾਰਾ ਸਮਾਨ ਸੰਭਾਲਿਆ ਹੋਇਆ ਹੈ। ਇਸ ਵਿੱਚ ਮੁਲਕ ਦੇ ਅਜਾਦ ਹੋਣ ਤੋਂ ਪਹਿਲਾਂ ਦੇ ਸਮੇਂ ਵਿੱਚ ਪੰਜਾਬੀਆਂ ਦੇ ਘਰਾਂ ਵਿੱਚ ਵਰਤੇ ਜਾਂਦੇ ਤਾਂਬੇ, ਪਿੱਤਲ, ਲੋਹੇ ਦੇ ਭਾਂਡੇ ਜਿਨਾਂ ਵਿੱਚ ਬਾਲਟੀਆਂ, ਗੜਬੀਆਂ, ਗਲਾਸੀ, ਫੁੱਲਦਾਨੀਆਂ, ਟੋਪੀਆਂ, ਸਰਾਹੀਆਂ, ਗੁਦਸਤਾ, ਕੇਤਲੀਆਂ, ਜੱਗ, ਗੜਬੇ, ਪਿੱਤਲ ਦੀਆਂ ਬਣੀਆਂ ਹੋਈਆਂ ਬੋਤਿਆਂ ਦੀਆਂ ਝਾਂਜ਼ਰਾਂ, ਬਲਦਾਂ ਦੀਆਂ ਘੁੰਗਰਾਲਾਂ, ਘੋੜੇ ਦੀਆਂ ਰੁਕਾਬਾਂ ਆਦਿ ਇਕੱਠੀਆਂ ਕੀਤੀਆਂ ਹਨ। ਉਸ ਦੇ ਕਮਰੇ ਵਿੱਚ ਪਸ਼ੂਆਂ ਦੇ ਗਲਾਂ ਵਿੱਚ ਪਾਉਣ ਵਾਲੀਆਂ ਟੱਲੀਆਂ, ਊਠ ਦਾ ਨਿਊਲ, ਪਾਖੜਾ, ਚੋਰੀ ਤੋਂ ਬਚਾਉਣ ਲਈ ਪਸ਼ੂਆਂ ਦੀਆਂ ਲੱਤਾਂ ਨੂੰ ਲਗਾਇਆ ਜਾਣ ਵਾਲਾ ਲੱਤਾ ਅਤੇ ਪੁਰਾਣੇ ਸਮੇਂ ਵਿੱਚ ਵਰਤਿਆ
ਜਾਣ ਵਾਲੇ ਹਲਟ ਦਾ ਛੋਟਾ ਮਾਡਲ ਵੀ ਉਸ ਸਬਾਤ ਦਾ ਸ਼ਿੰਗਾਰ ਹੈ। ਖੇਤੀਬਾੜੀ ਦੇ ਕਿੱਤੇ ਵਿੱਚ ਵਰਤੇ ਜਾਂਦੇ ਸੰਦਾਂ ਵਿੱਚ ਸ਼ਾਮਿਲ ਉਲਟਾਵਾ ਹਲ, ਖੁਰਪਾ
ਖੁਰਪੀ, ਕਸੋਲੀ, ਗੁੰਧਾਲਾ, ਕੁਹਾੜੀ, ਜੱਫ਼ਾ, ਦੋਸਾਂਗਾ, ਸਲੰਗ, ਢਿੰਗਾ, ਉਠ ਤੇ ਪਾਉਣ ਵਾਲਾ ਪਟੜਾ, ਘੋੜੀ ਅਤੇ ਵਿੰਗ ਆਦਿ ਵੀ ਹੈ। ਅਜਾਇਬ ਸਿੰਘ ਮਾਣ ਨਾਲ ਦੱਸਦਾ ਹੈ ਕਿ ਉਸ ਕੋਲ ਪਾਕਿਸਤਾਨ ਤੋਂ ਖ਼ਰੀਦ ਕੇ ਲਿਆਂਦਾ ਹੋਇਆ ਇੱਕ ਪਿੱਤਲ ਦਾ ਕੰਗਨੀ ਵਾਲਾ ਗਿਲਾਸ ਵੀ ਹੈ।

ਇਹ ਗਲਾਸ, ਉਸ ਦੇ ਮੁਸਲਮਾਨ ਦੋਸਤ ਸ਼ਾਮ ਖਾਨ ਨੇ 1800 ਰੁਪਏ ਵਿੱਚ ਲਿਆ ਕੇ ਦਿੱਤਾ ਸੀ। ਇਹ ਗਲਾਸ ਦੀ ਸਮਰੱਥਾ ਦੋ ਕਿਲੋ ਤਿੰਨ ਸੌ ਗ੍ਰਾਮ ਹੈ। ਉਹ ਹਨੂਮਾਨਗੜ ਤੋਂ ਕਰੀਬ ਤਿੰਨ ਸਾਲ ਤੋਂ ਪਹਿਲਾਂ ਮੋਰ ਦੇ ਅਕਾਰ ਦੀ ਕੇਤਲੀ, ਇੱਕ ਪਿੱਤਲ ਦੀ ਸੁਰਮੇਦਾਨੀ ਅਤੇ ਦੋ ਮੋਰ ਦੇ ਅਕਾਰਾਂ ਦੀਆਂ ਅਕਿਰਤੀਆਂ 2400 ਰੁਪਏ ਵਿੱਚ ਲੈ ਆਇਆ ਹੈ। ਉਸ ਕੋਲ ਪੁਰਾਣੇ ਸਮਿਆਂ ਵਿੱਚ ਘਰਾਂ ਵਿੱਚ ਵਰਤਿਆ ਜਾਂਦਾ ਤੇਲ ਵਾਲਾ ਪਿੱਤਲ ਦਾ ਸਟੋਬ, ਪਿੱਤਲ ਦੀ ਕੋਲੇ ਵਾਲੀ ਪ੍ਰੈਸ, ਜੱਗ, ਮੋਮਬੱਤੀ ਸਟੈਂਡ, ਫੁੱਲਦਸਤਾ, ਜੋਤ ਕਰਨ ਵਾਲਾ ਸਟੈਂਡ, ਪਿੱਤਲ ਦੇ ਚਮਚੇ, ਰੋਟੀਆਂ ਰੱਖਣ ਵਾਲਾ ਡੱਬਾ, ਤਾਂਬੇ ਦੀਆਂ ਬਣੀਆਂ ਹੋਈਆਂ

ਬਾਕੀ ਸਫ਼ਾ 31 'ਤੇ

# ਕਿਧਰ ਗੁੰਮ ਹੋ ਗਏ ਛੰਦ ਪਰਾਗੇ



ਰਾਜਨਦੀਪ ਕੌਰ ਮਾਨ
6239326166

ਸਾਡਾ ਪੰਜਾਬੀ ਸਭਿਆਚਾਰ ਬਹੁਤ ਹੀ ਖ਼ੂਬਸੂਰਤ ਤੇ ਵਿਸ਼ਾਲ ਹੈ।ਇਸਦੀ ਖ਼ੂਬਸੂਰਤੀ ਦਾ ਇਕ ਖ਼ੂਬਸੂਰਤ ਸਿਤਾਰਾ ਹੈ ਛੰਦ ਪਰਾਗੇ। ਛੰਤ ਜਾਂ ਛੰਦ ਲੋਕ ਸਾਹਿਤ ਦਾ ਹੀ ਇੱਕ ਕਾਵ ਰੂਪ ਹੈ ਅਤੇ ਇਸ ਵਿਚ ਛੰਦ-ਬੰਦੀ ਦੇ ਕੋਈ ਖਾਸ ਨਿਯਮ ਨਹੀਂ ਹੁੰਦੇ।ਕਹਿਣ ਦਾ ਭਾਵ ਪਿੰਗਲ ਅਨੁਸਾਰ ਨਹੀਂ ਹੁੰਦੇ।ਇਹ ਨਿੱਕੀਆਂ ਨਿੱਕੀਆਂ ਬੋਲੀਆਂ ਦਾ ਹੀ ਨੇੜਲਾ ਰੂਪ ਹੈ।ਇਹ ਸੁਖਮਈ, ਖ਼ੁਸ਼ੀ ਦੇ ਮੌਕੇ ਤੇ ਗਾਉਣ ਵਾਲੀ ਚੁਲਬਲੀ, ਸ਼ਰਾਰਤੀ ਤੇ ਮੰਗਲਮਈ ਕਵਿਤਾ ਹੈ।ਪੰਜਾਬੀ ਸੱਭਿਆਚਾਰ ਵਿੱਚ ਹਰ ਰਸਮ ਲਈ ਅਲੱਗ ਅਲੱਗ ਗੀਤ ਮਿਲਦੇ ਹਨ। ਛੰਦ ਕੁੜੀ ਦੇ ਵਿਆਹ ਮੌਕੇ ਕੁੜੀ ਦੀਆਂ ਭੈਣਾਂ ਵੱਲੋਂ ਜੀਜੇ ਕੋਲੋਂ ਸੁਣੇ ਜਾਣ ਵਾਲੇ ਖਾਸ ਕਿਸਮ ਦੇ ਹਾਸੇ ਠੱਠੇ ਭਰਪੂਰ ਕਾਵਮਈ ਗਾਉਣ ਰੂਪ ਸਨ।ਇਹ ਇੱਕ ਤਰਾਂ ਦਾ ਸੰਵਾਦ ਰੂਪ ਹੀ ਸੀ। ਹਾਸੇ ਠੱਠੇ ਵਿੱਚ ਹੀ ਲਾੜੇ ਦੀ ਸੂਝ ਬੂਝ ਤੇ ਦਿਮਾਗ ਦੀ ਵੀ ਪਰਖ ਹੋ ਜਾਂਦੀ ਸੀ। ਛੰਦ ਪਰਾਗੇ ਜਿਆਦਾਤਰ ਹਿੰਦੂ ਪਰਿਵਾਰਾਂ ਵਿੱਚ ਬੋਲੇ ਜਾਂਦੇ ਸਨ, ਪਰ ਦੇਖਾ ਦੇਖੀ ਦੂਜੀਆਂ ਬਰਾਦਰੀਆਂ ਨੇ ਵੀ ਇਸ ਨੂੰ ਅਪਣਾ ਲਿਆ ਸੀ। ਛੰਦ ਦਾ ਕਾਵਿਕ ਅਰਥ ਹੈ ਰੁੱਗ ਜਾ ਸੰਗ੍ਰਹਿ।ਇਹ ਆਮ ਤੌਰ 'ਤੇ ਲਾਵਾਂ ਜਾਂ ਫੇਰਿਆਂ ਤੋਂ ਵਿਹਲੇ ਹੋਣ ਤੋਂ ਬਾਅਦ, ਜਦ ਲਾੜਾ ਆਪਣੇ ਦੋਸਤਾਂ ਨਾਲ ਬੈਠਦਾ ਸੀ ਤਾਂ ਉਦੋਂ ਹੀ ਉਸ ਦੀਆਂ ਸਾਲੀਆਂ ਆ ਕੇ ਉਸ ਨੂੰ ਘੇਰ ਕੇ ਬੈਠ ਜਾਂਦੀਆਂ ਤੇ ਛੰਦ ਸੁਣਾਉਣ ਦੀ ਫਰਮਾਇਸ਼ ਕਰਦੀਆਂ। ਇਸ ਦੌਰਾਨ ਸੱਸ ਤੇ ਸਹੁਰੇ ਪਰਿਵਾਰ ਦੀਆਂ ਹੋਰ ਔਰਤਾਂ ਲਾੜੇ ਨੂੰ ਸ਼ਗਨ ਵਗੈਰਾ ਵੀ ਕਰਦੀਆਂ।ਇਸ ਦੌਰਾਨ ਕਾਫੀ ਹਾਸਾ ਠੱਠਾ ਵੀ ਹੁੰਦਾ ਸੀ।ਪਹਿਲੀ ਤੁਕ ਕੁੜੀਆਂ ਬੋਲਦੀਆਂ, ਜਿਵੇਂ, 'ਛੰਦ ਪਰਾਗੇ ਆਈਏ ਜਾਈਏ, ਛੰਦ ਪਰਾਗੇ ਸੋਟੀਆਂ' ਤਾਂ ਜੀਜਾ ਅੱਗੋਂ ਜਵਾਬ ਮੌਕੇ ਤੇ ਘੜ ਕੇ ਦਿੰਦਾ, 'ਉੱਤੋਂ ਤਾਂ ਤੁਸੀਂ ਭੋਲੀਆਂ, ਵਿਚੋਂ ਦਿਲ ਦੀਆਂ ਖੋਟੀਆਂ।' ਇਸ ਤਰਾਂ ਇੱਕ ਬਹੁਤ ਹੀ ਖ਼ੂਬਸੂਰਤ ਨਜ਼ਾਰਾ ਬੱਝ ਜਾਂਦਾ। ਕੁਝ ਖ਼ੂਬਸੂਰਤ ਵੰਨਗੀਆਂ ਦੇਖੋ:-

ਛੰਦ ਪਰਾਗੇ ਆਈਏ ਜਾਈਏ,
ਛੰਦ ਪਰਾਗੇ ਡਲੀ।
ਸਹੁਰਾ ਫੁੱਲ ਗੁਲਾਬ ਦਾ ਤੇ,
ਸੱਸ ਚੰਬੇ ਦੀ ਕਲੀ।
ਛੰਦ ਪਰਾਗੇ ਆਈਏ ਜਾਈਏ,
ਛੰਦ ਪਰਾਗੇ ਥਾਲੀਆਂ ।
ਸੋਨੇ ਦਾ ਮੈਂ ਮਹਿਲ ਬਣਾਵਾਂ,
ਵਿੱਚ ਬਿਠਾਵਾਂ ਸਾਲੀਆਂ।
ਛੰਦ ਪਰਾਗੇ ਆਈਏ ਜਾਈਏ,
ਛੰਦ ਪਰਾਗੇ ਤੁਰਮਾ,
ਤੁਹਾਡੀ ਧੀ ਨੂੰ ਏਦਾਂ ਰਖੂ,
ਜਿਉਂ ਅੱਖੀਆਂ ਵਿੱਚ ਸੁਰਮਾ।
ਛੰਦ ਪਰਾਗੇ ਆਈਏ ਜਾਈਏ,
ਛੰਦ ਪਰਾਗੇ ਖੰਡ।
ਗੋਪੀਆਂ ਅੱਜ ਕਾਹਨ ਘੇਰਿਆ,
ਬੈਠ ਸੁਣਦੀਆਂ ਛੰਦ।
ਛੰਦ ਪਰਾਗੇ ਆਈਏ ਜਾਈਏ,
ਛੰਦ ਪਰਾਗੇ ਖੀਰਾ।
ਧੀ ਤੁਹਾਡੀ ਏਦਾਂ ਰਖਸਾਂ,
ਜਿਉ ਰਖਦੇ ਨੇ ਹੀਰਾ।
ਛੰਦਪਰਾਗੇਆਈਏਜਾਈਏ,ਛੰਦਪਰਾਗੇਤੁੰਮਾ,
ਸਭੋ ਸਾਲੀਆਂ ਸੋਹਣੀਆਂ, ਮੈਂ ਕੀਹਦੇ ਕੀਹਦੇ ਮੂੰਹ ਚੁੰਮਾਂ।
ਛੰਦ ਪਰਾਗੇ ਆਈਏ ਜਾਈਏ ਛੰਦ ਪਰਾਗੇ ਗਹਿਣਾ,
ਬੇਟੀ ਨੂੰ ਸਮਝਾ ਦੇਣਾ ਜੀ, ਆਗਿਆ ਦੇ ਵਿੱਚ ਰਹਿਣਾ।
ਛੰਦਪਰਾਗੇਆਈਏਜਾਈਏਛੰਦਪਰਾਗੇਦਾਤ,
ਵੱਧ ਘੱਟ ਬੋਲਿਆ, ਦਿਲ ਨਾ ਲਾਉਣਾ, ਭੁੱਲ ਚੁੱਕ ਕਰਨੀ ਮਾਫ਼।

ਇਸ ਤਰਾਂ ਬਹੁਤ ਸਾਰੇ ਛੰਦ ਨਵੇਂ ਵੀ ਘੜੇ ਜਾਂਦੇ। ਲੋਕ ਵਿਆਹ ਤੋਂ ਪਹਿਲਾਂ ਹੀ ਤਿਆਰੀ ਕਰਨ ਲੱਗ ਜਾਂਦੇ। ਕਈ ਅਜਿਹੇ ਇਨਸਾਨ ਵੀ ਹੁੰਦੇ ਸਨ ਜੋ ਕਿ ਮੌਕੇ 'ਤੇ ਹੀ ਛੰਦ ਘੜਨ ਦੇ ਮਾਹਿਰ ਹੁੰਦੇ ਸਨ। ਅਜਿਹੇ ਇਨਸਾਨ ਬੜੇ ਮਜ਼ੇਦਾਰ ਤਬੀਅਤ ਦੇ ਇਨਸਾਨ ਹੁੰਦੇ ਤੇ ਇਨਾਂ ਦੀ ਵਿਆਹਾਂ ਦੇ ਸਮੇਂ ਖ਼ੂਬ ਮੰਗ ਰਹਿੰਦੀ। ਪੂਰਾ ਪਿੰਡ ਇਨਾਂ ਨੂੰ ਆਪਣੇ ਆਪਣੇ ਵਿਆਹ ਤੇ ਨਾਲ ਲਿਜਾਣਾ ਪਸੰਦ ਕਰਦਾ ਸੀ। ਕਿਉਂਕਿ ਜਦੋਂ ਸਾਲੀਆਂ ਇੱਕ ਤੋਂ ਇੱਕ ਛੰਦ ਸੁਣਦੀਆਂ, ਹਾਰ ਜਾਣ ਤੋਂ

ਬਾਕੀ ਸਫ਼ਾ 30 'ਤੇ



# ਕਿਰਤੀਆਂ ਦੇ ਵਿਹੜਿਆਂ ਵਿੱਚੋਂ ਲਾਟ ਬਣ ਉੱਠਦੀ ਹੂਕ ਦਾ ਪੇਸ਼ਕਾਰ: ਪ੍ਰੇਮ ਗੋਰਖੀ

## ਗੁਰਮੀਤ ਕੜਿਆਲਵੀ

ਪ੍ਰੇਮ ਗੋਰਖੀ ਪੰਜਾਬੀ ਮਾਂ ਬੋਲੀ ਦਾ ਨਵੇਕਲੀ ਨੁਹਾਰ ਵਾਲਾ ਵੱਡਾ ਕਹਾਣੀਕਾਰ ਸੀ ਜਿਸਦੀ ਮੌਤ ਨੇ ਪੰਜਾਬੀ ਸਾਹਿਤ ਜਗਤ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਸਾਰੇ ਸਾਹਿਤਕ ਖੇਤਰ ਵਿੱਚ ਸੁੰਨ ਪਸਰ ਗਈ ਹੈ। ਗੋਰਖੀ ਜਿਵੇਂ ਸਾਰਿਆਂ ਦੀ ਰੂਹ ਹੀ ਕੱਢ ਕੇ ਲੈ ਗਿਆ ਹੋਵੇ। ਉਸਦੇ ਸਮਕਾਲੀਆਂ ਦੀਆਂ ਅੱਖਾਂ ਭਰ ਆਈਆਂ। ਸਰਹੱਦ ਪਾਰੋਂ, ਲਹਿੰਦੇ ਪੰਜਾਬ ਵਿੱਚੋਂ ਵੀ ਹਉਕੇ ਕੰਡਿਆਲੀਆਂ ਤਾਰਾਂ ਲੰਘ ਆਏ। ਸਮੁੰਦਰਾਂ ਤੋਂ ਪਾਰ ਬੈਠੇ ਪੰਜਾਬੀ ਲੇਖਕ ਤੇ ਪਾਠਕ ਵੀ ਧੁਰ ਅੰਦਰ ਤਕ ਉਦਾਸ ਹੋਏ। ਨਵੇਂ ਪੋਚ ਦੇ ਲੇਖਕਾਂ ਨੂੰ ਉਂਗਲੀ ਫੜ ਕੇ ਨੱਕ ਦੀ ਸੇਧੇ ਤੋਰਨ ਵਾਲਾ ਮਹਿਬੂਬ ਕਹਾਣੀਕਾਰ ਅੱਧਵਾਟੇ ਛੱਡ ਗਿਆ। ਅਪ੍ਰੈਲ ਮਹੀਨੇ ਦੀ 25 ਤਾਰੀਕ ਨੂੰ ਚੰਡੀਗੜ ਦੇ 32 ਸੈਕਟਰ ਦੇ ਹਸਪਤਾਲ ਵਿੱਚੋਂ ਪ੍ਰੇਮ ਗੋਰਖੀ ਨਹੀਂ ਗਿਆ, ਪੰਜਾਬੀ ਕਹਾਣੀ ਦਾ ਇੱਕ ਯੁਗ ਚਲਾ ਗਿਆ ਸੀ।

ਪ੍ਰੇਮ ਗੋਰਖੀ ਅਣਹੋਏ, ਹਿਰਾਸੇ, ਉਦਾਸ, ਬੇਨੂਰ ਚਿਹਰਿਆਂ ਵਾਲੇ, ਸਾਰੀ ਉਮਰਾਂ ਪੱਤਝੜ ਜਿਹੀ ਜੂਨ ਭੋਗ ਕੇ ਤੁਰ ਜਾਣ ਵਾਲੇ, ਕੱਚੇ ਢਾਰਿਆਂ ਵਿੱਚ ਨਰਕ ਜਿਹੀ ਜ਼ਿੰਦਗੀ ਜਿਉਂਦੇ, ਗਰੀਬੀ ਦੀ ਦਲਦਲ ਵਿੱਚ ਲੱਕ ਲੱਕ ਖੁੱਭੇ, ਜਾਤੀਵਾਦ ਦੀ ਮਾਰ ਸਹਿੰਦੇ ਅਤੇ ਦਿਨ ਦਿਹਾੜੇ ਆਪਣੀ ਕਿਰਤ ਦੀ ਲੁੱਟ ਕਰਵਾਉਣ ਲਈ ਮਜਬੂਰ ਊਣੇ ਤੇ ਵਿਹੂਣੇ ਲੋਕਾਂ ਦਾ ਕਹਾਣੀਕਾਰ ਸੀ। ਉਸਦੀਆਂ ਕਹਾਣੀਆਂ ਥੁੜਾਂ ਮਾਰੇ ਲੋਕਾਂ ਅੰਦਰਲੀਆਂ ਪੀੜਾਂ ਦੀ ਬਾਤ ਪਾਉਂਦੀਆਂ। ਉਹ ਹਜ਼ਾਰਾਂ ਸਾਲਾਂ ਤੋਂ ਜਾਤੀਵਾਦ ਦੀ ਜ਼ਿੱਲਤ ਹੰਡਾਉਂਦੇ ਲੋਕਾਂ ਅੰਦਰ ਹੁੰਦੀ ਮਾਨਸਿਕ ਟੁੱਟ ਭੱਜ ਨੂੰ ਚਿਤਰਦਾ। ਉਹ ਲੁੱਟ ਦਾ ਸ਼ਿਕਾਰ ਹੁੰਦੇ ਲੋਕਾਂ ਅੰਦਰ ਦੱਬੀ ਪਈ ਚੀਕ ਨੂੰ ਪੇਸ਼ ਕਰਦਾ। ਉਸਦੇ ਪਾਤਰ ਵਿਤਕਰਿਆਂ, ਵੰਡਾਂ ਨੂੰ ਜਨਮ ਦੇਣ ਵਾਲੀ ਵਿਵਸਥਾ ਨੂੰ ਚੀਰ ਕੇ ਭਰਾੜ ਕਰ ਦੇਣ ਲਈ ਅਹੁਲਦੇ। ਗੋਰਖੀ ਨਿਰਾਸ਼ਤਾ ਦਾ ਕਹਾਣੀਕਾਰ ਨਹੀਂ ਸੀ, ਉਹ ਤਾਂ ਕਿਰਤੀਆਂ ਦੇ ਵਿਹੜਿਆਂ ਵਿੱਚੋਂ ਲਾਟ ਬਣ ਕੇ ਉੱਠਦੀ ਹੂਕ ਦਾ ਪੇਸ਼ਕਾਰ ਸੀ।

ਪ੍ਰੇਮ ਗੋਰਖੀ ਦਾ ਜਨਮ 15 ਜੂਨ 1947 ਨੂੰ ਨਾਨਕੇ ਪਿੰਡ ਬੁਹਾਨੀ ਤਹਿਸੀਲ ਫਗਵਾੜਾ ਜ਼ਿਲਾ ਕਪੂਰਥਲਾ ਵਿੱਚ ਮਾਤਾ ਰੱਖੀ ਦੀ ਕੁੱਖੋਂ ਹੋਇਆ। ਉਨਾਂ ਦਾ ਬਾਪ ਅਰਜਨ ਦਾਸ ਇੱਕ ਕਿਰਤੀ ਵਿਅਕਤੀ ਸੀ ਜਿਹੜਾ ਕੋਠੀਆਂ ਨੂੰ ਸਫੈਦੀ ਕਰਨ ਦਾ ਕੰਮ ਕਰਦਾ ਹੋਣ ਕਰਕੇ 'ਅਰਜਨ ਸਫੈਦੀ ਵਾਲਾ' ਵਜੋਂ ਮਸ਼ਹੂਰ ਸੀ। ਘਰ ਦੀ ਗਰੀਬੀ ਕਾਰਨ ਛੇ ਭੈਣਾਂ ਭਰਾਵਾਂ ਦੇ ਪਰਿਵਾਰ ਵਿੱਚੋਂ ਪ੍ਰੇਮ ਨੂੰ ਹੀ ਕੁਝ ਪੜਨ ਲਿਖਣ ਦਾ ਮੌਕਾ ਮਿਲਿਆ। ਪ੍ਰੇਮ ਦੇ ਬਚਪਨ ਨੇ ਗਰੀਬੀ ਦੀਆਂ ਅਥਾਹ ਡੂੰਘਾਣਾਂ ਦੇਖੀਆਂ। ਘਰ ਵਿੱਚ ਹਰ ਵਕਤ ਗਰੀਬੀ ਨਾਲ ਜੰਗ ਚੱਲਦੀ ਰਹਿੰਦੀ। ਗਰੀਬੀ ਸਰਾਲ ਬਣਕੇ ਘਰ ਦੇ ਛੋਟੇ ਵੱਡੇ ਜੀਆਂ ਦੇ ਸਾਹ ਪੀਂਦੀ ਰਹਿੰਦੀ। ਦੁਖੀ ਹੋਏ ਪ੍ਰੇਮ ਨੇ ਘਰ ਦੀ ਗਰੀਬੀ ਦੂਰ ਕਰਨ ਲਈ ਕਿਸੇ ਸਾਧ ਦੇ ਆਖੇ ਸਿਵਿਆਂ ਵਿੱਚ ਚਾਲੀ ਦਿਨ ਸਿਲਾ ਕੱਢਿਆ। ਬਾਪ ਨੇ ਕੁੱਟ ਕੇ ਸਮਝਾਇਆ, 'ਇਹਨਾਂ ਹੱਥਾਂ ਨਾਲ ਕਾਰ ਕੀਤੇ ਬਿਨਾਂ ਨਹੀਂ ਸਰਨਾ। ਇਹ ਕੰਮ ਹਾਰੇ ਹੋਏ ਲੋਕ ਕਰਦੇ ਹਨ ਜਿਨਾਂ ਦੀ ਦੇਹ ਵਿੱਚ ਲਹੂ ਨਹੀਂ, ਕੀੜੇ ਰੀਂਘਦੇ ਹਨ।' ਪ੍ਰੇਮ ਨੂੰ ਜਿਵੇਂ ਜ਼ਿੰਦਗੀ ਦੇ ਫਲਸਫੇ ਦੀ ਸਮਝ ਆ ਗਈ। ਉਸਨੇ ਸਾਰੀ ਉਮਰ ਗਰੀਬੀ ਅਤੇ ਦੁਸ਼ਵਾਰੀਆਂ ਨਾਲ ਆਢਾ ਲਾਈ ਰੱਖਿਆ।

ਪ੍ਰੇਮ ਗੋਰਖੀ ਨੇ ਬਾਪ ਨਾਲ ਅਮੀਰ ਘਰਾਂ ਦੀਆਂ ਕੋਠੀਆਂ ਨੂੰ ਸਫੈਦੀ ਕਰਨ ਲਈ ਕੂਚੀ ਚਲਾਈ। ਪੱਤਿਆਂ ਦੇ ਡੂੰਨੇ ਪੱਤਲ ਲਾਏ। ਕਾਰਖਾਨੇ ਵਿੱਚ ਢਲਾਈ ਦਾ ਔਖਾ ਕੰਮ ਕੀਤਾ। ਬਿਜਲੀ ਮਹਿਕਮੇ ਵਲੋਂ ਕੰਢੀ ਦੇ ਇਲਾਕੇ ਵਿੱਚ ਪਾਈਆਂ ਜਾ ਰਹੀਆਂ ਨਵੀਆਂ ਲਾਈਨਾਂ ਦੇ ਖੰਭਿਆਂ ਲਈ ਖੱਡੇ ਪੱਟੇ। ਕੁਲਫੀਆਂ ਵੇਚਣ ਦਾ ਕੰਮ ਕੀਤਾ। ਲਾਇਲਪੁਰ ਖਾਲਸਾ ਕਾਲਜ ਦੀ ਲਾਇਬਰੇਰੀ ਵਿੱਚ ਕਿਤਾਬਾਂ ਦੀ ਝਾੜ-ਪੂੰਝ ਤੇ ਸਾਂਭ ਸੰਭਾਲ ਕੀਤੀ। ਕਾਰਖਾਨਿਆਂ ਵਿੱਚ ਬੋਰੀਆਂ ਢੋਈਆਂ। ਪੈਟਰੋਲ ਪੰਪ 'ਤੇ ਰਾਤ ਦੀ ਚੌਕੀਦਾਰੀ ਕੀਤੀ। ਪ੍ਰਭਾਤ, ਨਵਾਂ ਜ਼ਮਾਨਾ ਤੇ ਅਜੀਤ ਅਖਬਾਰ ਵਿੱਚ ਪਰੂਫ਼ ਰੀਡਰੀ ਕੀਤੀ। ਬਦਨਸੀਬੀ ਤੇ ਗਰੀਬੀ ਗੋਰਖੀ ਨੂੰ ਵਾਰ ਵਾਰ ਘੇਰਦੀਆਂ, ਉਸਦੀ ਇੱਛਾ ਸ਼ਕਤੀ ਬਦਨਸੀਬੀਆਂ ਨੂੰ ਧੂੰਏਂ ਦੇ ਬੱਦਲਾਂ ਵਾਂਗ ਹਵਾ ਵਿੱਚ ਉਡਾ ਦਿੰਦੀ।

ਪ੍ਰੇਮ ਗੋਰਖੀ ਨੇ ਸਮਾਜਿਕ ਵਿਤਕਰਿਆਂ ਅਤੇ ਵਧੀਕੀਆਂ ਨੂੰ ਨੰਗੇ ਪਿੰਡੇ 'ਤੇ ਹੰਢਾਇਆ ਸੀ। ਨਾਨਕੇ ਪਿੰਡ ਝੋਨੇ ਦੀ ਲਵਾਈ ਨੂੰ ਲੈ ਕੇ ਗਰੀਬ ਮਜ਼ਦੂਰਾਂ ਦੇ ਹੁੰਦੇ ਬਾਈਕਾਟ ਨੇ ਉਸਦੇ ਮਨ ਵਿੱਚ ਸਵਾਲ ਪੈਦਾ ਕਰਨੇ ਸ਼ੁਰੂ ਕੀਤੇ ਕਿ ਇਹ ਸਭ ਕਿਉਂ ਹੁੰਦਾ ਹੈ। ਪਿੰਡ ਦੇ ਹੀ ਇੱਕ ਪੁਲਿਸ ਟਾਊਟ ਜਿੰਮੀਦਾਰ ਵਲੋਂ ਸਾਈਕਲ ਚੋਰੀ ਦੇ ਝੂਠੇ ਕੇਸ ਵਿੱਚ ਫਸਾਉਣ 'ਤੇ ਗੋਰਖੀ ਨੂੰ ਬੇਤਹਾਸ਼ਾ ਤਸ਼ੱਦਦ ਦਾ ਸ਼ਿਕਾਰ ਹੋਣਾ ਪਿਆ ਜਿਸਨੇ ਉਸਦੇ ਅੰਦਰ ਸਮਾਜਿਕ ਵਿਵਸਥਾ ਖ਼ਿਲਾਫ ਰੋਹ ਤੇ ਵਿਦਰੋਹ ਭਰ ਦਿੱਤਾ। ਅਨਪੜ ਬਾਪ ਜ਼ਿੰਦਗੀ ਦੀਆਂ ਤਲਖ਼ ਹਕੀਕਤਾਂ ਨੂੰ ਸਮਝਦਾ ਸੀ। ਉਸ ਵਲੋਂ ਰਾਤ ਵੇਲੇ ਸੁਣਾਈਆਂ ਬਾਤਾਂ ਨੇ ਜਿੱਥੇ ਗੋਰਖੀ ਅੰਦਰ ਕਠੋਰ ਹਾਲਤਾਂ ਵਿੱਚ ਵੀ ਨਾ ਡੋਲਣ ਦੀ ਭਾਵਨਾ ਪੈਦਾ ਕੀਤੀ, ਉੱਥੇ ਉਸ ਅੰਦਰ ਕਹਾਣੀਆਂ ਦਾ ਬੀਅ ਵੀ ਬੀਜ ਦਿੱਤਾ।

ਆਪਣੇ ਪਿੰਡ ਲਾਡੋਵਾਲੀ ਦੇ ਸਕੂਲ ਵਿੱਚ ਪੜਦਿਆਂ ਪ੍ਰੇਮ ਨੂੰ ਆਪਣੇ ਜਮਾਤੀ ਆਤਮਜੀਤ ਜੋ ਕਿ ਅੱਜ ਦਾ ਵੱਡਾ ਨਾਟਕਕਾਰ ਡਾ. ਆਤਮਜੀਤ ਹੈ, ਤੋਂ ਕਿਤਾਬਾਂ ਪੜਨ ਦਾ ਸ਼ੌਂਕ ਪੈਦਾ ਹੋਇਆ। ਦਸਵੀਂ ਬਾਅਦ ਲਾਇਲਪੁਰ ਖਾਲਸਾ ਕਾਲਜ ਦੀ ਲਾਇਬਰੇਰੀ ਵਿੱਚ ਨੌਕਰੀ ਨੇ ਉਸ ਨੂੰ ਪੂਰੀ ਤਰਾਂ ਕਿਤਾਬਾਂ ਦੀ ਦੁਨੀਆਂ ਨਾਲ ਜੋੜ ਦਿੱਤਾ। ਇੱਥੇ ਹੀ ਉਸ ਨੂੰ ਅਮਰਜੀਤ ਚੰਦਨ, ਚਿਰੰਜੀਵ ਸਿੰਘ, ਸ਼ਿੰਗਾਰਾ ਸਿੰਘ ਭੁੱਲਰ, ਗੁਰਦੇਵ ਸਿੰਘ ਸਿੱਧੂ ਸਮੇਤ ਅਨੇਕਾਂ ਲੇਖਕ



ਮਿਲੇ। ਪੁਲਿਸ ਕੁੱਟ ਦਾ ਝੰਬਿਆ ਕਦੇ ਉਹ ਆਤਮ ਹੱਤਿਆ ਬਾਰੇ ਸੋਚਦਾ ਪਰ ਕਿਤਾਬਾਂ ਉਸ ਨੂੰ ਭਟਕਣ ਨਾ ਦਿੰਦੀਆਂ। ਉਸਦੇ ਅੰਦਰਲਾ ਗੁਬਾਰ ਸ਼ਬਦਾਂ ਦੇ ਰੂਪ ਵਿੱਚ ਸਫਿਆਂ 'ਤੇ ਫੈਲਣ ਲੱਗਾ। ਪ੍ਰੇਮ ਨਿਮਾਣਾ ਦੇ ਨਾਂ ਹੇਠ ਨਾਗਮਣੀ ਵਿੱਚ ਛਪੀ ਉਸਦੀ ਕਹਾਣੀ ਅਤੇ ਨਾਗਮਣੀ ਦੀ ਸੰਪਾਦਕ ਅੰਮ੍ਰਿਤਾ ਪ੍ਰੀਤਮ ਦੇ ਖ਼ਤ ਨੇ ਗੋਰਖੀ ਨੂੰ ਅੰਦਰੋਂ ਬਾਹਰੋਂ ਨੂਰ ਨਾਲ ਭਰ ਦਿੱਤਾ। ਨਾਗਮਣੀ ਦੀਆਂ ਕਹਾਣੀਆਂ ਨੇ ਹੀ ਉਸ ਨੂੰ ਪੁਲਿਸ ਵਲੋਂ ਬਣਾਏ ਕੇਸਾਂ ਵਿੱਚੋਂ ਅਦਾਲਤ ਵਿੱਚੋਂ ਬਰੀ ਕਰਵਾਇਆ। ਪ੍ਰੇਮ ਗੋਰਖੀ ਦੇ ਆਪਣੇ ਲਿਖਣ ਵਾਂਗ- ਅੰਮ੍ਰਿਤਾ ਦੇ ਖ਼ਤ ਅਤੇ ਨਾਗਮਣੀ ਦੀ ਕਹਾਣੀ ਨੇ ਉਸ ਨੂੰ ਕੰਡੇ ਤੋਂ ਫੁੱਲ ਬਣਾ ਦਿੱਤਾ ਸੀ।

ਪ੍ਰੇਮ ਗੋਰਖੀ ਦਾ ਮਨ ਜਦੋਂ ਵੀ ਕਦੇ ਡੋਲਦਾ, ਅੰਮ੍ਰਿਤਾ ਪ੍ਰੀਤਮ ਅਤੇ ਹੋਰ ਦੋਸਤਾਂ ਦੇ ਖ਼ਤ ਉਸ ਨੂੰ ਸਹਾਰਾ ਦਿੰਦੇ ਰਹੇ, ਇਸੇ ਕਰਕੇ ਉਹ ਖ਼ਤਾਂ ਦੀ ਮਹੱਤਤਾ ਸਮਝਦਾ ਸੀ। ਜਿੱਥੇ ਉਸਨੇ ਆਪਣੇ ਸਮਕਾਲੀਆਂ ਨੂੰ ਖ਼ਤ ਲਿਖੇ, ਉੱਥੇ ਆਪਣੇ ਤੋਂ ਅਗਲੀ ਪੀੜੀ ਦਾ ਸ਼ਾਇਦ ਹੀ ਕੋਈ ਲੇਖਕ ਹੋਵੇ, ਜਿਸ ਨੂੰ ਚਿੱਠੀਆਂ ਰਾਹੀਂ ਸੇਧ ਤੇ ਹੌਸਲਾ ਨਾ ਦਿੱਤਾ ਹੋਵੇ। ਉਹ ਮੇਰੇ ਵਰਗਿਆਂ ਨੂੰ ਕਹਾਣੀ ਨੂੰ ਹੋਰ ਬਿਹਤਰ ਬਣਾਉਣ ਲਈ ਨਵੇਂ ਨਵੇਂ ਸੁਝਾਅ ਦਿੰਦਾ। ਉਸਦੇ ਖ਼ਤ ਹਰ ਤਰਾਂ ਦੇ ਔਖੇ ਹਾਲਾਤ ਵਿੱਚ ਵੀ ਸਾਬਤ ਰਹਿਣ ਲਈ ਪ੍ਰੇਰਨਾ ਦਿੰਦੇ, 'ਤੇਰੇ ਆਉਣ ਦਾ ਪਤਾ ਲੱਗਾ, ਅਫਸੋਸ ਆਪਣਾ ਮੇਲ ਨਹੀਂ ਹੋ ਸਕਿਆ। ਤੇਰੇ ਵਿਆਹ ਦਾ ਕੀ ਬਣਿਆ ? ਗੱਲ ਸਿਰੇ ਲੱਗੀ ਜਾਂ ਨਹੀਂ ? ਕਿਸੇ ਗੱਲ ਤੋਂ ਡੋਲੀਦਾ ਨਹੀਂ ਹੁੰਦਾ, ਔਖੇ ਵਕਤ ਦਾ ਤਕੜੇ ਹੋ ਕੇ ਸਾਹਮਣਾ ਕਰੀਦਾ।'

ਪ੍ਰੇਮ ਗੋਰਖੀ ਨੇ ਸ਼ੁਰੂ-ਸ਼ੁਰੂ ਵਿੱਚ ਪ੍ਰੇਮ ਨਿਮਾਣਾ ਦੇ ਕਲਮੀ ਨਾਂ ਹੇਠ ਕਹਾਣੀਆਂ ਛਪਵਾਈਆਂ ਸਨ। ਇੱਕ ਨੇਪਾਲਣ ਕੁੜੀ 'ਗੋਰਖੀ' ਦੀ ਖਾਮੋਸ਼ ਮੁਹੱਬਤ ਸਦਕਾ ਉਸਨੇ ਆਪਣਾ ਤਖ਼ੱਲਸ 'ਨਿਮਾਣਾ' ਤੋਂ 'ਗੋਰਖੀ' ਕਰ ਲਿਆ। ਹੁਣ ਉਹ ਪ੍ਰੇਮ ਨਿਮਾਣਾ ਤੋਂ ਪ੍ਰੇਮ ਗੋਰਖੀ ਬਣ ਕੇ ਸਾਹਿਤਕ ਅੰਬਰ 'ਤੇ ਉੱਚੀਆਂ ਉਡਾਰੀਆਂ ਭਰਨ ਲੱਗਾ। ਉਸ ਸਮੇਂ ਦੇ ਸਾਰੇ ਚਰਚਿਤ ਮੈਗਜ਼ੀਨਾਂ ਜਿਵੇਂ 'ਕਵਿਤਾ', ਹੇਮ ਜਯੋਤੀ, ਰੋਹਲੇ ਬਾਣ, ਨਾਗਮਣੀ, ਲਕੀਰ, ਸਰਦਲ ਤੇ ਸਿਰਜਣਾ ਵਿੱਚ ਕਹਾਣੀਆਂ ਛਪਣ ਲੱਗੀਆਂ। ਕਹਾਣੀਆਂ ਦੀ ਪਹਿਲੀ ਕਿਤਾਬ 'ਜੀਣ ਮਰਣ' ਛਪੀ ਤਾਂ ਸਾਹਿਤਕ ਹਲਕਿਆਂ ਵਿੱਚ ਭਰਵੀਂ ਚਰਚਾ ਛਿੜੀ। ਨਾਵਲੈੱਟ 'ਤਿੱਤਰ ਖੰਭੀ ਜੂਹ' ਬਰਜਿੰਦਰ ਸਿੰਘ ਹਮਦਰਦ ਦੀ ਸੰਪਾਦਨਾ ਵਿੱਚ ਛਪਦੇ ਸਾਹਿਤਕ ਮੈਗਜ਼ੀਨ ਵਿੱਚ ਛਪਿਆ ਤਾਂ ਚਾਰ ਚੁਫੇਰੇ ਉਸਦੇ ਨਾਂ ਦੀ ਚਰਚਾ ਹੋਣ ਲੱਗੀ। ਆਪਣੇ ਸਮਕਾਲੀ ਕਹਾਣੀਕਾਰ ਦੋਸਤਾਂ ਕਿਰਪਾਲ ਕਜ਼ਾਕ, ਨਛੱਤਰ, ਸੁਰਿੰਦਰ ਸ਼ਰਮਾ, ਮੁਖਤਾਰ ਗਿੱਲ, ਗੁਰਚਰਨ ਚਾਹਲ ਭੀਖੀ, ਰਾਮ ਸਰੂਪ ਅਣਖੀ, ਮੋਹਨ ਭੰਡਾਰੀ, ਦਲਬੀਰ ਚੇਤਨ ਅਤੇ ਮੁਖਤਿਆਰ ਸਿੰਘ ਵਰਗਿਆਂ ਨਾਲ ਰਲਕੇ 'ਦੀਵਾ ਬਲੇ ਸਾਰੀ ਰਾਤ' ਨਾਂ ਹੇਠ ਪ੍ਰੋਗਰਾਮ ਵਿੱਢੇ। ਸਾਰੀ ਰਾਤ ਕਹਾਣੀਆਂ 'ਤੇ ਨਿੱਠ ਕੇ ਚਰਚਾ ਹੁੰਦੀ। ਲੇਖਕ ਬੇਲਿਹਾਜ਼ ਹੋ ਕੇ ਇੱਕ ਦੂਜੇ ਦੀ ਕਹਾਣੀ ਦੀ ਚੀਰਫਾੜ ਕਰਦੇ। ਇਹ ਪੰਜਾਬੀ ਕਹਾਣੀ ਦਾ ਸੁਨਹਿਰਾ ਦੌਰ ਸੀ। ਪ੍ਰੇਮ ਗੋਰਖੀ ਕਹਾਣੀਆਂ ਦੀਆਂ ਰਾਤਾਂ ਦਾ ਮੁੱਖ ਧੁਰਾ ਹੁੰਦਾ ਸੀ। ਉਹ ਪੋਸਟ ਕਾਰਡ ਲਿਖਕੇ ਲੇਖਕਾਂ ਅਤੇ ਵਿਦਵਾਨਾਂ ਨੂੰ ਕਹਾਣੀ ਵਾਲੀ ਰਾਤ ਵਿੱਚ ਸ਼ਾਮਲ ਹੋਣ ਦੀ ਦਾਅਵਤ ਦਿੰਦਾ। ਵਰਿਆਮ ਸੰਧੂ ਅਤੇ ਲਾਲ ਸਿੰਘ ਸਮੇਤ ਅਨੇਕਾਂ ਵੱਡੇ ਵੱਡੇ ਲੇਖਕ ਗੋਰਖੀ ਦੇ ਪ੍ਰੇਮ ਮੋਹ ਵਿੱਚ ਬੱਝੇ ਸਮਾਗਮ ਵਿੱਚ ਕਹਾਣੀਆਂ ਪੜਨ ਲਈ ਆਉਂਦੇ ਰਹੇ। ਨਵੇਂ ਪੁਰਾਣੇ ਲੇਖਕਾਂ ਨੂੰ ਬਰਾਬਰ ਦਾ ਮੌਕਾ ਦਿੱਤਾ ਜਾਂਦਾ।

ਬਾਕੀ ਸਫ਼ਾ 31 'ਤੇ



# ਵਿਰਾਸਤ

## ਕੁਲਵਿੰਦਰ ਸਿੰਘ ਬਿੱਟੂ

ਪੋਹ ਦੀ ਆਖ਼ਰੀ ਸ਼ਾਮ। ਧੁੰਦ ਪਸਰਨ ਲੱਗੀ ਸੀ। ਸ਼ਹਿਰ ਦੇ ਪ੍ਰਾਈਵੇਟ ਹਸਪਤਾਲ ਦਾ ਵੇਟਿੰਗ ਹਾਲ। ਜੁੜੀਆਂ ਕੁਰਸੀਆਂ ’ਤੇ ਠੋਡੀ ਨੂੰ ਹੱਥਾਂ ਦਾ ਸਹਾਰਾ ਲਾਈ ਝੁਕਿਆ ਬੈਠਾ ਮੈਂ ਫਰਸ਼ ਵੱਲ ਦੇਖ ਰਿਹਾ ਹਾਂ। ਮੇਰੇ ਸਾਹਮਣੇ ਕੁਰਸੀਆਂ ’ਤੇ ਅਧਖੜ ਉਮਰ ਦਾ ਜੋੜਾ ਬੈਠਾ ਹੈ, ਮੇਰੇ ਵਾਂਗ ਹੀ ਚੁੱਪ ਤੇ ਸਹਿਮਿਆ ਹੋਇਆ। ਡਾਕਟਰ ਦੇ ਬੋਲ ਜ਼ਿਹਨ ਵਿੱਚ ਆਉਂਦਿਆਂ ਹੀ ਮੇਰੀ ਭੁੱਬ ਨਿਕਲਦੀ ਹੈ। ਮੈਂ ਉੱਠ ਕੇ ਖਿੜਕੀ ਕੋਲ ਚਲਿਆ ਜਾਂਦਾ ਹਾਂ। ਬੈਠੇ ਜੋੜੇ ਵੱਲ ਪਿੱਠ ਕਰ ਅੱਖਾਂ ਨੂੰ ਜ਼ੋਰ ਨਾਲ ਬੰਦ ਕਰ ਸਾਰੇ ਹੰਝੂ ਬਾਹਰ ਕੱਢਦਾ ਹਾਂ। ਇੱਕ ਵੱਡਾ ਹਟਕੋਰਾ ਸਾਰੇ ਕਮਰੇ ਵਿੱਚ ਗੂੰਜਦਾ ਹੈ। ਮੈਂ ਰੁਮਾਲ ਕੱਢ ਅੱਖਾਂ ਤੇ ਨੱਕ ਸਾਫ਼ ਕਰ ਤੇਜ਼ੀ ਨਾਲ ਵੇਟਿੰਗ ਹਾਲ ਵਿੱਚੋਂ ਬਾਹਰ ਚਲਾ ਜਾਂਦਾ ਹਾਂ।

ਆਈਸੀਯੂ ਵਾਰਡ ਦੇ ਬਾਹਰ ਮੇਰਾ ਭਰਾ, ਭੈਣ ਜੀਜਾ ਜੀ ਤੇ ਪਤਨੀ ਆਪਸੀ ਗੁਫ਼ਤਗੂ ਵਿੱਚ ਲੱਗੇ ਹੋਏ ਹਨ। ਆਈਸੀਯੂ ਹਾਲ ਦਾ ਦਰਵਾਜ਼ਾ ਖੋਲ ਮੈਂ ਭਾਪਾ ਜੀ ਦੇ ਬੈੱਡ ਕੋਲ ਜਾ ਖੜਦਾ ਹਾਂ। ਭਾਪਾ ਜੀ ਅੱਖਾਂ ਬੰਦ ਕਰੀ ਲੰਮੇ ਪਏ ਹਨ। ਮੈਂ ਉਨਾਂ ਦੇ ਸਿਰ ਦਾ ਲੱਥਾ ਪਰਨਾ ਠੀਕ ਕਰਦਾ ਹਾਂ। ਉਨਾਂ ਦੀ ਅੱਖ ਖੁੱਲਦੀ ਹੈ। ‘ਮੈਂ ਹੁਣ ਠੀਕ ਹਾਂ। ਮੈਨੂੰ ਘਰ ਲੈ ਚੱਲੋ।’ ਭਾਪਾ ਜੀ ਦਾ ਤਰਲਾ ਸੀ। ‘ਕੋਈ ਨਾ ਭਾਪਾ ਜੀ, ਥੋੜਾ ਹੋਰ ਠੀਕ ਹੋ ਜਾਉ। ਫੇਰ ਚਲਦੇ ਹਾਂ।’ ਭਾਪਾ ਜੀ ਦੀ ਸਿਹਤਯਾਬੀ ਬਾਰੇ ਡਾਕਟਰ ਦੇ ਅਸਮਰੱਥਾ ਭਰੇ ਕੁਰੱਖਤ ਬੋਲ ਫਿਰ ਮੇਰੇ ਜ਼ਿਹਨ ਵਿੱਚ ਆਉਂਦੇ ਹਨ। ਮੇਰਾ ਗੱਚ ਭਰਨ ਲੱਗਦਾ ਹੈ। ਮੈਂ ਆਈਸੀਯੂ ਵਾਰਡ ਵਿੱਚੋਂ ਤੇਜ਼ੀ ਨਾਲ ਬਾਹਰ ਨਿਕਲ ਐਮਰਜੈਂਸੀ ਨੂੰ ਉਤਰਦੀਆਂ ਪੌੜੀਆਂ ’ਤੇ ਲੱਤਾਂ ਨਿਸਾਲ ਬੈਠ ਜਾਂਦਾ ਹਾਂ।

ਦੋ ਕੁ ਮਹੀਨੇ ਪਹਿਲਾਂ ਆਪਣੇ ਜੱਦੀ ਪਿੰਡ ਇੱਕ ਮਰਗ ’ਤੇ ਗਿਆ ਸੀ। ਉੱਥੇ ਭਾਪਾ ਜੀ ਦੇ ਹਾਣੀ ਨੇ ਉਨਾਂ ਦਾ ਹਾਲ ਪੁੱਛਿਆ। ਮੈਂ ਕਿਹਾ, ‘ਠੀਕ ਐ ਤਾਇਆ ਜੀ। ਥੋੜੀ ਗੋਡਿਆਂ ਦੀ ਸਮੱਸਿਆ ਆ ਰਹੀ ਹੈ।’ ‘ਧਿਆਨ ਰੱਖਿਉ ਬਈ ਆਪਣੇ ਭਾਪੇ ਦਾ। ਬੜੇ ਲਾਡਾਂ ਚਾਵਾਂ ਨਾਲ ਪਾਲਣ ਪੋਸ਼ਣ ਹੋਇਆ ਉਹਦਾ। ਆਂਚ ਨੀ ਆਉਣ ਦਿੰਦੇ ਸੀ ਉਹਨੂੰ ਤੇਰਾ ਬਾਬਾ ਤੇ ਪੜਦਾਦਾ ਦੋਵੇਂ ਜਣੇ। ਜਦ ਸ਼ਹਿਰ ਪੜਨ ਲੱਗੇ ਤਾਂ ਸਾਡੇ ਸਾਰਿਆਂ ਵਿੱਚੋਂ ’ਕੱਲੇ ਤੇਰੇ ਭਾਪੇ ਨੂੰ ਸਾਈਕਲ ਮਿਲਿਆ। ਛੁੱਟੀ ਤੋਂ ਬਾਅਦ ਥੋੜੀ ਦੇਰ ਹੋਣ ’ਤੇ ਹੀ ਨਦੀ ਤੱਕ ਦੇਖਣ ਆ ਜਾਂਦੇ ਉਹਨੂੰ ਉਹ ਦੋਵੇਂ। ਤੇਰੇ ਭਾਪੇ ਨੇ ਵੀ ਕਦੇ ਕੋਈ ਉਲਾਂਭਾ ਨਹੀਂ ਆਉਣ ਦਿੱਤਾ ਘਰੇ।’ ਹੋਰ ਬੈਠੇ ਬੰਦਿਆਂ ਨੇ ਵੀ ਤਾਇਆ ਜੀ ਦੀ ਗੱਲ ਦਾ ਹਾਂ ਵਿੱਚ ਹੁੰਗਾਰਾ ਦਿੱਤਾ। ਆਪਣੀ ਜ਼ਿੰਦਗੀ ਦੇ ਅਠਵੰਜਾ ਵਰੇ ਪਿੰਡ ਵਿੱਚ ਗੁਜ਼ਾਰਦਿਆਂ ਭਾਪਾ ਜੀ ਨੇ ਭਾਈਚਾਰਕ ਸਾਂਝ ਨੂੰ ਹਮੇਸ਼ਾ ਕਾਇਮ ਰੱਖਿਆ। ਸਹਿਣਸ਼ੀਲਤਾ ਉਨਾਂ ਦੇ ਸੁਭਾਅ ਦਾ ਮੁੱਖ ਗਹਿਣਾ ਰਹੀ। ਪਿੰਡ ਦੀ ਸਿਆਸਤ ਵਿੱਚ ਕਦੇ ਦਖ਼ਲਅੰਦਾਜ਼ੀ ਨਹੀਂ ਕੀਤੀ। ਸਭ ਨਾਲ ਪਿਆਰ ਤੇ ਹਲੀਮੀ ਨਾਲ ਪੇਸ਼ ਆਉਂਦੇ।

ਸਾਡੇ ਦੋ ਭਰਾਵਾਂ ਤੇ ਤਿੰਨ ਭੈਣਾਂ ਦੇ ਪਾਲਣ ਪੋਸ਼ਣ ਦੌਰਾਨ ਭਾਪਾ ਜੀ ਤੇ ਬੀਬੀ ਨੇ ਬਹੁਤ ਮਿਹਨਤ ਕੀਤੀ। ਬੀਬੀ ਦਿਨ ਵੇਲ਼ੇ ਚਰਖੇ ਦੇ ਤਕਲ਼ੇ ਤੇ ਨਲ਼ੀਆਂ ’ਤੇ ਸੂਤ ਚੜਾਉਂਦੀ ਰਹਿੰਦੀ। ਰਾਤ ਨੂੰ ਦੋਵੇਂ ਵਾਰੋ ਵਾਰੀ ਖੱਡੀ ’ਤੇ ਸਿਟਲਾਂ ਨੂੰ ਨਲ਼ੀਆਂ ਨਾਲ ਭਰ ਭਰ ਖਾਲੀ ਕਰ ਥਾਨ ਬੁਣਦੇ ਰਹਿੰਦੇ। ਇਸ ਖੱਡੀ ਦੇ ਖੜਾਕ ਵਿੱਚ ਹੀ ਸਾਨੂੰ ਭੈਣ ਭਰਾਵਾਂ ਨੂੰ ਪੜਨ ਤੇ ਸੌਣ ਦੀ ਆਦਤ ਪੈ ਗਈ ਸੀ। ਭਾਪਾ ਜੀ ਇਨਾਂ ਬੁਣੇ ਥਾਨਾਂ ਨੂੰ ਦਫ਼ਤਰੋਂ ਛੁੱਟੀ ਵਾਲੇ ਦਿਨ ਸਾਈਕਲ ’ਤੇ ਲੱਦ ਪਿੰਡਾਂ ਵਿੱਚ ਵੇਚਣ ਜਾਂਦੇ। ਵਾਪਸੀ ’ਤੇ ਇੱਕ ਖਾਕੀ ਜਿਹੇ ਲਿਫ਼ਾਫ਼ੇ ਵਿੱਚ ਖੋਏ ਦੀ ਬਰਫ਼ੀ ਲੈ ਕੇ ਆਉਂਦੇ। ਬੀਬੀ ਸਭ ਨੂੰ ਬਰਾਬਰ ਬਰਾਬਰ ਵੰਡਦੀ।

‘ਬਿੱਟੂ, ਭਾਪਾ ਜੀ ਨੂੰ ਪੀ.ਜੀ.ਆਈ. ਲੈ ਚਲਦੇ ਹਾਂ। ਇਹ ਕੋਈ ਸਿੱਧੀ ਤਾਂ ਲਾ ਨਹੀਂ ਰਹੇ।’ ਮੇਰੀ ਵੱਡੀ ਭੈਣ ਦਾ ਮੇਰੇ ਮੋਢਿਆਂ ’ਤੇ ਹੱਥ ਸੀ। ਮੇਰੀਆਂ ਅੱਖਾਂ ਖੁੱਲੀਆਂ। ਇੱਕ ਨਵੀਂ ਆਸ ਨਾਲ ਮੈਂ ਉੱਠਿਆ ਤੇ ਸਿੱਧਾ ਡਾਕਟਰ ਦੇ ਕਮਰੇ ਵਿੱਚ ਜਾ ਪਹੁੰਚਿਆ। ਡਾਕਟਰ ਦੇ ਅਸਪਸ਼ਟ ਬੋਲਾਂ ਵਿੱਚੋਂ ਲਾਲਚ ਦੀ ਬੂ ਆ ਰਹੀ ਸੀ। ਉਸ ਦੀ ਨੀਅਤ ਨੂੰ ਮੈਂ ਤਾੜ ਗਿਆ ਤੇ ਛੇਤੀ ਹੀ ਭਾਪਾ ਜੀ ਨੂੰ ਰੈਫਰ ਕਰਾ ਅਸੀਂ ਪੀ.ਜੀ.ਆਈ. ਨੂੰ ਤੁਰ ਪਏ।

ਮੇਰਾ ਭਰਾ ਤੇ ਪਤਨੀ, ਭਾਪਾ ਜੀ ਨਾਲ ਐਂਬੂਲੈਂਸ ਵਿੱਚ ਬੈਠ ਗਏ। ਮੈਂ ਤੇ ਭੈਣ ਐਂਬੂਲੈਂਸ ਦੇ ਪਿੱਛੇ ਪਿੱਛੇ ਜਾ ਰਹੇ ਸਾਂ। ‘ਭਾਪਾ ਜੀ ਦੀ ਹਾਲਤ ਖਾਸੀ ਖਰਾਬ ਹੋ ਗਈ।’ ਭੈਣ ਦੇ ਬੋਲ ਸਨ। ‘ਹਾਂ ਭੈਣ, ਇਨਫੈਕਸ਼ਨ ਕਾਫ਼ੀ ਵਧੀ ਹੋਈ ਆ। ਡਾਕਟਰ ਕਹਿੰਦੇ ਸੀ, ਕੁਝ ਵੀ ਹੋ ਸਕਦਾ।’ ਕਹਿ ਕੇ ਮੈਂ ਚੁੱਪ ਕਰ ਗਿਆ। ‘ਕੁਝ ਵੀ ਮਤਲਬ ?’ ਮੈਂ ਚੁੱਪਚਾਪ ਕਾਰ ਚਲਾਈ ਗਿਆ। ‘ਭਾਪਾ ਜੀ ਨੇ ਤਾਂ ਸਾਰੀ ਜ਼ਿੰਦਗੀ ਕਿਸੇ ਦਾ ਮਾੜਾ ਨਹੀਂ ਕੀਤਾ।’ ਭੈਣ ਨੇ ਅੱਖਾਂ ਸਾਫ਼ ਕੀਤੀਆਂ, ‘ਮੈਂ ਆਪਣੀ 45 ਸਾਲ ਦੀ ਉਮਰ ਦੌਰਾਨ ਕਦੇ ਉਨਾਂ ਨੂੰ ਕਿਸੇ ਨਾਲ ਲੜਦੇ ਨਹੀਂ ਦੇਖਿਆ। ਕਦੇ ਉਨਾਂ ਦੇ ਮੂੰਹੋਂ ਕਿਸੇ ਨੂੰ ਗਾਲ਼ ਨਹੀਂ ਸੁਣੀ।’ ਭੈਣ ਵੱਲੋਂ ਭਾਪਾ ਜੀ ਦੀ ਸ਼ਰਾਫ਼ਤ ਭਰੀ ਜ਼ਿੰਦਗੀ ਬਾਰੇ ਬੋਲਾਂ ’ਤੇ ਮੋਹਰ ਲਾਉਂਦਿਆਂ ਮੈਂ ਕਿਹਾ, ‘ਭੈਣ, ਇੱਕ ਵਾਕਿਆ ਸੁਣ ਭਾਪਾ ਜੀ ਦੇ ਸਾਫ਼ ਦਿਲ ਤੇ ਭੋਲੇਪਣ ਦਾ, ਵਿਧਾਨ ਸਭਾ ਦੀਆਂ ਪਿਛਲੀਆਂ ਚੋਣਾਂ ਵਿੱਚ ਭਾਪਾ ਜੀ ਨੇ ਅਕਾਲੀਆਂ ਨੂੰ ਵੋਟ ਪਾਈ ਤੇ ਵਾਪਸੀ ਮੌਕੇ ਉਹ ਕਾਂਗਰਸ ਵਾਲ਼ਿਆਂ ਦੀ ਕਾਰ ਵਿੱਚ ਬੈਠ ਕੇ ਘਰ ਨੂੰ ਆ ਰਹੇ ਸਨ। ਕਾਂਗਰਸੀ ਕਹਿੰਦੇ, ਬਾਬਾ ਜੀ ਪਾ ਦਿੱਤੀ ਫੇਰ ਵੋਟ ? ਭਾਪਾ ਜੀ ਕਹਿੰਦੇ, ਹਾਂ ਭਾਈ, ਮੈਂ ਤਾਂ ਅਕਾਲੀਆਂ ਨੂੰ ਵੋਟ ਪਾਈ ਆ। ਭਤੀਜਾ ਪਾਰਸ ਕਹਿੰਦਾ ਕਾਂਗਰਸੀ ਵਿਚਾਰੇ ਚੁੱਪ ਕਰ ਗਏ।’ ‘ਅੱਛਾ!’ ਭੈਣ ਬਣਾਉਟੀ ਹਾਸਾ ਹੱਸਦਿਆਂ ਬੋਲੀ। ‘ਭਾਪਾ ਜੀ ਵਰਗੇ ਸਿੱਧੇ ਸਾਦੇ, ਉੱਚੇ ਸੁੱਚੇ ਕਿਰਦਾਰ ਵਾਲੇ ਬੰਦੇ ਕਿੱਥੇ ਲੱਭਣੇ ?’ ਭੈਣ ਨਾਲ ਹੀ ਬੋਲੀ। ‘ਹਾਂ ਭੈਣ, ਸਾਰੀ ਜ਼ਿੰਦਗੀ ਇਨਾਂ ਨੇ ਕਿਸੇ ਪ੍ਰਤੀ ਦਿਲ ਵਿੱਚ ਖੋਟ ਨਹੀਂ ਰੱਖੀ। ਹਮੇਸ਼ਾਂ ਸਭ ਦਾ ਭਲਾ ਚਾਹਿਆ। ਜੋ ਦਿਲ ਵਿੱਚ ਆਉਂਦਾ ਮੂੰਹ ’ਤੇ ਬੋਲ ਦਿੰਦੇ। ਸੇਵਾਮੁਕਤ ਹੋਣ ਮਗਰੋਂ ਭਾਪਾ ਜੀ ਜ਼ਿਆਦਾਤਰ ਗੁਰਦੁਆਰੇ ਵਿੱਚ ਹੀ ਰਹਿੰਦੇ। ਅਕਸਰ ਬਰਤਨਾਂ ਦੀ ਸੇਵਾ ਕਰਦੇ। ਕਦੇ ਪੰਗਤ ਨੂੰ ਲੰਗਰ ਛਕਾਉਂਦੇ। ਘਰ ਵੀ ਉਹ ਸੁਖਮਨੀ ਸਾਹਿਬ ਦਾ ਪਾਠ ਕਰਦੇ ਰਹਿੰਦੇ। ਪੈਨਸ਼ਨ ਮਿਲਣ ’ਤੇ ਦਸਵੰਧ ਦੇਣਾ ਕਦੇ ਨਾ ਭੁੱਲਦੇ। ਹੁਣ ਤਾਂ ਪਹਿਰਾਵਾ ਵੀ ਬਿਲਕੁਲ ਸਾਦਾ ਹੋ ਗਿਆ ਭਾਪਾ ਜੀ ਦਾ।’ ਮੈਂ ਭੈਣ ਨੂੰ ਦੱਸ ਰਿਹਾ ਸੀ ਕਿਉਂਕਿ ਦੂਰ ਰਹਿਣ ਕਾਰਨ ਭੈਣ ਦਾ ਚੱਕਰ ਦੇਰ ਬਾਅਦ ਹੀ ਲੱਗਦਾ ਸੀ।

‘ਭਾਪਾ ਜੀ ਕੋਠੇ ਤੋਂ ਡਿੱਗ ਕਿਵੇਂ ਗਏ ? ਚੱਕਰ ਆਇਆ ਜਾਂ ਪੈਰ ਤਿਲਕਿਆ ?’ ਥੋੜੀ ਦੇਰ ਬਾਅਦ ਭੈਣ ਬੋਲੀ। ‘ਪਤਾ ਨਹੀਂ ਭੈਣ, ਚੱਕਰ ਆਇਆ ਜਾਂ ਉਨਾਂ ਦੇ ਪੈਰਾਂ ਦਾ ਸੰਤੁਲਨ ਨਹੀਂ ਬਣਿਆ। ਪੌੜੀਆਂ ਦੀ ਰੇਲਿੰਗ ਦੇ ਉਪਰੋਂ ਟੱਪ ਕੇ ਸਿੱਧਾ ਹੀ ਫਰਸ਼ ’ਤੇ ਜਾ ਡਿੱਗੇ। ਰੀੜ ਦੀ ਹੱਡੀ ਵੀ ਬਲੈਡਰ ਦੇ ਬਿਲਕੁਲ ਕੋਲੋਂ ਟੁੱਟੀ ਜਿਸ ਕਾਰਨ ਪਿਸ਼ਾਬ ਰੁਕ ਗਿਆ ਤੇ ਇਨਫੈਕਸ਼ਨ ਬਣਨ ਲੱਗੀ।’ ਮੈਂ ਦੱਸਿਆ। ‘ਪਹਿਲਾਂ ਮੈਂ ਵੀ ਭਾਪਾ ਜੀ ਨੂੰ ਕਿਹਾ ਸੀ ਕਿ ਤੁਸੀਂ ਹੁਣ ਪੌੜੀਆਂ ਨਾ ਚੜਿਆ ਕਰੋ। ਰੋਟੀ ਹੇਠਾਂ ਹੀ ਮੰਗਵਾ ਲਿਆ ਕਰੋ।’ ਭੈਣ ਨੇ ਫਿਰ ਅੱਖਾਂ ਸਾਫ਼ ਕੀਤੀਆਂ। ‘ਅਸਲ ਵਿੱਚ ਭਾਪਾ ਜੀ ਕਿਸੇ ਨੂੰ ਥੋੜੀ ਜਿਹੀ ਤਕਲੀਫ਼ ਵੀ ਨਹੀਂ ਦੇਣਾ ਚਾਹੁੰਦੇ ਸਨ। ਉਹ ਉਪਰ ਸਾਡੇ ਕੋਲ ਦਿਨ ਵਿੱਚ ਕਈ ਕਈ ਚੱਕਰ ਲਾ ਜਾਂਦੇ। ਕਹਿੰਦੇ ਲੱਤਾਂ ਚਲਦੀਆਂ ਰਹਿਣੀਆਂ ਚਾਹੀਦੀਆਂ ਹਨ। ਰੁਕ ਗਈਆਂ ਤਾਂ ਤੁਹਾਡੇ ਵੱਸ ਹੋਜੂ।’ ਭਾਪਾ ਜੀ ਦੇ ਦਿਲ ਦੀ ਬੋਲੀ ਮੈਂ ਭੈਣ ਨੂੰ ਦੱਸੀ।

ਪੀ.ਜੀ.ਆਈ. ਐਮਰਜੈਂਸੀ ਦੇ ਨੱਕੋ-ਨੱਕ ਭਰੇ ਬਲਾਕ ਦੇ ਹਾਲ ਵਿੱਚ ਭਾਪਾ ਜੀ ਇੱਕ ਨੁਕਰੇ ਲੱਗੇ ਪਏ ਹਨ। ਹਾਅ ਕਲ਼ਾਪ ਤੇ ਰੋਣ ਧੋਣ ਦੇ ਮਾਹੌਲ ਵਿੱਚ ਪਤਾ ਹੀ ਨਹੀਂ ਲੱਗਦਾ ਕਿ ਕੌਣ ਆ ਰਿਹਾ ਤੇ ਕੌਣ ਜਾ ਰਿਹਾ ਹੈ। ਸਭ ਦੁਖੀ ਤੇ ਮੁਰਝਾਏ ਚਿਹਰਿਆਂ ਨਾਲ ਇੱਧਰ ਉੱਧਰ ਭਟਕ ਰਹੇ ਹਨ। ਭੈਣ ਭਾਪਾ ਜੀ ਦੇ ਕੋਲ ਖੜੀ ਹੈ। ਮੈਂ, ਭਰਾ ਤੇ ਮੇਰੀ ਪਤਨੀ ਭਾਪਾ ਜੀ ਦੇ ਖ਼ੂਨ ਤੇ ਪਿਸ਼ਾਬ ਦੇ ਸੈਂਪਲਾਂ ਨੂੰ ਅਲੱਗ ਅਲੱਗ ਲੈਬਾਰਟਰੀਆਂ ਵਿੱਚ ਭੱਜ ਭੱਜ ਕੇ ਪਹੁੰਚਾ ਰਹੇ ਹਾਂ। ਦਵਾਈਆਂ ਢੋਅ ਰਹੇ ਹਾਂ। ਹਰ ਪਾਸੇ ਭੀੜ ਹੀ ਭੀੜ। ਜਿਵੇਂ ਸਾਰੀ ਦੁਨੀਆਂ ਇੱਥੇ ਹੀ ਇਕੱਠੀ ਹੋ ਗਈ ਹੋਵੇ।

‘ਬਿੱਟੂ, ਭਾਪਾ ਜੀ ਬੱਚਿਆਂ ਨਾਲ ਗੱਲ ਕਰਨ ਨੂੰ ਕਹਿ ਰਹੇ ਹਨ।’ ਭੈਣ ਨੇ ਕਿਹਾ। ਮੈਂ ਤੁਰੰਤ ਵੀਡਿਓ ਕਾਲ ਰਾਹੀਂ ਘਰ ਬੈਠੇ ਚਾਰੋ ਬੱਚਿਆਂ ਨਾਲ ਉਨਾਂ ਦੀ ਮੁਲਾਕਾਤ ਕਰਾਈ। ਉਹੀ ਪਹਿਲਾਂ ਵਾਲੀ ਮੁਸਕਰਾਹਟ ਭਾਪਾ ਜੀ ਦੇ ਚਿਹਰੇ ’ਤੇ ਆਈ ਜੋ ਅਕਸਰ ਬੱਚਿਆਂ ਵਿੱਚ ਬੈਠ ਕੇ ਉਨਾਂ ਦੇ ਚਿਹਰੇ ’ਤੇ ਰਹਿੰਦੀ ਸੀ। ‘ਭੈਣ, ਪਿਛਲੇ ਨਵੇਂ ਸਾਲ ਨੂੰ ਬੱਚੇ ਕਹਿੰਦੇ ਭਾਪਾ ਜੀ ਪੰਜ ਸੌ ਰੁਪਏ ਦਿਓ। ਅਸੀਂ ਨਵੇਂ ਸਾਲ ਦੀ ਪਾਰਟੀ ਕਰਨੀ ਐ। ਭਾਪਾ ਜੀ ਕਹਿੰਦੇ ਪੰਜ ਸੌ ਨਹੀਂ ਤੁਸੀਂ ਦੋ ਹਜ਼ਾਰ ਲੈ ਲਿਓ, ਪਰ ਪਾਰਟੀ ਵਿੱਚ ਦੋਵੇਂ ਪਰਿਵਾਰਾਂ ਦੇ ਸਾਰੇ ਮੈਂਬਰਾਂ ਨੂੰ ਇਕੱਠੇ ਕਰੋ। ਅਸੀਂ ਭਾਪਾ ਜੀ ਦਾ ਸਾਰਾ ਪਰਿਵਾਰ ਇਕੱਠਾ ਹੋਇਆ। ਉਸ ਦਿਨ ਭਾਪਾ ਜੀ ਬਹੁਤ ਖ਼ੁਸ਼ ਸਨ। ਅਸਲ ਵਿੱਚ ਉਨਾਂ ਦੀ ਇਹ ਦਿਲੀ ਇੱਛਾ ਸੀ ਕਿ ਸਾਡੇ ਦੋਵਾਂ ਭਰਾਵਾਂ ਦੇ ਪਰਿਵਾਰਾਂ ਵਿੱਚ ਆਪਸੀ ਪਿਆਰ ਬਣਿਆ ਰਿਹਾ।’ ਮੈਂ ਭੈਣ ਨੂੰ ਹੌਲੀ ਆਵਾਜ਼ ਵਿੱਚ ਕਿਹਾ। ਫੇਰ ਉਨਾਂ ਨੇ ਗੁਰਦੁਆਰਾ ਸਾਹਿਬ ਦੇ ਕਥਾਵਾਚਕ ਨਾਲ ਗੱਲ ਕਰਨੀ ਚਾਹੀ ਜਿਨਾਂ ਨਾਲ ਉਹ ਗੁਰਮਤਿ ਵਿਚਾਰਾਂ ਕਰਿਆ ਕਰਦੇ ਸਨ। ਸਾਖੀਆਂ ਸੁਣ ਕੇ ਘਰ ਆ ਕੇ ਸਾਨੂੰ ਸੁਣਾਇਆ ਕਰਦੇ ਸਨ। ਕਥਾਵਾਚਕ ਦੀ ਫੋਨ ’ਤੇ ਤਸਵੀਰ ਦੇਖਦੇ ਹੀ ਭਾਪਾ ਜੀ ਨੇ ਹੱਥ ਜੋੜ ਲਏ ਤੇ ਕੰਬਦਿਆਂ ਬੋਲਾਂ ਨਾਲ ‘ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ’ ਉਚਾਰਿਆ ਤੇ ਤਸੱਲੀ ਨਾਲ ਅੱਖਾਂ ਬੰਦ ਕਰ ਲਈਆਂ। ਉਨਾਂ ਦਾ ਸਕੂਨ ਭਰਿਆ ਚਿਹਰਾ ਦੇਖ ਸਾਨੂੰ ਵੀ ਤਸੱਲੀ ਹੋਈ। ਭੈਣ ਕਹਿੰਦੇ ਕੋਈ ਵਿਚਾਰ ਤਾਂ ਕਰ ਲੈਂਦੇ ਭਾਪਾ ਜੀ ਆਪਣੇ ਕਥਾਵਾਚਕ ਦੋਸਤ ਨਾਲ। ਉਹ ਕੁਝ ਨਾ ਬੋਲੇ। ਫੇਰ ਕੰਬਦੇ ਹੱਥਾਂ ਨਾਲ ਆਕਸੀਜਨ ਮਾਸਕ ਉਤਾਰਦਿਆਂ ਉਨਾਂ ਸਾਨੂੰ ਕਾਫ਼ੀ ਕੁਝ ਕਿਹਾ, ਪਰ ਉਨਾਂ ਦਾ ਕੋਈ ਵੀ ਬੋਲ ਸਾਡੇ ਸਮਝ ਨਹੀਂ ਆਇਆ। ਨਿਸ਼ਚੇ ਹੀ ਇਨਫੈਕਸ਼ਨ ਨੇ ਉਨਾਂ ਦੀ ਆਵਾਜ਼ ’ਤੇ ਹਮਲਾ ਬੋਲਿਆ। ‘ਇਨਾਂ ਦਾ ਸਾਹ ਰੁਕ ਗਿਆ।’ ਆਕਸੀਜਨ ਪੰਪ ਕਰਦੀ ਮੇਰੀ ਪਤਨੀ ਚੀਕੀ। ਅਸੀਂ ਦੋਵੇਂ ਭਰਾ ਡਾਕਟਰ ਵੱਲ ਦੌੜੇ। ਡਾਕਟਰ ਦੇ ਬੋਲਾਂ ਨੇ ਸਾਨੂੰ ਸੁੰਨ ਕਰ ਦਿੱਤਾ। ਮੈਂ ਕੋਲ਼ ਪਏ ਸਟੂਲ ’ਤੇ ਬੈਠ ਗਿਆ। ਮੇਰੀ ਦੁਬਾਰਾ ਭਾਪਾ ਜੀ ਕੋਲ ਜਾਣ ਦੀ ਹਿੰਮਤ ਨਹੀਂ ਹੋ ਰਹੀ ਸੀ। ਇਨਫੈਕਸ਼ਨ ਭਾਪਾ ਜੀ ਦੇ ਸਾਰੇ ਸਰੀਰ ਨੂੰ ਆਪਣੀ ਗ੍ਰਿਫ਼ਤ ਵਿੱਚ ਲੈ ਚੁੱਕੀ ਸੀ। ਗੁਰਦੇ ਫੇਫੜਿਆਂ ਨੂੰ ਪੂਰੀ ਤਰਾਂ ਮਾਤ ਦੇ ਉਹ ਆਪਣੀ ਪੂਰੀ ਤਾਕਤ ਨਾਲ ਭਾਪਾ ਜੀ ਦੀ ਸੰਘੀ ਤੱਕ ਪਹੁੰਚ ਚੁੱਕੀ ਸੀ। ਭਾਣਾ ਕਿਸੇ ਵੀ ਸਮੇਂ ਵਾਪਰ ਸਕਦਾ ਸੀ।

ਅਸੀਂ ਚਾਰੇ ਪਰਿਵਾਰਕ ਮੈਂਬਰ ਉਨਾਂ ਦੇ ਬੈੱਡ ਦੇ ਆਲੇ-ਦੁਆਲੇ ਹੱਥ ਜੋੜੀ ਖੜੇ ਹਾਂ। ਇੱਕ ਦਰਵੇਸ਼ ਇਨਸਾਨ, ਸਾਡੇ ਸਿਰ ਦਾ ਤਾਜ, ਘਰ ਦੀ ਸ਼ਾਨ, ਘਰ ਦੀ ਰੌਣਕ, ਰੱਬੀ ਰੂਹ ਸਾਡੇ ਘਰ ਵਿੱਚੋਂ ਸਦਾ ਲਈ ਉਡਾਰੀ ਮਾਰ ਗਿਆ। ਅੱਖਾਂ ਵਿੱਚੋਂ ਨੀਰ ਵਹਾਉਣ ਤੇ ਇੱਕ ਦੂਜੇ ਨੂੰ ਦਿਲਾਸਾ ਦੇਣੋਂ ਬਿਨਾਂ ਸਾਡੇ ਕੋਲ ਕੁਝ ਨਹੀਂ ਹੈ। ਭਰਾ ਭਾਪਾ ਜੀ ਦੇ ਮੂੰਹ ਨੂੰ ਕੰਬਲ ਨਾਲ ਢਕ ਦੇਂਦਾ ਹੈ। ਮੈਂ ਸਿੱਲੀਆਂ ਅੱਖਾਂ ਤੇ ਕੰਬਦੇ ਬੋਲਾਂ ਨਾਲ ਭੈਣ ਤੇ ਆਪਣੀ ਪਤਨੀ ਨੂੰ ਹੌਂਸਲਾ ਰੱਖਣ ਦੀ ਨਸੀਹਤ ਦਿੰਦਾ ਹਾਂ। ਅਸੀਂ ਸਾਰੇ ਰਲ ਕੇ ਭਾਪਾ ਜੀ ਨੂੰ ਬਾਹਰ ਤੇ ਫਿਰ ਘਰ ਲਿਆਉਂਦੇ ਹਾਂ।

ਭਾਪਾ ਜੀ ਨੂੰ ਚੰਗੀ ਤਰਾਂ ਨਹਾ, ਚਿੱਟੇ ਕੱਪੜੇ ਪਵਾ, ਸਿਰ ’ਤੇ ਦਸਤਾਰ ਸਜਾ, ਕਕਾਰਾਂ ਸਮੇਤ ਗਲ਼ ਵਿੱਚ ਪੀਲ਼ੇ ਰੰਗ ਦਾ ਸਿਰਪਾਓ ਪਾ ਅਸੀਂ ਉਨਾਂ ਨੂੰ ਘਰੋਂ ਸਦਾ ਲਈ ਵਿਦਾ ਕਰਨ ਲਈ ਲੈ ਤੁਰਦੇ ਹਾਂ। ਮੈਂ ਤੇ ਭਰਾ ਅਰਥੀ ਦੇ ਅਲੱਗ ਅਲੱਗ ਪਾਸੇ ਸਭ ਤੋਂ ਅੱਗੇ ਲੱਗੇ ਹੋਏ ਹਾਂ। ਨੰਗੇ ਪੈਰੀਂ ਤੁਰ ਰਹੇ ਮੇਰੇ ਖੱਬੇ ਮੋਢੇ ਨੂੰ ਜ਼ਿਆਦਾ ਵਜ਼ਨ ਮਹਿਸੂਸ ਹੋ ਰਿਹਾ ਹੈ। ਨਿਸ਼ਚੇ ਹੀ ਦੂਜੇ ਪਾਸੇ ਭਰਾ ਨੂੰ ਵੀ ਬਰਾਬਰ ਵਜ਼ਨ ਮਹਿਸੂਸ ਹੋ ਰਿਹਾ ਹੋਵੇ। ਮੈਂ ਪਿੱਛੇ ਦੇਖਿਆ। ਮੇਰਾ ਭਤੀਜਾ ਤੇ ਭਾਣਜਾ ਅਰਥੀ ਨੂੰ ਲੱਗੇ ਹੋਏ ਹਨ। ਕੱਦ ਵਿੱਚ ਦੋਵੇਂ ਮੇਰੇ ਤੋਂ ਛੋਟੇ ਹੋਣ ਕਾਰਨ ਉਨਾਂ ਨੇ ਅਰਥੀ ਨੂੰ ਸਿਰਫ਼ ਹੱਥ ਹੀ ਲਾਇਆ ਹੋਇਆ ਹੈ। ਮੈਨੂੰ ਮਹਿਸੂਸ ਹੋਇਆ ਕਿ ਭਾਪਾ ਜੀ ਜਾਂਦੇ ਜਾਂਦੇ ਆਪਣੀ ਅਮੀਰ ਵਿਰਾਸਤ ਦਾ ਭਾਰ ਮੇਰੇ ਮੋਢਿਆਂ ’ਤੇ ਛੱਡ ਕੇ ਜਾ ਰਹੇ ਹਨ। ਜਿਵੇਂ ਕਹਿ ਰਹੇ ਹੋਣ ਕਿ ‘ਮੈਂ ਆਪਣੇ ਬਜ਼ੁਰਗਾਂ ਦੇ ਸੰਸਕਾਰਾਂ ਨੂੰ ਸਾਰੀ ਜ਼ਿੰਦਗੀ ਸੰਭਾਲ ਕੇ ਰੱਖਿਆ। ਉਨਾਂ ਦੇ ਜੀਵਨ ਵਰਗਾ ਉੱਚਾ ਸੁੱਚਾ ਜੀਵਨ ਜਿਉਣ ਲਈ ਪੂਰੀ ਵਾਹ ਲਾ ਦਿੱਤੀ। ਹੁਣ ਤੁਸੀਂ ਇਨਾਂ ਸੰਸਕਾਰਾਂ ਨੂੰ ਸੰਭਾਲਣਾ ਵੀ ਹੈ ਤੇ ਅੱਗੇ ਵੀ ਤੋਰਨਾ ਹੈ।’ ਮੈਂ ਸੋਚ ਰਿਹਾ ਸੀ ਕਿ ਹਮੇਸ਼ਾ ਸੱਚ ਬੋਲਣ, ਸਾਰੀ ਜ਼ਿੰਦਗੀ ਕਿਸੇ ਨੂੰ ਮਾੜਾ ਨਾ ਬੋਲਣ, ਸਦਾ ਸੰਗਤ ਤੇ ਪੰਗਤ ਦੀ ਸੇਵਾ ਕਰਨ, ਸਾਦਾ ਖਾਣ ਪੀਣ ਤੇ ਰਹਿਣ ਸਹਿਣ ਰੱਖਣ, ਗੁਰਮਤਿ ਦੀਆਂ ਵਿਚਾਰਾਂ ਕਰਨ, ਸਹਿਣਸ਼ੀਲਤਾ ਦਾ ਖ਼ਜ਼ਾਨਾ ਰੱਖਣ ਵਾਲੇ ਹਮੇਸ਼ਾਂ ਸਭ ਦਾ ਭਲਾ ਚਾਹੁਣ ਵਾਲੇ ਦਿਲੋਂ ਅਮੀਰ ਪੁਰਖ ਦੀ ਮਹਾਨ ਵਿਰਾਸਤ ਨੂੰ ਜਿਊਂਦਾ ਰੱਖਣਾ ਕੋਈ ਖਾਲਾ ਜੀ ਦਾ ਵਾੜਾ ਥੋੜਾ ਹੈ। ਪਰ ਮੇਰਾ ਦਿਲ ਭਾਪਾ ਜੀ ਨਾਲ ਵਾਅਦਾ ਕਰ ਰਿਹਾ ਹੈ ਕਿ ਭਾਪਾ ਜੀ ਤੁਹਾਡੀ ਮਹਾਨ ਸ਼ਖ਼ਸੀਅਤ ਕਦਮ ਕਦਮ ’ਤੇ ਮੇਰੀ ਹੀ ਨਹੀਂ ਸਗੋਂ ਸਾਰੇ ਪਰਿਵਾਰ ਦੀ ਅਗਵਾਈ ਕਰੇਗੀ। ਤੁਹਾਡੀ ਮਹਾਨ ਵਿਰਾਸਤ ਕਾਇਮ ਵੀ ਰਹੇਗੀ ਤੇ ਅੱਗੇ ਵੀ ਤੁਰੇਗੀ।

# ਪੀੜਾਂ ਹੀ ਪੀੜਾਂ ਨੇ ਬਸ !

## ਬਿਲਾ ਦੌਲਤਪੁਰਿਆ

ਵਿਹੜੇ ’ਚ ਲੱਗੀ ਨਿੰਮ ਨੂੰ ਮੈਂ ਅਕਸਰ ਜੱਫੀ ਪਾ ਲਿਆ ਕਰਦੀ ਸੀ, ਮੇਰੀ ਨਾਨੀ ਕਹਿੰਦੀ ਹੁੰਦੀ ਸੀ ‘ਇਹਦੀ ਛਾਂ ’ਚ ਬੈਠ ਤੇਰੀ ਮਾਂ ਰੋਟੀਆਂ ਪਕਾਇਆ ਕਰਦੀ ਸੀ ।

ਉਹ ਨਿੰਮ ਸ਼ਾਇਦ ਮੇਰੀ ਮਾਂ ਵਰਗੀ ਹੀ ਸੀ ਮੈਨੂੰ, ਦਸਾਂ ਕੁ ਵਰਿਆਂ ਦੀ ਸੀ ਮੈਂ ਜਦੋਂ ਮੇਰੀ ਮਾਂ ਮੁੱਕ ਗਈ ਸੀ, ਮੈਨੂੰ ਉਹਦੇ ਨਕਸ਼ ਵੀ ਚੰਗੀ ਤਰਾਂ ਯਾਦ ਨਹੀਂ ਹੁਣ ਤਾਂ ।

ਕੁੱਝ ਫੋਟੋਆਂ ਜ਼ਰੂਰ ਨੇ ਮਾਂ ਦੀਆਂ ਜਿਹੜੀਆਂ ਕਦੀ-ਕਦੀ ਮੇਰਾ ਬਾਪੂ ਸੰਦੂਕ ’ਚੋਂ ਕੱਢਕੇ ਵੇਖਦਾ ਰਹਿੰਦਾ ਸੀ, ਉਹ ਫੋਟੋਆਂ ਮੈਂ ਵੀ ਕਦੀ-ਕਦੀ ਵੇਖ ਲੈਂਦੀ ਸੀ। ਮੇਰੀਆਂ ਦੋਵੇਂ ਵੱਡੀਆਂ ਭੈਣਾਂ ਦੂਰ-ਦੂਰ ਵਿਆਹੀਆਂ ਹੋਈਆਂ ਸੀ। ਉਹ ਜਦ ਵੀ ਆਉਂਦੀਆਂ ਮੈਨੂੰ ਬੜਾ ਚਾਅ ਚੜ ਜਾਣਾ।

ਉਨਾਂ ਦੇ ਨਿਆਣਿਆਂ ਵਾਂਗ ਹੀ ਮੈਂ ਉਨਾਂ ਦੀ ਗੋਦੀ ’ਚ ਬੈਠੇ ਰਹਿਣਾ। ਜਾਣ ਲੱਗੀਆਂ ਭੈਣਾਂ ਕਈ ਹਦਾਇਤਾਂ ਦੇ ਕੇ ਜਾਂਦੀਆਂ ਮੈਨੂੰ, ‘ਪੁੱਤ ਬਾਪੂ ਦਾ ਖਿਆਲ ਰੱਖਿਆ ਕਰ, ਖੇਡਣ ਗਈ ਜਲਦੀ ਮੁੜ ਆਇਆ ਕਰ ਤੇ ਘੁੱਟਕੇ ਗਲ ਨਾਲ ਲਾ ਕੇ ਅੱਖਾਂ ’ਚ ਹੰਝੂ ਲੈ ਆਉਂਦੀਆਂ ਹਮੇਸ਼ਾ ਜਾਣ ਲੱਗੀਆਂ। ਚੁੱਲਾ ਚੌਂਕਾ ਕਰਨਾ ਸਭ ਬਾਪੂ ਤੋਂ ਹੀ ਸਿੱਖਿਆ ਮੈਂ । ਜਿਵੇਂ ਹੀ ਥੋੜੀ ਵੱਡੀ ਹੋਈ ਤਾਂ ਬਾਪੂ ਦੇ ਖੇਤੋਂ ਆਉਣ ਤੋਂ ਪਹਿਲਾਂ ਮੈਂ ਸਾਰਾ ਕੰਮ ਕਰਕੇ ਪੜਨ ਬੈਠੀ ਹੋਣਾ। ਦਿਨ ’ਚ ਕੋਈ ਦਸ ਵਾਰ ਮੈਨੂੰ ਬਾਪੂ ਰਾਣੀ ਧੀ -ਰਾਣੀ ਧੀ ਕਹਿੰਦਾ, ਇਹ ਪਤਾ ਨਹੀਂ ਉਹਦਾ ਮੋਹ ਸੀ ਜਾਂ ਫਿਰ ਮੇਰੀ ਮਾਂ ਦੀ ਮੁਹੱਬਤ ਵੀ ਉਹ ਆਪਣੇ ’ਚੋਂ ਹੀ ਦੇਣਾ ਚਾਹੁੰਦਾ ਸੀ ਮੈਨੂੰ।

ਬੜਾ ਕੁੱਝ ਜੋ ਧੀਆਂ ਨੂੰ ਮਾਵਾਂ ਦੱਸਦੀਆਂ ਮੈਨੂੰ ਗੁਆਂਢਣ ਤਾਈ ਨਸੀਬ ਕੁਰ ਦੱਸਿਆ ਕਰਦੀ ਸੀ । ਇੱਕ ਦਿਨ ਢਲੀਆਂ ਤਰਕਾਲਾਂ ਤੱਕ ਮੈਂ ਉਡੀਕਦੀ ਰਹੀ ਖੇਤੋਂ ਬਾਪੂ ਨਾਂ ਆਇਆ, ਉਦੋਂ ਕਿਹੜਾ ਫੋਨ ਹੁੰਦੇ ਸੀ, ਜਦੋਂ ਹਨੇਰਾ ਜਿਹਾ ਹੋਣ ਲੱਗਾ ਤਾਂ ਮੈਂ ਖੇਤ ਵੱਲ ਨੂੰ ਤੁਰ ਪਈ, ਖੇਤ ਜਾ ਕੇ ਵੇਖਿਆ ਬਾਪੂ ਉੱਥੇ ਵੀ ਨਹੀਂ ਸੀ। ਮੈਂ ਭੁੱਬਾਂ ਮਾਰ-ਮਾਰ ਰੋਣ ਲੱਗ ਪਈ, ਹਾਲੇ ਅੱਧ ’ਚ ਆਈ ਸੀ, ਬਾਪੂ ਮੈਨੂੰ ਲੱਭਦਾ ਗੁਆਂਢੀਆਂ ਦੇ ਨਿਆਣਿਆਂ ਨੂੰ ਪੁੱਛ ਖੇਤ ਵੱਲ ਨੂੰ ਹੀ ਹੋ ਤੁਰਿਆ ਸੀ । ਮੈਂ ਵੇਖਕੇ ਘੁੱਟ ਕੇ ਜੱਫੀ ਪਾ ਲਈ, ਮੇਰੇ ਹਾਉਕਿਆਂ ਨਾਲ ਬਾਪੂ ਦੀਆਂ ਅੱਖਾਂ ਦੇ ਕੋਏ ਵੀ ਸਿੱਲੇ ਹੋ ਗਏ । ਮੈਂ ਕਿਹਾ, ਕਿੱਥੇ ਚਲੇ ਗਏ ਸੀ ਬਾਪੂ ਜੀ ? ਮੈਂ ਉਡੀਕਦੀ ਰਹੀ, ਜੇ ਤੁਸੀਂ ਗੁਆਚ ਜਾਂਦੇ ਤਾਂ ਮੈਂ ਕਿੱਥੇ ਲੱਭਦੀ ? ਬਾਪੂ ਦੀ ਭੁੱਬ ਨਿੱਕਲ ਗਈ, ‘ਕਹਿੰਦਾ ਬੀਬੀ ਧੀ ਏ ਤੂੰ, ਇੰਨਾ ਨਾ ਡਰਿਆ ਕਰ, ਨੰਬਰਦਾਰ ਨਾਲ ਦੇ ਪਿੰਡ ਮੱਝ ਵੇਖਣ ਗਿਆ ਸੀ, ਸਿੱਧਾ ਖੇਤੋਂ ਹੀ ਚਲਾ ਗਿਆ ਸੀ ਪੁੱਤਰ। ਉਸ ਰਾਤ ਮੈਂ ਆਪਣੀ ਮਾਂ ਨੂੰ ਬੜਾ ਯਾਦ ਕੀਤਾ । ਕਿੰਨੇ ਘੰਟੇ ਮੈਂ ਤੇ ਬਾਪੂ ਉਸ ਨਿੰਮ ਥੱਲੇ ਬੈਠਕੇ ਰੋਂਦੇ ਰਹੇ।

ਜਦੋਂ ਪੱਚੀਆਂ ਕੁ ਵਰਿਆਂ ਦੀ ਹੋਈ ਤਾਂ ਚੰਡੀਗੜ ਸ਼ਹਿਰ ਦੇ ਲਾਗਿਓਂ ਰਿਸ਼ਤਾ ਆਇਆ ਮੇਰੇ ਲਈ, ਮੈਂ ਵੇਖਦੀ ਰਹੀ ਕਿ ਬਾਪੂ ਦਾ ਚਿਹਰਾ ਉਦਾਸ ਹੁੰਦਾ ਜਾ ਰਿਹਾ ਸੀ । ਜਿਸ ਦਿਨ ਉਸ ਘਰ ’ਚੋਂ ਮੇਰੀ ਡੋਲੀ ਤੁਰੀ ਬਾਪੂ ਰਤਾ ਵੀ ਨੀਂ ਰੋਇਆ, ਪਤਾ ਨਹੀਂ ਕਿਉਂ ? ਸ਼ਾਇਦ ਕੁੱਝ ਲੁਕੋ ਕੇ ਬੈਠਾ ਸੀ ਅੰਦਰ। ਭੈਣਾਂ ਵੀ ਕੁੱਝ ਕੁ ਦਿਨ ਰਹਿਕੇ ਆਪਣੇ-ਆਪਣੇ ਘਰ ਮੁੜ ਪਰਤ ਗਈਆਂ। ਬੜਾ ਕੁੱਝ ਸੀ ਉਸ ਜ਼ਿੰਦਗੀ ’ਚ, ਜੇ ਮਾਂ ਹੁੰਦੀ ਤਾਂ ਉਹਨੂੰ ਦੱਸਦੀ, ਪਰ ਬਾਪੂ ਨੂੰ ਦੱਸਕੇ ਇਕੱਲੀ ਰੂਹ ਨੂੰ ਦੁੱਖ ਨਹੀਂ ਸੀ ਦੇਣਾ ਚਾਹੁੰਦੀ ਮੈਂ। ਫਿਰ ਫੋਨ ਕਰਨਾ ਤਾਂ ਬਾਪੂ ਕਹਿਣਾ ਰੋਟੀ ਬਣਾਉਣ ਲੱਗਿਆਂ ਪੁੱਤ, ਅੱਜ ਫਲਾਣੇ ਥਾਂ ਗਿਆ ਸੀ, ਅੱਜ ਤੇਰੀ ਫਲਾਣੀਂ ਸਹੇਲੀ ਮਿਲ ਗਈ । ਮੇਰੇ ਅੰਦਰ ਕੁੱਝ ਧੁਖਦਾ ਰਹਿਣਾ। ਤਾਈ ਨਸੀਬ ਕੁਰ ਨਾਲ ਗੱਲ ਕਰਨੀ ਤਾਂ ਉਹਨੇ ਕਹਿਣਾ ‘ਪੁੱਤ ਹੁਣ ਤੇਰਾ ਬਾਪੂ ਬਹੁਤੇ ਵੇਲੇ ਖੇਤ ਹੀ ਰਹਿੰਦਾ, ਘਰ ਤਾਂ ਮੂੰਹ ਹਨੇਰੇ ਵੜਦਾ ਆਣ ਕੇ।

ਮੈਨੂੰ ਇਹ ਗੱਲਾਂ ਸੁਣ-ਸੁਣ ਪੀੜ ਜਿਹੀ ਹੁੰਦੀ ਰਹਿਣੀ । ਸੋਚਦੀ ਰਹਿਣਾ ਕੱਲਾ ਬਾਪੂ ਕਿੰਝ ਰਹਿੰਦਾ ਹੋਣਾ। ਕਦੀ ਕਦੀ ਆਣਕੇ ਮਿਲ ਜਾਣਾ ਉਹਨੇ ਤੇ ਕਦੀ-ਕਦੀ ਮੈਂ ਜਾ ਆਉਣਾ ਤੇ ਚਾਰ ਦਿਨ ਰਹਿਕੇ ਘਰ ਦਾ ਸਭ ਕੁੱਝ ਸੰਵਾਰ ਆਉਣਾ ।ਇੰਝ ਹੀ ਕਈ ਵਰੇ ਬੀਤ ਗਏ । ਕਿੰਨੀ ਵਾਰ ਕਿਹਾ ਮੈਂ ਵੀ ਤੇ ਭੈਣਾਂ ਵੀ, ਆਪਣੇ ਕੋਲ ਆਣਕੇ ਰਹਿਣ ਲਈ ਪਰ ਉਹ ਨਹੀਂ ਮੰਨਿਆ, ਫਿਰ ਇੱਕ ਦਿਨ ਸੁਨੇਹਾ ਆਇਆ, ‘ਪੁੱਤਰ ਤੁਹਾਡਾ ਬਾਪੂ ਤੁਰ ਗਿਆ । ਪਰ ਉਹ ਚੰਗਾ ਭਲਾ ਸੀ, ਬਸ ਬੈਠਾ-ਬੈਠਾ ਹੀ ।

ਨਿਆਣੀ ਜਿਹੀ ਉਮਰ ’ਚ ਮੱਝ ਵੇਖਣ ਗਿਆ ਬਾਪੂ ਮੈਨੂੰ ਯਾਦ ਆ ਗਿਆ । ਮੈਂ ਕਮਲਿਆਂ ਵਾਂਗ ਉਸੇ ਰਾਹ ’ਤੇ ਭੱਜੀ ਗਈ ਕਿ ਹੁਣੇ ਆ ਜਾਵੇਗਾ ਤੇ ਆਖੇਗਾ, ‘ਤੂੰ ਤੇ ਮੇਰੀ ਬੀਬੀ ਧੀ ਏਂ, ਮੈਂ ਤਾਂ ਨਾਲ ਦੇ ਪਿੰਡ ਗਿਆ ਸੀ ਬਸ। ਮੇਰਾ ਜੀਅ ਕਰਦਾ ਸੀ ਅਸਮਾਨ ਚੀਰ ਕੇ ਲੱਭ ਲਿਆਵਾਂ ਬਾਪੂ ਨੂੰ । ਪਰ ਉਹ ਨੀਂ ਲੱਭਿਆ । ਭੈਣਾਂ ਕਹਿੰਦੀਆਂ, ‘ਬਸ ਕਰ ਉਹਨੇ ਨੀਂ ਮੁੜਨਾ ਹੁਣ, ਚੁੱਪ ਕਰ ਜਾ, ਪਰ ਮੈਂ ਤਾਂ ਉਹੀ ਦਸਾਂ ਵਰਿਆਂ ਦੀ ਧੀ ਵਾਂਗ ਪਿਓ ਨੂੰ ਲੱਭਦੀ ਸੀ ਬਸ। ਪੰਦਰਾਂ ਵਰੇ ਹੋਣ ਵਾਲੇ ਨੇ ਉਹਦਾ ਦੁੱਖ ਧੁਖਦਾ ਮੇਰੇ ਅੰਦਰ, ਕਦੀ ਮੁੱਕਿਆ ਨਹੀਂ। ਹੁਣ ਉਸ ਪਿੰਡ ਜਾਂਦੀ ਹਾਂ ਤਾਂ ਨਿੰਮ ਦਾ ਖਿਆਲ ਨਹੀਂ ਆਉਂਦਾ, ਪਿੰਡ ਦੇ ਗੁਰੂਘਰ ਉਸ ਪੱਥਰ ਕੋਲ ਜਾ ਖਲੋਂਦੀ ਹਾਂ ਜਿਹੜਾ ਬਾਪੂ ਨੇ ਸਾਡੀ ਮਾਂ ਤੇ ਤਿੰਨਾਂ ਭੈਣਾਂ ਦੇ ਨਾਂ ਤੇ ਲਗਵਾਇਆ ਸੀ ਉੱਥੇ, ਜਾਣ ਲੱਗਿਆ ਸ਼ਾਇਦ ਇਹ ਸੋਚਦਾ ਸੀ ਕਿ ਮੇਰੀਆਂ ਧੀਆਂ ਜਦੋਂ ਵੀ ਪੇਕੇ ਆਉਣ ਤਾਂ ਬਾਪੂ ਨੂੰ ਮਿਲੇ ਬਿਨਾਂ ਨਾ ਤੁਰ ਜਾਣ। ਕੁੱਝ ਕੁ ਰਿਸ਼ਤੇ ਬਸ ਤਮਾਮ ਉਮਰ ਦਿਲਾਂ ਵਿੱਚ ਪੀੜਾਂ ਬਣਕੇ ਵੱਸਦੇ ਨੇ ਬਸ ਪੀੜਾਂ ਬਣ ਕੇ।

# ਕਿਸਾਨੀ ਸੰਘਰਸ਼ ਲੋਕ ਸੰਘਰਸ਼ ਬਣਿਆ

## ਕਿਸਾਨ ਸੰਘਰਸ਼ ਦੀਆਂ ਜੜਾਂ ਡੂੰਘੀਆਂ ਲਹਿ ਗਈਆਂ

**ਰਿਪੁਦਮਨ ਸਿੰਘ ਰੂਪ**

ਕਿਸਾਨ ਸੰਘਰਸ਼ ਇਕੱਲਾ ਕਿਸਾਨਾਂ ਦੇ ਹਿੱਤਾਂ ਲਈ ਨਹੀਂ ਹੈ, ਇਹ ਸੰਘਰਸ਼ ਪੂਰੀ ਲੋਕਾਈ ਲਈ ਹੈ, ਭਾਵੇਂ ਦੇਖਣ ਨੂੰ ਉੱਪਰੋਂ ਉੱਪਰੋਂ ਤਿੰਨੇ ਕਾਨੂੰਨ ਕਿਸਾਨ ਵਿਰੋਧੀ ਭਾਸਦੇ ਲੱਗਦੇ ਹਨ ਪਰ ਜਦੋਂ ਇਨਾਂ ਕਾਨੂੰਨਾਂ ਦੀਆਂ ਪਰਤਾਂ ਫ਼ਰੋਲਦੇ ਜਾਈਏ ਤਾਂ ਇਹ ਕਾਰਪੋਰੇਟ ਸੈਕਟਰ ਵੱਲੋਂ ਕੀਤੀ ਜਾ ਰਹੀ ਲੁੱਟ ਵੱਲ ਸੇਧਿਤ ਹੋ ਜਾਂਦੇ ਹਨ। ਇਨਾਂ ਕਾਨੂੰਨਾਂ ਰਾਹੀਂ ਭਾਰਤ ਦੀ ਵੰਨ-ਸਵੰਨੀ ਉਪਜਾਊ ਧਰਤੀ ਨੂੰ ਹੜੱਪਣ ਲਈ ਦੇਸੀ ਤੇ ਵਿਦੇਸ਼ੀ ਪੂੰਜੀਪਤੀਆਂ ਵਿਚ ਹੋੜ ਲੱਗੀ ਹੋਈ ਹੈ, ਸਾਡੀਆਂ ਸਰਕਾਰਾਂ ਉਨਾਂ ਦੀਆਂ ਭਾਈਵਾਲ ਹਨ ਅਤੇ ਇਹ ਹੋਰ ਪੂੰਜੀਪਤੀਆਂ ਨਾਲ ਘਿਓ-ਖਿਚੜੀ ਹਨ।

ਇਸੇ ਲਈ ਅੱਠ ਮਹੀਨਿਆਂ (ਸਣੇ ਪੰਜਾਬ) ਤੋਂ ਚੱਲ ਰਿਹਾ ਕਿਸਾਨ ਸੰਘਰਸ਼ ਕੇਂਦਰ ਦੀ ਮੌਜੂਦਾ ਸਰਕਾਰ ਨੂੰ ਦਿਖਾਈ ਨਹੀਂ ਦਿੰਦਾ। ਇਕ ਸੌ ਪੰਜਾਹ ਦਿਨਾਂ ਤੋਂ ਉੱਪਰ ਦਿੱਲੀ ਦੇ ਬਾਰਡਰਾਂ ਉੱਤੇ ਬੈਠੇ ਕਿਸਾਨ ਸਰਕਾਰ ਨੂੰ ਨਜ਼ਰੀ ਨਹੀਂ ਪੈ ਰਹੇ। ਚਾਰ ਸੌ ਦੇ ਨੇੜੇ ਕਿਸਾਨਾਂ ਦੀਆਂ ਠੰਢ, ਬਿਮਾਰੀ ਅਤੇ ਹੋਰ ਕਾਰਨਾਂ ਕਰ ਕੇ ਹੋਈਆਂ ਮੌਤਾਂ ਵੀ ਸਰਕਾਰ ਦੀ ਜ਼ਮੀਰ ਨੂੰ ਝੰਜੋੜ ਨਹੀਂ ਸਕੀਆਂ।

ਸਰਕਾਰ ਦੀ ਜ਼ਮੀਰ ਇਸ ਲਈ ਝੰਜੋੜੀ ਨਹੀਂ ਜਾ ਸਕਦੀ, ਕਿਉਂਕਿ ਇਹ ਲੋਕ ਆਮ ਲੋਕਾਂ ਤੇ ਗ਼ਰੀਬਾਂ ਪ੍ਰਤੀ ਸੰਵੇਦਨਸ਼ੀਲ ਨਹੀਂ ਹੈ। ਦਿਲੋਂ ਮਨੋ ਵਿਰੋਧੀ। ਧਰਮ ਦਾ ਪ੍ਰਚਾਰ ਸਿਰਫ਼ ਲੋਕਾਂ ਨੂੰ ਪਾੜਨ ਲਈ ਹੀ ਅਲਾਪਿਆ ਜਾਂਦਾ ਹੈ। ਲੱਖਾਂ ਹਿੰਦੂ ਪਹਿਲੇ ਲੌਕਡਾਊਨ ਵਿਚ ਕਿਵੇਂ ਸੜਕਾਂ ਉੱਤੇ ਨੰਗੇ ਪੈਰ, ਭੁੱਖਣ-ਭਾਣੇ ਤੜਫ ਤੜਫ ਮਰਦੇ ਰਹੇ। ਕਿਵੇਂ ਰੇਲ ਗਡੀਆਂ ਹੇਠਾਂ ਆ ਕੇ ਕੁਚਲਦੇ ਰਹੇ। ਇਸੇ ਲਈ ਅੱਜ ਕਿਸਾਨ ਸੰਘਰਸ਼ ਵਿਚ ਮਹੀਨਿਆਂ ਤੋਂ ਸੰਘਰਸ਼ ਕਰ ਰਹੇ ਹਿੰਦੂ ਕਿਸਾਨ-ਚਾਹੇ ਉਹ ਗੁਜਰਾਤ, ਯੂਪੀ, ਹਰਿਆਣਾ, ਮਹਾਰਾਸ਼ਟਰ, ਝਾਰਖੰਡ ਦੇ ਹੋਣ, ਇਹ ਕਿਸਾਨ ਹੁਣ ਇਨਾਂ ਲਈ ਦੇਸ਼ਧ੍ਰੋਹੀ, ਅਤਿਵਾਦੀ, ਮਾਓਵਾਦੀ, ਸ਼ਹਿਰੀ ਨਕਸਲੀ ਅਤੇ ਖਾਲਿਸਤਾਨੀ ਹਨ, ਹਿੰਦੂ ਨਹੀਂ ਹਨ।

ਕੋਰੋਨਾ ਦਾ ਬਹਾਨਾ ਕਰ ਕੇ ਹੁਣ ਸਰਕਾਰ ਆਪਰੇਸ਼ਨ ਕਲੀਨ ਕਰ ਕੇ ਗਾਜ਼ੀਪੁਰ, ਸਿੰਘੂ, ਟਿਕਰੀ ਬਾਰਡਰਾਂ ਉੱਤੇ ਆਪਣੇ ਆਰਐੱਸਐੱਸ ਅਤੇ ਭਾਜਪਾ ਦੇ ਵਰਕਰਾਂ ਨੂੰ ਭੇਜ ਕੇ ਕਿਸਾਨਾਂ ਨੂੰ ਉੱਥੋਂ ਖਦੇੜਨਾ ਚਾਹੁੰਦੀ ਹੈ ਪਰ ਇਹ ਸਰਕਾਰ ਇਸ ਕਿਸਾਨ ਸੰਘਰਸ਼ ਨੂੰ ਸ਼ਾਹੀਨ ਬਾਗ਼ ਨਾ ਸਮਝ ਲਵੇ। ਇਹ ਸੰਘਰਸ਼ ਸਿਰਫ਼ ਤਿੰਨ ਕਾਨੂੰਨਾਂ ਨੂੰ ਰੱਦ ਕਰਨ ਤੱਕ ਸੀਮਤ ਨਹੀਂ ਰਿਹਾ, ਇਸ ਸੰਘਰਸ਼ ਨੇ ਦੂਰ, ਬਹੁਤ ਦੂਰ ਜਾਣਾ ਹੈ। ਇਸ ਸੰਘਰਸ਼ ਦੇ ਪਸਾਰ ਬਹੁਤ ਦੂਰ ਤੱਕ ਜਾਂਦੇ ਹਨ। ਅਜ਼ਾਦੀ ਮਗਰੋਂ ਇਹ ਪਹਿਲਾ ਸੰਘਰਸ਼ ਹੈ ਜਿਹੜਾ ਕਾਰਪੋਰੇਟ ਸੈਕਟਰ ਵਿਰੁੱਧ ਲਾਮਬੰਦ ਹੋ ਰਿਹਾ ਹੈ। ਪਹਿਲੋਂ ਸਿਰਫ਼ ਕਮਿਊਨਿਸਟ ਤੇ ਖੱਬੀਆਂ ਪਾਰਟੀਆਂ ਹੀ ਇਸ ਮੁੱਦੇ ਨੂੰ ਛੂਹਦੀਆਂ ਸਨ ਪਰ ਪੰਜਾਬ ਵਿਚੋਂ ਉੱਠਿਆ ਇਸ ਕਾਰਪੋਰੇਟ ਵਿਰੋਧੀ ਸੰਘਰਸ਼ ਦੇ ਅਰਥ ਹੁਣ ਪੰਜਾਬ ਦੇ ਬੱਚੇ ਬੱਚੇ ਨੂੰ ਸਮਝ ਪੈ ਰਹੇ ਹਨ। ਇਸ ਨਾਲ ਆਮ ਬੰਦੇ ਨੂੰ ਕਾਰਪੋਰੇਟ ਸੈਕਟਰ ਦੀ ਲੁੱਟ ਦੀ ਸਮਝ ਪੈਂਦੀ ਹੈ। ਕੀ ਟੋਲ ਪਲਾਜ਼ਿਆਂ ਉੱਤੇ ਬਿਨਾਂ ਟੋਲ ਦਿੱਤਿਆਂ ਲੰਘਣ ਦੇਣਾ ਪੂਰੇ ਭਾਰਤ ਵਿਚ ਕ੍ਰਾਂਤੀਕਾਰੀ ਕਦਮ ਨਹੀਂ ਹੈ? ਇਸ ਨਾਲ ਭਾਰਤ ਦੇ ਵਾਸੀ ਜਿੱਥੇ ਖ਼ੁਸ਼ ਹੁੰਦੇ ਹਨ, ਉੱਥੇ ਕਾਰਪੋਰੇਟ ਸੈਕਟਰ ਦੀ ਲੁੱਟ ਨੂੰ ਸਮਝਣ ਲਈ ਜਾਗ੍ਰਿਤ ਵੀ ਹੋ ਰਹੇ ਹਨ। ਫਿਰ ਪੂੰਜੀਪਤੀਆਂ ਦੇ ਮਾਲਾਂ, ਪੈਟਰੋਲ ਪੰਪਾਂ, ਥਰਮਲ ਪਲਾਟਾਂ ਆਦਿ ਦੀ ਵੀ ਸਮਝ ਪੈ ਰਹੀ ਹੈ। ਇਸ ਮਗਰੋਂ ਪ੍ਰਾਈਵੇਟ ਬੱਸਾਂ, ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ, ਹਸਪਤਾਲਾਂ ਆਦਿ ਬਾਰੇ ਵੀ ਸੋਚਣ ਲੱਗ ਜਾਣਗੇ।

ਇਹ ਲੜਾਈ ਇਕੱਲੇ ਕਿਸਾਨਾਂ ਦੀ ਨਾ ਰਹਿ ਕੇ ਪੂਰੇ ਭਾਰਤ ਦੇ ਲੋਕਾਂ ਦੀ, ਸਗੋਂ ਕੁੱਲ ਸੰਸਾਰ ਦੀ ਹੈ। ਹਰ ਪ੍ਰਾਈਵੇਟ ਅਦਾਰਾ ਵਰਕਰਾਂ ਦੀ ਛਿੱਲ ਲਾਹੁੰਦਾ ਹੈ। ਪੰਦਰਾਂ ਪੰਦਰਾਂ ਸਾਲਾਂ ਤੋਂ ਨਿਗੂਣੀ ਤਨਖ਼ਾਹ ਉੱਤੇ ਰੱਖੇ ਬਿਨਾਂ ਨੋਟਿਸ ਤੋਂ ਕੱਢ ਦਿੰਦਾ ਹੈ। ਇਸੇ ਲਈ ਸਰਕਾਰ ਟਾਹਰਾਂ



ਮਾਰ ਮਾਰ ਕਹਿੰਦੀ ਹੈ ਕਿ ਆ ਜਾਓ ਵਿਦੇਸ਼ੀ ਨਿਵੇਸ਼ਕੋ, ਸਾਡੇ ਦੇਸ਼ ਆ ਕੇ ਪੈਸਾ ਲਾਓ, ਇਥੇ ਮਜ਼ਦੂਰੀ ਸਸਤੀ ਹੈ। ਸਰਕਾਰ ਕਾਨੂੰਨ ਵੀ ਉਨਾਂ ਦੇ ਹੱਕ ਵਿਚ ਬਣਾਉਂਦੀ ਹੈ। ਉਨਾਂ ਉੱਤੇ ਕੋਈ ਸ਼ਰਤ ਨਹੀਂ ਲਾਈ ਜਾਂਦੀ। ਬਾਹਰਲੇ ਦੇਸ਼ਾਂ ਦੀਆਂ ਕੰਪਨੀਆਂ ਦਾ ਵੀ ਇਹੋ ਹਾਲ ਹੈ। ਸਮਝੌਤੇ ਹੋਰ ਕਰਦੇ ਹਨ, ਅਮਲ ਇਹ ਕੁਝ ਹੋਰ ਕਰਦੇ ਹਨ। ਸਮਝੌਤੇ ਕਰਨਗੇ ਚਾਲੀ ਘੰਟੇ ਕੰਮ ਕਰਵਾਉਣ ਦੇ, ਦੇਣਗੇ ਰੋ ਪਿੱਟ ਕੇ ਮਸਾਂ ਵੀਹ ਘੰਟੇ। ਸ਼ਰਤ ਹੋਵੇਗੀ ਕਿ ਵਰਕਰ ਕਿਸੇ ਹੋਰ ਕੰਪਨੀ ਵਿਚ ਕੰਮ ਨਹੀਂ ਕਰ ਸਕਣਗੇ, ਕਿਉਂਕਿ ਕੰਪਨੀ ਵਰਕਰ ਨੂੰ ਚੌਵੀ ਘੰਟਿਆਂ ਵਿਚ ਲੋੜ ਪੈਣ ਤੇ ਕਦੇ ਵੀ ਬੁਲਾ ਸਕਦੀ ਹੈ। ਇਸੇ ਲਈ ਇਹ ਪੰਜਾਬ ਤੋਂ ਉੱਠਿਆ ਕਿਸਾਨੀ ਸੰਘਰਸ਼ ਹਰਿਆਣਾ ਤੋਂ ਹੁੰਦਾ ਹੋਇਆ ਯੂਪੀ, ਮਹਾਰਾਸ਼ਟਰ, ਉਤਰਾਖੰਡ, ਮੱਧ ਪ੍ਰਦੇਸ਼, ਰਾਜਸਥਾਨ, ਝਾਰਖੰਡ ਆਦਿ ਸੂਬਿਆਂ ਵਿਚ ਫੈਲ ਰਿਹਾ ਹੈ ਅਤੇ ਅਗਾਂਹ ਇਸ ਦਾ ਅਸਰ ਸੰਸਾਰ ਪੱਧਰ ਉੱਤੇ ਉਦਾਰੀਕਰਨ, ਸੰਸਾਰੀਕਰਨ, ਖੁੱਲੀ ਮੰਡੀ, ਸੰਸਾਰ ਵਪਾਰ ਸੰਗਠਨ, ਕੌਮਾਂਤਰੀ ਮੁਦਰਾ ਕੋਸ਼, ਸੰਸਾਰ ਬੈਂਕ ਵਿਰੁੱਧ ਲੋਕਾਂ ਨੇ ਲਾਮਬੰਦ ਹੋਣਾ ਸ਼ੁਰੂ ਹੋ ਜਾਣਾ ਹੈ।

ਕਈ ਸਾਜਿਸ਼ਾਂ ਹੋਈਆਂ ਪਰ ਇਨਾਂ ਸਾਜਿਸ਼ਾਂ ਨਾਲ ਕਿਸਾਨ ਅੰਦੋਲਨ ਦਾ ਵਾਲ਼ ਵਿੰਗਾ ਨਹੀਂ ਹੋਇਆ। ਇਕ ਵਾਰ ਤਾਂ ਕਿਸਾਨ ਅੰਦੋਲਨ ਦੇ ਹਿਤੈਸ਼ੀਆਂ ਦਾ ਦਿਲ ਧੜਕਣ ਲੱਗ ਗਿਆ ਸੀ। ਰਾਕੇਸ਼ ਟਿਕੈਤ ਦੇ ਹੰਝੂਆਂ ਅਤੇ ਕਿਸਾਨ ਸੰਘਰਸ਼ ਦੇ ਆਗੂਆਂ ਦੀ ਸੂਝ ਅਤੇ ਸਾਬਤ ਕਦਮੀ ਨੇ ਕਿਸਾਨ ਸੰਘਰਸ਼ ਨੂੰ ਮੁੜ ਲੀਹ ਉੱਤੇ ਲੈ ਆਂਦਾ ਹੈ।

ਇਕ ਗੱਲ ਦੀ ਮੈਨੂੰ ਸਮਝ ਨਹੀਂ ਪੈ ਰਹੀ, ਜਦੋਂ ਕਈ ਕਹਿੰਦੇ ਹਨ ਕਿ ਕਿਸਾਨ ਸੰਘਰਸ਼ ਵਿਚ ਸਿਆਸਤ ਦਾਖ਼ਲ ਹੋ ਗਈ ਹੈ। ਸਿਆਸਤ ਤਾਂ ਹਰ ਇਕ ਗੱਲ ਵਿਚ ਹੁੰਦੀ ਹੈ। ਕਿਸਾਨ ਸੰਘਰਸ਼ ਆਪਣੇ ਆਪ ਵਿਚ ਸਿਆਸੀ ਮਸਲਾ ਹੈ। ਖੇਤੀ ਕਾਨੂੰਨ, ਸਿੱਖਿਆ ਨੀਤੀ, ਸਿਹਤ ਨੀਤੀ, ਰੇਲਵੇ ਦਾ ਨਿੱਜੀਕਰਨ, ਸ਼ਾਮਲਾਤ ਜ਼ਮੀਨਾਂ ਕੰਪਨੀਆਂ ਨੂੰ ਵੇਚਣ, ਏਅਰ ਇੰਡੀਆ ਦਾ ਨਿੱਜੀਕਰਨ, ਵਿਦੇਸ਼ੀ ਅਤੇ ਦੇਸੀ ਨਿਵੇਸ਼ ਨੂੰ ਕੌਡੀਆਂ ਦੇ ਭਾਅ ਸਰਕਾਰੀ ਜਾਇਦਾਦਾਂ ਵੇਚਣਾ; ਇਹ ਸਭ ਸਿਆਸੀ ਗੱਲਾਂ ਹਨ। ਜਦੋਂ ਸਰਕਾਰ ਕਹਿੰਦੀ ਹੈ ਕਿ ਵਿਦਿਆਰਥੀਆਂ ਨੂੰ ਆਪਣੀ ਪੜ੍ਹਾਈ ਵੱਲ ਧਿਆਨ ਦੇਣਾ ਚਾਹੀਦਾ ਹੈ, ਸਿਆਸਤ ਵੱਲ ਨਹੀਂ ਜਾਣਾ ਚਾਹੀਦਾ, ਇਹ ਗੱਲ ਕਹਿਣਾ ਵੀ ਸਿਆਸਤ ਹੈ। ਧਾਰਮਿਕ ਗ੍ਰੰਥ ਸਿਆਸਤ ਨਾਲ ਭਰੇ ਹੋਏ ਹਨ।

ਅੱਜ ਵੀ ਸਾਡੇ ਦੇਸ਼ ਵਿਚ ਸੰਘਰਸ਼ ਕਰ ਰਹੇ ਲੋਕਾਂ ਵੱਲ ਇਹੋ ਰਵੱਈਆ ਹੈ। ਸਰਕਾਰ ਦੇ ਕਰਤੇ ਧਰਤੇ ਬਿਲਕੁੱਲ ਵੀ ਸੰਵੇਦਨਸ਼ੀਲ ਨਹੀਂ ਹਨ। ਉਨਾਂ ਦਾ ਰਵੱਈਆ ਮੱਕਾਰੀ ਭਰਿਆ ਅਤੇ ਖ਼ਤਰਨਾਕ ਹੈ। ਗ਼ਾਜ਼ੀਪੁਰ, ਸਿੰਘੂ, ਟਿਕਰੀ ਆਦਿ ਬਾਰਡਰਾਂ ਉੱਤੇ ਜਿਵੇਂ ਕਿੱਲਾਂ, ਕੰਡਿਆਲੀ ਤਾਰਾਂ, ਕੰਧਾਂ, ਖਾਈਆਂ ਪੁੱਟੀਆਂ ਗਈਆਂ ਸਨ ਪਰ ਅਖ਼ੀਰ ਸਚਾਈ ਜਿੱਤਦੀ, ਜਦੋਂ ਕਿਸੇ ਸੱਚੇ ਅਤੇ ਸ਼ਰੀਫ਼ ਬੰਦੇ ਨੂੰ ਗੁੱਸਾ ਆ ਜਾਵੇ ਤਾਂ ਬਦਮਾਸ਼ਾਂ ਨੂੰ ਨੱਠਦਿਆਂ ਰਾਹ ਨਹੀਂ ਲੱਭਦਾ। ਇਸੇ ਤਰਾਂ ਕਿਸਾਨ ਸੰਘਰਸ਼ ਨੇ ਜਿੱਤਣਾ ਹੈ ਕਿਉਂਕਿ ਸੱਚ ਉਨਾਂ ਵੱਲ ਹੈ। ਸੁਹਿਰਦਤਾ ਉਨਾਂ ਵੱਲ ਹੈ। ਕਿਸਾਨ ਲੀਡਰਸ਼ਿਪ ਸਾਊ, ਨੇਕ ਅਤੇ ਸਿਆਣੀ ਹੈ। ਕਿਸਾਨ ਸੰਘਰਸ਼ ਤਿੰਨਾਂ ਖੇਤੀ ਕਾਨੂੰਨਾਂ ਨੂੰ ਵਾਪਸ ਕਰਵਾਉਣ ਲਈ ਪ੍ਰਤੀਬੱਧ ਹੈ ਪਰ ਇਸ ਦੇ ਨਾਲ ਨਾਲ ਇਸ ਨੇ ਆਮ ਲੋਕਾਂ ਨੂੰ ਕਾਰਪੋਰੇਟ ਸੈਕਟਰ, ਸੰਸਾਰੀਕਰਨ ਅਤੇ ਪੂੰਜੀਪਤੀਆਂ ਦੀ ਲੁੱਟ ਵਿਰੁੱਧ ਸੇਧਿਤ ਕਰ ਦਿੱਤਾ ਹੈ। ਕਿਸਾਨ ਸੰਘਰਸ਼ ਦੀਆਂ ਜੜਾਂ ਹੁਣ ਧਰਤੀ ਵਿਚ ਡੂੰਘੀਆਂ ਲਹਿ ਗਈਆਂ ਹਨ।

# ਹਰੀ ਕ੍ਰਾਂਤੀ ਤੋਂ ਬਾਅਦ ਹੁਣ ਕਾਰਪੋਰੇਟ ਮਾਡਲ ਤਬਾਹ ਕਰੇਗਾ ਕਿਸਾਨੀ ਨੂੰ

**ਕੰਵਲਜੀਤ ਸਿੰਘ ਪੰਨੂ**

ਖੇਤੀ ਖੇਤਰ ਵਿਚ ਵਿਕਾਸ ਦੇ ਨਾਂ ਉੱਤੇ ਅਤੇ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦੇ ਬਹਾਨੇ ਤਿੰਨ ਖੇਤੀ ਕਾਨੂੰਨ ਲਿਆਂਦੇ ਗਏ ਹਨ। ਇਸ ਦੇ ਨਾਲ ਹੀ ਬਿਜਲੀ ਖੇਤਰ ਨੂੰ ਕਾਰਪੋਰੇਟ ਸੈਕਟਰ ਦੇ ਹਵਾਲੇ ਕਰਨ ਦਾ ਰਾਹ ਪੱਧਰਾ ਕਰਨ ਲਈ ਬਿਜਲੀ ਸੋਧ ਬਿੱਲ 2020 ਵੀ ਲਿਆਂਦਾ ਗਿਆ ਹੈ। ਹਰੀ ਕ੍ਰਾਂਤੀ ਦੇ ਮਗਰਲੇ ਤੀਹ ਸਾਲਾਂ ਵਿਚ ਖੇਤੀ ਨੂੰ ਰਸਾਇਣਕ ਖਾਦਾਂ ਅਤੇ ਦਵਾਈਆਂ ਦਾ ਗੁਲਾਮ ਬਣਾਉਣ, ਨਵ-ਉਦਾਰਵਾਦ ਤਹਿਤ ਖੇਤੀ ਖੇਤਰ ਵਿਚੋਂ ਸਬਸਿਡੀ ਖਤਮ ਕਰਨ ਤੋਂ ਬਾਅਦ ਖੇਤੀ ਨੂੰ ਹੁਣ ਕਾਰਪੋਰੇਟ ਜਗਤ ਦੇ ਹਵਾਲੇ ਕਰਨ ਵਾਲਾ ਇਹ ਤੀਸਰਾ ਹਮਲਾ ਹੈ। ਸਾਡੇ ਦੇਸ਼ ਦੇ ਹਾਕਮਾਂ ਨੇ ਹਰੀ ਕ੍ਰਾਂਤੀ ਵਾਲਾ ਮਾਡਲ ਲਾਗੂ ਕਰ ਕੇ ਸਦੀਆਂ ਤੋਂ ਚੱਲ ਰਹੇ ਸਾਡੇ ਕੁਦਰਤੀ ਖੇਤੀ ਅਤੇ ਖੇਤੀ ਵੰਨ-ਸਵੰਨਤਾ ਵਾਲੇ ਮਾਡਲ ਦਾ ਭੋਗ ਪਾ ਦਿੱਤਾ। ਇਸ ਦੇ ਲਾਗੂ ਹੋਣ ਨਾਲ ਖੇਤੀ ਖੇਤਰ ਅੰਦਰ ਮਸ਼ੀਨਰੀ, ਰਸਾਇਣਕ ਖਾਦਾਂ, ਕੀਟ ਨਾਸ਼ਕ, ਨਦੀਨ ਨਾਸ਼ਕਾਂ ਦਾ ਦੌਰ ਆਰੰਭ ਹੋਇਆ।

ਇਸ ਨੇ ਇੱਕ ਸਮੇਂ ਤਾਂ ਫਸਲਾਂ ਦੇ ਝਾੜ ਵਿਚ ਵਾਧਾ ਕੀਤਾ ਪਰ ਨਾਲ ਹੀ ਫਸਲਾਂ ਦੇ ਲਾਗਤ ਖਰਚੇ ਵਿਚ ਲਗਾਤਾਰ ਵਾਧਾ ਹੁੰਦਾ ਗਿਆ। ਦੇਸ਼ ਦਾ ਅੰਨ ਭੰਡਾਰ ਭਰਨ ਦੇ ਨਾਮ ਤੇ ਕਿਸਾਨਾਂ ਨਾਲ ਲਗਾਤਾਰ ਧੱਕਾ ਕੀਤਾ ਗਿਆ ਅਤੇ ਫਸਲਾਂ ਦੇ ਭਾਅ ਲਾਗਤ ਖਰਚੇ ਮੁਤਾਬਿਕ ਤੇ ਹੋਰ ਵਸਤਾਂ ਦੇ ਭਾਅ ਵਿਚ ਵਾਧੇ ਮੁਤਾਬਿਕ ਨਹੀਂ ਵਧਾਏ ਗਏ। ਇਸ ਤੋਂ ਬਾਅਦ ਕਿਸਾਨਾਂ ਸਿਰ ਕਰਜ਼ੇ ਦਾ ਭਾਰ ਵਧਣਾ ਸ਼ੁਰੂ ਹੋ ਗਿਆ। ਸਿੱਟੇ ਵਜੋਂ ਕਰਜ਼ਈ ਕਿਸਾਨ ਖੁਦਕੁਸ਼ੀਆਂ ਕਰਨ ਲਈ ਮਜਬੂਰ ਹੋ ਗਿਆ। ਉਧਰ, ਰਸਾਇਣਕ ਖਾਦਾਂ, ਕੀਟ ਨਾਸ਼ਕਾਂ, ਨਦੀਨ ਨਾਸ਼ਕਾਂ, ਬੀਜਾਂ, ਮਸ਼ੀਨਰੀ ਵਾਲੀਆਂ ਕੰਪਨੀਆਂ ਦੇ ਮੁਨਾਫੇ ਸੈਂਕੜੇ ਗੁਣਾ ਵਧ ਗਏ। ਇਉਂ 'ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥' ਦੇ ਮਹਾਵਾਕ ਉੱਪਰ ਹਮਲਾ ਹੋਇਆ। ਹਰੀ ਕ੍ਰਾਂਤੀ ਮਾਡਲ ਦੇ ਸਿੱਟੇ ਸਾਹਮਣੇ ਆਏ ਅਤੇ ਅੱਜ ਹਵਾ, ਪਾਣੀ, ਧਰਤੀ ਤਿੰਨੇ ਬੁਰੀ ਤਰਾਂ ਪ੍ਰਦੂਸ਼ਿਤ ਹੋ ਗਏ ਹਨ। ਮਨੁੱਖ, ਪਸ਼ੂ-ਪੰਛੀਆਂ ਸਮੇਤ ਸਾਰੇ ਜੀਵ ਪ੍ਰਦੂਸ਼ਣ ਦੀ ਮਾਰ ਝੱਲ ਰਹੇ ਹਨ। ਨਵੀਂ ਤਰਾਂ ਦੀਆਂ ਲਾਇਲਾਜ ਬਿਮਾਰੀਆਂ ਪੈਦਾ ਹੋ ਰਹੀਆਂ ਹਨ। ਮੁਨਾਫੇ ਦੀ ਅੰਨੀ ਹਵਸ ਖਾਤਿਰ ਇਹ ਵਰਤਾਰਾ ਲਗਾਤਾਰ ਜਾਰੀ ਹੈ। ਇਸ ਦੌਰਾਨ ਖੇਤੀ ਖੇਤਰ ਵਿਚੋਂ ਮਨੁੱਖ ਦੀ ਮਿਹਨਤ ਮਨਫੀ ਹੁੰਦੀ ਗਈ ਅਤੇ ਮਸ਼ੀਨਰੀ ਤੇ ਰਸਾਇਣਾਂ ਦਾ ਭਾਰ ਜ਼ਮੀਨ ਉੱਪਰ ਵਧਦਾ ਗਿਆ।

ਕੇਂਦਰ ਦੀ ਬੀਜੇਪੀ ਸਰਕਾਰ ਨੇ ਕਾਰਪੋਰੇਟ ਸੈਕਟਰ ਨਾਲ ਜੁੜੇ ਅਡਾਨੀ, ਅੰਬਾਨੀ ਆਦਿ ਨੂੰ ਖੇਤੀ ਖੇਤਰ ਵਿਚ ਦਾਖਲ ਕਰਵਾਉਣ ਲਈ ਸੰਸਾਰ ਵਪਾਰ ਸੰਸਥਾ, ਕੌਮਾਂਤਰੀ ਮੁਦਰਾ ਕੋਸ਼, ਸੰਸਾਰ ਬੈਂਕ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਪਹਿਲਾਂ ਜੂਨ 2020 ਵਿਚ ਤਿੰਨ ਆਰਡੀਨੈਂਸ ਲਿਆਂਦੇ, ਫਿਰ ਸਤੰਬਰ 2020 ਨੂੰ ਇਨਾਂ ਨੂੰ ਕਾਨੂੰਨ ਬਣਾ ਦਿੱਤਾ ਗਿਆ।

ਇਨਾਂ ਕਾਨੂੰਨਾਂ ਦੇ ਲਾਗੂ ਹੋਣ ਨਾਲ ਕਾਰਪੋਰੇਟ ਸੈਕਟਰ ਨੂੰ ਖੇਤੀ ਖੇਤਰ ਵਿਚ ਪੂੰਜੀ ਨਿਵੇਸ਼ ਦੀ ਖੁੱਲ ਮਿਲੇਗੀ। ਕਿਸਾਨ ਵਪਾਰ ਨਹੀਂ ਕਰਦਾ, ਉਹ ਆਪਣੀ ਫਸਲ ਮੰਡੀ ਵਿਚ ਵੇਚਦਾ ਹੈ। ਕਿਸਾਨ ਕਣਕ ਵੇਚਦਾ ਹੈ, ਆਟਾ ਜਾਂ ਮੈਦਾ ਨਹੀਂ।

ਬਾਕੀ ਸਫ਼ਾ 30 'ਤੇ

## ਕਿਸਾਨ 'ਤਾਲਾਬੰਦੀ' ਖ਼ਿਲਾਫ਼ 8 ਨੂੰ ਸੜਕਾਂ 'ਤੇ ਉੱਤਰਨਗੇ

### ਦੁਕਾਨਦਾਰ ਦੁਕਾਨਾਂ ਖੋਲ ਕੇ ਦਰਜ ਕਰਵਾਉਣਗੇ ਵਿਰੋਧ

ਨਵੀਂ ਦਿੱਲੀ/ਏ.ਟੀ.ਨਿਊਜ਼ : ਦਿੱਲੀ ਮੋਰਚੇ ਉੱਤੇ ਡਟੀਆਂ 32 ਕਿਸਾਨ ਯੂਨੀਅਨਾਂ ਨੇ ਕਰੋਨਾਵਾਇਰਸ ਦੇ ਨਾਂ ਹੇਠ ਥੋਪੇ 'ਲਾਕਡਾਊਨ' ਦਾ ਵਿਰੋਧ ਕਰਨ ਦਾ ਫੈਸਲਾ ਕੀਤਾ ਹੈ। ਕਿਸਾਨ ਆਗੂਆਂ ਨੇ ਕਿਹਾ ਕਿ ਉਹ 8 ਮਈ ਨੂੰ ਇਨਾਂ ਪਾਬੰਦੀਆਂ ਦਾ ਵਿਰੋਧ ਕਰਨਗੇ ਜਦੋਂਕਿ ਦੁਕਾਨਦਾਰ ਆਪਣੀਆਂ ਦੁਕਾਨਾਂ ਖੋਲ ਕੇ ਇਸ ਵਿਰੋਧ ਦਾ ਹਿੱਸਾ ਬਣਨਗੇ। ਕਿਸਾਨ ਆਗੂਆਂ ਨੇ ਕਿਹਾ ਕਿ ਸਰਕਾਰ ਕੋਰੋਨਾ ਮਹਾਂਮਾਰੀ ਦੀ ਦੂਜੀ ਲਹਿਰ ਦੌਰਾਨ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣ ਤੋਂ ਖੁੰਝੀ ਤੇ ਹੁਣ ਆਪਣੀ ਇਸੇ ਨਾਕਾਮੀ 'ਤੇ ਪਰਦਾ ਪਾਉਣ ਤੇ ਲੋਕ ਵਿਰੋਧੀ ਫੈਸਲੇ ਲੈਣ ਲਈ 'ਤਾਲਾਬੰਦੀ' ਜਿਹੇ ਫੈਸਲੇ ਲਾਗੂ ਕਰ ਰਹੀ ਹੈ। ਲਾਕਡਾਊਨ ਦੇ ਵਿਰੋਧ ਦਾ ਫੈਸਲਾ ਅੱਜ ਇਥੇ ਸਿੰਘੂ ਬਾਰਡਰ 'ਤੇ ਸੰਯੁਕਤ ਕਿਸਾਨ ਮੋਰਚੇ ਵਿੱਚ ਸ਼ਾਮਲ ਜਥੇਬੰਦੀਆਂ ਦੀ ਕਿਸਾਨ ਆਗੂ ਬਲਦੇਵ ਸਿੰਘ ਨਿਹਾਲਗੜ ਦੀ ਪ੍ਰਧਾਨਗੀ 'ਚ ਹੋਈ ਮੀਟਿੰਗ ਵਿੱਚ ਲਿਆ ਗਿਆ। ਮੀਟਿੰਗ ਉਪਰੰਤ ਬਲਦੇਵ ਸਿੰਘ ਨਿਹਾਲਗੜ ਨੇ ਕਿਹਾ



ਕਿ ਕੇਂਦਰ ਸਰਕਾਰ ਕਰੋਨਾ ਵਿਰੁੱਧ ਲੜਨ 'ਚ ਅਸਫਲ ਰਹੀ ਹੈ। ਸਰਕਾਰ ਨਾਗਰਿਕਾਂ ਨੂੰ ਸਿਹਤ ਸਹੂਲਤਾਂ ਤੇ ਬੁਨਿਆਦੀ ਸਹੂਲਤਾਂ ਜਿਵੇਂ ਆਕਸੀਜਨ, ਬੈੱਡ, ਦਵਾਈਆਂ ਆਦਿ ਮੁਹੱਈਆ ਕਰਵਾਉਣ 'ਚ ਨਾਕਾਮ ਰਹੀ ਹੈ। ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ ਨੇ ਕਿਹਾ ਕਿ ਤਾਲਾਬੰਦੀ ਕਰਕੇ ਕਿਸਾਨਾਂ, ਮਜ਼ਦੂਰਾਂ, ਦੁਕਾਨਦਾਰਾਂ ਤੇ ਆਮ ਨਾਗਰਿਕਾਂ ਦੀਆਂ ਜ਼ਿੰਦਗੀਆਂ ਵੱਡੇ ਪੱਧਰ 'ਤੇ ਪ੍ਰਭਾਵਿਤ ਹੋਈਆਂ ਹਨ। ਲਿਹਾਜ਼ਾ ਪੰਜਾਬ ਦੀਆਂ 32 ਕਿਸਾਨ ਜਥੇਬੰਦੀਆਂ ਨੇ ਫੈਸਲਾ ਕੀਤਾ ਹੈ ਕਿ 8 ਮਈ ਨੂੰ ਵੱਡੀ ਗਿਣਤੀ 'ਚ ਕਿਸਾਨ, ਮਜ਼ਦੂਰ, ਦੁਕਾਨਦਾਰ ਸੜਕਾਂ 'ਤੇ ਉੱਤਰ ਕੇ ਸੂਬੇ ਵਿੱਚ ਤਾਲਾਬੰਦੀ ਦਾ ਵਿਰੋਧ ਕਰਨਗੇ।

## ਹਰੀ ਕ੍ਰਾਂਤੀ ਤੋਂ ਬਾਅਦ...

ਕਿਸਾਨ ਝੋਨਾ ਵੇਚਦਾ ਹੈ, ਚੌਲ ਨਹੀਂ। ਸਰੋਂ, ਤੋਰੀਆ ਵੇਚਦਾ ਹੈ, ਤੇਲ ਨਹੀਂ। ਗੰਨਾ ਵੇਚਦਾ ਹੈ, ਖੰਡ ਨਹੀਂ। ਨਰਮਾ ਕਪਾਹ ਵੇਚਦਾ ਹੈ, ਧਾਗਾ ਨਹੀਂ। ਪਹਿਲੇ ਕਾਨੂੰਨ ਨਾਲ ਪ੍ਰਾਈਵੇਟ ਸੈਕਟਰ ਮੰਡੀ ਉੱਪਰ ਕਬਜ਼ਾ ਕਰੇਗਾ, ਮੰਡੀਆਂ ਵਿਚੋਂ ਸਰਕਾਰ ਬਾਹਰ ਹੋ ਜਾਵੇਗੀ। ਹੁਣ ਤੱਕ ਦਾ ਜੋ ਮੰਡੀ ਪ੍ਰਬੰਧ ਚੱਲ ਰਿਹਾ ਹੈ, ਉਹ ਖਤਮ ਹੋ ਜਾਵੇਗਾ। ਜਦੋਂ ਸਰਕਾਰ ਜਾਂ ਸਰਕਾਰੀ ਖਰੀਦ ਏਜੰਸੀਆਂ ਹੀ ਨਹੀਂ ਰਹਿਣਗੀਆਂ ਤਾਂ ਘੱਟੋ-ਘੱਟ ਸਮਰਥਨ ਮੁੱਲ (ਐੱਮਐੱਸਪੀ) ਜਾਰੀ ਰੱਖਣ ਦੀ ਕੋਈ ਤੁਕ ਨਹੀਂ ਰਹਿ ਜਾਂਦੀ। ਸਰਕਾਰ ਐੱਮਐੱਸਪੀ ਜਾਰੀ ਰੱਖਣ ਦਾ ਲੱਖ ਦਮ ਭਰੇ ਪਰ ਪ੍ਰਾਈਵੇਟ ਸੈਕਟਰ ਦੇ ਮੰਡੀ ਤੇ ਕਾਬਜ਼ ਹੋਣ ਤੋਂ ਬਾਅਦ ਇਸ ਦਾ ਕੋਈ ਅਰਥ ਨਹੀਂ ਰਹਿ ਜਾਂਦਾ। ਜ਼ਰੂਰੀ ਸੋਧ ਵਸਤਾਂ ਕਾਨੂੰਨ ਲਾਗੂ ਹੋਣ ਨਾਲ ਅਨਾਜ ਤੋਂ ਲੈ ਕੇ ਸਭ ਫਸਲਾਂ ਦੇ ਖਰੀਦ ਅਤੇ ਭੰਡਾਰਨ ਦਾ ਹੱਕ ਪ੍ਰਾਈਵੇਟ ਸੈਕਟਰ ਨੂੰ ਮਿਲਦਾ ਹੈ। ਕਿਹੜੀ ਫਸਲ ਕਿੰਨੀ ਮਾਤਰਾ ਵਿਚ ਖਰੀਦਣੀ ਹੈ, ਇਸ ਦਾ ਫੈਸਲਾ ਵੀ ਉਹੀ ਕਰਨਗੇ। ਅਨਾਜ, ਦਾਲਾਂ, ਚੌਲ, ਤੇਲ ਕਿਹੜੇ ਭਾਅ ਉੱਪਰ ਅਤੇ ਕਿੱਥੇ ਵੇਚਣੇ ਹਨ, ਇਹ ਵੀ ਉਨਾਂ ਦਾ ਅਧਿਕਾਰ ਹੋਵੇਗਾ। ਦੇਸ਼ ਵਿਚ ਇੱਕ ਜਗਾ ਤੋਂ ਦੂਜੀ ਜਗਾ ਜਾਂ ਦੂਸਰੇ ਦੇਸ਼ ਵਿਚ ਵੀ ਚੀਜ਼ਾਂ-ਵਸਤਾਂ ਵੇਚੀਆਂ ਜਾ ਸਕਦੀਆਂ ਹਨ ਪਰ ਜੇ ਪ੍ਰਾਈਵੇਟ ਸੈਕਟਰ ਦੇ ਗੋਦਾਮ ਭਰਦੇ ਹਨ ਤਾਂ ਉਹ ਕਿਸਾਨਾਂ ਪਾਸੋਂ ਉਨਾਂ ਦੀਆਂ ਫਸਲਾਂ ਖਰੀਦਣ ਦੇ ਪਾਬੰਦ ਨਹੀਂ ਹੋਣਗੇ। ਕਿਸਾਨ ਪੂਰੀ ਤਰਾਂ ਉਨਾਂ ਦੇ ਰਹਿਮੋ-ਕਰਮ ਤੇ ਹੋਣਗੇ ਕਿਉਂਕਿ ਉਨਾਂ ਪਾਸ ਮੰਡੀ ਦਾ ਬਦਲ ਨਹੀਂ ਹੋਵੇਗਾ। ਕਿਸਾਨਾਂ ਪਾਸੋਂ ਪ੍ਰਾਈਵੇਟ ਸੈਕਟਰ ਆਪਣੀ ਮਨਮਰਜ਼ੀ ਦੇ ਭਾਅ ਤੇ ਫਸਲਾਂ ਖਰੀਦੇਗਾ। ਖਪਤਕਾਰ ਨੂੰ ਆਪਣੀ ਮਨਮਰਜ਼ੀ ਦੇ ਭਾਅ ਤੇ ਵੇਚੇਗਾ। ਕਿਸਾਨ ਅਤੇ ਆਮ ਖਪਤਕਾਰ ਦੋਵੇਂ ਲੁੱਟ ਦਾ ਸ਼ਿਕਾਰ ਹੋਣਗੇ।

ਸਭ ਤੋਂ ਵੱਡੀ ਸੱਟ ਜਨਤਕ ਵੰਡ ਪ੍ਰਣਾਲੀ ਨੂੰ ਵੱਜੇਗੀ। ਸ਼ੁਰੂ ਵਿਚ ਤਾਂ ਭਾਵੇਂ ਇਹ ਪ੍ਰਭਾਵ ਜਿਆਦਾ ਪ੍ਰਤੱਖ ਨਹੀਂ ਹੋਵੇਗਾ ਪਰ ਹੌਲੀ ਹੌਲੀ ਸਰਕਾਰ ਜਨਤਕ ਵੰਡ ਪ੍ਰਣਾਲੀ ਲਈ ਅਨਾਜ ਖਰੀਦਣ ਅਤੇ ਭੰਡਾਰ ਕਰਨ ਤੋਂ ਹੱਥ ਖਿੱਚ ਲਵੇਗੀ। ਸਰਕਾਰੀ ਗੁਦਾਮ ਕਾਰਪੋਰੇਟਾਂ ਦੇ ਕਬਜ਼ੇ ਹੇਠ ਚਲੇ ਜਾਣਗੇ। ਸਿੱਟੇ ਵਜੋਂ ਬੇਰੁਜ਼ਗਾਰੀ ਅਤੇ ਭੁੱਖਮਰੀ ਵਿਚ ਅਥਾਹ ਵਾਧਾ ਹੋਵੇਗਾ। ਖੇਤੀ ਖੇਤਰ ਨਾਲ ਜੁੜੇ ਸਰਕਾਰੀ, ਅਰਧ-ਸਰਕਾਰੀ ਮਹਿਕਮਿਆਂ ਦੇ ਖਤਮ ਹੋਣ ਨਾਲ ਜਿੱਥੇ ਬੇਰੁਜ਼ਗਾਰੀ ਵਧੇਗੀ, ਉੱਥੇ ਨਵੇਂ ਰੁਜ਼ਗਾਰ ਦੇ ਮੌਕੇ ਪੱਕੇ ਤੌਰ ਤੇ ਖਤਮ ਹੋ ਜਾਣਗੇ। ਖੇਤੀਬਾੜੀ ਯੂਨੀਵਰਸਿਟੀਆਂ ਦੀ ਹੋਂਦ ਖਤਮ ਹੋਵੇਗੀ। ਖੇਤੀ ਨਾਲ ਜੁੜੇ ਛੋਟੇ ਵਪਾਰੀ ਅਤੇ ਛੋਟੇ ਸਨਅਤਕਾਰਾਂ ਲਈ ਆਪਣੇ ਆਪ ਨੂੰ ਮੁਕਾਬਲੇ ਵਿਚ ਰੱਖਣਾ ਮੁਸ਼ਕਿਲ ਹੋ ਜਾਵੇਗਾ।

ਠੇਕਾ ਖੇਤੀ ਕਾਨੂੰਨ ਦੇ ਲਾਗੂ ਹੋਣ ਨਾਲ ਪ੍ਰਾਈਵੇਟ ਕੰਪਨੀਆਂ ਕਿਸਾਨਾਂ ਦੀ ਜ਼ਮੀਨ ਲੈਣ ਲਈ ਕਿਸਾਨਾਂ ਨੂੰ ਲਾਲਚ ਦੇਣਗੀਆਂ। ਪਹਿਲਾਂ ਪਹਿਲ ਕਿਸਾਨਾਂ ਦੀਆਂ ਜ਼ਮੀਨਾਂ ਦਾ ਠੇਕਾ ਵਧਾ ਦਿੱਤਾ ਜਾਵੇਗਾ ਤਾਂ ਜੋ ਕਿਸਾਨ ਆਪਣੀ ਜ਼ਮੀਨ ਕੰਪਨੀ ਨੂੰ ਠੇਕੇ ਤੇ ਦੇਣਾ ਲਾਹੇਵੰਦ ਸਮਝੇ। ਤਿੰਨ ਤਿੰਨ, ਪੰਜ ਪੰਜ ਕਿੱਲੇ ਵਾਲੇ ਕਿਸਾਨਾਂ ਦੀਆਂ ਜ਼ਮੀਨਾਂ ਦੀਆਂ ਵੱਟਾਂ ਗਾਇਬ ਹੋ ਜਾਣਗੀਆਂ। ਵੱਡੇ ਫਾਰਮ ਹੋਂਦ ਵਿਚ ਆਉਣਗੇ। ਖਾਲਾਂ ਦੀ ਹੋਂਦ ਮਿਟ ਜਾਵੇਗੀ। ਵੱਡੇ ਟਿਊਬਵੈੱਲ ਬੋਰ ਅਤੇ ਵੱਡੇ ਟਿਊਬਵੈੱਲ ਕੁਨੈਕਸ਼ਨ ਲੱਗਣਗੇ। ਮਸ਼ੀਨਰੀ ਦੀ ਸਾਂਭ-ਸੰਭਾਲ ਲਈ ਜ਼ਮੀਨਾਂ ਉੱਪਰ ਵੱਡੇ ਵੱਡੇ ਸ਼ੈੱਡ ਉਸਾਰੇ ਜਾਣਗੇ। ਕਿਸਾਨਾਂ ਨਾਲ ਠੇਕੇ ਦਾ ਸਮਝੌਤਾ ਲਿਖਤੀ ਹੋਵੇਗਾ। ਜ਼ਮੀਨ ਦੇ ਠੇਕੇ ਦੇ ਪੈਸੇ ਪ੍ਰਾਪਤ ਕਰਨ ਵਾਲੇ ਕਿਸਾਨ ਉੱਪਰ 18% ਜੀਐੱਸਟੀ ਲੱਗੇਗੀ। ਜਿਹੜਾ ਕਿਸਾਨ ਪੰਜ ਕਿੱਲੇ ਠੇਕੇ ਉੱਪਰ ਦੇਵੇਗਾ, ਉਸ ਦਾ ਇੱਕ ਏਕੜ ਦਾ ਠੇਕਾ ਜੀਐੱਸਟੀ ਵਿਚ ਚਲਾ ਜਾਵੇਗਾ। ਜਦੋਂ ਕਿਸਾਨ ਕੰਪਨੀਆਂ ਤੇ ਨਿਰਭਰ ਹੋ ਗਿਆ ਤਾਂ ਕੰਪਨੀਆਂ ਕਿਸਾਨ ਦੀ ਲੁੱਟ ਕਰਨ ਲਈ ਜ਼ਮੀਨਾਂ ਦੇ ਠੇਕੇ ਘਟਾ ਦੇਣਗੀਆਂ। ਉਸ ਵੇਲੇ ਬਹੁਤ ਦੇਰ ਹੋ ਚੁੱਕੀ ਹੋਵੇਗੀ। ਸਾਡੇ ਹੱਥਾਂ ਵਿਚੋਂ ਸਭ ਨਿਕਲ ਚੁੱਕਾ ਹੋਵੇਗਾ। ਅੱਜ ਸਮਾਂ ਹੈ, ਆਪਣੀ ਖੇਤੀ ਅਤੇ ਜ਼ਮੀਨਾਂ ਬਚਾਉਣ ਲਈ ਇਨਾਂ ਕਾਲੇ ਕਾਨੂੰਨਾਂ ਨੂੰ ਰੱਦ ਕਰਵਾਉਣ ਤੱਕ ਅੰਦੋਲਨ ਜਾਰੀ ਰੱਖਿਆ ਜਾਵੇ।

## ਕਿਰਤੀਆਂ ਦੇ ਵਿਹੜਿਆਂ ...

ਚੰਡੀਗੜ ਤੋਂ ਨਵਾਂ ਪੰਜਾਬੀ ਅਖਬਾਰ 'ਪੰਜਾਬੀ ਟ੍ਰਿਬਿਊਨ' ਨਿਕਲਣ ਲੱਗਾ ਤਾਂ ਪ੍ਰੇਮ ਗੋਰਖੀ ਬਤੌਰ ਪਰੂਫ਼ ਰੀਡਰ ਨੌਕਰੀ ਕਰਨ ਲਈ ਆ ਗਿਆ। ਗੋਰਖੀ ਦੀ ਬੁਝੀ ਟੁੱਟੀ ਆਰਥਿਕਤਾ ਨੂੰ ਕੁਝ ਠੁੰਮਣਾ ਮਿਲਿਆ। ਉਸ ਕੋਲ ਉਡਾਰੀਆਂ ਭਰਨ ਲਈ ਹੁਣ ਨਵਾਂ ਅੰਬਰ ਸੀ। ਰੋਜ਼ੀ ਰੋਟੀ ਦੇ ਚੱਕਰਾਂ ਵਿੱਚੋਂ ਵਿਹਲ ਮਿਲੀ ਤਾਂ ਕਲਮ ਛੋਹਲੇ ਕਦਮੀ ਤੁਰਨ ਲੱਗੀ। ਕਿਤਾਬਾਂ ਛਪਣ ਲੱਗੀਆਂ-ਚਰਚਾ ਹੋਣ ਲੱਗੀ। ਗੋਰਖੀ ਦੇ ਰੂਬਰੂ ਹੋਣ ਲੱਗੇ। ਸਾਹਿਤ ਸਭਾਵਾਂ ਵਿੱਚ ਬੁਲਾਇਆ ਜਾਣ ਲੱਗਾ। ਵੱਡੇ ਲੇਖਕਾਂ ਅਤੇ ਆਲੋਚਕਾਂ ਵਲੋਂ ਸੰਪਾਦਿਤ ਕੀਤੇ ਜਾਣ ਵਾਲੇ ਕਥਾ ਸੰਗ੍ਰਹਿਆਂ ਵਿੱਚ ਉਸਦੀਆਂ ਕਹਾਣੀਆਂ ਨੂੰ ਸ਼ਾਮਲ ਕੀਤਾ ਜਾਣ ਲੱਗਾ। ਉਸ ਨੂੰ ਦਲਿਤ ਲੋਕਾਂ ਦੀ ਮਾਨਸਿਕਤਾ ਨੂੰ ਚਿਤਰਨ ਵਾਲਾ ਕਹਾਣੀਕਾਰ ਕਿਹਾ ਜਾਣ ਲੱਗਾ।

ਪ੍ਰੇਮ ਗੋਰਖੀ ਨੇ 'ਗ਼ੈਰ-ਹਾਜ਼ਿਰ ਆਦਮੀ' ਦੇ ਸਿਰਲੇਖ ਹੇਠ ਨਾਗਮਣੀ ਵਿੱਚ ਸਵੈ ਬਿਰਤਾਂਤਕ ਕਾਲਮ ਲਿਖਿਆ ਜੋ ਦੇਰ ਬਾਅਦ ਜਾ ਕੇ ਪੁਸਤਕ ਰੂਪ ਵਿੱਚ ਛਪਿਆ। ਇਹ ਪਿੰਡਾਂ/ਸ਼ਹਿਰਾਂ ਦੇ ਤੰਗੀਆਂ ਤੁਰਸ਼ੀਆਂ ਹੰਡਾਉਂਦੇ ਅਤੇ ਬੇਇਨਸਾਫੀਆਂ ਦੇ ਸ਼ਿਕਾਰ ਸਾਧਾਰਨ ਬੰਦੇ ਦੀ ਸਵੈ-ਜੀਵਨੀ ਹੈ ਜਿਸ ਵਿੱਚ ਗੋਰਖੀ ਨੇ ਆਪਣੇ ਆਪ ਨੂੰ ਬਿਨਾ ਕਿਸੇ ਪਰਦੇ ਤੋਂ ਪੇਸ਼ ਕੀਤਾ ਹੈ। ਗੋਰਖੀ ਨੇ ਆਪਣੇ ਆਪ ਨੂੰ ਵਡਿਆਇਆ ਨਹੀਂ ਸੀ। 'ਗ਼ੈਰ ਹਾਜ਼ਿਰ ਆਦਮੀ' ਇੱਕ ਸਾਧਾਰਨ ਮਨੁੱਖ ਦੀ ਸਾਧਾਰਨਤਾ ਦੀ ਬਾਤ ਸੀ। ਬਲਦੇਵ ਸਿੰਘ ਦੇ ਕਾਲਮ 'ਸੜਕਨਾਮਾ' ਵਾਂਗ ਗੋਰਖੀ ਦਾ 'ਗ਼ੈਰ-ਹਾਜ਼ਿਰ ਆਦਮੀ' ਕਾਲਮ ਵੀ ਸਭ ਤੋਂ ਵੱਧ ਪੜਿਆ ਜਾਣ ਵਾਲਾ ਕਾਲਮ ਸੀ।

ਪ੍ਰੇਮ ਗੋਰਖੀ ਇੱਕ ਨਾਫ਼ਿਸ ਇਨਸਾਨ ਸੀ। ਉਹ ਯਾਰੀਆਂ ਨਿਭਾਉਣੀਆਂ ਜਾਣਦਾ ਸੀ। ਉਸ ਕੋਲ ਯਾਰਾਂ ਦਾ ਵੱਡਾ ਘੇਰਾ ਸੀ ਜਿਹੜੇ ਔਖੇ ਵੇਲੇ ਉਸ ਨੂੰ ਬਾਹਾਂ ਦੇ ਘੇਰੇ ਵਿੱਚ ਲੈ ਲੈਂਦੇ। ਲੋੜ ਵੇਲੇ ਦਲਬੀਰ ਚੇਤਨ ਹਾਜ਼ਰ ਹੋ ਜਾਂਦਾ। ਨਛੱਤਰ ਕੋਲ ਕਈ ਕਈ ਦਿਨ ਰਹਿ ਆਉਂਦਾ। ਬਹੁ-ਚਰਚਿਤ ਨਾਵਲੈੱਟ 'ਤਿੱਤਰ ਖੰਭੀ ਜੂਹ' ਉਸਨੇ ਕਿਰਪਾਲ ਕਜ਼ਾਕ ਕੋਲ ਰਹਿ ਕੇ ਲਿਖਿਆ। 'ਬੁੱਢੀ ਰਾਤ ਤੇ ਸੂਰਜ' ਸਿੱਧੂ ਦਮਦਮੀ ਕੋਲ ਅਨੰਦਪੁਰ ਰਹਿ ਕੇ ਨੇਪਰੇ ਚਾੜਿਆ। ਸ਼ਾਹਕਾਰ ਕਹਾਣੀ 'ਇੱਕ ਟਿਕਟ ਰਾਮਪੁਰਾ ਫੂਲ' ਰੇਲਵੇ ਮਹਿਕਮੇ ਵਾਲੇ ਯਾਰ ਸੁਰਿੰਦਰ ਸ਼ਰਮਾ ਕੋਲ ਬਨਾਰਸ ਘੁੰਮਣ ਗਏ ਨੇ ਲਿਖੀ। ਉਦਾਸ ਹੁੰਦਾ ਤਾਂ ਕਈ ਵਾਰ ਮੁਖਤਾਰ ਗਿੱਲ ਕੋਲ ਪ੍ਰੀਤ ਨਗਰ ਰਹਿ ਆਉਂਦਾ। ਉਸਦੇ ਸੈਕਟਰ 29 ਡੀ ਟ੍ਰਿਬਿਊਨ ਕਾਲੋਨੀ ਵਾਲੇ ਘਰ ਨਵੇਂ ਪੁਰਾਣੇ ਲੇਖਕਾਂ ਦਾ ਆਉਣਾ ਜਾਣਾ ਲੱਗਾ ਰਹਿੰਦਾ।

ਪ੍ਰੇਮ ਗੋਰਖੀ ਨੇ ਦੁਆਬੇ ਦੇ ਦਲਿਤ ਲੋਕਾਂ ਅੰਦਰ ਆ ਰਹੀਆਂ ਆਰਥਿਕ, ਸਮਾਜਿਕ ਅਤੇ ਮਾਨਸਿਕ ਤਬਦੀਲੀਆਂ ਬਾਰੇ ਜਿੰਨੀ ਸਹਿਜਤਾ ਅਤੇ ਸੂਖ਼ਮਤਾ ਨਾਲ ਲਿਖਿਆ, ਸ਼ਾਇਦ ਹੋਰ ਕੋਈ ਲੇਖਕ ਨਾ ਲਿਖ ਸਕਿਆ ਹੋਵੇ। ਉਸਨੇ 'ਜੀਣ ਮਰਣ' 'ਮਿੱਟੀ ਰੰਗੇ ਲੋਕ' 'ਅਰਜਨ ਸਫੈਦੀ ਵਾਲਾ' 'ਧਰਤੀ ਪੁੱਤਰ' ਅਤੇ 'ਜਨਰੇਸ਼ਨ ਗੈਪ' ਕਹਾਣੀ ਸੰਗ੍ਰਹਿ ਅਤੇ 'ਤਿੱਤਰ ਖੰਭੀ ਜੂਹ' 'ਵਣਵੇਲਾ' 'ਬੁੱਢੀ ਰਾਤ ਤੇ ਸੂਰਜ' ਨਾਵਲੈੱਟ ਪਾਠਕਾਂ ਦੀ ਝੋਲੀ ਪਾਏ। ਭੇਤੀ ਬੰਦੇ, ਵਿੱਥ, ਜੀਣ ਮਰਨ, ਆਪਣਾ ਅੱਧ, ਇੱਕ ਟਿਕਟ ਰਾਮਪੁਰਾ ਫੂਲ, ਕੰਡਾ, ਬਚਨਾ ਬੱਕਰਵੱਢ, ਅਰਜਨ ਸਫੈਦੀ ਵਾਲਾ, ਜੜ ਸੰਸਕਾਰ, ਆਖਰੀ ਕਾਨੀ ਅਤੇ ਧੀਆਂ ਵਰਗੀਆਂ ਸ਼ਾਹਕਾਰ ਕਹਾਣੀਆਂ ਪੰਜਾਬੀ ਸਾਹਿਤ ਨੂੰ ਦਿੱਤੀਆਂ ਜੋ ਗੋਰਖੀ ਨੂੰ ਹਮੇਸ਼ਾ ਜਿੰਦਾ ਰੱਖਣਗੀਆਂ।

ਕੁਝ ਸਾਲ ਪ੍ਰੇਮ ਗੋਰਖੀ ਦਾ ਭਿਆਨਕ ਐਕਸੀਡੈਂਟ ਹੋਇਆ। ਜਾਨ ਤਾਂ ਬਚ ਗਈ ਪਰ ਸਿਰ ਦੀ ਸੱਟ ਨੇ ਉਸ ਨੂੰ ਸਾਵਾਂ ਨਾ ਰਹਿਣ ਦਿੱਤਾ। ਉਸਦੀਆਂ ਸਰਗਰਮੀਆਂ ਵਿੱਚ ਪਹਿਲਾਂ ਜਿਹਾ ਤਿੱਖਾਪਣ ਨਾ ਰਿਹਾ। ਕੁਝ ਠੀਕ ਹੋਇਆ ਤਾਂ ਪੰਜਾਬੀ ਟ੍ਰਿਬਿਊਨ ਵਿੱਚ 'ਕਹਾਣੀਆਂ ਵਰਗੇ ਲੋਕ' ਲਿਖਣ ਲੱਗਾ। ਉਸਦੀ ਕਲਮ ਰਵਾਂ ਹੋਣ ਲੱਗੀ। ਪ੍ਰਕਾਸ਼ਕ ਉਸਦੀਆਂ ਕਿਤਾਬਾਂ ਦੇ ਨਵੇਂ ਐਡੀਸ਼ਨ ਛਾਪਣ ਲਈ ਅਹੁਲਣ ਲੱਗੇ। ਗੋਰਖੀ ਦੇ ਯਾਰਾਂ ਨੂੰ ਆਸ ਬੱਝੀ ਕਿ ਉਸ ਨੂੰ ਅਣਗੌਲਿਆਂ ਕਰਨ ਵਾਲੀਆਂ ਵੱਡੀਆਂ ਸੰਸਥਾਵਾਂ ਛੇਤੀ ਆਪਣੀ ਭੁੱਲ ਸੁਧਾਰ ਲੈਣਗੀਆਂ। ਸਭ ਕੁਝ ਠੀਕ ਹੋ ਰਿਹਾ ਸੀ ਕਿ ਕੁਝ ਵੀ ਠੀਕ ਨਾ ਰਿਹਾ। ਗੋਰਖੀ ਅਣਦੱਸੇ ਰਾਹਾਂ 'ਤੇ ਤੁਰ ਗਿਆ।

ਅਫਸੋਸ ਹੁਣ ਫੋਨ 'ਤੇ ਉਸਦੀ ਪਿਆਰੀ ਤੇ ਗੜਕਵੀਂ ਆਵਾਜ਼, 'ਕੈਸੇ ਹੋ ਪਿਆਰਿਓ? ਲਿਖੀ ਕੋਈ ਨਵੀਂ ਕਹਾਣੀ?' ਸੁਣਨ ਨੂੰ ਨਹੀਂ ਮਿਲੇਗੀ। ਗੋਰਖੀ ਆਪਣੇ ਪਿੱਛੇ ਵੱਡਾ ਖਲਾਅ ਛੱਡ ਗਿਆ ਹੈ।

## ਪੱਛਮੀ ਬੰਗਾਲ,...

ਇਹ ਸਕੀਮਾਂ ਬੰਗਾਲ ਦੇ ਔਰਤ ਸਮਾਜ ਅਤੇ ਗ਼ਰੀਬ ਕਿਸਾਨਾਂ ਨੂੰ ਚੋਖਾ ਪ੍ਰਭਾਵਿਤ ਕਰਨ ਵਾਲੀਆਂ ਸਨ। ਮਮਤਾ ਬੈਨਰਜੀ ਨੇ ਇਸ ਵਿਚ 'ਦੁਆਰੇ ਸਰਕਾਰ' ਅਤੇ 'ਦੀਦੀ ਕੇ ਬੋਲੋ' ਨੂੰ ਹੋਰ ਜੋੜਿਆ। ਦੁਆਰੇ ਸਰਕਾਰ ਕਾਰਨ ਲੋਕਾਂ ਨੂੰ ਲੱਗਾ ਕਿ ਸਰਕਾਰ ਉਨਾਂ ਦੀ ਦਹਿਲੀਜ਼ ਤੱਕ ਪਹੁੰਚ ਸਕਦੀ ਹੈ ਅਤੇ ਦੀਦੀ ਕੇ ਬੋਲੋ ਰਾਹੀਂ ਉਹ ਇਕ ਕੇਂਦਰੀਕ੍ਰਿਤ ਫੋਨ ਨੰਬਰ 'ਤੇ ਆਪਣੀਆਂ ਸ਼ਿਕਾਇਤਾਂ ਮੁੱਖ ਮੰਤਰੀ ਤੱਕ ਪਹੁੰਚਾਉਣ ਲੱਗੇ ਸਨ। ਇਸੇ ਤਰਾਂ ਸਰਕਾਰੀ ਸਕੂਲਾਂ ਵਿਚ ਬੱਚਿਆਂ ਨੂੰ ਹਫ਼ਤੇ ਵਿਚ ਦੋ ਦਿਨ ਆਂਡੇ ਮਿਲਣ ਲੱਗੇ। ਉਨਾਂ ਨੇ ਇਹ ਯਕੀਨੀ ਬਣਾਇਆ ਕਿ ਅਨੁਸੂਚਿਤ ਜਾਤਾਂ ਦੇ ਲੋਕਾਂ ਨੂੰ ਐਸ.ਸੀ. ਪ੍ਰਮਾਣ ਪੱਤਰ ਬਣਾ ਕੇ ਬਿਨਾਂ ਕਿਸੇ ਖਰਚੇ ਦੇ ਸਹੂਲਤਾਂ ਦਿੱਤੀਆਂ ਜਾਣ।

ਬੰਗਾਲ ਦੀਆਂ ਚੋਣਾਂ ਵਿਚ ਇਕ ਨਾ ਬੁੱਝੀ ਜਾ ਸਕਣ ਵਾਲੀ ਗੁੰਝਲ ਇਹ ਸੀ ਕਿ ਕਾਂਗਰਸ ਅਤੇ ਮਾਕਪਾ ਦੇ ਗੱਠਜੋੜ ਦਾ ਪ੍ਰਦਰਸ਼ਨ ਕਿਹੋ ਜਿਹਾ ਹੋਵੇਗਾ? ਉਨਾਂ ਨੂੰ ਜੋ ਵੋਟਾਂ ਮਿਲਣਗੀਆਂ, ਉਨਾਂ ਨਾਲ ਕਿਸ ਦਾ ਨੁਕਸਾਨ ਹੋਵੇਗਾ ਅਤੇ ਕਿਸ ਦਾ ਫਾਇਦਾ ਹੋਵੇਗਾ? ਇਹ ਗੱਠਜੋੜ ਦੋ ਤਰਾਂ ਦੀ ਭੂਮਿਕਾ ਨਿਭਾਅ ਸਕਦਾ ਸੀ। ਪਹਿਲਾ ਇਹ ਕਿ ਗੱਠਜੋੜ ਭਾਜਪਾ ਤੋਂ ਆਪਣੀਆਂ ਉਨਾਂ ਵੋਟਾਂ ਦਾ ਇਕ ਹਿੱਸਾ ਵਾਪਸ ਲੈ ਸਕਦਾ ਸੀ, ਜੋ ਲੋਕ ਸਭਾ ਚੋਣਾਂ ਵਿਚ ਇਨਾਂ ਪਾਰਟੀਆਂ ਦੇ ਹੱਥੋਂ ਕਿਰ ਗਈਆਂ ਸਨ। ਇਸ ਸੂਰਤ ਵਿਚ ਉਹ ਭਾਜਪਾ ਦਾ ਨੁਕਸਾਨ ਕਰ ਸਕਦਾ ਸੀ। ਦੂਜੀ ਸਥਿਤੀ ਇਹ ਹੋ ਸਕਦੀ ਸੀ ਕਿ ਇੰਡੀਅਨ ਸੈਕੂਲਰ ਫਰੰਟ ਵਰਗੀ ਪਾਰਟੀ ਨਾਲ ਮਿਲ ਕੇ ਇਹ ਗੱਠਜੋੜ ਮੁਸਲਮਾਨ ਵੋਟਾਂ ਵੰਡ ਦਿੰਦਾ ਅਤੇ ਇਸੇ ਤਰਾਂ ਮਮਤਾ ਬੈਨਰਜੀ ਦਾ ਨੁਕਸਾਨ ਕਰਦਾ। ਸਿੱਟੇ ਇਹ ਦੱਸਦੇ ਹਨ ਕਿ ਇਹ ਗੱਠਜੋੜ ਦੋਵਾਂ ਕੰਮਾਂ ਵਿਚ ਹੀ ਨਾਕਾਮ ਰਿਹਾ। ਨਾ ਤਾਂ ਉਸ ਨੇ ਭਾਜਪਾ ਤੋਂ ਆਪਣੀਆਂ ਵੋਟਾਂ ਵਾਪਸ ਲਈਆਂ ਅਤੇ ਨਾ ਹੀ ਮੁਸਲਮਾਨ ਵੋਟਰਾਂ ਵਿਚ ਉਸ ਪ੍ਰਤੀ ਕੋਈ ਆਕਰਸ਼ਣ ਪੈਦਾ ਹੋ ਸਕਿਆ। ਇਸ ਗੱਠਜੋੜ ਨੂੰ ਤਿਆਰ ਕਰਨ ਵਿਚ ਮਾਕਪਾ ਦੇ ਆਗੂ ਮੁਹੰਮਦ ਸਲੀਮ ਨੇ ਪ੍ਰਮੁੱਖ ਭੂਮਿਕਾ ਨਿਭਾਈ ਸੀ। ਉਹ ਖੁਦ ਆਪਣੀ ਚੋਣ ਬਹੁਤ ਵੱਡੇ ਅੰਤਰ ਨਾਲ ਹਾਰ ਗਏ ਹਨ।

ਇਕ ਹੋਰ ਗੱਲ ਸੀ ਜਿਸ ਨੂੰ ਅੰਗਰੇਜ਼ੀ ਵਿਚ 'ਬੰਗਾਲੀ ਐਕਸਪ੍ਰੈਸ਼ਨ' ਕਹਿੰਦੇ ਹਨ। ਇਸ ਦਾ ਮਤਲਬ ਇਹ ਹੁੰਦਾ ਹੈ ਕਿ ਬੰਗਾਲੀਆਂ ਦਾ ਆਪਣੀ ਭਾਸ਼ਾ, ਸੱਭਿਆਚਾਰ, ਪਹਿਰਾਵੇ, ਖਾਣ-ਪੀਣ ਅਤੇ ਬੰਗਾਲੀਅਤ ਨਾਲ ਬਹੁਤ ਪਿਆਰ ਹੈ। ਭਾਜਪਾ ਦੀ ਚੋਣ ਮੁਹਿੰਮ ਦਾ ਲਹਿਜਾ ਅਤੇ ਰਵੱਈਆ ਇਸ ਬੰਗਾਲੀਅਤ ਲਈ ਖੁੱਲਾ ਖ਼ਤਰਾ ਸੀ। ਇਸ ਦਾ ਉਲਟਾ ਅਸਰ ਪੈਣਾ ਸੁਭਾਵਿਕ ਹੀ ਸੀ। ਹਰ ਬੰਗਾਲੀ ਹਿੰਦੀ ਸਮਝਦਾ ਹੈ, ਹਿੰਦੀ ਫ਼ਿਲਮਾਂ ਵੀ ਵੇਖਦਾ ਹੈ, ਹਿੰਦੀ ਫਿਲਮਾਂ ਵਿਚ ਬੰਗਾਲੀਆਂ ਦਾ ਯੋਗਦਾਨ ਵੀ ਇਤਿਹਾਸਕ ਹੈ ਪਰ ਇਸ ਦਾ ਮਤਲਬ ਇਹ ਨਹੀਂ ਹੈ ਕਿ ਹਿੰਦੀ ਵਿਚ ਦਿੱਤੇ ਗਏ ਭਾਸ਼ਣ ਉਨਾਂ 'ਤੇ ਥੋਪ ਦਿੱਤੇ ਜਾਣ। ਭਾਜਪਾ ਨੇ ਜ਼ਿਦ ਕਰਕੇ ਇਹੀ ਕੀਤਾ। ਉਸ ਨੇ ਮਮਤਾ ਬੈਨਰਜੀ ਦੇ ਮੁਕਾਬਲੇ ਕੋਈ ਬੰਗਾਲੀ ਚਿਹਰਾ ਉਤਾਰਨਾ ਜ਼ਰੂਰੀ ਨਹੀਂ ਸਮਝਿਆ। ਜ਼ਾਹਰਾ ਤੌਰ 'ਤੇ ਭਾਜਪਾ ਨੂੰ ਇਸ ਦਾ ਖਮਿਆਜ਼ਾ ਭੁਗਤਣਾ ਹੀ ਪੈਣਾ ਸੀ।

**ਪੱਛਮੀ ਬੰਗਾਲ ਦੇ ਚੋਣ ਨਤੀਜੇ ਪੰਜਾਬ ਦੀ ਸਿਆਸਤ ਉਪਰਡੂੰਘਾ ਪ੍ਰਭਾਵ ਪਾਉਣਗੇ**

ਬੰਗਾਲ ਦੀਆਂ ਚੋਣਾਂ ਵਿਚ ਭਾਜਪਾ ਦੀ ਹਾਰ ਦੇ ਕਾਰਨ ਚਾਹੇ ਕੁਝ ਵੀ ਹੋਣ ਪਰ ਇਨਾਂ ਚੋਣ ਨਤੀਜਿਆਂ ਦਾ ਪ੍ਰਭਾਵ ਪੰਜਾਬ ਦੀ ਸਿਆਸਤ 'ਤੇ ਵੀ ਪੈਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ । ਪਿਛਲੀ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ 'ਚ ਭਾਜਪਾ ਬਰਾਬਰ ਦੀ ਭਾਈਵਾਲ ਸੀ ਤੇ ਬੇਸ਼ੱਕ ਹੁਣ ਕਿਸਾਨੀ ਅੰਦੋਲਨ ਕਾਰਨ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਦਾ ਤੋੜ ਵਿਛੋੜਾ ਹੋ ਚੁੱਕਾ ਹੈ ਪਰ ਭਾਜਪਾ ਵਲੋਂ ਲਗਾਤਾਰ ਸੂਬੇ ਵਿਚ ਸਰਕਾਰ ਬਣਾਉਣ ਦੇ ਦਾਅਵੇ ਪੇਸ਼ ਕੀਤੇ ਜਾ ਰਹੇ ਹਨ। ਹਾਲਾਂਕਿ ਰਾਜ ਵਿਧਾਨ ਸਭਾ ਦੀਆਂ ਚੋਣਾਂ ਵਿਚ ਵੀ 7-8 ਮਹੀਨਿਆਂ ਦਾ ਹੀ ਸਮਾਂ ਰਹਿ ਜਾਣ ਕਾਰਨ ਸੂਬੇ 'ਚ ਸਿਆਸੀ ਸਰਗਰਮੀਆਂ ਤੇਜ਼ ਹਨ ਤੇ ਸੱਤਾਧਾਰੀ ਕਾਂਗਰਸ, ਵਿਰੋਧੀ ਆਮ ਆਦਮੀ ਪਾਰਟੀ ਤੇ ਸ਼੍ਰੋਮਣੀ ਅਕਾਲੀ ਦਲ ਸਮੇਤ ਸਾਰੀਆਂ ਹੀ ਰਾਜਸੀ ਪਾਰਟੀਆਂ ਵਲੋਂ ਲੋਕਾਂ ਨੂੰ ਆਪਣੇ ਹੱਕ 'ਚ ਕਰਨ ਲਈ ਹੁਣ ਤੋਂ ਹੀ ਅੱਡੀ ਚੋਟੀ ਦਾ ਜ਼ੋਰ ਲਗਾਇਆ ਜਾਣ ਲੱਗਾ ਹੈ ਤੇ ਭਾਜਪਾ ਵਲੋਂ ਵੀ ਅੰਦਰ ਖਾਤੇ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ ਪਰ ਹੁਣ ਬੰਗਾਲ ਦੇ ਆਏ ਚੋਣ ਨਤੀਜਿਆਂ ਨਾਲ ਸੂਬੇ ਵਿਚ ਭਾਜਪਾ ਦੇ ਮਨਸੂਬਿਆਂ ਨੂੰ ਇਕ ਵਾਰ ਤਾਂ ਝਟਕਾ ਜ਼ਰੂਰ ਲੱਗਾ ਹੈ।



## ਚਾਰ ਰਾਜਾਂ ਅਤੇ ਇਕ...

ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਕਾਂਗਰਸ ਹਾਈਕਮਾਨ ਵੱਲੋਂ ਪੰਜਾਬ ਦਾ ਇੰਚਾਰਜ ਬਣਾ ਕੇ ਭੇਜੇ ਗਏ ਉੱਤਰਾਖੰਡ ਦੇ ਸਾਬਕਾ ਮੁੱਖ ਮੰਤਰੀ ਹਰੀਸ਼ ਰਾਵਤ ਨੇ ਵੀ ਦੋਹਾਂ ਦੇ ਵਿਚਾਲੇ ਸੁਲਹ ਕਰਵਾਉਣ ਦੀ ਪੂਰੀ ਕੋਸ਼ਿਸ਼ ਕੀਤੀ ਸੀ। ਉਹ ਹਮੇਸ਼ਾ ਸਿੱਧੂ ਨੂੰ ਪਾਰਟੀ ਅਤੇ ਸਰਕਾਰ 'ਚ ਸਨਮਾਨ ਦਾ ਸਥਾਨ ਦੇਣ ਦੀ ਗੱਲ ਕਰਦੇ ਰਹੇ ਹਨ ਪਰ ਉਨਾਂ ਨੂੰ ਆਪਣੀਆਂ ਕੋਸ਼ਿਸ਼ਾਂ 'ਚ ਸਫ਼ਲਤਾ ਨਹੀਂ ਮਿਲੀ। ਰਾਵਤ ਨੇ ਵੀ ਹਾਈਕਮਾਨ ਨੂੰ ਪੰਜਾਬ ਦੀ ਸਥਿਤੀ ਤੋਂ ਜਾਣੂੰ ਕਰਵਾਇਆ ਹੋਇਆ ਹੈ। ਇਸ ਦੌਰਾਨ ਬਰਗਾੜੀ ਮਾਮਲੇ ਨੂੰ ਲੈ ਕੇ ਆਈ ਰਿਪੋਰਟ ਨਾਲ ਸਰਕਾਰ ਦਾ ਅਕਸ ਖ਼ਰਾਬ ਹੋਇਆ ਹੈ। ਕਾਂਗਰਸ ਦੇ ਆਪਣੇ ਵਿਧਾਇਕ ਹੁਣ ਇਸ ਮਾਮਲੇ 'ਚ ਬੋਲਣ ਲੱਗ ਗਏ ਹਨ। ਹਾਈਕਮਾਨ ਨੂੰ ਇਸ ਮਾਮਲੇ 'ਚ ਸਰਕਾਰ ਦੇ ਡਿੱਗਣ ਅਤੇ ਚੋਣਾਂ 'ਚ ਨੁਕਸਾਨ ਹੋਣ ਦਾ ਵੀ ਅੰਦਾਜ਼ਾ ਹੈ ਅਤੇ ਇਸ ਮਾਮਲੇ 'ਚ ਵੀ ਵਿਧਾਇਕਾਂ ਦੀ ਰਾਏ ਲਈ ਜਾਵੇਗੀ।

## ਬੰਗਾਲ 'ਚ ਮਮਤਾ ਹਾਰੀ...

**ਕਾਂਗਰਸ ਦਾ ਨਿਰਾਸ਼ਾਜਨਕ ਪ੍ਰਦਰਸ਼ਨ**

ਕਾਂਗਰਸ ਨੇ ਵਿਧਾਨ ਸਭਾ ਚੋਣਾਂ ਵਿਚ ਨਿਰਾਸ਼ਾਜਨਕ ਪ੍ਰਦਰਸ਼ਨ ਤੋਂ ਬਾਅਦ ਜਨਾਦੇਸ਼ ਨੂੰ ਸਵੀਕਾਰਦਿਆਂ ਕਿਹਾ ਕਿ ਪਾਰਟੀ ਨਤੀਜਿਆਂ ਦੀ ਸਮੀਖਿਆ ਕਰੇਗੀ ਅਤੇ ਗ਼ਲਤੀਆਂ ਸੁਧਾਰੇਗੀ।

ਪਾਰਟੀ ਦੇ ਮੁੱਖ ਬੁਲਾਰੇ ਰਣਦੀਪ ਸਿੰਘ ਸੂਰਜੇਵਾਲ ਨੇ ਵੀਡੀਓ ਕਾਨਫ਼ਰੰਸਿੰਗਾਂ ਰਾਹੀਂ ਬਿਆਨ ਦਿੰਦਿਆਂ ਕਿਹਾ ਕਿ ਰਾਸ਼ਟਰੀ ਪੱਧਰ 'ਤੇ ਕਾਂਗਰਸ ਹੀ ਇਕਲੌਤਾ ਮਜ਼ਬੂਤ ਬਦਲ ਹੈ। ਜ਼ਿਕਰਯੋਗ ਹੈ ਕਿ ਕਾਂਗਰਸ ਆਸਾਮ ਅਤੇ ਕੇਰਲ ਵਿਚ ਸੱਤਾ ਵਾਪਸੀ ਦੀ ਕੋਸ਼ਿਸ਼ ਕਰ ਰਹੀ ਸੀ, ਜਿੱਥੇ ਉਹ ਮੁੱਖ ਵਿਰੋਧੀ ਧਿਰ ਸੀ ਪਰ ਉਹ ਨਾਕਾਮ ਰਹੀ। ਪੱਛਮੀ ਬੰਗਾਲ 'ਚ ਕਾਂਗਰਸ ਪੂਰੀ ਤਰਾਂ ਸਾਫ ਹੋ ਗਈ ਅਤੇ ਪੁਡੂਚੇਰੀ ਵੀ ਹਾਰ ਮਿਲੀ। ਤਾਮਿਲਨਾਡੂ 'ਚ ਡੀ.ਐੱਮ.ਕੇ. ਦੇ ਨਾਲ ਗੱਠਜੋੜ ਭਾਈਵਾਲ ਹੈ। ਸੂਰਜੇਵਾਲਾ ਨੇ ਕਿਹਾ ਕਿ ਆਸਾਮ ਅਤੇ ਕੇਰਲ ਦੇ ਚੋਣ ਨਤੀਜੇ ਆਤਮ ਚਿੰਤਨ ਦਾ ਵਿਸ਼ਾ ਹਨ, ਜਿੱਥੇ ਕਾਂਗਰਸ ਕਾਰਜਕਰਤਾਵਾਂ ਨੇ ਕਾਫ਼ੀ ਕੰਮ ਕੀਤਾ ਸੀ।

### ਰਾਜਨਾਥ, ਸ਼ਿਵ ਸੈਨਾ, ਕੇਜਰੀਵਾਲ, ਅਖਿਲੇਸ਼ ਤੇ ਸ਼ਰਦ ਪਵਾਰ ਵਲੋਂ ਮਮਤਾ ਨੂੰ ਵਧਾਈ

**ਕੋਲਕਾਤਾ/ਏ.ਟੀ.ਨਿਊਜ਼ :** ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਪੱਛਮੀ ਬੰਗਾਲ ਵਿਧਾਨ ਸਭਾ ਚੋਣਾਂ ਵਿਚ ਤ੍ਰਿਣਮੂਲ ਕਾਂਗਰਸ ਵਲੋਂ ਹਾਸਲ ਕੀਤੀ ਸ਼ਾਨਦਾਰ ਜਿੱਤ 'ਤੇ ਸੂਬੇ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੂੰ ਵਧਾਈ ਦਿੱਤੀ ਹੈ। ਐਨ.ਸੀ.ਪੀ. ਮੁਖੀ ਸ਼ਰਦ ਪਵਾਰ, ਸਮਾਜਵਾਦੀ ਪਾਰਟੀ ਦੇ ਨੇਤਾ ਅਖਿਲੇਸ਼ ਯਾਦਵ, ਪੀ.ਡੀ.ਪੀ. ਮੁਖੀ ਮਹਿਬੂਬਾ ਮੁਫ਼ਤੀ ਨੇ ਤ੍ਰਿਣਮੂਲ ਕਾਂਗਰਸ ਵਲੋਂ ਪੱਛਮੀ ਬੰਗਾਲ ਵਿਧਾਨ ਸਭਾ ਚੋਣਾਂ 'ਚ ਕੀਤੇ ਸ਼ਾਨਦਾਰ ਪ੍ਰਦਰਸ਼ਨ ਲਈ ਪਾਰਟੀ ਦੀ ਮੁਖੀ ਤੇ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੂੰ ਵਧਾਈ ਦਿੱਤੀ।

**ਨਫ਼ਰਤ ਵਾਲੀ ਰਾਜਨੀਤੀ ਦੀ ਹਾਰ ਹੋਈ**

ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਪੱਛਮੀ ਬੰਗਾਲ ਚੋਣਾਂ ਵਿਚ ਜਿੱਤ ਹਾਸਲ ਕਰਨ 'ਤੇ ਤ੍ਰਿਣਮੂਲ ਕਾਂਗਰਸ ਦੀ ਮੁਖੀ ਮਮਤਾ ਬੈਨਰਜੀ ਨੂੰ ਵਧਾਈ ਦਿੱਤੀ ਹੈ। ਇਸ ਤੋਂ ਇਲਾਵਾ ਤਾਮਿਲਨਾਡੂ ਵਿਧਾਨ ਸਭਾ ਚੋਣਾਂ 'ਚ ਡੀ.ਐਮ.ਕੇ. ਵਲੋਂ ਹਾਸਲ ਕੀਤੀ ਸ਼ਾਨਦਾਰ ਜਿੱਤ 'ਤੇ ਕੇਜਰੀਵਾਲ ਨੇ ਪਾਰਟੀ ਦੇ ਮੁਖੀ ਐਮ.ਕੇ. ਸਟਾਲਿਨ ਨੂੰ ਵੀ ਵਧਾਈ ਦਿੱਤੀ ਹੈ। ਪੱਛਮੀ ਬੰਗਾਲ ਵਿਧਾਨ ਸਭਾ ਚੋਣਾਂ ਵਿਚ ਤ੍ਰਿਣਮੂਲ ਕਾਂਗਰਸ ਵਲੋਂ ਮੁੱਖ ਵਿਰੋਧੀ ਪਾਰਟੀ ਭਾਜਪਾ ਨੂੰ ਹਰਾਉਣ 'ਤੇ ਸ਼ਿਵ ਸੈਨਾ ਨੇ ਮਮਤਾ ਨੂੰ ਬੰਗਾਲ ਦੀ ਸ਼ੇਰਨੀ ਕਹਿ ਕੇ ਸਲਾਹਿਆ ਹੈ। ਇਸੇ ਦੌਰਾਨ ਮਹਾਰਾਸ਼ਟਰ ਦੇ ਮੁੱਖ ਮੰਤਰੀ ਊਧਵ ਠਾਕਰੇ ਨੇ ਵੀ ਮਮਤਾ ਨੂੰ ਵਧਾਈ ਦਿੱਤੀ ਹੈ।

## ਮੌਜੂਦਾ ਸਮੇਂ ਦੀ ਅਹਿਮ...

ਲੱਗ ਜਾਣ ਤਾਂ ਕੀ ਪਰਲੋ ਨਹੀਂ ਆ ਜਾਵੇਗੀ ? ਮਹਾਂਕਵੀ ਟੈਗੋਰ ਨੇ ਇਸ ਸਬੰਧ ਵਿੱਚ ਬੜਾ ਸੁੰਦਰ ਲਿਖਿਆ ਹੈ ਕਿ ਧਰਤੀ ਦੇ ਘਾਹ ਤੋਂ ਲੈ ਕੇ ਆਕਾਸ਼ ਦੇ ਸਿਤਾਰਿਆਂ ਤੱਕ, ਹਰ ਕੋਈ ਆਪਣੀ ਜ਼ਿੰਮੇਵਾਰੀ ਬੜੀ ਸੋਹਣੀ ਤਰਾਂ ਨਿਭਾ ਰਿਹਾ ਹੈ, ਅਤੇ ਕੋਈ ਵੀ ਆਪਣੀ ਹੱਦ ਤੋਂ ਬਾਹਰ ਜਾਣ ਦੀ ਕੋਸ਼ਿਸ਼ ਨਹੀਂ ਕਰਦਾ। ਬਾਈਬਲ ਅਨੁਸਾਰ ਜਦੋਂ ਵੀ ਮਨੁੱਖ ਕੁਦਰਤ ਨਾਲੋਂ ਟੁੱਟਦਾ ਹੈ ਜਾਂ ਕੁਦਰਤ ਦੇ ਵਿਰੁੱਧ ਚੱਲਦਾ ਹੈ ਤਾਂ ਇਨਸਾਨ ਨੂੰ ਉਸ ਦੀ ਤੁੱਛ ਹੋਂਦ ਦਾ ਅਹਿਸਾਸ ਕਰਵਾਉਣ ਲਈ ਭੁਚਾਲ, ਸੋਕੇ, ਹੜ, ਸੁਨਾਮੀਆਂ ਅਤੇ ਮਹਾਮਾਰੀਆਂ ਵਰਗੀਆਂ ਆਫ਼ਤਾਂ ਆਉਂਦੀਆਂ ਹਨ, ਜਿਨਾਂ ਦੀ ਲਪੇਟ ਵਿੱਚ ਆ ਕੇ ਸ਼ਹਿਰਾਂ ਦੇ ਸ਼ਹਿਰ ਤਬਾਹ ਹੋ ਜਾਂਦੇ ਹਨ ਅਤੇ ਹਜ਼ਾਰਾਂ ਤੇ ਲੱਖਾਂ ਲੋਕ ਮੌਤ ਦੇ ਮੂੰਹ ਵਿੱਚ ਚਲੇ ਜਾਂਦੇ ਹਨ । ਇਹ ਸਭ ਕੁਝ ਮਨੁੱਖ ਦੀਆਂ ਕੀਤੀਆਂ ਹੋਈਆਂ ਗਲਤੀਆਂ ਦਾ ਹੀ ਨਤੀਜਾ ਹੁੰਦਾ ਹੈ। ਮਨੁੱਖ ਨੇ ਧਰਤੀ ਦਾ ਪੇਟ ਚੀਰ ਕੇ ਅਨਾਜ ਪੈਦਾ ਕੀਤਾ, ਤੇਲ ਅਤੇ ਪਾਣੀ ਕੱਢਿਆ, ਖਣਿਜ ਪਦਾਰਥ ਹਾਸਲ ਕੀਤੇ, ਪਰ ਇਸ ਕਾਰਜ ਵਿਚ ਉਸ ਨੇ ਪਾਣੀ ਨੂੰ ਕਿੰਨੀ ਹਾਨੀ ਪਹੁੰਚਾਈ, ਇਸ ਦਾ ਅੰਦਾਜ਼ਾ ਨਹੀਂ ਲਾਇਆ ਜਾ ਸਕਦਾ। ਸੁਨਾਮੀ ਲਹਿਰਾਂ ਦੇ ਆਉਣ ਦਾ ਕਾਰਨ ਧਰਤੀ ਹੇਠਲੀ ਛੇੜਛਾੜ ਨੂੰ ਮੰਨਿਆ ਗਿਆ ਹੈ । ਅਨਾਜ ਪੈਦਾ ਕਰਨ ਲਈ ਵਰਤੇ ਜਾਂਦੇ ਕੀਟਨਾਸ਼ਕਾਂ ਨੇ ਜਿੱਥੇ ਫ਼ਸਲ ਨੂੰ ਕੀੜਿਆਂ ਤੋਂ ਬਚਾਇਆ, ਉਥੇ ਧਰਤੀ ਨੂੰ ਬੰਜਰ ਕਰ ਦੇਣ ਵਾਲਾ ਯਤਨ ਵੀ ਆਰੰਭ ਕਰ ਦਿੱਤਾ ਅਤੇ ਧਰਤੀ ਦੂਸ਼ਿਤ ਹੋ ਗਈ। ਪਾਣੀ ਰਾਹੀਂ ਕੀਟਨਾਸ਼ਕਾਂ ਦਾ ਧਰਤੀ ਦੇ ਹੇਠਲੇ ਪਾਣੀ ਨਾਲ ਮਿਲ ਜਾਣ ਕਾਰਨ ਉਹ ਪਾਣੀ ਵੀ ਦੂਸ਼ਿਤ ਹੋ ਗਿਆ । ਉਥੇ ਨਾਲ ਹੀ ਪੀਣ ਵਾਲੇ ਸਾਫ਼ ਪਾਣੀ ਦੀ ਘਾਟ ਨੇ ਤਰਾਂ-ਤਰਾਂ ਦੀਆਂ ਬਿਮਾਰੀਆਂ ਨੂੰ ਜਨਮ ਦਿੱਤਾ । ਇਸ ਦਾ ਅਸਰ ਪਸ਼ੂ-ਪੰਛੀਆਂ ਅਤੇ ਜਲਚਰ ਜੀਵਾਂ 'ਤੇ ਵੀ ਪਿਆ ਹੈ । ਅੱਜ ਬਹੁਤ ਸਾਰੇ ਪੰਛੀ ਅਤੇ ਜਾਨਵਰ ਜੋ ਮਨੁੱਖ ਦੇ ਸਾਥੀ ਤੇ ਸਹਿਯੋਗੀ ਸਨ, ਉਹ ਅਲੋਪ ਹੁੰਦੇ ਜਾ ਰਹੇ ਹਨ । ਪੰਜਾਬ ਵਿਚ ਮਾਨਸਾ, ਬਠਿੰਡਾ ਅਤੇ ਮੁਕਤਸਰ, ਜਲੰਧਰ ਜ਼ਿਲਿਆਂ ਦੀ ਧਰਤੀ ਹੇਠਲਾ ਪਾਣੀ ਬਿਲਕੁਲ ਗੰਧਲਾ ਹੋ ਗਿਆ ਹੈ, ਜਿਸ ਕਾਰਨ ਇਨਾਂ ਜ਼ਿਲਿਆਂ ਅੰਦਰ ਚਮੜੀ ਰੋਗ ਅਤੇ ਕੈਂਸਰ ਵਰਗਾ ਰੋਗ ਜ਼ੋਰ ਫੜ ਰਿਹਾ ਹੈ। ਇਸ ਦਾ ਮੁੱਖ ਕਾਰਨ ਅਸ਼ੁੱਧ ਹੋਏ ਪਾਣੀ ਨੂੰ ਹੀ ਮੰਨਿਆ ਗਿਆ ਹੈ । ਦਰਖ਼ਤਾਂ ਦੀ ਅੰਨੇ-ਵਾਹ ਹੋ ਰਹੀ ਕਟਾਈ ਨੇ ਵੀ ਧਰਤੀ ਨੂੰ ਬੰਜਰ ਕਰ ਦਿੱਤਾ ਹੈ, ਜਿਸ ਦਾ ਮੌਸਮ ਅਤੇ ਵਰਖਾ ਦੀ ਕੁਦਰਤੀ ਆਮਦ ਉੱਤੇ ਭਾਰੀ ਅਸਰ ਪਿਆ ਹੈ। ਕੁਦਰਤ ਦੀਆਂ ਕੁੱਲ ਸ਼ਕਤੀਆਂ ਆਪਣੇ ਗੁਣਾਂ ਵਿੱਚ ਪੂਰਨ ਹਨ ਅਤੇ ਇਨਾਂ ਦੇ ਕਰਮ ਅਟੱਲ ਹਨ । ਵਿਚਾਰਨ ਵਾਲੀ ਗੱਲ ਇਹ ਹੈ ਕਿ ਜੇਕਰ ਕੁਦਰਤ ਦੀਆਂ ਸਭ ਜੜ ਜਾਂ ਚੇਤੰਨ ਤੱਤਾਂ ਜਾਂ ਵਸਤਾਂ ਦੇ ਸੁਭਾਅ ਵਿੱਚ ਕੋਈ ਤਬਦੀਲੀ ਜਾਂ ਖੜੋਤ ਨਹੀਂ ਆਉਂਦੀ, ਤਾਂ ਸਭ ਜੂਨਾਂ ਤੋਂ ਸਿਰਮੌਰ ਕਹੇ ਜਾਣ ਵਾਲੇ 'ਅਸ਼ਰਫੁਲ ਮਖ਼ਲੂਕ'- ਮਨੁੱਖ ਦੀ ਫ਼ਿਤਰਤ ਜਾਂ ਸੁਭਾਅ ਵਿੱਚ ਏਨੀ ਤਬਦੀਲੀ ਕਿਉਂ ਆ ਰਹੀ ਹੈ ? ਵਿਸ਼ਵ ਵਿੱਚ ਸਮੇਂ-ਸਮੇਂ ਆਈਆਂ ਉਦਯੋਗਿਕ, ਵਿਗਿਆਨਕ ਅਤੇ ਇਲੈਕਟ੍ਰਾਨਿਕ ਕ੍ਰਾਂਤੀਆਂ ਨੇ ਇਨਸਾਨ ਨੂੰ ਬੇਸ਼ੱਕ ਕਈ ਪੱਖਾਂ ਤੋਂ ਬਹੁਤ ਅਮੀਰ ਬਣਾ ਦਿੱਤਾ ਹੈ, ਅੱਜ ਦਾ ਮਨੁੱਖ ਪੰਛੀਆਂ ਵਾਂਗ ਆਕਾਸ਼ ਵਿੱਚ ਉਡਾਰੀਆਂ ਅਤੇ ਜਲ-ਜੀਵਾਂ ਵਾਂਗ ਸਮੁੰਦਰ ਵਿੱਚ ਤਾਰੀਆਂ ਲਾ ਸਕਦਾ ਹੈ, ਦੁਨੀਆਂ ਦੇ ਇੱਕ ਕੋਨੇ ਵਿੱਚ ਬੈਠਾ ਹੋਇਆ ਹਜ਼ਾਰਾਂ ਮੀਲ ਦੂਰ ਬੈਠਿਆਂ ਨਾਲ ਰਾਬਤਾ ਜੋੜ ਸਕਦਾ ਹੈ, ਚੰਦ ਅਤੇ ਹੋਰ ਗ੍ਰਹਿਆਂ ਨੂੰ ਛੋਹ ਚੁੱਕਾ ਹੈ, ਪ੍ਰੰਤੂ ਵੇਖਿਆ ਜਾਵੇ ਤਾਂ ਇਸ ਦੇ ਮਨ ਨੂੰ ਸੰਤੁਸ਼ਟੀ ਫਿਰ ਵੀ ਨਹੀਂ ਮਿਲ ਸਕੀ । ਸੰਸਾਰ ਦਾ ਹਰ ਸੁਖ-ਆਰਾਮ ਹਾਸਲ ਹੋਣ ਦੇ ਬਾਵਜੂਦ ਜਿਤਨਾ ਦੁਖੀ ਇਹ ਮਨੁੱਖ ਅੱਜ ਹੈ, ਇਤਨਾ ਇਹ ਕਦੀ ਵੀ ਨਹੀਂ ਸੀ। ਹਰ ਤਰਫ਼ ਚਿੰਤਾ ਹੀ ਚਿੰਤਾ ਦਾ ਆਲਮ ਪਸਰ ਰਿਹਾ ਹੈ । ਨਾ ਇਹ ਮਨਪਸੰਦ ਪਦਾਰਥ ਖਾ ਪੀ ਸਕਦਾ ਹੈ ਅਤੇ ਨਾ ਹੀ ਮਨਪਸੰਦ ਪਹਿਨ ਸਕਦਾ ਹੈ । ਆਰਾਮਦੇਹ ਗੱਦਿਆਂ ਉਤੇ ਵੀ ਇਸ ਨੂੰ ਨੀਂਦ ਨਹੀਂ ਆ ਰਹੀ । ਸੰਸਾਰ ਜੇਤੂ ਬਣਨ ਦੀ ਦੌੜ ਵਿੱਚ ਬਣਾਏ ਜਾ ਰਹੇ ਖਤਰਨਾਕ ਐਟਮੀ ਅਤੇ ਕੈਮੀਕਲ ਹਥਿਆਰ ਹੀ ਇਸ ਦੇ ਅੰਤ ਦਾ ਸਾਮਾਨ ਬਣ ਚੁੱਕੇ ਹਨ । ਗੱਲ ਕੀ, ਅੱਜ ਦੇ ਮਨੁੱਖ ਨੇ ਸਮੂਹ ਪ੍ਰਾਪਤੀਆਂ ਦੇ ਬਾਵਜੂਦ ਖੱਟਿਆ ਘੱਟ, ਲੇਕਿਨ ਗੰਵਾਇਆ ਜ਼ਿਆਦਾ ਹੈ । ਪਾਣੀ, ਤੇਲ ਅਤੇ ਹੋਰ ਖਣਿਜਾਂ ਦੀ ਪ੍ਰਾਪਤੀ ਲਈ ਧੁਰ ਪਾਤਾਲ ਅਤੇ ਸਮੁੰਦਰ ਦੀ ਤਹਿ ਤੱਕ ਪੁੱਜਣ ਲਈ ਕੀਤੇ ਜਾ ਰਹੇ ਬੋਰ, ਕੁਦਰਤ ਅਤੇ ਕੁਦਰਤੀ ਸੋਮਿਆਂ ਨਾਲ ਕੀਤੇ ਜਾ ਰਹੇ ਖਿਲਵਾੜ ਇਸ ਨੂੰ ਬਹੁਤ ਹੀ ਮਹਿੰਗੇ ਪਏ ਹਨ । ਆਏ ਦਿਨ ਆ ਰਹੇ ਭੁਚਾਲਾਂ, ਸੁਨਾਮੀਆਂ, ਸੋਕਿਆਂ, ਹੜਾਂ, ਵਾਤਾਵਰਣ ਵਿੱਚ ਆ ਰਹੀਆਂ ਤਬਦੀਲੀਆਂ, ਆਕਾਸ਼ ਦੀ ਓਜ਼ੋਨ ਪਰਤ ਦੇ ਪਤਲਾ ਹੋਣ ਅਤੇ ਉਸ ਵਿੱਚ ਪੈ ਰਹੇ ਛੇਕ ਆਦਿ ਦਾ ਮੁੱਖ ਕਾਰਨ ਅਜੋਕੇ ਮਨੁੱਖ ਦਾ ਆਪਹੁਦਰਾਪਣ ਹੀ ਹੈ ।

ਕੁਦਰਤ ਨਾਲ ਖਿਲਵਾੜ ਕਰਨ ਦਾ ਨਤੀਜਾ ਕਿੰਨਾ ਮਾਰੂ ਅਤੇ ਭਿਆਨਕ ਹੋ ਸਕਦਾ ਹੈ, ਇਹ ਅੱਜ ਸਾਰਾ ਸੰਸਾਰ 'ਕੋਵਿਡ-19' ਦੇ ਰੂਪ ਵਿੱਚ ਭੁਗਤ ਰਿਹਾ ਹੈ । ਸੰਸਾਰ ਦੇ ਵੱਖ-ਵੱਖ ਦੇਸਾਂ ਵਿੱਚ ਲੱਖਾਂ ਲੋਕ ਇਸ ਦੀ ਗ੍ਰਿਫ਼ਤ ਵਿੱਚ ਆ ਚੁਕੇ ਹਨ, ਆਏ ਦਿਨ ਹਜ਼ਾਰਾਂ ਮੌਤਾਂ ਹੋ ਰਹੀਆਂ ਹਨ ਅਤੇ ਵਿਗਿਆਨੀਆਂ ਦੀਆਂ ਅਣਥੱਕ ਕੋਸ਼ਿਸ਼ਾਂ ਦੇ ਬਾਵਜੂਦ ਇਹ ਗ੍ਰਾਫ਼ ਦਿਨੋ-ਦਿਨ ਵਧਦਾ ਹੀ ਜਾ ਰਿਹਾ ਹੈ, ਅਤੇ ਇਸ ਤਮਾਮ ਵਰਤਾਰੇ ਦੇ ਦੋਸ਼ੀ ਅਸੀਂ-ਤੁਸੀਂ ਸਾਰੇ ਹੀ ਹਾਂ। 'ਆਪਣ ਹੱਥੀਂ ਆਪਣਾ, ਆਪੇ ਹੀ ਕਾਜ ਸਵਾਰੀਏ' ਅਨੁਸਾਰ, ਸਾਡਾ ਸਭ ਦਾ ਪਰਮ ਧਰਮ ਬਣਦਾ ਹੈ ਕਿ ਵਾਤਾਵਰਣ ਦੀ ਸਵੱਛਤਾ ਨੂੰ ਬਰਕਰਾਰ ਰੱਖਣ ਲਈ ਜਿਥੇ ਆਪਣਾ ਹਰ ਸੰਭਵ ਯੋਗਦਾਨ ਦਿਆਂਗੇ, ਉਥੇ ਸਮਾਜ ਦੇ ਬਾਕੀ ਵਰਗਾਂ ਨੂੰ ਵੀ ਹਵਾ ਤੇ ਪਾਣੀ ਆਦਿ-ਕੁਦਰਤ ਵੱਲੋਂ ਬਖਸ਼ੀਆਂ ਅਮੋਲਕ ਦਾਤਾਂ ਦੀ ਸਾਂਭ-ਸੰਭਾਲ ਲਈ ਜਾਗਰੂਕ ਕਰਾਂਗੇ ।

## ਹਿੰਦ ਦੀ ਚਾਦਰ...

ਤਾਂ ਉਸ ਨੇ ਇਸਲਾਮ ਦੀ ਮਹਿਮਾ ਗਾਉਂਦਿਆਂ ਆਪ ਜੀ ਨੂੰ ਇਸਲਾਮ ਕਬੂਲਣ ਲਈ ਪ੍ਰੇਰਿਆ। ਪਰ ਗੁਰੂ ਜੀ ਨੇ ਉਸ ਦੀ ਉਮੀਦ ਦੇ ਉਲਟ ਉੱਤਰ ਦਿੱਤਾ ਕਿ ਧਰਮ ਜ਼ਬਰਦਸਤੀ ਤਲਵਾਰਾਂ ਦੀ ਨੋਕ ਉੱਤੇ ਨਹੀਂ ਬਦਲਾਇਆ ਜਾ ਸਕਦਾ। ਹਿੰਦੂਆਂ ਨੂੰ ਜ਼ਬਰਦਸਤੀ ਮੁਸਲਮਾਨ ਬਣਾ ਕੇ ਨਾ ਤਾਂ ਤੁਸੀਂ ਸੱਚੇ ਮੁਸਲਮਾਨ ਹੋਣ ਦਾ ਸੰਕੇਤ ਦੇ ਰਹੇ ਹੋ, ਨਾ ਹੀ ਰੱਬ ਦੀ ਰਜ਼ਾ ਵਿੱਚ ਚੱਲ ਰਹੇ ਹੋ ਅਤੇ ਨਾ ਹੀ ਆਪਣੀ ਪਰਜਾ ਪ੍ਰਤੀ ਆਪਣੇ ਕਰਤੱਵ ਦਾ ਪਾਲਣ ਕਰ ਰਹੇ ਹੋ। ਬਾਦਸ਼ਾਹ ਹੋਣ ਦੇ ਨਾਤੇ ਤੁਹਾਡਾ ਫ਼ਰਜ਼ ਹੈ ਕਿ ਤੁਸੀਂ ਹਿੰਦੂਆਂ ਅਤੇ ਮੁਸਲਮਾਨਾਂ ਨੂੰ ਬਰਾਬਰ ਸਮਝੋ। ਪਰ ਇਸ ਦੇ ਉਲਟ ਤੁਸੀਂ ਤਾਂ ਹਿੰਦੂਆਂ ਨੂੰ ਆਪਣੇ ਅੰਨੇ ਜ਼ੁਲਮ ਦਾ ਸ਼ਿਕਾਰ ਬਣਾਇਆ ਹੈ। ਔਰੰਗਜ਼ੇਬ ! ਤੇਰੇ ਇਸ ਜ਼ੁਲਮ ਨੂੰ ਠੱਲ ਪਾਉਣ ਲਈ ਅਤੇ ਮਾਸੂਮ ਹਿੰਦੂਆਂ ਦੀ ਰੱਖਿਆ ਲਈ ਅਸੀਂ ਮੈਦਾਨ ਵਿੱਚ ਆ ਨਿੱਤਰੇ ਹਾਂ। ਤੂੰ ਤਾਂ ਬਾਦਸ਼ਾਹ ਹੋਣ ਦੇ ਨਾਤੇ ਆਪਣੀ ਪਰਜਾ ਤੋਂ ਮੂੰਹ ਮੋੜੀ ਬੈਠਾ ਹੈਂ ਪਰ ਅਸੀਂ ਇਨਾਂ ਮਜ਼ਲੂਮਾਂ ਦੀ ਬਾਂਹ ਪਕੜ ਲਈ ਹੈ।

ਇਸ ਪ੍ਰਕਾਰ ਗੁਰੂ ਜੀ ਨੂੰ ਚੜਦੀ ਕਲਾ ਵਿੱਚ ਅਤੇ ਉਨਾਂ ਦੁਆਰਾ ਇਸਲਾਮ ਨਾ ਕਬੂਲਣ ਦੇ ਅਟੱਲ ਨਿਸ਼ਚੈ ਨੂੰ ਵੇਖ ਕੇ ਔਰੰਗਜ਼ੇਬ ਗੁੱਸੇ ਵਿੱਚ ਕੰਬ ਉੱਠਿਆ। ਕੁਰਬਾਨੀ ਲਈ ਤਿਆਰ ਗੁਰੂ ਜੀ ਨੂੰ ਦੇਖ ਕੇ ਉਸ ਦੇ ਮਨਸੂਬਿਆਂ ਦੀਆਂ ਨੀਹਾਂ ਹਿੱਲ ਗਈਆਂ। ਆਪਣੀ ਇਸ ਹਾਰ ਨੂੰ ਵੇਖ ਕੇ ਉਸ ਨੇ ਅੰਤ ਸਿਪਾਹੀਆਂ ਨੂੰ ਹੁਕਮ ਦਿੱਤਾ ਕਿ ਗੁਰੂ ਜੀ ਨੂੰ ਲੋਹੇ ਦੇ ਪਿੰਜਰੇ ਵਿੱਚ ਬੰਦ ਕਰ ਦਿੱਤਾ ਜਾਵੇ ਅਤੇ ਇਨਾਂ ਦੇ ਮੁਰੀਦਾਂ ਨੂੰ ਤਸੀਹੇ ਦੇ-ਦੇ ਕੇ ਮਾਰ ਦਿੱਤਾ ਜਾਵੇ।

ਔਰੰਗਜ਼ੇਬ ਦੇ ਹੁਕਮ ਅਨੁਸਾਰ ਪਹਿਲਾਂ ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਚੀਰਿਆ ਗਿਆ। ਭਾਈ ਦਿਆਲਾ ਜੀ ਨੂੰ ਉਬਲਦੀ ਦੇਗ ਵਿੱਚ ਸੁੱਟ ਦਿੱਤਾ ਗਿਆ। ਇਸ ਪ੍ਰਕਾਰ ਇੱਕ-ਇੱਕ ਕਰਕੇ ਗੁਰੂ ਜੀ ਦੇ ਮੁਰੀਦਾਂ ਨੂੰ ਅਣਮਨੁੱਖੀ ਤਸੀਹੇ ਦੇ ਕੇ ਹੋਣੀ ਦੀ ਭੱਠੀ ਵਿੱਚ ਝੋਕ ਦਿੱਤਾ ਗਿਆ ਜਿਸ ਨੂੰ ਵੇਖ ਕੇ ਗੁਰੂ ਜੀ ਡੋਲੇ ਨਹੀਂ ਸਗੋਂ ਉਨਾਂ ਦਾ ਸਿਦਕ ਹੋਰ ਵੀ ਅਡੋਲ ਹੋ ਗਿਆ।

ਅੰਤ ਮਿਤੀ 11 ਨਵੰਬਰ, 1675 ਈ: ਨੂੰ ਚਾਂਦਨੀ ਚੌਕ ਵਿਖੇ ਕਾਜ਼ੀ ਨੇ ਫ਼ਤਵਾ ਪੜਿਆ। ਜੱਲਾਦ ਜਲਾਲਦੀਨ ਨੇ ਤਲਵਾਰ ਨਾਲ ਵਾਰ ਕੀਤਾ ਅਤੇ ਗੁਰੂ ਸਾਹਿਬ ਦਾ ਸੀਸ ਧੜ ਨਾਲੋਂ ਅਲੱਗ ਹੋ ਗਿਆ। ਪਰ ਆਪਣੇ ਮੂੰਹੋਂ ਸੀਅ ਨਾ ਉਚਾਰੀ।

ਭਾਈ ਜੈਤਾ ਨੇ ਸੀਸ ਚੁੱਕ ਲਿਆ ਤੇ ਚਾਦਰ ਵਿੱਚ ਵਲੇਟਿਆ ਕੇ ਆਨੰਦਪੁਰ ਲੈ ਗਿਆ। ਦਸਮ ਪਾਤਸ਼ਾਹ ਨੇ ਭਾਈ ਜੈਤਾ ਨੂੰ ਘੁੱਟ ਕੇ ਹਿੱਕ ਨਾਲ ਲਾਇਆ ਅਤੇ ਬਚਨ ਕੀਤਾ 'ਰੰਘਰੇਟੇ, ਗੁਰੂ ਕਾ ਬੇਟਾ'। ਗੁਰੂ ਜੀ ਦੇ ਧੜ ਨੂੰ ਭਾਈ ਲੱਖੀ ਸ਼ਾਹ ਲੁਬਾਣਾ ਬੜੀ ਹੁਸ਼ਿਆਰਾ ਨਾਲ ਗੱਡੇ ਵਿੱਚ ਲੱਦ ਕੇ ਆਪਣੇ ਘਰ ਲੈ ਗਿਆ। ਓਥੇ ਉਸ ਨੇ ਆਪਣੇ ਘਰ ਦੇ ਅੰਦਰ ਚਿਖਾ ਬਣਾਈ, ਧੜ ਨੂੰ ਉਪਰ ਰੱਖਿਆ ਅਤੇ ਘਰ ਨੂੰ ਅੱਗ ਲਾ ਦਿੱਤੀ। ਉਸ ਨੇ ਗੁਰੂ ਜੀ ਦੇ ਧੜ ਦਾ ਸੰਸਕਾਰ ਕੀਤਾ।

ਇਸ ਤਰਾਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਹਿੰਦੂ ਧਰਮ ਦੀ ਰੱਖਿਆ ਲਈ ਦੇਸ਼ ਨੂੰ ਨਿਰਦਈ ਪਰਦੇਸੀ ਹਕੂਮਤ ਦੇ ਪੰਜੇ ਵਿੱਚੋਂ, ਛੁਡਵਾਉਣ ਵਾਸਤੇ ਇਹ ਮਹਾਨ ਕੁਰਬਾਨੀ ਕੀਤੀ। ਇਸ ਤਰਾਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ 'ਹਿੰਦ ਦੀ ਚਾਦਰ' ਬਣੇ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਅਦੁੱਤੀ ਸ਼ਹਾਦਤ ਬਾਰੇ ਸ੍ਰੀ ਗੁਰੂ ਗੋਬਿੰਦ ਸਿੰਘ ਨੇ 'ਬਚਿਤਰ ਨਾਟਕ' ਵਿੱਚ ਲਿਖਿਆ ਹੈ:

**ਤਿਲਕ ਜੰਞੂ ਰਾਖਾ ਪ੍ਰਭ ਤਾਕਾ॥**
**ਕੀਨੋ ਬਡੋ ਕਲੂ ਮਹਿ ਸਾਕਾ॥**
**ਸਾਧਨ ਹੇਤਿ ਇਤੀ ਜਿਨਿ ਕਰੀ॥**
**ਸੀਸੁ ਦੀਯਾ ਪਰੁ ਸੀ ਨ ਉਚਰੀ॥**
**ਧਰਮ ਹੇਤ ਸਾਕਾ ਜਿਨਿ ਕੀਆ॥**
**ਸੀਸੁ ਦੀਆ ਪਰੁ ਸਿਰਰੁ ਨ ਦੀਆ॥,**
**ਨਾਨਕ ਚੇਟਕ ਕੀਏ ਕੁਕਾਜਾ ।।**
**ਪ੍ਰਭ ਲੋਗਨ ਕਹ ਆਵਤ ਲਾਜਾ।। ੧੪**
**ਦੋਹਰਾ।।**
**ਠੀਕਰਿ ਫੋਰਿ ਦਿਲਿਸ ਸਿਰਿ ਪ੍ਰਭ ਪੁਰ ਕੀਯਾ ਪਦਾਨ।।**
**ਤੇਗ ਬਹਾਦਰ ਸੀ ਕ੍ਰਿਆ ਕਵੀ ਨ ਕਿਨਹੂੰ ਆਨ।। ੧੫।।**
**ਤੇਗ ਬਹਾਦਰ ਕੇ ਚਲਤ ਭਯੋ ਜਗਤ ਕੋ ਲੋਕ।।**
**ਹੈ ਹੈ ਹੈ ਸਭ ਜਗ ਭਯੋ ਜੈ ਜੈ ਸੁਰ ਲੋਕ।। ੧੬।।**

## ਅਜ਼ਾਦੀ ਤੋਂ ਪਹਿਲਾਂ ਦੀਆਂ...

ਥਾਲੀਆਂ, ਛੰਨੇ, ਕਾਉਲ, ਪਰਾਤਾਂ, ਸਾਇਕਲ ਦੀ ਪਿੱਤਲ ਦੀ ਟੱਲੀ ਵੀ ਹਨ।

ਉਸ ਦੇ ਇਸ ਭੰਡਾਰ ਵਿੱਚ ਸੰਗੀਤ ਲਈ ਵਰਤੀ ਜਾਂਦੀ ਬੀਨ ਅਤੇ ਦੋਤਾਰੀਆ ਵੀ ਪਿਆ ਹੈ। ਉਸ ਕੋਲ ਪੁਰਾਣੇ ਸਮਿਆਂ ਵਿੱਚ ਟਾਈਮ ਵੇਖਣ ਲਈ ਵਰਤੇ ਜਾਂਦੇ ਛੋਟੇ ਕਲਾਕ ਪਿੱਤਲ ਅਤੇ ਲੋਹੇ ਦਾ ਬਣਿਆ ਅਲਾਰਮ ਵਾਲੇ ਕਲਾਕ ਹੱਥ ਉਪਰ ਬੰਨਣ ਵਾਲੀਆਂ ਛੇ ਗੁੱਟ ਘੜੀਆਂ ਵੀ ਹਨ।

ਅਜਾਇਬ ਸਿੰਘ ਕੋਲ ਪੁਰਾਣੇ ਸਮਿਆਂ ਵਿੱਚ ਭਾਰ ਤੋਲਣ ਲਈ ਵਰਤੀਆਂ ਜਾਂਦੀਆਂ ਪਿੱਤਲ ਦੀਆਂ ਕੰਡੀਆਂ, ਤਾਂਬੇ ਦੀਆਂ 10,20 ਅਤੇ 50 ਗ੍ਰਾਮ ਦੀਆਂ ਵੱਟੀਆਂ, ਦੇਗੀ ਲੋਹੇ ਦੀਆਂ ਪੰਸੇਰੀਆਂ, ਪਾਈਆ, ਅੱਧ ਪਾਈਆ, ਸਟਾਂਕ ਆਦਿ ਦੇ ਵੱਟੇ ਵੀ ਹਨ। ਉਸ ਕੋਲ ਪੁਰਾਣੇ ਸਮਿਆਂ ਵਿੱਚ ਵਰਤੀ ਜਾਂਦੀ ਕਰੰਸੀ ਵਿੱਚੋਂ ਮਸੂਰੀ ਪੈਸੇ, ਮੋਰੀ ਵਾਲੇ ਪੈਸੇ, ਡੱਬਲੀ

ਪੈਸਾ, ਛੋਟੇ ਘੋੜੇ ਵਾਲੇ ਪੈਸੇ, ਛੋਟਾ ਪੈਸਾ, ਆਨਾ, ਦੁਆਨੀ, ਦੋ ਆਨੀ, ਅਲੂਮੀਨੀਅਮ ਦਾ ਇੱਕ ਪੈਸਾ, ਦੋ ਪੈਸਾ, ਤਿੰਨ ਪੈਸੇ, ਪੰਜ ਪੈਸੇ, ਦਸੀ, ਵੀਹ ਪੈਸੇ ਤੋਂ ਬਿਨਾਂ ਚਾਂਦੀ ਦੇ ਇੱਕ ਦਰਜਨ ਦੇ ਕਰੀਬ ਰੁਪਏ ਵੀ ਹਨ। ਅਜਾਇਬ ਸਿੰਘ ਨੂੰ ਮਾਣ ਸਨਮਾਣ ਸਬੰਧੀ ਸਵਾਲ ਕਰਨ ਤੇ ਉਸ ਨੇ ਹੱਡਬੀਤੀ ਦੱਸਦਿਆਂ ਕਿਹਾ ਕਿ ਉਹ ਬਠਿੰਡਾ ਵਿਖੇ ਲਗਾਏ ਜਾਂਦੇ ਸਭਿਆਚਾਰਕ ਮੇਲੇ ਉਪਰ ਗਿਆ ਸੀ। ਉਥੇ ਉਸ ਨੂੰ ਇੱਕ ਪ੍ਰਬੰਧਕ ਵੱਲੋਂ ਤਿੰਨ ਦਿਨਾਂ ਦੇ ਪੰਜ ਸੋ ਰੁਪਏ ਦਿਹਾੜੀ ਵਜੋਂ ਪੰਦਰਾਂ ਸੋ ਰੁਪਏ ਅਤੇ ਇੱਕ ਕਾਗਜ ਦਾ ਸਨਮਾਨ ਪੱਤਰ ਦੇ ਕੇ ਘਰੇ ਮੋੜ ਦਿੱਤਾ ਗਿਆ। ਪਰ ਉਸ ਤੋਂ ਇੱਕ ਖਾਲੀ ਚੈੱਕ ਉਪਰ ਦਸਤਖ਼ਤ ਕਰਵਾ ਲਏ ਸਨ। ਉਸੇ ਮੇਲੇ ਵਿੱਚ ਹੀ ਉਸ ਦਾ ਪਿੱਤਲ ਦਾ ਵੇਲਣਾ ਜਿਸ ਦੀ ਕੀਮਤ ਸੱਤ ਸੋ ਰੁਪਏ ਦੇ ਕਰੀਬ ਸੀ ਚੋਰੀ ਹੋ ਗਿਆ ਸੀ।

ਉਸ ਤੋਂ ਬਾਅਦ ਉਸ ਨੂੰ ਅਨੇਕਾਂ ਵਾਰੀ ਸਭਿਆਚਾਰਕ ਮੇਲੇ ਲਾਉਣ ਵਾਲੇ ਅਖੌਤੀ ਸਭਿਆਚਰ ਸੰਭਾਲਣ ਵਾਲੇ ਲੋਕਾਂ ਦੇ ਫੋਨ ਆਏ ਪਰ ਉਸ ਨੇ ਮੇਲਿਆਂ ਵਿੱਚ ਜਾਣ ਦਾ ਵਿਚਾਰ ਹੀ ਤਿਆਗ

ਦਿੱਤਾ ਹੈ। ਆਪਣੇ ਪਰਿਵਾਰ ਦਾ ਉਸ ਦੇ ਸ਼ੌਕ ਸਬੰਧੀ ਕੀ ਵਿਚਾਰ ਹੈ ਸਵਾਲ ਦੇ ਜਵਾਬ ਵਿੱਚ ਉਹ ਕਹਿੰਦਾ ਕਿ ਉਸ ਦੀ ਪਤਨੀ ਨਰੰਜਨ ਕੌਰ ਉਸ ਦੇ ਸ਼ੌਕ ਦੀ ਪੂਰੀ ਕਰਦੀ ਹੈ ਅਤੇ ਪੁੱਤਰ ਅਤੇ ਨੂੰਹ ਨੂੰ ਵੀ ਉਸ ਦੇ ਸ਼ੌਕ ਉਪਰ ਮਾਣ ਹੈ। ਉਸ ਦੀ ਲੋੜ ਪੈਣ 'ਤੇ ਪੂਰੀ ਮਦਦ ਕਰਦੇ ਹਨ। ਉਸ ਦੀ ਸੋਚ ਹੈ ਕਿ ਇਹ ਪੰਜਾਬੀ ਸੱਭਿਆਚਾਰ ਬਚਾਉਣ ਦੇ ਨਾਮ ਉਪਰ ਮੇਲਿਆਂ ਦੇ ਬਹੁ ਗਿਣਤੀ ਪ੍ਰਬੰਧਕ ਪਰਾਣੇ ਸੱਭਿਆਚਾਰ ਨੂੰ ਸਾਂਭਣ ਵਾਲੇ ਲੋਕਾਂ ਦਾ ਸੋਸ਼ਣ ਹੀ ਕਰਦੇ ਹਨ। ਅਜਾਇਬ ਸਿੰਘ ਦਾ ਕਹਿਣਾ ਹੈ ਕਿ ਉਸ ਨੂੰ ਕੋਈ ਵੀ ਵਿਅਕਤੀ ਪਹਿਲਾਂ ਉਸ ਦੇ ਫੋਨ ਨੰਬਰ 9814250577 ਉਪਰ ਸੰਪਰਕ ਕਰਕੇ, ਉਸ ਨੂੰ ਮਿਲ ਸਕਦਾ ਹੈ। ਉਸ ਤੋਂ ਪੁਰਾਣੇ ਗੀਤ ਸੁਣ ਸਕਦਾ ਅਤੇ ਪੁਰਾਣੇ ਸਮਾਨ ਨੂੰ ਵੇਖ ਸਕਦਾ ਹੈ।

## ਕਿਧਰ ਗੁੰਮ ਹੋ ਗਏ...

ਅਜਿਹਾ ਇਨਸਾਨ ਬਚਾ ਲੈਂਦਾ ਸੀ।ਲੋਕ ਖਾਸ ਤੌਰ 'ਤੇ ਅਜਿਹੇ ਬੰਦੇ ਨੂੰ ਬਰਾਤ ਵਿੱਚ ਲੈ ਕੇ ਜਾਂਦੇ ਸਨ। ਆਧੁਨਿਕ ਜੀਵਨ ਸ਼ੈਲੀ ਵਿੱਚ ਬਾਕੀ ਰਸਮਾਂ ਵਾਂਗੂ ਇਹ ਰਸਮ ਵੀ ਬੀਤੇ ਦੀ ਧਰਾਤਲ ਵਿੱਚ ਕਿਧਰੇ ਗਾਇਬ ਹੋ ਗਈ ਹੈ। ਅੱਜ ਕੱਲ ਕੋਈ ਵਿਰਲਾ ਹੀ ਵਿਆਹ ਹੋਏਗਾ, ਜਿੱਥੇ ਸਾਲੀਆਂ ਜੀਜੇ ਨੂੰ ਇਸ ਤਰਾਂ ਮਖੌਲ ਕਰ ਸਕਦੀਆਂ ਹੋਣਗੀਆਂ। ਅਸਾਡੇ ਵਿਰਸੇ ਦੇ ਕਿੰਨੇ ਸੋਹਣੇ ਰੰਗ ਸਨ ਜੋ ਕਿ ਅਸੀਂ ਪੈਲੇਸ ਕਲਚਰ ਵਿਚ ਫਸ ਕੇ ਗਵਾ ਚੁੱਕੇ ਹਾਂ।

# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm,office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing

**TOTAL 35.5 YOUNG THREE YEARS OLD TREE PADRE AND NONPAREIL VARIETY. WITH RIPARIAN RIGHT FROM THE SAN JOAQUIN RIVER. WITH A SINGLE FAMILY SMALL HOME, IT'S VERY DESIRABLE PROPERTY**





**RANJIT SINGH**
(Lic: 01922089)

**PROPERTY ADDRESS: 27022 RIVER ROADM, NEWMAN CA 95360.**

# RANJIT SINGH

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700, gbsingh84@gmail.com**